
ਐਸਾ ਸਤਿਗੁਰੁ ਜੇ ਮਿਲੈ ਤਿਸ ਨੋ

ਸਿਰੁ ਸਉਪੀਐ

ਵਿਚਹੁ ਆਪੁ ਜਾਇ ॥

ਵਾਰਤਕ ਜੀਵਨ ਭਾਈ ਸਾਹਿਬ ਸਿੰਘ ਜੀ
(ਉਮਰ 29 ਸਾਲ 1 ਮਹੀਨਾ 3 ਦਿਨ)





ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰ ਧਰਿ ਤਲੀ ਗਲੀ ਮੇਰੀ ਆਉ ॥

ਭਾਈ ਬੇਅੰਤ ਸਿੰਘ ਕਲੇਰਾਂ ਵਾਲੇ

ੴ ਸਤਿਗੁਰ ਪ੍ਰਸਾਦਿ
ਸਰਬੱਤ ਦਾ ਭਲਾ
WELFARE UNTO ALL

ਪੁਸਤਕ ਦਾ ਨਾਂ : ਸਿਰੁ ਸਉਪੀਐ
ਵਾਰਤਕ ਜੀਵਨ ਭਾਈ ਸਾਹਿਬ ਸਿੰਘ ਜੀ

ਲੇਖਕ : ਪ੍ਰੋਫੈਸਰ ਬੇਅੰਤ ਸਿੰਘ ਕਲੇਰਾਂ ਵਾਲੇ
2831/1, ਇੰਦਰਾ ਨਗਰ ਲੁਧਿਆਣਾ (ਪੰਜਾਬ)
ਫੋਨ: 0161-2443530, 098551-57530

ਈ-ਮੇਲ : gpsc_bts766@yahoo.co.in

ਸੰਖਿਆ : 2100 ਕਾਪੀਆਂ
ਐਡੀਸ਼ਨ : ਵੈਸਾਖੀ 2011
ਟਾਈਟਲ ਡਿਜ਼ਾਇੰਨ : ਚੇਤਨ ਸੂਰੀ
ਟਾਈਟਲ ਨਾਂ : ਸ. ਗਗਨਦੀਪ ਸਿੰਘ ਗਰੇਵਾਲ
ਪਰੂਫ ਰੀਡਿੰਗ : ਬੀਬੀ ਮਨਦੀਪ ਕੌਰ ਐਮ.ਏ. ਬੀ.ਐਡ.
ਬੀਬੀ ਹਰਪ੍ਰੀਤ ਕੌਰ ਐਮ.ਏ. ਬੀ.ਐਡ.
ਸ. ਸਤਿੰਦਰ ਸਿੰਘ ਖਾਲਸਾ (ਲਾਂਬਾ) ਜਗਰਾਓਂ
ਸਮੁੱਚੀ ਨਿਗਰਾਨੀ : ਬੀਬੀ ਸੁਰਿੰਦਰ ਕੌਰ
ਭੇਟਾ : 150/- ਰੁਪਏ
ਪ੍ਰਿੰਟਿਗ ਅਤੇ ਪ੍ਰਕਾਸ਼ਕ : ਗੁਰਬਾਣੀ ਪ੍ਰਚਾਰ ਸੇਵਾ ਸੈਂਟਰ
766, ਦੀਪ ਨਗਰ, ਆਤਮ ਪਾਰਕ,
ਲੁਧਿਆਣਾ (ਪੰਜਾਬ)।
ਮੋਬਾਈਲ : 098761-09418
099887-60713
ਫੋਨ: 0161-2443530

ਭਾਈ ਬੇਅੰਤ ਸਿੰਘ ਕਲੇਰਾਂ ਵਾਲੇ
ਰਚਿਤ ਧਾਰਮਿਕ ਤੇ ਇਤਿਹਾਸਕ ਰਚਨਾਵਾਂ

1. 'ਸਭ ਦਾ ਸਾਂਝਾ ਗੁਰੂ', ਸ੍ਰੀ ਗੁਰੂ ਗ੍ਰੰਥ ਸਾਹਿਬ 'ਤੇ।
2. 'ਸ਼ਹੀਦ-ਏ-ਸਰਤਾਜ' ਗੁਰੂ ਅਰਜਨ ਦੇਵ ਜੀ 'ਤੇ।
3. 'ਰੰਬੀਆਂ ਨਾਲ ਖੋਪਰ ਲਹਿੰਦੇ ਜਾਂ.....?' ਭਾਈ ਤਾਰੂ ਸਿੰਘ ਜੀ ਦੇ ਜੀਵਨ 'ਤੇ।
4. 'ਦਇਆ ਕਾ ਪੂਤ', ਪਿਆਰੇ ਭਾਈ ਦਇਆ ਸਿੰਘ ਜੀ ਦੇ ਜੀਵਨ 'ਤੇ।
5. 'ਧਰਮ ਧਾਮ', ਪਿਆਰੇ ਭਾਈ ਧਰਮ ਸਿੰਘ ਜੀ ਦੇ ਜੀਵਨ 'ਤੇ।
6. 'ਰਾਜੁ ਕਰੈਂਗੇ', ਪਿਆਰੇ ਭਾਈ ਹਿੰਮਤ ਸਿੰਘ ਜੀ ਦੇ ਜੀਵਨ 'ਤੇ।
7. 'ਅਵਰ ਨਾ ਧਿਯਾਊਂ' ਪਿਆਰੇ ਭਾਈ ਮੋਹਕਮ ਸਿੰਘ ਜੀ ਦੇ ਜੀਵਨ 'ਤੇ।
8. 'ਸਿਰੁ ਸਉਪੀਐ' ਆਪ ਜੀ ਦੇ ਹੱਥ ਵਿੱਚ ਹੈ।
   ਪਿਆਰੇ ਭਾਈ ਸਾਹਿਬ ਸਿੰਘ ਜੀ ਦੇ ਜੀਵਨ 'ਤੇ।
9. 'ਨਿਆਰੇ ਪੰਜ ਪਿਆਰੇ', ਸੰਪੂਰਨ ਜੀਵਨ ਪੰਜ ਪਿਆਰਿਆਂ ਦੇ।

ਆਉਣ ਵਾਲੀਆਂ ਖੋਜ਼ ਅਧੀਨ

10. 'ਅੱਜ ਕੀ ਬੋਲੀਏ' ਹਰ ਰੋਜ਼ ਹੀ ਕੋਈ ਦਿਨ ਦਿਹਾੜਾ ਹੈ।
11. 'ਹਰਿ ਦਰਸ਼ਨ ਪਾਇਆ', ਸ੍ਰੀ ਗੁਰੂ ਰਵਿਦਾਸ ਭਗਤ ਜੀ 'ਤੇ।
12. 'ਸਿਰ ਤਲੀ ਤੇ.......?' ਬਾਬਾ ਦੀਪ ਸਿੰਘ ਜੀ ਦੇ ਜੀਵਨ 'ਤੇ।

ੴ ਸਤਿਗੁਰ ਪ੍ਰਸਾਦਿ

ਸਿਰੁ ਸਉਪੀਐ

(3 ਨਵੰਬਰ ਸੰਨ 1679 ਈ. ਤੋਂ 6 ਦਸੰਬਰ 1704 ਈ: ਤਕ)
ਸ੍ਰੀ ਦੁਆਰਕਾ ਤੋਂ ਸ੍ਰੀ ਚਮਕੌਰ ਸਾਹਿਬ ਤਕ

ਵਾਰਤਕ ਜੀਵਨ ਪਿਆਰੇ ਭਾਈ ਸਾਹਿਬ ਸਿੰਘ ਜੀ
(ਉਮਰ 29 ਸਾਲ 1 ਮਹੀਨੇ 3 ਦਿਨ)

By Bhai Beant Singh Kaleran Wale
Phone: 0161-2443530, 98551-57530

ਸਮਰਪਣ

ਉਨ੍ਹਾਂ ਅਣਖੀਲੇ ਤੇ ਜੋਸ਼ੀਲੇ ਸਿੰਘਾਂ ਨੂੰ ਜਿਨ੍ਹਾਂ ਮਜ਼ਲੂਮਾਂ ਦੀ ਖਾਤਰ ਰਣ ਤੱਤੇ ਵਿਚ ਪੁਰਜਾ ਪੁਰਜਾ ਹੋ ਕੇ ਸ਼ਹੀਦੀਆਂ ਪਾਈਆਂ, ਦੇਸ਼ ਤੇ ਧਰਮ ਦੀ ਸ਼ਾਨ ਨੂੰ ਉੱਚਾ ਕਰਨ ਲਈ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ।

ਉਸ ਮਾਸੂਮ ਬੱਚੀ ਧੀ ਗੁਰਨੈਨ ਕੌਰ ਨੂੰ ਜਿਨ੍ਹਾਂ ਸਿੱਖੀ ਸਿਦਕ ਦੀ ਖਾਤਰ ਕੇਵਲ 3 ਸਾਲ 3 ਮਹੀਨੇ 4 ਦਿਨ ਦੀ ਉਮਰ ਵਿਚ ਸ਼ਹੀਦੀ ਪ੍ਰਾਪਤ ਕੀਤੀ।

ਉਸ ਬੀਬੀ ਨਿਰੰਜਨ ਕੌਰ ਨੂੰ ਜਿਸਨੇ ਗੁਰੂ ਪਿਆਰਿਆਂ ਨੂੰ ਬਚਾਉਣ ਖਾਤਰ 29 ਮਾਰਚ ਸੰਨ 1704 ਵਿੱਚ ਸ੍ਰੀ ਅਨੰਦਪੁਰ ਸਾਹਿਬ ਵਿਚ ਸ਼ਹੀਦੀ ਪ੍ਰਾਪਤ ਕੀਤੀ।

ਉਨ੍ਹਾਂ ਮਹਾਨ ਸਿੱਘਾਂ ਨੂੰ ਭਾਈ ਰਣਜਿੱਤ ਸਿੰਘ, ਭਾਈ ਤੀਰਥ ਸਿੰਘ, ਭਾਈ ਦਲੀਪ ਸਿੰਘ ਕਹਿਲੂਰੀ, ਭਾਈ ਬਲਵੰਤ ਸਿੰਘ ਗਵਾਲੀਅਰ, ਭਾਈ ਉਜਾਗਰ ਸਿੰਘ ਰਵਾਲਸਰ ਜਿਨ੍ਹਾਂ ਨੇ ਭਾਈ ਸਾਹਿਬ ਸਿੰਘ ਜੀ 'ਬਿਦਰ' ਨਾਲ 6 ਦਸੰਬਰ 1704 ਸੰਨ ਵਿਚ ਸ੍ਰੀ ਚਮਕੌਰ ਸਾਹਿਬ 'ਚ ਸ਼ਹੀਦੀ ਪ੍ਰਾਪਤ ਕੀਤੀ। ਉਨ੍ਹਾਂ ਮਹਾਨ ਜਰਨੈਲਾਂ ਨੂੰ (ਸੈਦ ਬੇਗ਼) ਤੇ ਮੈਮੂੰ ਖਾਂ (ਮੁਸਲਮਾਨ) ਜਿਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਸਰਵੇ ਕੈਨਾਤ ਦਾ ਰੱਖਿਅਕ ਦੇ ਪਿਆਰ ਵਿਚ 29 ਮਾਰਚ ਦਿਨ ਬੁੱਧਵਾਰ ਸੰਨ 1704 ਵਿਚ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ।

ਉਨ੍ਹਾਂ ਗੁਮਨਾਮ ਸ਼ਹੀਦਾਂ ਨੂੰ ਜਿਨ੍ਹਾਂ ਦੇਸ਼, ਕੌਮ, ਧਰਮ ਤੇ ਆਜ਼ਾਦੀ ਲਈ ਆਪਣਾ ਆਪ ਵਾਰਿਆ। ਅਕਹਿ ਤੇ ਅਸਹਿ ਕਸ਼ਟ ਸਹਾਰਦਿਆਂ ਸ਼ਹੀਦੀਆਂ ਪ੍ਰਾਪਤ ਕੀਤੀਆ, ਪਰ ਉਨ੍ਹਾਂ ਦੀਆਂ ਸ਼ਹੀਦੀਆਂ ਨੂੰ ਅਸੀ ਇਤਿਹਾਸ ਵਿਚ ਸੁਰਜੀਤ ਨਹੀਂ ਕਰ ਸਕੇ ਅਤੇ ਪਰਮ ਪੂਜਨੀਕ ਗੁਰਪੁਰੀ ਵਾਸੀ ਪਿਤਾ ਗਿਆਨੀ ਹਜਾਰਾ ਸਿੰਘ ਵੈਦ ਅਤੇ ਮਾਤਾ ਕਰਤਾਰ ਕੌਰ ਗਰੇਵਾਲ ਜੀ ਦੀ ਪਵਿੱਤਰ ਆਤਮਾ ਨੂੰ ਜਿਨ੍ਹਾਂ ਦਾਸ ਨੂੰ ਜਨਮ ਦੇ ਕੇ ਸਤਿਸੰਗ ਦੇ ਮਾਰਗ ਤੇ ਤੋਰਿਆ ਅਤੇ ਅੱਜ ਵਾਰਤਕ ਜੀਵਨ ਭਾਈ ਸਾਹਿਬ ਸਿੰਘ 'ਬਿਦਰ' ਤੋਂ 'ਚਮਕੌਰ' ਤਕ ਕਲਮ ਬੱਧ ਕਰਨ ਦੇ ਲਾਇਕ ਬਣਾਇਆ।

ਤਤਕਰਾ

ਭਾਈ ਸਾਹਿਬ ਸਿੰਘ ਜੀ ਬੰਸਾਵਲੀ ਨਾਮਾ

ਦਾਦਾ ਸ੍ਰੀ ਰਈਆਂ ਦੱਤ ਨਾਈ
ਦਾਦੀ ਤੁਲਸੀ ਦੇਵੀ ਜੀ

ਪਿਤਾ ਸ੍ਰੀ ਨਾਰਾਇਣ ਜੀ
ਮਾਤਾ ਬੀਬੀ ਅਨਪੰਕਾ ਜੀ

ਚਾਚਾ ਸ੍ਰੀ ਚਮਨ ਦੱਤ ਜੀ
ਚਾਚੀ ਬੀਬੀ ਬਿਸ਼ਨ ਦੇਵੀ ਜੀ

ਪਿਆਰੇ ਭਾਈ ਸਾਹਿਬ ਸਿੰਘ ਜੀ

ਘਰਵਾਲੀ ਬੀਬੀ ਨਿਰੰਜਨ ਕੌਰ

ਭਾਈ ਗੁਰਦਿਆ ਸਿੰਘ
ਬੀਬੀ ਅੰਮਿਤ ਕੌਰ

ਭਾ. ਗੁਰਲਾਲ ਸਿੰਘ
ਬੀਬੀ ਤੇਜ ਕੌਰ

ਬੀਬੀ ਗੁਰਨੈਨ ਕੌਰ ਸ਼ਹੀਦੀ
29 ਮਾਰਚ ਸੰਨ 1704
3 ਸਾਲ 3 ਮਹੀਨੇ 4 ਦਿਨ
ਕੁਲ ਉਮਰ

ਭਾਈ ਰੱਬ ਸਿੰਘ
ਬੀਬੀ ਰਜਨੀ ਕੌਰ

ਭਾਈ ਆਤਮਾ ਸਿੰਘ
ਬੀਬੀ ਪਵਿੱਤਰ ਕੌਰ

ਭਾਈ ਸਰਵਨ ਸਿੰਘ
ਬੀਬੀ ਭਾਨ ਕੌਰ

ਭਾਈ ਮੱਘਰ ਸਿੰਘ

ਭਾਈ ਬੁੱਧ ਸਿੰਘ

ਭਾਈ ਚੇਤ ਸਿੰਘ

ਸਹੁਰਾ ਪਰਿਵਾਰ
ਭਾਈ ਤੀਰਥ ਸਿੰਘ
ਮਾਤਾ ਮਦਨ ਕੌਰ

ਭਾਈ ਰਣਜਿੱਤ ਸਿੰਘ
ਬੀਬੀ ਬਸੰਤ ਕੌਰ

ਸੰਤ ਗੁਲਾਬ ਸਿੰਘ ਜੀ

ਭਾ. ਕਲਿਆਣ ਸਿੰਘ ਜੀ
ਬੀਬੀ ਕੰਵਲ ਕੌਰ

ਇਹ ਖੋਜ
ਗਿਆਨੀ ਪਾਖਰ ਸਿੰਘ
"ਬੰਸਾਵਲੀ ਨਾਮਾ"
ਭਾਈ ਕਾਨ੍ਹ ਸਿੰਘ ਨਾਭਾ
"ਮਹਾਨ ਕੋਸ਼"
ਭਾਈ ਬੇਅੰਤ ਸਿੰਘ
"ਸਿਰੁ ਸਉਪੀਐ"

ਮੁੱਖ ਬੰਦ

ਵਾਰਤਕ ਜੀਵਨ ਭਾਈ ਸਾਹਿਬ ਭਾਈ ਸਾਹਿਬ ਸਿੰਘ ਜੀ ਦਾ ਅੱਜ ਸੰਪੂਰਨਤਾ ਵਿਚ ਆਇਆ ਹੈ। ਚਿਰਾਂ ਤੋਂ ਇੱਛਾ ਸੀ ਕਿ ਸਿੱਖ ਇਤਿਹਾਸ ਨੂੰ ਸਿੱਖੀ ਦ੍ਰਿਸ਼ਟੀਕੋਣ ਤੋਂ ਲਿਖਾਂ ਪਰ ਕਈ ਕਾਰਨਾਂ ਕਰਕੇ ਮੇਰਾ ਖ਼ਿਆਲ ਅਮਲੀ ਸੂਰਤ ਨਾ ਧਾਰ ਸਕਿਆ। ਉਸ ਪਿਛੇ ਕਾਰਨ ਸਿੱਖਾਂ ਨੇ ਆਪ ਇਤਿਹਾਸ ਬਹੁਤ ਘੱਟ ਲਿਖਿਆ। ਸਿੱਖ ਤਾਂ ਇਤਿਹਾਸ ਬਨਾਉਣ ਵਿਚ ਹੀ ਲੱਗਾ ਰਿਹਾ। ਦੂਜਾ ਕਾਰਨ ਪੰਜ ਪਿਆਰਿਆਂ ਦਾ ਇਹਿਤਾਸ ਇਕ ਥਾਂ ਤੋਂ ਨਹੀਂ ਮਿਲਦਾ, ਬਹੁਤ ਭਾਰੀ ਮਿਹਨਤ ਤੋਂ ਬਾਅਦ ਇਕ ਲੜੀ ਵਿਚ ਪ੍ਰੋਨ ਦਾ ਸਮਾਂ ਬਣਿਆ ਹੈ।

ਪਿਛਲੇ ਦਹਾਕੇ ਵਿਚ ਦੇਸਾਂ-ਪ੍ਰਦੇਸਾਂ, ਦੀਵਾਨਾਂ ਇਕੱਠਾਂ, ਗੋਸ਼ਟਾਂ-ਸੈਮੀਨਾਰਾਂ, ਘਰਾਂ-ਬੈਠਕਾਂ ਵਿਚ ਅਨੇਕਾਂ ਵਾਰੀ ਪੰਜ ਪਿਆਰਿਆਂ ਪ੍ਰਤੀ ਸਵਾਲ ਮੇਰੇ ਤੇ ਕੀਤੇ ਗਏ। ਉਨ੍ਹਾਂ ਦਾ ਉੱਤਰ ਵੀ ਗੁਰੂ ਬਖਸ਼ੀ ਮੱਤ ਦੁਆਰਾ ਦੇਂਦਾ ਰਿਹਾ ਹਾਂ। ਇਸ ਤਰ੍ਹਾਂ ਸਵਾਲਾਂ ਦਾ ਇੱਕ ਗੁੱਛਾ ਜਿਹਾ ਤਿਆਰ ਹੋ ਗਿਆ। ਪਰ ਝਾਤ ਮਾਰ ਡਿੱਠਾ ਤਾਂ ਦੇਖਣ ਵਿੱਚ ਆਇਆ ਕਾਰਜ ਤਾਂ ਬਹੁਤ ਵੱਡਾ ਹੈ। ਇਕ ਕਿਤਾਬ ਨੂੰ ਰੂਪ ਦੇਣਾ ਸੌਖਾ ਹੈ ਤੇ ਪੰਜ ਕਿਤਾਬਾਂ ਨੂੰ ਰੂਪ-ਰੇਖਾ ਦੇਣੀ ਬਹੁਤ ਕਠਨ ਹੈ। ਇਸ ਕਠਨ ਕਾਰਜ ਨੂੰ ਗੁਰੂ ਨੇ ਆਪ ਸੌਖਾ ਕਰਕੇ ਸਭ ਸੁਆਲਾ ਦੇ ਜਵਾਬ ਪੰਜ ਪਿਆਰਿਆਂ ਪ੍ਰਤੀ ਆਪ ਜੀ ਨੂੰ ਮਿਲਣਗੇ।

ਜੋ ਕਿਤਾਬ ਆਪ ਜੀ ਦੀ ਹੱਥੇਲੀ ਉਤੇ ਹੈ ਇਹ ਭਾਈ ਸਾਹਿਬ ਸਿੰਘ ਜੀ ਦੀ ਹੈ 'ਸਿਰ ਸਉਪੀਐ' ਆਪ ਜੀ ਦੇ ਹਿਰਦੇ ਦੀਆਂ ਗੁੰਝਲਾਂ, ਰਮਜਾ ਨੂੰ ਸੁਲ ਜਾਵੇਗੀ। ਇਸ ਵਿਚ ਸੰਨ, ਸੰਮਤ, ਤਰੀਕਾਂ ਦਾ ਪੂਰਾ ਧਿਆਨ ਰੱਖਿਆ ਗਿਆ ਹੈ ਤਾਂਕਿ

ਪਾਠਕ ਵੀਰਾਂ ਨੂੰ ਪੂਰੀ ਸਹੀ ਜਾਣਕਾਰੀ ਮਿਲ ਜਾਵੇ।

ਇਸ ਕਿਤਾਬ ਨੂੰ ਗੁਰਬਾਣੀ ਗੁਰੂ ਇਤਿਹਾਸ ਦੀ ਕਸਵੱਟੀ ਤੇ ਪੂਰਨ ਉਤਾਰਨ ਦਾ ਯਤਨ ਕੀਤਾ ਹੈ। ਕੋਈ ਕਰਾਮਾਤ ਨਹੀਂ, ਕੋਈ ਮਨ ਘੜਤ ਕਹਾਣੀ ਨਹੀਂ ਜੋ ਹਕੀਕਤ ਵਰਤਿਆ ਹੈ ਬੱਸ ਉਸ ਨੂੰ ਵਾਰਤਕ ਲਿਖਣ ਦਾ ਯਤਨ ਕੀਤਾ ਹੈ। ਸਿੱਖ ਦੀ ਕਰਨੀ ਹੀ ਕਰਾਮਾਤ ਹੈ ਜੋ ਪੰਜ ਪਿਆਰਿਆਂ ਨੇ ਕੀਤਾ ਹੈ ਉਹ ਕਿਸੇ ਕਰਾਮਾਤ ਤੋਂ ਘੱਟ ਨਹੀਂ ਹੈ।

ਭਾਈ ਸਾਹਿਬ ਸਿੰਘ ਦੀ ਲੜਕੀ ਜਿਸ ਦੀ ਉਮਰ 3 ਸਾਲ 3 ਮਹੀਨੇ 4 ਦਿਨ ਦੀ ਹੈ। ਉਸਨੂੰ ਮੁਸਲਮਾਨ ਪਠਾਨ ਪੁੱਛਦਾ ਹੈ ਤੂੰ ਸੈਦ ਬੇਗ ਖਾਂ ਦੀ ਲੜਕੀ ਹੈਂ। ਉੱਤਰ ਦਿੱਤਾ ਨਹੀਂ ਪਿਆਰੇ ਸਾਹਿਬ ਸਿੰਘ ਦੀ ਧੀ ਹਾਂ ਤੇ ਮਾਂ ਮੇਰੀ ਜੰਗ ਲੜਨ ਗਈ ਹੈ। ਪੁੱਛਿਆ ਤੂੰ ਵੱਡੀ ਹੋ ਕੇ ਕੀ ਕਰੇਂਗੀ? ਕਹਿੰਦੀ ਮੈਂ ਵੀ ਜ਼ਾਲਮਾਂ ਦੇ ਖਿਲਾਫ਼ ਜੰਗ ਕਰਾਂਗੀ।

ਫਿਰ ਭਾਈ ਸਾਹਿਬ ਜੀ ਦੇ ਘਰਵਾਲੀ ਬੀਬੀ ਨਿਰੰਜਨ ਕੌਰ ਦੀ ਕਮਾਲ ਫਿਰ ਭਾਈ ਸਾਹਿਬ ਜੀ ਦੇ ਸਾਲਾ ਤੇ ਸੌਹਰਾ ਤੀਰਥ ਸਿੰਘ ਤੇ ਭਾਈ ਰਣਜਿੱਤ ਸਿੰਘ ਕਿਵੇਂ ਯੁੱਧ ਕਮਾਲ ਦਾ ਲੜਦਾ ਹੈ ਤੇ ਜਾਲਮ ਤੇ ਫਤਹਿ ਪਾਉਂਦਾ ਹੈ।

ਭਾਈ ਦਲੀਪ ਸਿੰਘ ਕਹਿਲੂਰੀ, ਭਾਈ ਬਲਵੰਤ ਸਿੰਘ, ਭਾਈ ਉਜਾਗਰ ਸਿੰਘ ਕਿਵੇਂ ਉਜਾਗਰ ਹੋ ਕੇ ਦਿਖਾਉਂਦਾ ਹੈ। ਜਿਵੇਂ ਜਿਵੇਂ ਆਪ ਜੀ ਪੜੋਗੇ ਤਿਵੇਂ ਤਿਵੇਂ ਇੰਜ ਲੱਗੇਗਾ ਅਸੀਂ ਵੀ ਉਨ੍ਹਾਂ ਦੇ ਨਾਲ ਨਾਲ ਹਾਂ।

'ਸਿਰ ਸਉਪੀਐ' ਪਹਿਲੀ ਅਜਿਹੀ ਕਿਤਾਬ ਹੈ ਜਿਸ ਵਿਚ ਭਾਈ ਸਾਹਿਬ ਸਿੰਘ ਦਾ ਵਾਰਤਕ ਜੀਵਨ ਇਸ ਢੰਗ ਨਾਲ ਲਿਖਿਆ ਗਿਆ ਹੈ।

ਇਕ ਬਹੁਤ ਵੱਡੀ ਕਮੀ ਵੇਖਣ ਨੂੰ ਮਿਲੀ, ਸਾਡੀ ਕੌਮ ਵਿਚ 80 ਫ਼ੀਸਦੀ ਗੁਣੀ ਗਿਆਨੀ, ਕਥਾ ਵਾਚਕ ਤੇ ਢਾਡੀ ਵੀਰ ਸੁਣੇ ਸੁਣਾਏ ਗਿਆਨੀ ਹਨ। ਕਿਸੇ ਬਚਨ ਨੂੰ ਘੋਖਣ ਖੋਜਣ ਦੀ ਜ਼ਰੂਰਤ ਨਹੀਂ ਸਮਝਦੇ। ਇਕ ਨੇ ਇਕ ਸਾਖੀ ਸੁਣਾਈ ਬੱਸ ਉਥੋਂ ਬਾਕੀ

ਗਿਆਨੀਆਂ ਨੇ ਸੁਣ ਕੇ ਸੈਕੜੇ ਵਾਰ ਸੁਨਾਉਣੀ ਹੈ। ਜਦੋਂ ਤਕ ਹੋਰ ਕੋਈ ਨਵੀਂ ਸਾਖੀ ਸੁਣਨ ਨੂੰ ਨਹੀਂ ਮਿਲੀ ਚਾਹੇ ਸੰਗਤ ਵੀ ਬੇਨਤੀ ਕਰੇ ਗਿਆਨੀ ਜੀ ਭਾਈ ਡੱਲੇ ਨੂੰ ਆਰਾਮ ਕਰ ਲੈਣ ਦਿਉ ਹੋਰ ਸਿੱਖ ਐਨੇ ਹਨ?

ਇਸ ਵਾਸਤੇ ਇਕ ਸਾਖੀ ਹਜ਼ਾਰਾਂ ਵਾਰੀ ਸੁਣਨ ਨੂੰ ਮਿਲ ਜਾਂਦੀ ਹੈ ਪਰ ਕੁਝ ਇਤਿਹਾਸ ਸਾਰੀ ਜ਼ਿੰਦਗੀ ਵਿਚ ਇਕ ਵਾਰੀ ਵੀ ਸੁਣਨ ਨੂੰ ਨਹੀਂ ਮਿਲਦਾ। ਇਹੀ ਹਾਲ ਪੰਜ ਪਿਆਰਿਆਂ ਨਾਲ ਹੋਇਆ। ਜਿਨ੍ਹਾਂ ਵਿਦਵਾਨਾਂ, ਲੇਖਕਾਂ ਨੇ ਲਿਖਿਆ ਉਹ ਵੀ ਅਧੂਰਾ ਲਿਖ ਕੇ ਪਿੱਛੇ ਆਪਣੀ ਮੋਹਰ ਲਗਾਈ ਕਿ ਇਸ ਤੋਂ ਵੱਧ ਹੋਰ ਪੰਜ ਪਿਆਰਿਆਂ ਦਾ ਇਤਿਹਾਸ ਹੈ ਹੀ ਨਹੀਂ, ਜਿਹੜੀ ਸਭ ਤੋਂ ਵੱਡੀ ਗਲਤੀ ਹੈ ਕਿ ਇਸ ਤੋਂ ਅੱਗੇ ਖੋਜ ਨਹੀਂ ਹੈ। ਜਿਹੜਾ ਲਿਖਿਆ ਹੈ ਉਹ ਪਾਠਕ ਵੀਰ ਨੂੰ ਐਮੇ ਹੀ ਗੁਮਰਾਹ ਕੀਤਾ ਹੈ ਕਿ ਕੋਈ ਲਿਖਦਾ ਹੈ ਪਹਿਲੇ ਧਰਮ ਸਿੰਘ ਉੱਠਿਆ ਦੂਜਾ ਕਹਿੰਦਾ ਨਹੀਂ-ਨਹੀਂ ਪਹਿਲੇ ਭਾਈ ਮੋਹਕਮ ਸਿੰਘ ਉੱਠਿਆ ਨਿਰਮੂਲ ਬਾਤਾਂ ਨਾਲ ਪਾਠਕਾਂ ਦਾ ਕੀਮਤੀ ਸਮਾਂ ਖਰਾਬ ਕੀਤਾ ਹੈ। ਜਿਹੜੇ ਵੀ ਕੋਈ ਪਹਿਲੇ ਤੇ ਕੋਈ ਮਗਰ ਇਸ ਵਿਵਾਦ ਵਿਚ ਨਹੀਂ ਪੈਣਾ, ਬੱਸ ਪੰਜ ਪਿਆਰੇ ਸਿੱਖੀ ਵਿਚ ਪ੍ਰਵਾਨ ਹੋਏ ਹਨ।

ਇਹ ਕਿਤਾਬ, 'ਸਿਰ ਸਉਪੀਐ' ਵਾਰਤਕ ਜੀਵਨ ਭਾਈ ਸਾਹਿਬ ਸਿੰਘ ਜੀ ਦਾ ਜਨਮ ਤੋਂ ਸ਼ਹੀਦੀ ਤਕ, ਬਿਦਰ ਤੋਂ ਚਮਕੌਰ ਸਾਹਿਬ ਤਕ ਲਿਖਣ ਦਾ ਨਿਮਾਣਾ ਯਤਨ ਕੀਤਾ ਹੈ। ਚਾਹੇ ਇਸ ਇਤਿਹਾਸ ਨੂੰ ਘੋਖਣ ਵਿਚ ਲੰਬਾ ਸਮਾਂ ਦਸ ਸਾਲ ਦਾ ਲੱਗ ਗਿਆ ਹੈ। ਮੇਰੀ ਆਸ ਨਾਲੋਂ ਵੱਧ ਵਕਤ ਲਿਖਣ ਤੇ ਫਿਰ ਛਪਣ ਵਿੱਚ ਲੱਗ ਗਿਆ। ਇਸ ਗੱਲ ਦਾ ਮੈਨੂੰ ਅਹਿਸਾਸ ਹੈ ਮੇਰੇ ਪਿਆਰੇ ਪਾਠਕ ਵੀਰਾਂ ਨੂੰ ਲੰਬਾ ਸਮਾਂ ਇੰਤਜਾਰ ਕਰਨਾ ਪਿਆ ਹੈ ਤੇ ਖਿਮਾਂ ਮੰਗਣ ਵਿਚ ਮੈਨੂੰ ਕੋਈ ਸੰਕੋਚ ਨਹੀਂ ਹੈ। ਕਿਉਂਕਿ ਪਹਿਲੇ ਕਈਆਂ ਨੇ ਕਿਹਾ ਸੀ ਨਿਭਾਵਾਂਗੇ ਸਿਰਾਂ ਦੇ ਨਾਲ, ਛੱਡ ਕੇ ਮੈਦਾਨ ਭੱਜ ਗਏ, ਹੁਣ ਸਭ ਤੋਂ ਪਹਿਲਾਂ ਮੈਂ ਉਸ ਅਕਾਲ ਪੁਰਖ ਦਾ ਸ਼ੁਕਰ ਕਰਦਾ ਹਾਂ ਜਿਸ ਬਲ ਬਖ਼ਸ਼ਿਆ ਅਤੇ ਕਲਮ ਚਲਾਣ

ਦਾ ਬੱਲ ਸਿਖਾਇਆ। ਫਿਰ ਪੰਜ ਪਿਆਰਿਆਂ ਦਾ ਜਿਨ੍ਹਾਂ ਮੇਹਰ ਕਰਕੇ ਆਪਣਾ ਇਤਿਹਾਸ ਆਪ ਕੋਲ ਬੈਠ ਕੇ ਲਿਖਾਇਆ। ਫਿਰ ਗਿਆਨੀ ਬਿਸ਼ਨ ਸਿੰਘ ਜੀ, ਪਾਖਰ ਸਿੰਘ, ਪ੍ਰਿੰ: ਸੋਭਾ ਸਿੰਘ ਜੀ ਜਿਨ੍ਹਾਂ ਦੀ ਖੋਜ ਤੋਂ ਇਹ ਮਾਰਗ ਮਿਲਿਆ। ਮੈਂ ਤਾਂ ਕੇਵਲ ਦੱਸ ਪ੍ਰਤੀਸ਼ਤ ਖੋਜਿਆ ਹੈ ਅਜੇ ਲੰਮੀ ਖੋਜ ਬਾਕੀ ਹੈ, ਅਗਲੀਆਂ ਐਡੀਸ਼ਨਾਂ ਵਿਚ ਫਿਰ ਲਿਖਾਂਗਾ। ਇਹ ਕੋਈ ਦਾਅਵਾ ਨਹੀਂ ਕਿ ਇਹ ਆਖਰੀ ਖੋਜ ਹੈ ਪਰ ਇਹ ਕਹਿ ਸਕਦਾ ਹਾਂ ਕਿ ਉਲਝੀ ਤਾਣੀ ਨੂੰ ਸੁਲਝਾਉਣ ਅਤੇ ਲੱਗੇ ਜਾਲੇ ਨੂੰ ਉਤਾਰਨ ਲਈ ਇਹ ਉਪਰਾਲਾ ਜ਼ਰੂਰ ਹੈ।

ਪਿਆਰੇ ਵੀਰ ਸਰਦਾਰ ਮਨਪ੍ਰੀਤ ਸਿੰਘ ਗੋਲਡਨ ਬੌਕਸ ਤੇ ਸ. ਪਰਮਜੀਤ ਸਿੰਘ, ਸ. ਗੁਰਚਰਨ ਸਿੰਘ ਜੀ ਦਾ ਜਿਨ੍ਹਾਂ ਨੇ ਮਾਇਕ ਸਹਾਇਤਾ ਤੇ ਲਿੱਖਣ ਵੱਲ ਪ੍ਰੇਰਿਆ। ਇਨ੍ਹਾਂ ਵੀਰਾਂ ਦਾ ਦਿੱਤਾ ਉਤਸ਼ਾਹ ਹੀ ਮੇਰੀ ਹਰ ਔਕੜ ਨੂੰ ਹੱਲ ਕਰਦਾ ਰਿਹਾ ਹੈ।

ਕਈ ਵਾਰੀ ਮਨ ਉਪਰਾਮ ਹੋਇਆ ਤਾਂ ਜੀਵਨ ਸਾਥੀ ਬੀਬੀ ਸੁਰਿੰਦਰ ਕੌਰ ਨੇ ਸੁਚੱਜੀ ਅਗਵਾਈ ਦਾ ਹੀ ਸਦਕਾ ਅੱਜ ਇਹ ਕਾਰਜ ਸਫਲ ਹੋਇਆ ਹੈ ਤੇ ਸੁਪੁੱਤਰ ਗਗਨਦੀਪ ਸਿੰਘ ਜਿਨ੍ਹਾਂ ਨੇ ਘਰ ਦੇ ਕੰਮਾਂ ਨੂੰ ਆਪਣੇ ਜੁੰਮੇ ਲੈ ਕੇ ਮੈਨੂੰ ਵੱਧ ਤੋਂ ਵੱਧ ਸਮਾਂ ਲਿਖਣ ਤੇ ਪੜਨ ਵਾਸਤੇ ਦਿਤਾ।

ਮੈਂ ਰਿਣੀ ਹਾਂ ਸ. ਸਤਿੰਦਰ ਸਿੰਘ ਲਾਂਬਾ ਜੀ ਦਾ ਜਿਨ੍ਹਾਂ ਨੇ ਜਿਸ ਤਨ-ਦੇਹੀ, ਮਿਹਨਤ ਤੇ ਲਗਨ ਨਾਲ ਪਰੂਫ ਪੜ੍ਹੇ ਹਨ ਉਹ ਕੋਈ ਵਿਰਲਾ ਹੀ ਪੜ੍ਹ ਸਕਦਾ ਹੈ। ਇਹ ਕਿਤਾਬ ਕਾਫੀ ਦੇਰ ਹੋਰ ਨਾ ਛਪ ਸਕਦੀ ਜੇ 'ਗੁਰਬਾਣੀ ਪ੍ਰਚਾਰ ਸੇਵਾ ਸੈਂਟਰ' ਦੇ ਸਾਰੇ ਮੈਂਬਰ ਇਸ ਨੂੰ ਛਪਵਾਉਣ ਦਾ ਕੰਮ ਆਪਣੇ ਜਿੰਮੇ ਨਾ ਲੈਂਦੇ। ਉਨ੍ਹਾਂ ਬੜੇ ਚਾਅ ਨਾਲ ਛਪਵਾ ਕੇ ਮੈਨੂੰ ਧੰਨਵਾਦੀ ਬਣਾਇਆ ਹੈ।

ਅੰਤ ਵਿਚ ਉਨ੍ਹਾਂ ਸਾਰਿਆਂ ਲੇਖਾਂ ਅਤੇ ਪੁਸਤਕਾਂ ਦੇ ਲਿਖਾਰੀਆਂ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਪੰਜ ਪਿਆਰਿਆਂ ਦੇ ਇਤਿਹਾਸ ਨੂੰ ਲਿਖਣ ਵਿੱਚ ਹਿੱਸਾ ਪਾਇਆ ਹੈ। ਲੋੜ ਵੇਲੇ ਇਤਿਹਾਸਕ ਤੇ ਸਾਹਿਤਕ ਅਗਵਾਈ ਵੀ ਦਿੱਤੀ ਹੈ।

ਵੀਰ ਗਿਆਨੀ ਮਨਜਿੰਦਰ ਸਿੰਘ ਸੋਹੀਆਂ ਕੈਨੇਡਾ ਨਿਵਾਸੀ ਜੀ ਨੇ ਵੀ ਕਿਤਾਬ ਦਾ ਕੱਚਾ ਖਰੜਾ ਪੜ੍ਹਕੇ ਇਤਿਹਾਸ ਪੱਖੋਂ ਬਹੁਤ ਕੀਮਤੀ ਸਲਾਹਾਂ ਦਿੱਤੀਆਂ ਹਨ। ਵੱਡੇ ਵੀਰ ਗਿਆਨ ਸ਼ਿਵਦੇਵ ਸਿੰਘ ਜੀ ਨੇ ਬਹੁਤ ਪਿਆਰ ਬਖ਼ਸ਼ਿਆ ਹੈ।

ਇਸਦੇ ਨਾਲ ਨਾਲ ਭਾਈ ਦਇਆ ਸਿੰਘ ਜੀ ਦਾ ਵਾਰਤਕ ਜੀਵਨ ਲਾਹੌਰ ਤੋਂ ਸ੍ਰੀ ਹਜ਼ੂਰ ਸਾਹਿਬ ਤਕ ਕਿਤਾਬ 'ਦਇਆ ਕਾ ਪੂਤ' ਤੇ ਭਾਈ ਧਰਮ ਸਿੰਘ ਜੀ ਦੇ ਜੀਵਨ ਤੇ ਹਸਤਨਾਪੁਰ (ਦਿੱਲੀ) ਤੋਂ ਸ੍ਰੀ ਹਜ਼ੂਰ ਸਾਹਿਬ ਤਕ ਕਿਤਾਬ 'ਧਰਮ ਧਾਮ' ਤੇ ਭਾਈ ਹਿੰਮਤ ਸਿੰਘ ਜੀ ਦੇ ਜੀਵਨ ਤੇ ਜਗਨਨਾਥ ਪੁਰੀ ਤੋਂ ਸ੍ਰੀ ਚਮਕੌਰ ਸਾਹਿਬ ਤਕ ਕਿਤਾਬ 'ਰਾਜ ਕਰੈਂਗੇ' ਤੇ ਭਾਈ ਮੋਹਕਮ ਸਿੰਘ ਜੀ ਦੇ ਜੀਵਨ ਤੇ ਦੁਆਰਕਾ ਤੋਂ ਸ੍ਰੀ ਚਮਕੌਰ ਸਾਹਿਬ ਤਕ ਕਿਤਾਬ 'ਅਵਰ ਨਾ ਧਯਾਊ' ਤੇ ਜੋ ਪੁਸਤਕ ਆਪ ਜੀ ਦੇ ਹੱਥਾਂ ਵਿਚ ਹੈ ਭਾਈ ਸਾਹਿਬ ਭਾਈ ਸਾਹਿਬ ਸਿੰਘ ਜੀ ਦਾ ਵਾਰਤਕ ਜੀਵਨ ਬਿਦਰ ਤੋਂ ਸ੍ਰੀ ਚਮਕੌਰ ਸਾਹਿਬ ਤਕ 'ਸਿਰ ਸਉਪੀਐ' ਇਨ੍ਹਾਂ ਪੰਜਾਂ ਕਿਤਾਬਾਂ ਤੋਂ ਬਾਅਦ ਪੰਜ ਹੀ ਪਿਆਰਿਆਂ ਦੇ ਜੀਵਨ 'ਨਿਆਰੇ ਪੰਜ ਪਿਆਰੇ' ਵੀ ਆਪ ਜੀ ਤਕ ਜ਼ਰੂਰ ਪਹੁੰਚਾਈ ਜਾਵੇਗੀ।

ਜੇ ਪੰਜ ਪਿਆਰਿਆਂ ਦੇ ਜੀਵਨ ਇਤਿਹਾਸ ਨੂੰ ਪੜ੍ਹ ਸੁਣ ਕੇ ਸਾਡੀ ਅੱਜ ਦੀ ਪੀੜ੍ਹੀ ਆਪਣੇ ਜੀਵਨ ਨੂੰ ਰੁਸ਼ਨਾ ਸਕੇ ਤੇ ਦੇਸ਼ ਕੌਮ ਦੀ ਸੇਵਾ ਲਈ ਅਰਪਿਤ ਕਰ ਸਕੇ ਤਾਂ ਮੈਂ ਆਪਣੀ ਘਾਲ ਥਾਏ ਪਈ ਸਮਝਾਂਗਾ।

ਔਗੁਣਾ ਭਰਪੂਰ
ਦਾਸ ਬੇਅੰਤ ਸਿੰਘ ਕਲੇਰਾਂ ਵਾਲੇ
2831/1 ਇੰਦਰਾ ਨਗਰ, ਲੁਧਿਆਣਾ (ਪੰਜਾਬ)

ਦੋ ਸ਼ਬਦ

ਬੜੇ ਲੰਮੇ ਸਮੇਂ ਤੋਂ ਬਾਅਦ ਅੱਜ ਜਦੋਂ ਨਿਆਰੇ ਪੰਜ ਪਿਆਰੇ ਵਿੱਚੋਂ ਵਾਰਤਕ ਜੀਵਨ ਭਾਈ ਸਾਹਿਬ ਸਿੰਘ ਦਾ ਕੱਚਾ ਖਰੜਾ ਪੜ੍ਹਨ ਨੂੰ ਮਿਲਿਆ ਤਾਂ ਖੁਸ਼ੀ ਦੀ ਕੋਈ ਹੱਦ ਨਾ ਰਹੀ। ਮੈਂ ਜਿਵੇਂ ਜਿਵੇਂ ਇਸ ਇਤਿਹਾਸ ਪੁਸਤਕ 'ਸਿਰ ਸਉਪੀਐ' ਨੂੰ ਪੜਦਾ ਗਿਆ ਉਵੇਂ ਉਵੇਂ ਵੀਰ ਪ੍ਰੋ: ਬੇਅੰਤ ਸਿੰਘ ਦੀ ਮਹਾਨਤਾ ਹਿਰਦੇ ਅੰਦਰ ਉਕਰਦੀ ਗਈ। ਵਾਕਿਆ ਹੀ ਮਿਹਤਨ ਕੀਤੀ ਰੰਗ ਲਿਆਉਂਦੀ ਹੈ।

ਅੱਜ ਮੈਨੂੰ ਇਹ ਦੱਸਦਿਆਂ ਬਹੁਤ ਫ਼ਖਰ ਮਹਿਸੂਸ ਹੋ ਰਿਹਾ ਹੈ ਕਿ ਸਾਡੇ ਸਿੱਖ ਇਤਿਹਾਸ ਵਿਚ ਇਕ ਅਜਿਹਾ ਖ਼ਜਾਨਾ ਭਰਿਆ ਜਾ ਰਿਹਾ ਹੈ ਜਿਸ ਦੀ ਅਜੋਕੇ ਸਮੇਂ ਵਿਚ ਬਹੁਤ ਲੋੜ ਸੀ। ਗੁਰੂ ਕਲਗੀਧਰ ਪਿਤਾ ਨੇ ਪ੍ਰੋ: ਬੇਅੰਤ ਸਿੰਘ ਦੇ ਸੀਸ 'ਤੇ ਹੱਥ ਰੱਖ ਕੇ ਲਿਖਵਾਇਆ ਹੈ।

ਇਸ ਕਿਤਾਬ ਵਿਚ ਭਾਈ ਸਾਹਿਬ ਜੀ ਨੇ ਪਿਆਰੇ ਭਾਈ ਸਾਹਿਬ ਸਿੰਘ ਜੀ ਦੀਆਂ ਘਟਨਾਵਾਂ ਦੀ ਇਕ ਇਕ ਤਾਰੀਖ-ਵਾਰ, ਇਕ-ਇਕ ਸਥਾਨ ਤੇ ਭਾਈ ਖੁਸ਼ਹਾਲ ਸਿੰਘ ਦੀ ਪ੍ਰੇਰਨਾ ਨੂੰ ਕ੍ਰਮਵਾਰ ਤੇ ਢੁਕਵੇਂ ਤਰੀਕੇ ਨਾਲ ਲਿਖਣਾ ਕੀਤਾ ਹੈ। ਸਗੋਂ ਕਮਾਲ ਦੀ ਖ਼ੂਬੀ ਨਾਲ ਗੁਰਮੱਤ ਦੇ ਆਧਾਰ ਤੇ ਇਤਿਹਾਸ ਸੁਧਾਈ ਤੇ ਨਵੀਂ ਧੁਲਾਈ ਕਰਕੇ ਸੰਗਤਾਂ ਦੇ ਸਾਹਮਣੇ ਰੱਖਿਆ ਹੈ।

ਪ੍ਰੋ: ਬ਼ੇਅੰਤ ਸਿੰਘ ਜੀ ਜੋ ਇਕ ਇਹਿਤਾਸਕਾਰ ਹੋਣ ਦੇ ਨਾਲ ਨਾਲ ਇਕ ਬਹੁਤ ਹੀ ਰਸ ਭਿੰਨੇ ਕੀਰਤਨੀਏ ਅਤੇ ਇੱਕ ਜਾਗਰੂਕ ਗੁਰਮਤਿ ਦੇ ਪ੍ਰਚਾਰਕ ਵੀ ਹਨ। ਦੇਸ਼ਾਂ-ਵਿਦੇਸ਼ਾਂ ਵਿਚ ਜਾਕੇ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਜੋੜਦੇ ਹਨ। ਉਥੇ ਇਸ

ਕਲਮ ਤੋਂ ਪਹਿਲੇ ਹੋਰ ਵੀ ਰਚਨਾਵਾਂ ਜਿਨ੍ਹਾਂ ਵਿਚ 'ਸਭ ਦਾ ਸਾਂਝਾ ਗੁਰੂ', ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਉਸਤਤ ਵਿਚ ਤੇ 'ਸ਼ਹੀਦ-ਏ-ਸਰਤਾਜ' ਗੁਰੂ ਅਰਜਨ ਦੇਵ ਜੀ ਅਤੇ 'ਰੰਬੀਆਂ ਨਾਲ ਖੋਪਰ ਲਹਿੰਦੇ ਜਾਂ......?' ਗੁਰਦੁਆਰਾ ਸਿੰਘ ਸਭਾ ਮਾਲਟਨ ਟੋਰਾਂਟੋ ਕੈਨੇਡਾ ਵਿਚ ਗੁਰੂ ਘਰ ਦੇ ਮੁੱਖ ਸੇਵਾਦਾਰ ਭਾਈ ਦਲਜੀਤ ਸਿੰਘ ਸੇਖੋਂ ਤੇ ਵੈਸਟਨ ਗੁਰੂ ਘਰ ਦੇ ਮੁੱਖ ਸੇਵਾਦਾਰ ਇੰਦਰਜੀਤ ਸਿੰਘ ਤੇ ਚੇਅਰਮੈਨ ਸਾਧੂ ਸਿੰਘ ਬਰਾੜ, ਸ. ਗਿਆਨ ਸਿੰਘ ਕੰਗ ਤੇ ਮਾਲਟਨ ਗੁਰੂ ਘਰ ਦੀ ਕਮੇਟੀ ਅਤੇ ਸਾਧ ਸੰਗਤ ਨੇ ਮਿਲ ਕੇ ਰਿਲੀਜ਼ ਕੀਤੀ ਗਈ। ਕਈ ਅਖ਼ਬਾਰਾਂ ਵਿਚ ਸੰਗਤ ਨੇ ਸੋਭਾ ਅੱਖੀ ਪੜੀ ਤੇ ਇਸ ਕਿਤਾਬ ਨੂੰ ਭਰਵਾਂ ਪਿਆਰ ਪ੍ਰਾਪਤ ਹੋਇਆ।

ਇਸ ਦੇ ਨਾਲ ਨਾਲ ਸੰਪੂਰਨ ਵਾਰਤਕ ਜੀਵਨ ਭਾਈ ਦਇਆ ਸਿੰਘ ਜੀ ਦੀ ਕਿਤਾਬ 'ਦਇਆ ਕਾ ਪੂਤ' ਤੇ ਭਾਈ ਧਰਮ ਸਿੰਘ ਜੀ ਦੀ 'ਧਰਮ ਧਾਮ' ਤੇ ਭਾਈ ਹਿੰਮਤ ਸਿੰਘ ਜੀ ਦੀ ਕਿਤਾਬ 'ਰਾਜ ਕਰੈਂਗੇ', ਭਾਈ ਮੋਹਕਮ ਸਿੰਘ ਜੀ ਦੇ ਜੀਵਨ ਤੇ ਕਿਤਾਬ 'ਅਵਰ ਨ ਧਯਾਊ' ਤੇ ਵਾਰਤਕ ਜੀਵਨ ਭਾਈ ਸਾਹਿਬ ਸਿੰਘ ਦੀ ਕਿਤਾਬ 'ਸਿਰ ਸਉਪੀਐ' ਅੱਜ ਆਪ ਜੀ ਦੇ ਕਰ ਕਮਲਾਂ ਵਿਚ ਸੁਸ਼ੋਭਿਤ ਹੋ ਰਹੀ ਹੈ। ਇਸ ਵੱਡਮੁੱਲੀ ਸੁਗਾਤ ਵਿਚ ਉਹ ਲੋਕ ਭਲਾਈ ਲਈ ਕੀਤੇ ਪਰਉਪਾਕਰ, ਉਹਨਾਂ ਦੇ ਉਚ ਕਾਰਨਾਮੇ ਪੜ੍ਹ ਕੇ ਉਤਸ਼ਾਹਿਤ ਹੋਵੋਗੇ।

ਇਸ ਕਿਤਾਬ ਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ ਉਨ੍ਹੀਂ ਹੀ ਥੋੜੀ ਜਾਪਦੀ ਹੈ। ਪ੍ਰੋ: ਬੇਅੰਤ ਸਿੰਘ ਜੀ ਨੇ ਇਸ ਨੂੰ ਸੁਖਾਲੀ ਲੇਖਣੀ ਨਾਲ ਰਚਿਆ ਹੈ ਕਿ ਆਮ ਇਨਸਾਨ ਨੂੰ ਆਸਾਨੀ ਨਾਲ ਸਮਝ ਆ ਜਾਵੇਗੀ। ਇਸ ਲਈ ਮੈਂ ਇਸ ਕਿਤਾਬ ਨੂੰ ਸਕੂਲਾਂ ਵਿੱਚ ਬੱਚਿਆਂ ਨੂੰ ਪੜ੍ਹਾਉਣ ਲਈ ਅਪੀਲ ਕਰਦਾ ਹਾਂ। ਜੇ ਅਜਿਹਾ ਹੋ ਜਾਵੇ ਤਾਂ ਆਉਣ ਵਾਲੇ ਸਮੇਂ ਵਿਚ ਸਿੱਖ ਕੌਮ ਦਾ ਰੂਪ ਸੁਧਰ ਕੇ ਬਦਲ ਸਕਦਾ ਹੈ।

ਆਓ ਆਪਾਂ ਹੰਭਲਾ ਮਾਰੀਏ ਅਤੇ ਗੁਰਮਤਿ ਦਾ ਪ੍ਰਚਾਰ ਕਰੀਏ, ਗੁਰੂ ਘਰਾਂ ਵਿਚ ਸਿੱਖੀ ਦੇ ਮਹਿਲ ਉਸਾਰੀਏ। ਕੁਰਾਹੇ ਪੈਂਦੇ ਬੱਚਿਆਂ ਨੂੰ ਮੋੜ ਕੇ ਸਿੱਖੀ ਵੱਲ ਲਿਆਈਏ।

ਇਹ ਪੰਜ ਕਿਤਾਬਾਂ ਤੋਂ ਬਾਅਦ, 'ਨਿਆਰੇ ਪੰਜ ਪਿਆਰੇ' ਵੀ ਇਹ ਪੰਜਾ ਦੀ ਇਕ ਕਿਤਾਬ ਛਪੇਗੀ। ਆਉਣੂ ਵਾਲੀਆਂ ਕਿਤਾਬਾਂ 'ਅੱਜ ਕੀ ਬੋਲੀਏ' ਅਤੇ 'ਹਰਿ ਦਰਸ਼ਨ ਪਾਇਆ' ਵੀ ਜਲਦ ਆ ਰਹੀਆਂ ਹਨ।

ਇਨ੍ਹਾਂ ਸ਼ੁਭ ਕਾਮਨਾਵਾਂ ਨਾਲ ਸਤਿਕਾਰ ਯੋਗ ਪ੍ਰੋ: ਬੇਅੰਤ ਸਿੰਘ ਜੀ ਨੂੰ ਪਾਤਸ਼ਾਹ ਚੜ੍ਹਦੀ ਕਲਾ ਦੇਣ ਅਤੇ ਉਹ ਇਸੇ ਤਰ੍ਹਾਂ ਕੀਰਤਨ ਪ੍ਰਚਾਰ ਤੇ ਸੁੰਦਰ ਕਿਤਾਬਾਂ ਲਿਖ ਕੇ ਸਿੱਖ ਕੌਮ ਦੀ ਸੇਵਾ ਨਿਭਾਉਂਦੇ ਰਹਿਣ ਜੀ।

ਸ਼ੁਭਚਿੰਤਕ
ਗਿਆਨੀ ਮਨਜਿੰਦਰ ਸਿੰਘ ਸੋਹੀਆਂ
ਓਨਟਾਰੀਓ, ਟੋਰਾਂਟੋ, ਕੈਨੇਡਾ।

ਮੇਰੀ ਸੋਚ

ਸੰਸਾਰ ਅੰਦਰ ਚੰਗੇ ਤੋਂ ਚੰਗੇ ਵਿਦਵਾਨ, ਲਿਖਾਰੀ, ਸਾਹਿਤਕਾਰ ਹਨ ਜਿਨ੍ਹਾਂ ਨੇ ਆਪਣੀ ਵਿਦਵਤਾ ਦੀ ਚੜ੍ਹਤ ਨਾਲ ਚੰਗੀਆਂ ਤੋਂ ਚੰਗੀਆਂ ਪੁਸਤਕਾਂ ਲਿਖੀਆਂ ਅਤੇ ਧਾਰਮਿਕ ਗ੍ਰੰਥਾਂ ਦੇ ਅਨੁਵਾਦ ਵੀ ਕਰਕੇ ਲੋਕਾਂ ਦੀ ਜਾਣਕਾਰੀ ਵਿਚ ਵਾਧਾ ਕੀਤਾ ਹੈ।

ਅੱਜ ਮੈਨੂੰ ਇਹ ਦੱਸਦਿਆਂ ਬਹੁਤ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਭਾਈ ਸਾਹਿਬ ਭਾਈ ਸਾਹਿਬ ਸਿੰਘ ਜੀ ਦੇ ਜੀਵਨ ਤੇ ਇਹ ਵੱਡਮੁਲੀ ਸੁਗਾਤ ਆਪ ਜੀ ਦੇ ਕਰ-ਕਮਲਾਂ ਵਿਚ ਸੁਸ਼ੋਭਿਤ ਹੋ ਰਹੀ ਹੈ। 'ਸਿਰ ਸਉਪੀਐ' ਇਸ ਕਿਤਾਬ ਵਿੱਚ ਪ੍ਰੋ: ਬੇਅੰਤ ਸਿੰਘ ਜੀ ਨੇ ਸਿੱਖ ਇਤਿਹਾਸ ਬਹੁਤ ਅਨਮੋਲ ਲਿਖਿਆ ਗਿਆ ਹੈ ਜਿਸਦੀ ਕੌਮ ਨੂੰ ਚਿਰਾਂ ਤੋਂ ਲੋੜ ਸੀ। ਕਈ ਦਹਾਕੇ ਤੋਂ ਪੰਜ ਪਿਆਰਿਆਂ ਪ੍ਰਤੀ ਏਨੀ ਹੀ ਖੋਜ ਸੁਣਦੇ ਆਏ ਹਾਂ ਕਿ ਸੰਨ 1699 ਵਿਖੇ ਵੈਸਾਖੀ ਵਾਲੇ ਦਿਨ ਪੰਜ ਪਿਆਰਿਆਂ ਦੀ ਨਿਯੁਕਤੀ ਹੋਈ ਜਿਨ੍ਹਾਂ ਵਿਚੋਂ ਤਿੰਨ ਪਿਆਰੇ ਚਮਕੌਰ ਸਾਹਿਬ ਸ਼ਹੀਦ ਹੋਏ ਤੇ ਦੋ ਪਿਆਰੇ ਹਜ਼ੂਰ ਸਾਹਿਬ ਅਕਾਲ ਚਲਾਣਾ ਕਰ ਗਏ। ਕਿਸੇ ਨੇ ਹੋਰ ਖੋਜਿਆ, ਉਨ੍ਹਾਂ ਦੇ ਮਾਤਾ-ਪਿਤਾ ਦੇ ਨਾਮ ਖੋਜੇ, ਉਹ ਵੀ ਸਭ ਲੇਖਕਾਂ ਨੇ ਅੱਲਗ ਅੱਲਗ ਲਿਖੇ। ਹੋਰ ਖੋਜਿਆ ਸ਼ਹਿਰਾਂ ਤੇ ਪਿੰਡਾਂ ਦੇ ਨਾਮ ਖ਼ੋਜੇ ਉਸ ਵਿੱਚ ਵੀ ਵਾਦ-ਵਿਵਾਦ।

ਇਹ ਇਕ ਪਹਿਲੀ ਕਿਤਾਬ 'ਸਿਰ ਸਉਪੀਐ' ਜਿਸ ਵਿਚ ਵਾਰਤਕ ਜੀਵਨ ਭਾਈ ਸਾਹਿਬ ਭਾਈ ਸਾਹਿਬ ਸਿੰਘ ਜੀ ਦਾ ਜਨਮ ਤੋਂ ਸ਼ਹੀਦੀ ਤਕ ਬਿਦਰ ਤੋਂ ਚਮਕੌਰ ਸਾਹਿਬ ਤਕ ਇਕ ਇਕ ਘਟਨਾ ਨੂੰ ਕਾਫੀ ਲਗਨ, ਖੋਜ ਤੇ ਮੇਹਨਤ ਨਾਲ ਇਤਿਹਾਸ ਤਿਆਰ ਕੀਤਾ ਹੈ। ਜੋ ਕਿ ਇਸ ਗੱਲ ਤੋਂ ਸਪੱਸ਼ਟ ਹੈ ਕਿ ਕਿਵੇਂ ਇਕ ਇਕ ਤਰੀਕ, ਸੰਮਤ, ਸੰਨ, ਦਿਨ, ਵਾਰ, ਰੁਤ ਆਦਿ ਦੇ ਕੇ ਹਰ ਇਤਿਹਾਸ ਘਟਨਾ ਨੂੰ ਬਿਆਨਿਆ ਗਿਆ ਹੈ। ਇਨੀ ਬਰੀਕ-ਬੀਨੀ ਘੱਟ ਹੀ ਲੇਖਕਾਂ ਨੇ ਨਿਭਾਈ ਹੈ। ਫਿਰ ਕਈ ਸੰਬੰਧਤ ਪਿੰਡਾਂ, ਗਰਾਮਾਂ ਤੇ ਵਿਅਕਤੀਆਂ ਦੇ ਨਾਵਾਂ ਤੇ ਖਾਨਦਾਨਾਂ

ਨੂੰ ਇਉਂ ਸਪੱਸ਼ਟਾਇਆ ਹੈ ਕਿ ਅਕਲ ਦੰਗ ਰਹਿ ਜਾਂਦੀ ਹੈ ਤੇ ਆਪਣੇ ਆਪ ਮੂਹੋਂ ਨਿਕਲਦਾ ਹੈ:

ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਭਾਈ ਬੇਅੰਤ ਸਿੰਘ ਜੀ ਦੇ ਸੀਸ ਤੇ ਮੇਹਰ ਦਾ ਹੱਥ ਰੱਖੀਂ ਵੱਡੀ ਆਰਵਲਾ ਤੇ ਖੋਜ ਭਰਪੂਰ ਇਸ ਤਰ੍ਹਾਂ ਨਵਾਂ ਇਤਿਹਾਸ ਸਿਰਜਦੇ ਰਹਿਣ ਜੀ।

ਹਰ ਲੇਖਕ ਦੀ ਇਹੋ ਤਮੰਨਾ ਹੋਇਆ ਕਰਦੀ ਹੈ ਕਿ ਉਸ ਵੱਲੋਂ ਸਖ਼ਤ ਘਾਲਣਾ ਨਾਲ ਰਚੀ ਹੋਈ ਹਰ ਰਚਨਾ ਵੱਧ ਤੋਂ ਵੱਧ ਸੰਗਤ ਦੇ ਹੱਥਾਂ ਵਿੱਚ ਜਾ ਕੇ ਪਿਆਰੀ ਅਤੇ ਸਤਿਕਾਰੀ ਜਾਵੇ।

ਇਹ ਬਚਨ ਪ੍ਰਤੱਖ ਹੈ ਕਿ ਸਵੱਛ ਆਚਰਨ ਵਾਲੀ ਰਚਨਾ ਦਾ ਇਕ ਨਾ ਇਕ ਦਿਨ ਮੁੱਲ ਜ਼ਰੂਰ ਪੈਂਦਾ ਹੈ। ਕਿਸੇ ਚੰਗੇ ਹੰਢੇ ਹੋਏ ਲੇਖਕ ਦੀ ਰਚਨਾ ਨੂੰ ਪੜ੍ਹ ਕੇ ਮਨ ਨੂੰ ਹਮੇਸ਼ਾ ਤਸਕੀਨ ਅਤੇ ਖੁਸ਼ੀ ਪ੍ਰਾਪਤ ਹੁੰਦੀ ਹੈ। ਅੱਜ ਦੇ ਯੁੱਗ ਵਿਚ ਸਮਾਜ ਸੁਧਾਰ ਅਧਿਆਤਮਕ ਸੂਝ ਜਾਂ ਲੋਕਾਂ ਦੀ ਬਹਬੂਦੀ ਅਤੇ ਖੁਸ਼ਨੂਦੀ ਸੰਬੰਧੀ ਲਿਖਣ ਦਾ ਉਪਰਾਲਾ ਕਰਨ ਵਾਲੇ ਲੇਖਕਾਂ ਦੀ ਗਿਣਤੀ ਉਂਗਲਾਂ ਤੇ ਗਿਣੀ ਜਾਣ ਜੋਗੀ ਹੀ ਰਹਿ ਗਈ ਹੈ। ਉਨ੍ਹਾਂ ਮਹਾਨ ਲੇਖਕਾਂ ਵਿਚ ਹਨ-ਭਾਈ ਬੇਅੰਤ ਸਿੰਘ ਜੀ, ਜਿਨ੍ਹਾਂ ਦੀ ਲੇਖਣੀ ਕਿਸੇ ਇਨਸਾਨ ਨੂੰ ਕੁਮਾਰਗ ਤੋਂ ਹਟਾ ਕੇ ਚੰਗੇ ਮਾਰਗ ਵੱਲ ਚੱਲਣ ਲਈ ਉਤਸ਼ਾਹਿਤ ਕਰਦੀ ਹੈ।

ਇਸ ਕਿਤਾਬ ਤੋਂ ਪਹਿਲੇ ਭਾਈ ਸਾਹਿਬ ਜੀ ਨੇ ਜੋ ਸਾਹਿਤ ਲਿਖਿਆ ਹੈ। 'ਸਭ ਦਾ ਸਾਂਝਾ ਗੁਰੂ, ਤੇ ਸ਼ਹੀਦ-ਏ-ਸਰਤਾਜ' ਤੋਂ ਬਾਅਦ ਭਾਈ ਤਾਰੂ ਸਿੰਘ ਪੂਹਲੇ ਜੀ ਦਾ ਵਾਰਤਕ ਜੀਵਨ 'ਰੰਬੀਆਂ ਨਾਲ ਖੋਪਰ ਲਹਿੰਦੇ ਜਾਂ.......?' ਭਾਈ ਤਾਰੂ ਸਿੰਘ ਜੀ ਦੇ ਜਨਮ 19 ਮਾਰਚ 1720 ਤੋਂ ਲੈ ਕੇ 1 ਜੁਲਾਈ 1745 ਸੰਨ ਤਕ 25 ਸਾਲ 3 ਮਹੀਨੇ 13 ਦਿਨ ਦਾ ਕਮਾਲ ਦੀ ਖੂਬੀ ਨਾਲ ਗੁਰਮਤਿ ਦੇ ਆਧਾਰ ਤੇ ਇਤਿਹਾਸ ਲਿਖਿਆ ਹੈ। ਮੇਰੀ ਸੋਚ ਤੋਂ ਕਈ ਗੁਣਾਂ ਜ਼ਿਆਦਾ ਸੰਗਤਾਂ ਵੱਲੋਂ ਇਸ ਕਿਤਾਬ ਦਾ ਭਰਵਾਂ ਪਿਆਰ ਪ੍ਰਾਪਤ ਹੋਇਆ ਹੈ।

ਪਹਿਲੇ ਟੋਰਾਂਟੋ, ਕੈਨੇਡਾ ਗੁਰਦੁਆਰਾ ਸਿੰਘ ਸਭਾ ਮਾਲਟਨ ਵਿਚ ਗੁਰੂ ਘਰ ਦੇ ਮੁੱਖ ਸੇਵਾਦਾਰ ਸ. ਦਲਜੀਤ ਸਿੰਘ ਸੇਖੋਂ ਨੇ

ਰਿਲੀਜ਼ ਕੀਤੀ ਗਈ। ਫਿਰ ਇੰਡੀਆ ਵਿਚ ਸ਼ਹੀਦ ਭਾਈ ਤਾਰੂ ਸਿੰਘ ਯੂਥ ਕੌਂਸਲ ਦੇ ਮੈਂਬਰ ਤੇ ਗੁਰਦੁਆਰਾ ਕਰਮਸਰ ਸਾਹਿਬ (ਰਜਿ.) ਗੁਰਪਾਲ ਨਗਰ ਦੇ ਮੁੱਖ ਸੇਵਾਦਾਰ ਸ. ਮੱਖਣ ਸਿੰਘ ਜੀ ਤੇ ਪ੍ਰਬੰਧਕ ਕਮੇਟੀ ਲੁਧਿਆਣਾ ਨੇ ਮਿਲ ਕੇ ਰਿਲੀਜ਼ ਕੀਤੀ ਗਈ।

ਇਸ ਕਿਤਾਬ ਨੇ ਇਨ੍ਹਾਂ ਉੱਚਾ ਮਰਤਬਾਂ ਹਾਸਲ ਕੀਤਾ ਹੈ ਦੇਸ਼-ਵਿਦੇਸ਼ਾਂ 'ਚੋਂ ਪ੍ਰਸੰਸਾ ਦੇ ਫੋਨ ਆਉਂਦੇ ਹਨ ਤਾਂ ਮਨ ਗਦ ਗਦ ਹੋ ਜਾਂਦਾ ਹੈ। ਅਮਰੀਕਾ ਤੇ ਕੈਨਾਡਾ ਤੋਂ ਟ੍ਰੱਕ ਚਲਾਉਣ ਵਾਲੇ ਵੀਰਾਂ ਨੇ ਇਸ ਕਿਤਾਬ ਨੂੰ ਪੜ੍ਹ ਕੇ ਜੀਵਨ ਹੀ ਬਦਲ ਲਏ ਹਨ। ਜਦੋਂ ਮੈਂ ਉਨ੍ਹਾਂ ਦੇ ਜੁਬਾਨੀ ਭਾਈ ਤਾਰੂ ਸਿੰਘ ਜੀ ਦਾ ਜੀਵਨ ਸੁਣਦਾ ਹਾਂ। ਪੰਦਰਾਂ ਤੋਂ ਵੀਹ ਮਿੰਟ ਦੀ ਗੱਲਬਾਤ ਵਿਚ ਦੱਸਦੇ ਹਨ ਭਾਈ ਤਾਰੂ ਸਿੰਘ ਦਾ ਜੀਵਨ ਪੜ੍ਹਕੇ ਅਸੀਂ ਵੀ ਪ੍ਰਣ ਲਿਆ ਹੈ ਕਿ ਇਹ ਸਿੱਖੀ ਸਾਡੀ ਵੀ ਕੇਸਾਂ ਸਵਾਸਾਂ ਸੰਗ ਨਿਭ ਜਾਵੇ। ਅਰਦਾਸ ਕਰਦੇ ਹਾਂ ਬਾਕੀ ਜੀਵਨ ਗੁਰਮਤਿ ਅਨੁਸਾਰ ਜੀਵੀਏ ਤੇ ਪੱਛਮੀ ਸਭਿਅਤਾ ਦਾ ਸਾਡੇ ਮਨਾਂ ਤੇ ਅਸਰ ਨਾ ਹੋਵੇ।

ਪਹਿਲੀਆਂ ਕਿਤਾਬਾਂ ਦੀ ਤਰ੍ਹਾਂ ਸੰਗਤਾਂ ਤੇ ਪਾਠਕ ਵੀਰਾਂ ਤੋਂ ਮੈਨੂੰ ਮਾਣ ਹੈ। ਤੁਸੀ ਇਸ ਕਿਤਾਬ 'ਸਿਰ ਸਉਪੀਐ' ਨੂੰ ਵੀ ਪੂਰਨ ਸਤਿਕਾਰ ਤੇ ਪਿਆਰ ਦੇਵੋਗੇ। ਇਸ ਆਸ ਨਾਲ ਸਮੁੱਚੀ ਸਿੱਖ ਕੌਮ ਨੂੰ ਬੇਨਤੀ ਕਰਦਾਂ ਹਾਂ ਕਿ ਆਪ ਵੀ ਪੜ੍ਹੋ ਤੇ ਆਪਣੇ ਬੱਚਿਆਂ ਨੂੰ ਵੀ ਪੜ੍ਹਾਵੋ ਜੀ।

ਪ੍ਰੋ: ਬੇਅੰਤ ਸਿੰਘ ਜੀ ਨੇ ਤਾਂ ਅਪਣਾ ਫਰਜ਼ ਬਾਖੂਬੀ ਨਾਲ ਨਿਭਾਇਆ ਹੈ ਅਤੇ ਹੁਣ ਵਾਰੀ ਆਪਣੀ ਹੈ। ਇਸ ਸੰਦੇਸ਼ ਦੇ ਨਾਲ ਹੀ ਸ਼ਹੀਦ ਭਾਈ ਤਾਰੂ ਸਿੰਘ ਯੂਥ ਕੌਂਸਲ ਦੇ ਮੈਂਬਰਾਂ ਵੱਲੋਂ ਇਹ ਕਿਤਾਬ 'ਸਿਰ ਸਉਪੀਐ' ਲਿਖਣ ਤੇ ਲੱਖ ਲੱਖ ਵਧਾਈ ਦਿੰਦਾ ਹਾਂ ਤੇ ਧੰਨਵਾਦ ਕਰਦਾ ਹਾਂ।

ਸ਼ੁਭ ਕਾਮਨਾਵਾਂ ਸਹਿਤ

ਮੁੱਖ ਸੇਵਾਦਾਰ ਭਾਈ ਗੁਰਮੀਤ ਸਿੰਘ
ਸ਼ਹੀਦ ਭਾਈ ਤਾਰੂ ਸਿੰਘ ਯੂਥ ਕੌਂਸਲ (ਰਜਿ:)
ਗੁਰਪਾਲ ਨਗਰ, ਲੁਧਿਆਣਾ।
ਫੋਨ : 094171-92531 ਦਫ਼ਤਰ : 0161-2493324

ਐਸਾ ਸਤਿਗੁਰੁ ਜੇ ਮਿਲੈ
ਤਿਸ ਨੋ

ਸਿਰੁ ਸਉਪੀਐ

ਵਿਚਹੁ ਆਪੁ ਜਾਇ॥

ਅਰਥ: ਇਹੋ ਜਿਹਾ (ਭਾਵ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਸਾਹਿਬ ਵਰਗਾ) ਸਤਿਗੁਰੂ ਜੇ ਮਿਲ ਜਾਵੇ ਤਾਂ ਉਸ ਨੂੰ (ਅਪਣਾ ਸਿਰ ਭੇਟਾ ਵਜੋਂ) ਸਉਂਪ ਦੇਈਏ (ਮਨ) ਵਿਚੋਂ ਹੰਗਤਾ (ਹੰਕਾਰ) ਨਿਕਲ ਜਾਵੇ।

ਇਹ ਬਚਨ ਬਾਣੀ ਅਨੰਦ ਸਾਹਿਬ ਚੋਂ, ਅੰਗ ੯੨੧ ਪਉੜੀ ੩੦ ਸ੍ਰੀ ਗੁਰੂ ਅਮਰ ਦਾਸ ਮਹਾਰਾਜ ਜੀ ਦੇ ਉੱਚਾਰਣ ਕੀਤੇ ਹਨ।

ਵਾਰਤਕ ਜੀਵਨ ਭਾਈ ਸਾਹਿਬ ਸਿੰਘ ਜੀ
ਸੰਨ 1675 ਤੋਂ 1704 ਤੱਕ
ਬਿਦਰ ਤੋਂ ਚਮਕੌਰ ਤੱਕ

ਬਿਦਰ ਤੋਂ ਤਕਰੀਬਨ 7 ਮੀਲ ਦੀ ਦੂਰੀ ਤੇ ਨਾਨਕ ਝੀਰਾ[1] ਨਾਮਕ ਅਸਥਾਨ ਹੈ। ਜਿਥੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਚਰਨ ਪਾਏ। ਬਿਦਰ ਦੇ ਇਲਾਕੇ ਦੀ ਸੰਗਤ ਨੇ ਗੁਰੂ ਨਾਨਕ ਦੇਵ ਜੀ ਨੂੰ ਬੇਨਤੀ ਕੀਤੀ ਕਿ ਪਾਤਸ਼ਾਹ ਸਾਡੀ ਇਸ ਧਰਤੀ ਵਿਚ ਪਾਣੀ ਖਾਰਾ ਹੈ, ਸੋ ਆਪ ਜੀ ਕਿਰਪਾ ਕਰਕੇ ਮਿੱਠੇ ਠੰਡੇ ਜਲ ਦੀ ਬਖਸ਼ਿਸ਼ ਕਰੋ ਸਭਨਾ ਦਾ ਪ੍ਰੇਮ ਪਿਆਰ ਦੇਖ ਕੇ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਆਪਣੇ ਚਰਨ ਨਾਲ ਇਕ ਪੱਥਰ ਨੂੰ ਪਾਸੇ ਕੀਤਾ ਤਾਂ ਪਹਾੜੀ ਵਿਚੋਂ ਛਮ-ਛਮ ਕਰਦਾ ਜਲ ਬਾਹਰ ਆਇਆ। ਸਭ ਤੋਂ ਪਹਿਲਾਂ ਸਾਹਿਬਾਂ ਨੇ ਜਲ ਛੱਕ ਕੇ ਅੰਮ੍ਰਿਤ ਕੀਤਾ ਫਿਰ ਸਾਰੀ ਸੰਗਤ ਨੇ ਠੰਡਾ ਤੇ ਮਿੱਠਾ ਜਲ ਛਕਿਆ।

ਇਸ ਅਸਥਾਨ ਦਾ ਨਾਮ ਸ੍ਰੀ ਨਾਨਕ ਝੀਰਾ ਸਾਹਿਬ ਪਿਆ। ਅੱਜ ਵੀ ਗੁਰੂ ਨਾਨਕ ਦੇਵ ਜੀ ਦੀਆਂ ਬਖ਼ਸ਼ਿਸ਼ਾਂ ਚਲ ਰਹੀਆਂ ਹਨ। ਇਸ ਅੰਮ੍ਰਿਤ ਜਲ ਨਾਲ ਬਹੁਤ ਬੀਮਾਰੀਆਂ ਵੀ ਠੀਕ ਹੁੰਦੀਆਂ ਹਨ ਅਤੇ ਸਭ ਦੀਆਂ ਮਨੋਕਾਮਨਾ ਪੂਰੀਆਂ ਹੁੰਦੀਆਂ ਹਨ। ਇਥੇ ਇਕ ਸੁੰਦਰ ਗੁਰਦੁਆਰਾ ਸਾਹਿਬ, ਲੰਗਰ ਹਾਲ ਅਤੇ ਸਰੋਵਰ ਹੈ। ਲੇਖਕ ਸੰਨ 1977-78 ਵਿਚ ਦਰਸ਼ਨ ਵਾਸਤੇ ਗਏ ਤਾਂ ਸੰਤ ਬਾਬਾ ਕਰਤਾਰ ਸਿੰਘ ਜੀ ਇਸ ਅਸਥਾਨ ਦੀ

1. ਨਾਨਕ ਝੀਰਾ : ਸਨਾਤਨ ਮੱਤ ਦੇ ਬਾਰ੍ਹਾਂ ਸ਼ਿਵਲਿੰਗ ਮੰਦਰਾਂ ਵਿਚੋਂ ਰਾਮੇਸ੍ਵਰ ਸਮੇਤ ਛੇ ਮੰਦਰ ਤਾਂ ਸਿਰਫ ਦੱਖਣ ਵਿਚ ਹਨ। ਮੱਲਿਕਾਰਜੁਨ, ਭੀਮਸੰਕਰ, ਤ੍ਰਯੰਬਕ, ਘ੍ਰਿਸ਼ਯੇਸ਼੍ਵਰ, ਉਅੰਕਾਰ, ਨਰਬਦਾ ਦੇ ਕੰਢੇ ਤੇ ਜਿਥੇ ਗੁਰੂ ਜੀ ਨੇ ਦਖਣੀ ਓਅੰਕਾਰ ਬਾਣੀ ਦਾ ਉਚਾਰਨ ਕੀਤਾ ਸੀ। ਇਥੇ ਲਗਭਗ ਸੰਨ 1512 ਵਿਚ ਜਗਨਨਾਥਪੁਰੀ, ਕੁੜਾਪੇ, ਕੌਡਾ ਭੀਲ ਨੂੰ ਤਾਰਦੇ ਰਾਮੇਸ੍ਵਰ ਫਿਰ ਬਿਰਦ, ਪਾਂਧਰਪੁਰ, ਬੰਬਈ ਪ੍ਰਾਂਤ, ਉਜੈਨ, ਦੁਆਰਕਾ, ਸੋਮਨਾਥ, ਚਿਤੌੜ, ਅਜਮੇਰ, ਪੁਸ਼ਕਰ ਹੁੰਦੇ ਸਿਰਸਾ ਅੰਤ ਵਿੱਚ ਸੰਨ 1515 ਵਿਖੇ ਕਰਤਾਰਪੁਰ ਪੁੱਜੇ।

ਕਾਰ ਸੇਵਾ ਚਲਾ ਰਹੇ ਸਨ। ਆਪ ਜੀ ਨੇ ਬਹੁਤ ਸੁੰਦਰ ਕੀਰਤਨ ਵੀ ਸੁਣਾਇਆ।

ਫਿਰ ਸਮੇਂ ਨੇ ਤਬਦੀਲੀ ਕੀਤੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਦ ਗੁਰੂ ਅਮਰਦਾਸ ਪਾਤਸ਼ਾਹ ਨੇ ਮੰਜੀਆਂ ਥਾਪੀਆਂ, ਉਸ ਵੇਲੇ ਵੀ ਇਥੇ ਗੁਰੂ ਘਰ ਦੇ ਪ੍ਰਚਾਰਕ ਪਹੁੰਚਦੇ ਰਹੇ। ਫਿਰ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਪੂਰੇ ਹਿੰਦੂਸਤਾਨ ਵਿੱਚ ਸਿੱਖੀ ਦੇ ਕੇਂਦਰ ਖੋਲੇ, ਜਿਨ੍ਹਾਂ ਵਿਚੋਂ ਭਾਈ ਚੂਹੜ ਮੱਲ ਜੀ ਲਖਨਊ, ਭਾਈ ਹਰਦਾਸ ਜੀ ਤੇ ਸੰਮਣ ਜੀ ਗਵਾਲੀਅਰ ਤੇ ਸਾਹਿਬਾਜਪੁਰ, ਭਾਈ ਮੋਹਣ ਜੀ ਢਕੇ, ਭਾਈ ਮਾਧੋ ਜੀ ਕਸ਼ਮੀਰ 'ਚ ਭਾਈ ਲੰਘਾਹ ਮਾਝੇ 'ਚ, ਭਾਈ ਮੰਝ ਜੀ ਦੁਆਬੇ 'ਚ, ਭਾਈ ਬਹਿਲੋ ਜੀ ਮਾਲਵੇ ਵਿਚ, ਭਾਈ ਬੰਨੋ ਜੀ ਗੁਜਰਾਤ ਵਿੱਚ, ਆਗਰੇ ਭਾਈ ਅਨੰਦ ਮੁਰਾਰੀ, ਭਾਈ ਤਿਲੋਕਾ ਜੀ ਤੇ ਭਾਨਾ ਜੀ ਕਾਬਲ 'ਚ, ਨਵਲ ਨਿਹਾਲ ਪਟਨਾ ਸਾਹਿਬ, ਬਰਹਾਨਪੁਰ ਭਾਈ ਗੋਬਾ ਜੀ ਔਰੰਗਾਬਾਦ ਤੇ ਬਿਦਰ ਭਾਈ ਭਗਵਾਨ ਦਾਸ ਜੀ ਇੰਨ੍ਹਾਂ ਦੀ ਗੱਦੀ 'ਤੇ ਬੈਠੇ। ਸੰਨ 1670 ਵਿਚ ਸਤਿਕਾਰਯੋਗ ਭਾਈ ਖੁਸ਼ਹਾਲ ਜੀ ਜੋ ਬਹੁਤ ਸਿਆਣੇ ਗੁਰਮਤਿ ਦੇ ਜਾਣੂ ਸਿੱਖੀ ਆਪ ਜੀ ਦੇ ਰੋਮ ਰੋਮ ਵਿਚ ਬਸੀ ਹੋਈ ਸੀ। ਆਪ ਜੀ ਦੀ ਵਿਦਿਆ ਦੀ ਧਾਕ ਦੂਰ ਦੂਰ ਤਕ ਸੀ, ਪੰਡਿਤ ਵੀ ਆਕੇ ਚਰਨ ਬੰਧਨਾ ਕਰਦੇ ਸਨ। ਸ੍ਰੀ ਨਾਨਕ ਝੀਰਾ ਸਾਹਿਬ ਤੋਂ 7 ਮੀਲ ਦੀ ਦੂਰੀ ਤੇ ਅਸਥਾਨ ਸੀ ਬਿਦਰ ਸਾਹਿਬ, ਜਿਥੇ ਭਾਈ ਸਾਹਿਬ ਸਿੰਘ ਜੀ ਦਾ ਜਨਮ ਹੋਇਆ।

ਜਨਮ ਭਾਈ ਸਾਹਿਬ ਸਿੰਘ ਜੀ

ਬਿਦਰ ਦੀ ਧਰਤੀ ਤੇ ਰਹਿਣ ਵਾਲੇ ਰਾਈਆ ਦੱਤ ਨਾਈ ਤੇ ਤੁਲਸੀ ਦੇਵੀ ਇਕ ਗਰੀਬ ਪਰਿਵਾਰ ਲੋਕਾਂ ਦੀ ਹਜਾਮਤਾਂ (ਬਾਲ ਮੁਨ ਕੇ) ਰੋਟੀ ਦਾ ਗੁਜਾਰਾ ਕਰਦੇ ਸਨ।

ਇਹਨਾਂ ਦੇ ਘਰ ਦੋ ਬੱਚਿਆਂ ਨੇ ਜਨਮ ਲਿਆ। ਵੱਡੇ ਗੁਰ ਨਰਾਇਣ ਜੀ ਇਨ੍ਹਾਂ ਦੀ ਸ਼ਾਦੀ ਬੀਬੀ ਅਨਕੰਪਾ ਜੀ ਨਾਲ ਹੋਈ,

ਦੂਜੇ ਸ੍ਰੀ ਚਮਨ ਦੱਤ ਇਨ੍ਹਾਂ ਦੀ ਸ਼ਾਦੀ ਬੀਬੀ ਬਿਸ਼ਨਦੇਵੀ ਨਾਲ ਹੋਈ, ਸੰਜੋਗ ਨਾਲ ਸ੍ਰੀ ਚਮਨ ਦੱਤ ਦੇ ਘਰ ਸੰਤਾਨ ਨਹੀਂ ਹੋਈ।

ਪਿਤਾ ਗੁਰ ਨਰਾਇਣ ਜੀ ਧਰਮੀ ਅਤੇ ਨੇਕ ਪੁਰਸ਼ ਇਨਸਾਨ ਸਨ। ਰੱਬੀ ਰੰਗਾਂ ਵਿਚ ਹਮੇਸ਼ਾ ਪ੍ਰਸੰਨ ਰਹਿੰਦੇ ਸਨ। ਸਗਲੀ ਮਨੁੱਖਤਾ ਦਾ ਭਲਾ ਕਰਨਾ ਜੀਵਨ ਦੀ ਕਮਾਈ ਵਿਚੋਂ ਥੋੜਾ ਧੰਨ ਨੇਕ ਕੰਮਾਂ ਵਿੱਚ ਲਗਾਣਾ ਆਪ ਦਾ ਸੁਭਾਅ ਸੀ।

ਆਪ ਜੀ ਦੀ ਜੀਵਨ ਸਾਥੀ ਬੀਬੀ ਅਨਕੰਪਾ ਦੇਵੀ ਵੀ ਸ਼ੁਭ ਗੁਣਾਂ ਨਾਲ ਭਰਪੂਰ ਸਨ। ਆਪ ਦੇ ਹਿਰਦੇ ਅੰਦਰ ਸਹਿਨਸ਼ੀਲਤਾ ਨਿਮਰਤਾ ਸੇਵਾ ਭਾਉ ਦਇਆਵਾਨ ਹਿਰਦਾ ਸੀ। ਨਾਰੀ ਜਗਤ ਅੰਦਰ ਆਪ ਜੀ ਨੂੰ ਵੀ ਬਹੁਤ ਸਨਮਾਨਿਆ ਜਾਂਦਾ ਸੀ।

ਜਿਥੇ ਆਪ ਜੀ ਆਪਣੇ ਪਤੀ ਪ੍ਰਮੇਸ਼ਰ ਨਾਲ ਧਰਮ ਮੰਦਰ ਵਿੱਚ ਸੇਵਾ ਕਰਦੇ ਸਨ, ਉਥੇ ਪ੍ਰਭੂ ਭਗਤੀ ਵਿਚ ਵੀ ਲੀਨ ਰਹਿੰਦੇ ਸਨ। ਇਹ ਦੋਨੋਂ ਧਰਮੀ ਜੋੜਿਆਂ ਦੀ ਮਹਾਨ ਅਤੇ ਨਿਰ-ਇੱਛਤ ਸੇਵਾ ਵੇਖ ਕੇ ਪ੍ਰਮਾਤਮਾ ਪ੍ਰਭੂ ਦਇਆ ਦੇ ਘਰ ਅੰਦਰ ਆ ਕੇ ਪ੍ਰਮਾਤਮਾ ਨੇ ਤੁਠ ਕੇ ਆਪਣੇ ਘਰ ਦਾ ਬਖਸ਼ਿਆ ਜੀਵ ਇਸ ਘਰ ਵਿੱਚ ਭੇਜ ਦਿੱਤਾ। ਸਾਰੇ ਪਰਿਵਾਰ ਅੰਦਰ ਖੁਸ਼ੀਆਂ ਦੀ ਲਹਿਰ ਆਈ।

ਉਹ ਖੁਸ਼ੀਆਂ ਭਰਿਆ ਦਿਨ ਪਿਤਾ ਗੁਰ ਨਰਾਇਣ ਜੀ ਦੇ ਗ੍ਰਹਿ ਮਾਤਾ ਅਨਕੰਪਾ ਦੀ ਕੁਖੋਂ, ੫ ਮੱਘਰ ੧੭੩੨ ਸੰਮਤ ਬਿਕਰਮੀ 3 ਨਵੰਬਰ, ਸੰਨ 1675, 5 ਮੱਘਰ ਨਾਨਕਸ਼ਾਹੀ ਸੰਮਤ 206 ਨੂੰ ਭਾਈ ਸਾਹਿਬ ਚੰਦ ਦਾ ਜਨਮ ਬਿਦਰ ਦੱਖਣ ਵਿੱਚ ਹੋਇਆ।[1]

---

1. ਜਨਮ ਬਾਰੇ ਬਾਕੀ ਵਿਦਵਾਨਾਂ ਦੇ ਵਿਚਾਰ ਇਸ ਤਰ੍ਹਾਂ ਹਨ।
ਗਿ: ਠਾਕਰ ਸਿੰਘ, ਗੁਰਦੁਆਰੇ ਦਰਸ਼ਨ 'ਚ 5 ਹਾੜ 1722 ਬਿਕਰਮੀ ਨੂੰ ਨੰਗਲ ਸ਼ਹੀਦਾਂ ਜ਼ਿਲਾ ਹੁਸ਼ਿਆਰਪੁਰ ਹੋਇਆ ਹੈ। ਭਾਈ ਮੰਗਲ ਸਿੰਘ, ਜੀਵਨ ਚਰਿਤ੍ਰ ਬਾਬਾ ਬੁੱਢਾ ਜੀ 'ਚ ਇਹਨਾਂ ਦਾ ਜਨਮ ਬਿਦਰ ਸ਼ਹਿਰ ਵਿਚ 1719 ਬਿਕਰਮੀ ਪਿਤਾ ਚਮਨ ਨਾਈ ਮਾਤਾ ਸੋਨਾ ਕੁਖੋਂ? ਬੰਸਾਵਲੀਨਾਮਾ ਤੇ ਮਹਿਮਾ ਪ੍ਰਕਾਸ਼ ਇਨ੍ਹਾਂ ਬਾਰੇ ਚੁੱਪ ਹੈ। ਗੁਰਬਿਲਾਸ, ਸੁਖਾ ਸਿੰਘ 1997 ਵਿੱਚ ਥੋੜਾ ਜ਼ਿਕਰ ਮਿਲਦਾ ਹੈ। ਗੁਰ ਬਿਲਾਸ ਪਾ: ੧੦ (ਕੋਇਰ ਸਿੰਘ ਜੀ ਨਿਵਾਸੀ ਤਾਂ ਬਿਦਰ ਹੀ ਦੱਸਦੇ ਹਨ ਪਰ ਇਕ ਹੋਰ ਗੱਲ ਲਿਖ ਦਿੱਤੀ ਕਿ ਭਗਤ ਸੈਨ ਨਾਈ ਦੇ ਅਵਤਾਰ ਸਨ। ਲੇਖਕ ਕੇਵਲ ਗਿਆਨੀ ਬਿਸ਼ਨ ਸਿੰਘ ਤੇ ਗਿ: ਪਾਖਰ ਸਿੰਘ ਜੀ ਨਾਲ ਹਨ ਤੇ ਗਿਆਨੀ ਗੁਰਬਚਨ ਸਿੰਘ ਭਿੰਡਰਾ ਵਾਲਿਆਂ ਦੇ ਨਾਲ ਚੱਲ ਰਿਹਾ ਹੈ।

ਘਰ ਖੁਸ਼ੀਆਂ ਨਾਲ ਭਰ ਗਿਆ। ਬਾਲ ਉਮਰ ਦੀ ਪਾਲਣਾ ਸ਼ੁਰੂ ਹੋਈ, ਦਾਦਾ ਰਈਆ ਦੱਤ ਜੀ ਤੇ ਦਾਦੀ ਤੁਲਸੀ ਦੇਵੀ ਲੋਰੀਆਂ ਦਿੰਦੇ ਥੱਕਦੇ ਨਹੀਂ। ਚਾਚਾ ਚਮਨ ਦੱਤ ਜੀ ਤੇ ਚਾਚੀ ਬਿਸ਼ਨ ਦੇਈ ਇਸ ਬਾਲਕ ਸਾਹਿਬ ਚੰਦ ਨੂੰ ਗੋਦੀ ਵਿਚੋਂ ਉਤਰਨ ਨਹੀਂ ਦਿੰਦੇ ਸਨ। ਜ਼ਰਾ ਕੁ ਰੋਣ ਦੀ ਆਵਾਜ਼ ਸੁਣ ਕੇ ਸਾਰਾ ਪਰਿਵਾਰ ਇਕੱਠਾ ਹੋ ਜਾਂਦਾ ਸੀ।

ਕੇਵਲ ਆਪ ਦੀ ਉਮਰ ਦੋ ਢਾਈ ਸਾਲ ਦੀ ਹੋਈ ਤਾਂ ਥੋੜਾ-ਥੋੜਾ ਸਮਾਂ ਪਾਕੇ ਦਾਦਾ ਰਈਆ ਦੱਤ ਤੇ ਦਾਦੀ ਤੁਲਸੀ ਦੇਵੀ ਸੰਨ ੧੬੭੯ ਦੇ ਆਖਿਰ 'ਚ ਦੋਨਾਂ ਦਾ ਦੇਹਾਂਤ ਹੋ ਗਿਆ।

ਇਨ੍ਹਾਂ ਦੇ ਜਾਣ ਮਗਰੋਂ ਸਾਹਿਬ ਚੰਦ ਕੁਝ ਉਦਾਸ ਹੋਇਆ ਤਾਂ ਬੱਚੇ ਦੇ ਮਨ ਪ੍ਰਚਾਉਣ ਵਾਸਤੇ ਸਵੇਰੇ ਅਤੇ ਸ਼ਾਮ ਧਰਮ ਮੰਦਿਰ ਵਿੱਚ ਲਿਜਾਇਆ ਜਾਣ ਲੱਗਾ, ਪਰ ਇਸ ਬਾਲਕ ਨੇ ਖੁਸ਼ੀ ਦੀ ਬਜਾਏ ਚੁਪ ਧਾਰਨ ਕਰ ਲਿਆ। ਜਿਨ੍ਹਾਂ ਪੁੱਛਿਆ ਜਾਏ ਉਨ੍ਹਾਂ ਹੀ ਜਵਾਬ ਮਿਲਦਾ, ਇਸਦੇ ਨਾਲ ਨਾਲ ਮੰਦਿਰ ਵਿੱਚ ਮਿਲਣ ਵਾਲਾ ਪ੍ਰਸ਼ਾਦ ਖਾਣਾ ਬੰਦ ਕਰ ਦਿਤਾ।

ਜਦੋਂ ਤਕਰੀਬਨ 5 ਸਾਲ ਦੇ ਹੋਏ ਸੰਨ 1680 ਵਿੱਚ ਤਾਂ ਕਿਸੇ ਧਰਮ ਮੰਦਿਰ ਦਾ ਪ੍ਰਸਾਦ ਤਾਂ ਕੀ ਲੈਣਾ ਸੀ ਮੰਦਿਰ ਦੇ ਅੰਦਰ ਵੀ ਜਾਣਾ ਬੰਦ ਕਰ ਦਿੱਤਾ। ਮਾਤਾ-ਪਿਤਾ, ਚਾਚਾ-ਚਾਚੀ ਸਭ ਚਿੰਤਾਂ ਵਿਚ ਘਿਰ ਗਏ। ਕਈ ਸਿਆਣਿਆਂ ਤੋਂ ਟੂਣੇ, ਦਾਨ-ਪੁੰਨ ਬਹੁਤ ਕੀਤਾ ਪਰ ਬੱਚੇ ਵਿਚ ਕੋਈ ਤਬਦੀਲੀ ਨਹੀਂ ਆਈ। ਜਦੋਂ ਸੰਨ 1682 ਨੂੰ 7 ਸਾਲ ਦੇ ਹੋਏ ਤਾਂ ਵਿਦਿਆ ਪੜ੍ਹਨ ਲਈ ਪਾ ਦਿੱਤਾ।

ਵਿਦਿਆ ਪ੍ਰਾਪਤੀ

ਪਿਤਾ ਗੁਰ ਨਰਾਇਣ ਜੀ ਤੇ ਚਾਚਾ ਚਮਨ ਦੱਤ ਜੀ ਨੇ ਬਹੁਤ ਪੰਡਿਤਾਂ ਤੇ ਪ੍ਰੋਹਿਤਾਂ ਨਾਲ ਗੱਲ ਕੀਤੀ ਪਰ ਨੀਵੀਂ ਜਾਤ ਨਾਈ ਨੂੰ ਕੋਈ ਵਿਦਿਆ ਦੇਣ ਨੂੰ ਤਿਆਰ ਨਹੀਂ ਸੀ। ਬਹੁਤ ਖੋਜ ਤੋਂ ਬਾਅਦ ਇਕ ਪਰਉਪਕਾਰੀ ਫਲਤ ਵਿਦਿਆ ਦੇ ਜਾਣੂ ਕਈ ਭਾਸ਼ਾ ਦੇ ਗਿਆਨੀ ਸਤਿਕਾਰਯੋਗ ਪੰਡਿਤ ਪ੍ਰਸ਼ੋਤਮ ਜੀ ਮਿਲੇ ਜਿਨ੍ਹਾਂ ਨੂੰ ਚਾਚਾ ਚਮਨ ਦੱਤ ਜੀ ਨੇ ਬੇਨਤੀ ਕੀਤੀ। ਪੰਡਿਤ ਜੀ

ਸਾਡਾ ਬਾਲਕ 7 ਸਾਲ ਦਾ ਹੈ, ਬਹੁਤ ਤੀਖਣ ਬੁੱਧੀ ਵਾਲਾ ਹੈ। ਸਮਝਦਾਰ ਸਿਆਣਾ ਬੱਚਾ ਹੈ। ਆਪ ਜੀ ਦੀ ਤਰ੍ਹਾਂ ਸੀਸ 'ਤੇ ਕੇਸ ਰੱਖੇ ਹਨ ਅਤੇ ਕਹਿੰਦਾ ਹੈ ਇਹ ਕਿਸੇ ਦੀ ਅਮਾਨਤ ਹੈ। ਫਿਰ ਮੰਦਿਰ ਅੰਦਰ ਨਹੀਂ ਜਾਂਦਾ, ਨਾ ਹੀ ਪ੍ਰਸ਼ਾਦ ਖਾਂਦਾ ਹੈ। ਮੇਰੇ ਵੱਡੇ ਵੀਰ ਗੁਰ ਨਰਾਇਣ ਜੀ ਤੇ ਭਰਜਾਈ ਉਸ ਦੀਆਂ ਇਹ ਹਰਕਤਾਂ ਤੋਂ ਪ੍ਰੇਸ਼ਾਨ ਰਹਿੰਦੇ ਹਨ। ਤੁਸੀਂ ਕੋਈ ਸੌਖਾ ਮਾਰਗ ਦੱਸੋ ਜਿਸ ਨਾਲ ਸਾਡੀ ਕੁਲ ਦਾ ਵਾਰਸ ਠੀਕ ਹੋ ਜਾਵੇ।

ਪੰਡਿਤ ਜੀ ਕਹਿਣ ਲੱਗੇ, "ਤੁਸੀਂ ਅੱਜ ਹੀ ਮੇਰੇ ਪਾਸ ਲੈ ਕੇ ਆਵੋ।" ਸ਼ਾਮ ਨੂੰ ਮਾਤਾ-ਪਿਤਾ, ਚਾਚਾ-ਚਾਚੀ ਭਾਈ ਸਾਹਿਬ ਚੰਦ ਨੂੰ ਲੈ ਕੇ ਹਾਜ਼ਰ ਹੋਏ। ਬਾਲਕ ਸਾਹਿਬ ਚੰਦ ਪੰਡਿਤ ਪ੍ਰਸ਼ੋਤਮ ਜੀ ਦੇ ਦਰਸ਼ਨ ਕਰਕੇ ਬਹੁਤ ਪ੍ਰਸੰਨ ਹੋਇਆ।

ਪੰਡਿਤ ਪ੍ਰਸ਼ੋਤਮ ਫਲਤ ਵਿਦਿਆ ਦੇ ਮਾਹਰ ਸਨ। ਹੱਥ ਅਤੇ ਮਸਤਕ ਵੇਖਕੇ ਬਹੁਤ ਕਿਆਸ ਸਹੀ ਲਗਾਉਂਦੇ ਸਨ। ਪਹਿਲਾਂ ਤਾਂ ਸੀਸ ਤੇ ਕੇਸ ਵੇਖਕੇ ਪ੍ਰਸੰਨ ਹੋਏ ਕਿ ਨਾਈਆਂ ਦਾ ਮੁੰਡਾ ਹੋਵੇ ਅਤੇ ਪ੍ਰਮਾਤਮਾ ਦੀ ਦਿੱਤੀ ਬਖ਼ਸ਼ਿਸ਼ ਨੂੰ ਸੰਭਾਲਕੇ ਰੱਖੇ ਕਿਉਂਕਿ ਪੰਡਿਤ ਜੀ ਆਪ ਵੀ ਕੇਸਾਂ ਧਾਰੀ ਸਨ। ਫਿਰ ਦੱਸਣਾ ਕੀਤਾ ਕਿ ਇਹ ਬੱਚਾ ਗੁਰੂ ਨਾਨਕ ਦੇਵ ਜੀ ਦੇ ਘਰ ਦਾ ਸਿੱਖ ਲੱਗਦਾ ਹੈ। ਇਸ ਨੂੰ ਇਕ ਵਾਰੀ ਸ੍ਰੀ ਨਾਨਕ ਝੀਰੇ ਭਾਈ ਖੁਸ਼ਹਾਲ ਜੀ ਦੇ ਦਰਸ਼ਨ ਕਰਵਾਵੋ, ਮੈਂ ਇਸ ਬਾਲਕ ਸਾਹਿਬ ਚੰਦ ਨੂੰ ਵਿਦਿਆ ਦੇਵਾਂਗਾ। ਥੋੜੇ ਸਮੇਂ ਵਿਚ ਇਹ ਬੱਚਾ ਚੰਗਾ ਵਿਦਵਾਨ ਬਣੇਗਾ। ਹੁਣ ਹਰ ਰੋਜ਼ ਵਿਦਿਆ ਪੜਨ ਆਣ ਲੱਗੇ, ਤੀਖਣ ਬੁੱਧੀ ਹੋਣ ਕਾਰਨ ਬਹੁਤ ਘੱਟ ਸਮੇਂ ਵਿਚ ਵਿਦਿਆ ਪ੍ਰਾਪਤ ਕਰ ਲਈ।

ਆਪ ਦੀ ਉਮਰ 10 ਸਾਲ ਦੀ ਹੋਈ। ਸੰਨ 1685 ਵਿੱਚ ਬਹੁਤ ਹੀ ਪਿਆਰੇ ਚਾਚਾ ਚਮਨ ਦੱਤ ਜੀ ਤੇ ਚਾਚੀ ਬਿਸ਼ਨ ਦੇਵ ਦਾ ਦੇਹਾਂਤ ਹੋਇਆ। ਬਹੁਤ ਸਮੇਂ ਤਕ ਆਪ ਦਾ ਮਨ ਉਦਾਸ ਰਿਹਾ। ਫਿਰ ਮਾਤਾ ਪਿਤਾ ਆਪ ਜੀ ਨੂੰ ਨਾਨਕ ਝੀਰੇ ਭਾਈ ਖੁਸ਼ਹਾਲ ਜੀ ਪਾਸ ਲੈ ਕੇ ਗਏ।

ਭਾਈ ਖੁਸ਼ਹਾਲ ਸਿੰਘ ਜੀ ਨਾਲ ਮਿਲਾਪ

ਸੰਨ 1686 ਮਾਰਚ ਵਿਚ, ਜਿਸ ਸਮੇਂ ਭਾਈ ਸਾਹਿਬ ਚੰਦ ਦਾ ਮਿਲਾਪ ਭਾਈ ਖੁਸ਼ਹਾਲ ਜੀ ਨਾਲ ਹੋਇਆ ਉਸ ਸਮੇਂ ਭਾਈ ਸਾਹਿਬ ਚੰਦ ਦੀ ਉਮਰ ਗਿਆਰਾਂ ਸਾਲ ਹੋ ਗਈ ਸੀ।

ਗੁਰ ਅਸਥਾਨ ਦੇ ਦਰਸ਼ਨ ਕਰਕੇ ਸਾਹਿਬ ਚੰਦ ਦਾ ਮਨ ਗੱਦ ਗੱਦ ਹੋ ਗਿਆ। ਭਾਈ ਖੁਸ਼ਹਾਲ ਜੀ ਨੇ ਸ੍ਰੀ ਗੁਰ ਨਰਾਇਣ ਜੀ ਤੇ ਮਾਤਾ ਅਨਕੰਪਾ ਜੀ ਨੂੰ ਬੇਨਤੀ ਕੀਤੀ ਤੁਹਾਡਾ ਬੱਚਾ ਸਾਹਿਬ ਚੰਦ ਤਾਂ ਗੁਰੂ ਘਰ ਦਾ ਸਿੱਖ ਲਗਦਾ ਹੈ। ਇਸ ਨੂੰ ਇਕ ਵਾਰੀ ਸਾਹਿਬ ਸ੍ਰੀ ਗੁਰੂ ਗੋਬਿੰਦ ਰਾਏ ਜੋ ਅੱਜਕਲ ਪੰਜਾਬ ਦੀ ਧਰਤੀ ਸ੍ਰੀ ਅਨੰਦਪੁਰ ਸਾਹਿਬ ਸੰਗਤਾਂ ਨੂੰ ਤਾਰ ਰਹੇ ਹਨ, ਉਨ੍ਹਾਂ ਦੇ ਚਰਨਾਂ ਵਿਚ ਇਕ ਵਾਰੀ ਮੱਥਾ ਤਾਂ ਟਿਕਾਵੇ।

ਸ੍ਰੀ ਗੁਰ ਨਰਾਇਣ ਜੀ ਬੋਲੇ ਪੰਜਾਬ ਦੀ ਧਰਤੀ ਤਾਂ ਬਹੁਤ ਦੂਰ ਹੈ ਤੇ ਅਸੀਂ ਗਰੀਬ ਹਾਂ, ਇਤਨਾ ਲੰਬਾ ਸਫਰ ਕਿਵੇਂ ਕਰਾਂਗੇ ਅਤੇ ਉਥੇ ਜਾਣ ਦਾ ਸਾਧਨ ਕੀ ਹੋਵੇਗਾ।

ਭਾਈ ਖੁਸ਼ਹਾਲ ਜੀ ਕਹਿਣ ਲੱਗੇ ਤੁਸੀਂ ਮਨ ਵਿਚ ਗੁਰੂ ਦਰਸ਼ਨ ਦੀ ਇੱਛਾ ਪ੍ਰਗਟ ਕਰੋ ਬਾਕੀ ਸਭ ਕੁੱਝ ਗੁਰੂ ਜੀ ਜਾਣੀਜਾਣ ਹਨ, ਹੀਲੇ ਵਸੀਲੇ ਪਾਤਸ਼ਾਹ ਆਪ ਬਣਨਗੇ। ਅੱਗੇ ਵਿਸਾਖ ਮਹੀਨੇ ਏਥੋਂ ਸੰਗਤਾਂ ਦਰਸ਼ਨ ਕਰਨ ਜਾਂਦੀਆਂ ਹਨ ਆਪ ਜੀ ਨੂੰ ਸੁਨੇਹਾ ਦੇ ਦਿੱਤਾ ਜਾਵੇਗਾ ਤੁਸੀਂ ਵੀ ਸੰਗਤਾਂ ਦੇ ਨਾਲ ਦਰਸ਼ਨ ਕਰ ਆਉਣਾ। ਰਹੀ ਗੱਲ ਧਨ ਦੀ ਗੁਰੂ ਕੀ ਸੰਗਤ ਤਾਂ ਆਪ ਹੀ ਰੱਸਤੇ ਵਿਚ ਲੰਗਰ ਪ੍ਰਸ਼ਾਦ ਅਤੁੱਟ ਵਰਤਦਾ ਹੈ।

ਮਾਤਾ ਅਨਕੰਪਾ ਜੀ ਤੇ ਗੁਰ ਨਰਾਇਣ ਜੀ ਨੇ ਬੇਨਤੀ ਕੀਤੀ, "ਸਾਡੇ ਬੱਚੇ ਭਾਈ ਸਾਹਿਬ ਚੰਦ ਨੂੰ ਜ਼ਰੂਰ ਦਰਸ਼ਨ ਕਰਵਾਉ। ਬੜੀ ਦੇਰ ਤੋਂ ਬਾਅਦ ਇਸ ਦੇ ਮੁੱਖ 'ਤੇ ਖੁਸ਼ੀ ਵੇਖੀ ਹੈ। ਐਸੇ ਮਹਾਨ ਗੁਰੂ ਦੇ ਦਰਸ਼ਨ, ਸਾਹਿਬ ਚੰਦ ਦੇ ਬਹਾਨੇ ਅਸੀਂ ਵੀ ਭਾਗਾਂ ਵਾਲੇ ਬਣ ਜਾਵਾਂਗੇ। ਸਾਡੇ ਤੇ ਇਹ ਕਿਰਪਾ ਜ਼ਰੂਰ ਕਰੋ ਜਿਸ ਨਾਲ ਸਾਡਾ ਇਕਲੌਤਾ ਪੁੱਤਰ ਪ੍ਰਸੰਨ ਹੋ ਜਾਵੇ।"

ਦੋਨੋਂ ਧਰਮੀ ਜੀਓੜੇ ਤੇ ਬਾਲਕ ਸਾਹਿਬ ਚੰਦ ਹਰ ਰੋਜ਼ ਬਿਦਰ ਨਗਰ ਤੋਂ ਪਾਵਨ ਧਰਤੀ ਨਾਨਕ ਝੀਰੇ ਦੇ ਦਰਸ਼ਨ ਕਰਨ ਆਉਣ ਲੱਗ ਪਏ ਅਤੇ ਵਿਸਾਖੀ ਪੁਰਬ ਦੀ ਉਡੀਕ ਕਰਨ ਲੱਗੇ ਤੇ ਚੋਜੀ ਪ੍ਰੀਤਮ ਨੇ ਅਪਣੇ ਚੋਜ ਵਰਤਾਏ ਹਰ ਰੋਜ ਸੰਗਤ ਦਾ ਪਾਹ ਲੱਗਣ ਲਗਾ। ਹੁਣ ਸਾਰਾ ਪਰਿਵਾਰ ਸ੍ਰੀ ਜਪੁਜੀ ਸਾਹਿਬ ਦਾ ਪਾਠ ਵੀ ਕਰਨ ਲੱਗਾ ਤੇ ਬਹੁਤ ਸਾਰੇ ਸ਼ਬਦ ਵੀ ਸਾਹਿਬ ਚੰਦ ਯਾਦ ਕਰਕੇ ਸੰਗਤਾਂ ਦੇ ਨਾਲ ਗਾਉਣ ਲੱਗਾ। ਮਿੱਠੀ ਤੇ ਸੁਰੀਲੀ ਆਵਾਜ਼ ਨਾਲ ਮਨ ਤੋਂ ਪ੍ਰੇਮ ਵਿਚ ਭਰੀ ਸੁਰ ਸਭਨਾਂ ਨੂੰ ਮਿੱਠੀ ਲੱਗਣ ਲੱਗੀ। ਹੁਣ ਤਾਂ ਸਾਹਿਬ ਚੰਦ ਦਾ ਜ਼ਿਆਦਾ ਸਮਾਂ ਸੇਵਾ ਸਿਮਰਨ ਵਿੱਚ ਹੀ ਲੱਗਦਾ। ਪੁੱਤਰ ਦੀ ਖੁਸ਼ੀ ਵੇਖ ਮਾਤਾ ਪਿਤਾ ਵੀ ਨਾਮ ਰਸ ਮਾਣਨ ਲੱਗੇ, ਜ਼ਿੰਦਗੀ ਵਿਚ ਪਹਿਲੀ ਵਾਰ ਨਾਮ ਰਸ ਵਿਚ ਇਤਨਾ ਆਨੰਦ ਮਾਣਨ ਦਾ ਸਮਾਂ ਇਸ ਪਰਿਵਾਰ ਨੂੰ ਮਿਲਿਆ ਅਤੇ ਭਾਈ ਖੁਸ਼ਹਾਲ ਜੀ ਵੀ ਨਿੱਤਾ ਪ੍ਰਤੀ ਸ਼ਰਧਾ ਲਗਨ ਗੁਰੂ ਪਿਆਰ ਦੀਆਂ ਸਾਖੀਆਂ ਸੰਗਤਾਂ ਨੂੰ ਸੁਣਾਉਂਦੇ, ਇਸ ਕਰਕੇ ਸੰਗਤਾਂ ਦੇ ਮਨ ਵਿਚੋਂ ਗੁਰੂ ਮਿਲਾਪ ਦਾ ਚਾਅ ਪ੍ਰਗਟ ਹੋਣਾ ਸੁਭਾਵਿਕ ਗੱਲ ਸੀ। ਉਡੀਕਦਿਆਂ-ਉਡੀਕਦਿਆਂ ਉਹ ਦਿਨ ਆਇਆ ਜਦੋਂ ਸਾਰੀਆਂ ਸੰਗਤਾਂ ਮਿਲ ਕੇ ਸ੍ਰੀ ਅਨੰਦਪੁਰ ਸਾਹਿਬ ਦੇ ਦਰਸ਼ਨ ਕਰਨ ਵਾਸਤੇ ਤਿਆਰ ਹੋਈਆਂ। ਇਲਾਕੇ ਦੇ ਜਿਤਨੇ ਨਾਨਕ ਨਾਮ ਲੇਵਾ ਸੰਗਤਾਂ ਸਨ ਇਕ ਬਹੁਤ ਵੱਡਾ ਅਕੱਠ ਨਾਨਕ ਝੀਰੇ ਇਕੱਤਰ ਹੋਇਆ।

ਇਹ ਸਾਰੀ ਸੰਗਤ ਦੇ ਜੱਥੇਦਾਰ ਭਾਈ ਖੁਸ਼ਹਾਲ ਜੀ ਸਨ ਜਿਨ੍ਹਾਂ ਦੀ ਦੇਖ-ਰੇਖ ਹੇਠਾਂ ਸੰਗਤਾਂ ਦਾ ਠਾਠਾ ਮਾਰਦਾ ਇਕੱਠ ਸੀ, ਜਿਸ ਵਿਚ ਬਾਲਕ ਸਾਹਿਬ ਚੰਦ ਵੀ ਸੀ।

ਉਨ੍ਹਾਂ ਦਿਨਾਂ ਵਿਚ ਬੈਲ-ਗੱਡੀਆਂ, ਘੋੜੇ ਅਤੇ ਖਚਰ ਹੁੰਦੇ ਸਨ ਜਿਸ 'ਤੇ ਸੰਗਤਾਂ ਸਵਾਰ ਹੋ ਕੇ ਅਤੇ ਪੈਦਲ ਸ਼ਬਦ ਪੜਦੇ ਸਫ਼ਰ ਕਰਦੇ ਸਨ। ਇਹ ਸਾਰੇ ਹਿੰਦੁਸਤਾਨ ਵਿਚੋਂ ਅਤੇ ਨਾਲ ਲੱਗਦੇ ਮੁਲਕਾਂ ਵਿਚੋਂ ਫੱਗਣ ਦੀ ਸੰਗਰਾਂਦ ਤੋਂ ਤਿਆਰੀਆਂ ਆਰੰਭ ਕਰਦੇ ਸਨ ਤੇ ਅੱਧ ਫੱਗਣ ਆਪੋ ਆਪਣੇ ਅਸਥਾਨਾਂ ਤੋਂ ਚੱਲ ਪੈਂਦੇ

ਸਨ। ਫਿਰ ਰਸਤੇ ਵਿਚ ਇਕ ਦੂਜੇ ਨਾਲ ਜੱਥੇ ਮਿਲ ਕੇ ਬਹੁਤ ਵਡਾ ਨਗਰ ਕੀਰਤਨ ਦਾ ਰੂਪ ਬਣ ਜਾਂਦੇ ਸਨ। ਰਸਤੇ ਵਿਚ ਸੰਗਤਾਂ ਗੁਰੂ ਕੇ ਲੰਗਰ ਤਿਆਰ ਕਰਕੇ ਸੰਗਤਾਂ ਨੂੰ ਛਕਾਉਂਦੇ ਸਨ। ਇਹ ਜੱਥੇ ਮਹੀਨਾ ਇਕ-ਡੇਢ ਅੰਦਰ 15 ਤੋਂ 20 ਮੀਲ ਤਕ ਸਫ਼ਰ ਹਰ ਰੋਜ ਕਰਕੇ ਫਿਰ ਵਿਸ਼ਰਾਮ ਕਰਦੇ ਸਨ। ਗੁਰੂ ਦਰਸ਼ਨ ਦੇਖਣ ਦਾ ਚਾਅ ਕੋਈ ਕਲਮ ਬਿਆਨ ਨਹੀਂ ਕਰ ਸਕਦੀ, ਕੋਈ ਰਸਨਾ ਵਰਨਣ ਨਹੀਂ ਕਰ ਸਕਦੀ। ਇਹ ਤਾਂ (ਜਿਨ ਏਹਿ ਚਾਖੀ ਸੋਈ ਜਾਣੈ) ਜਿਵੇਂ ਦਰਿਆ ਦਾ ਪਾਣੀ ਅਕਾਸ਼ ਚੁੰਮਦੀਆਂ ਲਹਿਰਾਂ ਤੇ ਚਟਾਨਾਂ ਦੇ ਮੁਕਾਬਲੇ ਕਰਦਾ ਸਮੁੰਦਰ 'ਚ ਜਾ ਪੈਂਦਾ ਹੈ। ਇਸ ਤਰ੍ਹਾਂ:

ਗੁਰਸਿਖ ਲੰਗ ਗੁਰੂ ਪੈ ਜਾਈ।
ਪਾਲਾ ਕਕਰੁ ਵਰਫ ਵਰਸੈ, ਗੁਰਸਿਖੁ ਗੁਰ ਦੇਖਣ ਜਾਈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੭੫੭-੫੮)

ਬਿਦਰ ਤੋਂ ਪਾਉਂਟਾ ਸਾਹਿਬ

ਸਾਰੀਆਂ ਸੰਗਤਾਂ ਤਿਆਰ ਹੋ ਕੇ ਗੁਰੂ ਅਸਥਾਨ ਬਿਦਰ ਨਾਨਕ ਝੀਰਾ ਵਿਖੇ ਪਹੁੰਚ ਗਈਆਂ। ਸੰਨ 1686 ਅੱਧ ਫੱਗਣ ਨੂੰ ਭਾਈ ਖੁਸ਼ਹਾਲ ਜੀ ਨੇ ਅਰਦਾਸ ਕੀਤੀ, 'ਹੇ ਕਲਗੀਵਾਲੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਰਾਏ ਜੀਓ! ਆਪ ਦੇ ਬਖਸ਼ੇ ਉਤਸ਼ਾਹ, ਆਪ ਦੀ ਕਿਰਪਾ ਦੁਆਰਾ ਬਿਦਰ ਨਾਨਕ ਝੀਰੇ ਦੇ ਇਲਾਕਾ ਨਿਵਾਸੀ ਸਾਧ ਸੰਗਤ ਆਪ ਜੀ ਦੇ ਦਰਸ਼ਨ ਕਰਨ ਵਾਸਤੇ ਕਮਰ ਕੱਸੇ ਕਰਕੇ ਤਿਆਰ-ਬਰ-ਤਿਆਰ ਹਨ, ਆਪ ਆਗਿਆ ਬਖ਼ਸ਼ੋ ਸੰਗਤਾਂ ਚਾਲੇ ਪਾਵੇ ਆਪ ਦੇ ਪਿਆਰੇ ਸਾਹਿਬ ਚੰਦ ਪਹਿਲੀ ਵਾਰੀ ਦਰਸ਼ਨ ਕਰਨ ਆ ਰਹੇ ਹਨ। ਸਦਾ ਅੰਗ-ਸੰਗ ਵਰਤਕੇ ਆਪਣੇ ਦਰਸ਼ਨਾਂ ਦੀ ਕਿਰਪਾਲਤਾ ਕਰੋ, ਸੰਗਤਾਂ ਨੂੰ ਬਾਣੀ ਦੇ ਜਾਪ, ਸ਼ਬਦ ਵਿਚ ਸੁਰਤ ਜੋੜ ਕੇ ਯਾਤਰਾ ਕਰਨ ਦਾ ਬਲ ਬਖ਼ਸ਼ੋ।

ਇਸ ਤਰ੍ਹਾਂ ਅਰਦਾਸ ਕਰਦੇ ਹੋਏ ਇਹ ਯਾਤਰਾ ਆਰੰਭ ਹੋਈ। ਪੜਾਅ-ਦਰ ਪੜਾਅ ਤੁਰਦਿਆਂ ਭਾਈ ਸਾਹਿਬ ਚੰਦ ਨੂੰ

ਨਾਮ ਦਾ ਰੰਗ ਪੂਰਨ ਰੂਪ ਵਿਚ ਲੱਗਾ। ਰਸਤੇ ਵਿਚ ਵੀ ਬਹੁਤ ਨਾਮ ਅਭਿਆਸੀ ਸਿਦਕ ਤੇ ਸਬਰ ਨਾਲ ਭਰੇ ਹਿਰਦੇ ਮਿਲੇ, ਜਿਨ੍ਹਾਂ ਦੇ ਦਰਸ਼ਨ ਕਰਕੇ ਗੁਰੂ ਤੋਂ ਸਦਕੇ ਤੇ ਕੁਰਬਾਨ ਜਾਣ ਦਾ ਮਾਰਗ ਮਿਲਿਆ।

ਜਿਵੇਂ ਜਿਵੇਂ ਸੰਗਤਾਂ ਰਸਤੇ ਵਿਚ ਮਿਲਦੀਆਂ ਗਈਆਂ ਤਿਵੇਂ ਤਿਵੇਂ ਇਹ ਜੱਥਾ ਗੁਰੂ ਪਿਆਰ ਵਾਲਾ ਵੱਡਾ ਹੁੰਦਾ ਗਿਆ। ਜਦੋਂ ਇਹ ਸਾਰੀ ਸੰਗਤ ਪਿੰਡ ਘੜਾਮ (ਅੰਬਾਲਾ ਕੋਲ) ਪਹੁੰਚੀ ਤਾਂ ਕੁਝ ਸੰਗਤਾਂ ਗੁਰੂ ਜੀ ਦੇ ਦਰਸ਼ਨ ਕਰਕੇ ਵਾਪਸ ਆ ਰਹੀਆਂ ਸਨ, ਤਾਂ ਸੰਗਤਾਂ ਨੇ ਜੱਥੇਦਾਰ ਭਾਈ ਖੁਸ਼ਹਾਲ ਜੀ ਤੇ ਭਾਈ ਸਾਹਿਬ ਚੰਦ ਜੀ ਨੂੰ ਦੱਸਣਾ ਕੀਤਾ ਕਿ ਗੁਰੂ ਕਲਗੀਧਰ ਜੀ ਇਸ ਸਮੇਂ ਸ੍ਰੀ ਅਨੰਦਪੁਰ ਸਾਹਿਬ ਨਹੀਂ ਹਨ।

ਜੇ ਤੁਸੀਂ ਦਰਸ਼ਨ ਕਰਨੇ ਹਨ ਤਾਂ ਜਮਨਾ ਪਾਰ ਕਰਕੇ ਪਿੰਡ ਭੰਗਾਣੀ (ਪਾਉਂਟਾ ਸਾਹਿਬ) ਵਿਖੇ ਦਰਸ਼ਨ ਕਰ ਸਕਦੇ ਹੋ। ਤਾਂ ਖਿਦਰ ਦੀਆਂ ਸੰਗਤਾਂ ਅਤੇ ਰਸਤੇ ਵਿੱਚ ਮਿਲੀਆਂ ਸੰਗਤਾਂ ਨੇ ਆਪਣਾ ਮੁੱਖ ਪਿੰਡ ਭੰਗਾਣੀ (ਪਾਉਂਟਾ ਸਾਹਿਬ) ਵੱਲ ਕੀਤਾ। ਫਿਰ ਸੰਗਤਾਂ ਸ਼ਬਦ ਗਾਉਣ ਕਰਦੀਆਂ ਚੱਲ ਪਈਆਂ, ਇਸ ਯਾਤਰਾ ਵਿੱਚ ਭਾਈ ਸਾਹਿਬ ਜੀ ਨੂੰ ਨਾਮ ਅਭਿਆਸੀ, ਗੁਰੂ ਨਾਲ ਪ੍ਰੇਮ ਕਰਨ ਵਾਲੇ ਗੁਰੂ ਕੇ ਸਿੱਖਾਂ ਦੇ ਦਰਸ਼ਨ ਹੋਏ।

ਭਲੇ ਤੇ ਨੇਕ ਮਨੁੱਖਾਂ ਦੀ ਸੰਗਤ ਜ਼ਿੰਦਗੀ ਨੂੰ ਸਫਲ ਜੀਵਨ ਬਨਾਉਣ ਵਿਚ ਲਾਹੇਵੰਦ ਹੁੰਦੀ ਹੈ।

ਮੰਜ਼ਿਲੇ ਮੰਜ਼ਿਲ ਤੁਰਦੀ ਸੰਗਤ ਤੇ ਭਾਈ ਸਾਹਿਬ ਚੰਦ ਜੀ 26 ਚੇਤਰ ਨਾਨਕਸ਼ਾਹੀ 217, ਚੇਤਰ ਸੁਦੀ ਚੋਦਸ਼ 28 ਮਾਰਚ ਸੰ 1687 ਨੂੰ ਇਹ ਸੰਗਤ ਤੇ ਭਾਈ ਸਾਹਿਬ ਚੰਦ ਜੀ ਤੇ ਇਸ ਜੱਥੇ

1. ਪਾਠਕ ਵੀਰਾਂ ਨੂੰ ਬੇਨਤੀ ਇਸ ਰਸਤੇ ਬਹੁਤ ਸਾਰੇ ਪੜਾਅ ਤੇ ਸਾਖੀਆਂ ਭਾਈ ਸਾਹਿਬ ਸਿੰਘ ਨਾਲ ਹੋਈਆਂ ਹਨ, ਜੋ ਅਗਲੇ ਐਡੀਸ਼ਨ ਵਿਚ ਸ਼ਾਮਲ ਕੀਤੀਆਂ ਜਾਣਗੀਆਂ, ਇਥੇ ਸਖੇਪ ਰੂਪ ਵਰਨਣ ਕਰ ਰਿਹਾ ਹਾਂ ਜੀ।
2. ਪਾਠਕਾਂ ਦੀ ਜਾਣਕਾਰੀ ਵਾਸਤੇ 26 ਚੇਤਰ ਅੱਜਕਲ 21 ਅਪ੍ਰੈਲ ਵਿਚ ਆਉਂਦਾ ਹੈ ਦਿਨ ਤਰੀਕ ਵਾਸਤੇ ਲੇਖਕ ਦੀ ਕਿਤਾਬ 'ਰੰਬੀਆ ਨਾਲ ਖੋਪਰ ਲਹਿੰਦੇ ਜਾਂ......?' ਵਿਚ 205 ਪੇਜ ਤੇ 'ਭਰਮਗੜ੍ਹ ਤੋੜ ਖਾਲਸ', ਦੇ ਲੇਖ ਹੇਠਾਂ ਪੜੋ ਤਾਂਕਿ ਆਪ ਦਾ ਸਾਰਾ ਭਰਮ ਸੰਨ ਤਰੀਕਾਂ ਬਾਰੇ ਦੂਰ ਹੋ ਜਾਵੇਗਾ।

ਦੇ ਜੱਥੇਦਾਰ ਭਾਈ ਖੁਸ਼ਹਾਲ ਜੀ ਸ੍ਰੀ ਪਾਉਂਟਾ ਸਾਹਿਬ ਪਹੁੰਚੇ ਤਾਂ ਸਾਰੀਆਂ ਸੰਗਤਾਂ ਦੇ ਦਿਲ ਵਿਚ ਚਾਅ ਹੈ ਤੇ ਅੱਖਾਂ ਤਰਸ ਰਹੀਆਂ ਹਨ, ਸ੍ਰੀ ਗੁਰੂ ਗੋਬਿੰਦ ਰਾਏ ਪਾਤਸ਼ਾਹ ਦੇ ਦਰਸ਼ਨਾਂ ਖਾਤਰ ਭਾਈ ਸਾਹਿਬ ਚੰਦ ਜੀ ਤੇ ਪਿਤਾ ਗੁਰ ਨਰਾਇਣ ਜੀ, ਮਾਤਾ ਅਨਕੰਪਾ ਜੀ ਇਹ ਵੀ ਗੁਰੂ ਜੀ ਦੇ ਦਰਸ਼ਨਾਂ ਨੂੰ ਮਨ ਵਿਆਕੁਲ ਹੈ। ਪਰ ਜੱਥੇਦਾਰ ਭਾਈ ਖੁਸ਼ਹਾਲ ਜੀ ਨੇ ਸਾਰੀਆਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਕੱਲ ਪੂਰਨਮਾਸੀ ਹੈ ਤੇ ਅੰਮ੍ਰਿਤ ਵੇਲੇ ਦੀਵਾਨ ਵਿੱਚ ਸਾਰੀਆਂ ਸੰਗਤਾਂ ਨੂੰ ਪਾਤਸ਼ਾਹ ਦਰਸ਼ਨ ਦੇਣਗੇ ਤੇ ਆਪ ਜੀ ਦੀਆਂ ਲਿਆਂਦੀਆਂ ਭੇਟਾਵਾਂ ਪ੍ਰਵਾਨ ਕਰਨਗੇ। ਹੁਣ ਸਾਰੀਆਂ ਸੰਗਤਾਂ ਲੰਗਰ ਛੱਕ ਕੇ ਦਿੱਤੇ ਅਸਥਾਨਾਂ 'ਤੇ ਆਰਾਮ ਕਰੋ ਜੀ। ਸੰਨ 1687 ਵਿਚ, 11 ਸਾਲ ਦੀ ਉਮਰ ਵਿਚ ਪਾਉਂਟਾ ਸਾਹਿਬ ਦੀ ਧਰਤੀ ਤੇ ਭਾਈ ਸਾਹਿਬ ਚੰਦ ਦਾ ਮਿਲਾਪ ਗੁਰੂ ਗੋਬਿੰਦ ਰਾਏ ਜੀ ਨਾਲ ਹੋਇਆ।

ਗੁਰੂ ਗੋਬਿੰਦ ਸਿੰਘ ਜੀ ਨਾਲ ਭਾਈ ਸਾਹਿਬ ਸਿੰਘ ਦਾ ਮਿਲਾਪ

ਭਾਈ ਸਾਹਿਬ ਚੰਦ ਦੀ ਉਮਰ ਤਕਰੀਬਨ 11 ਸਾਲ[1] 4 ਮਹੀਨੇ ਦੀ ਹੋਈ ਸੀ ਜਦੋਂ ਆਪ ਜੀ ਦਾ ਮਿਲਾਪ ਪਾਉਂਟਾ ਸਾਹਿਬ ਦੀ ਧਰਤੀ 'ਤੇ ਹੋਇਆ। ਸ੍ਰੀ ਗੁਰੂ ਗੋਬਿੰਦ (ਸਿੰਘ) ਦੀ ਉਮਰ ਤਕਰੀਬਨ 21 ਸਾਲ ਦੀ ਸੀ।

ਬਿਦਰ ਦਿੱਲੀ ਤੇ ਹੋਰ ਇਲਾਕਿਆਂ ਦੀ ਸੰਗਤ 26 ਚੇਤਰ ਸ਼ਾਮ ਨੂੰ ਪਹੁੰਚੀ ਸੀ। ਗੁਰੂ ਜੀ ਵੱਲੋਂ ਹੁਕਮ ਹੋਇਆ ਕੱਲ ਸਵੇਰੇ ਦੀਵਾਨ ਵਿੱਚ ਬਾਹਰੋਂ ਆਈ ਸੰਗਤ ਨਾਲ ਮਿਲਿਆ ਜਾਵੇਗਾ।

ਅੱਜ 27 ਚੇਤਰ ਅੰਮ੍ਰਿਤ ਵੇਲੇ ਦੇ ਦੀਵਾਨ ਸਜੇ, ਬਾਣੀਆਂ ਦਾ ਨਿਤਨੇਮ ਹੋਇਆ, ਫਿਰ ਆਸਾ ਦੀ ਵਾਰ ਦੇ ਕੀਰਤਨ ਸਾਰੀਆਂ

1. ਗੁਰਮਤਿ ਰਹਿਤ ਮਰਯਾਦਾ 'ਚ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲੇ, ਜ਼ਿਕਰ ਹੈ ਕਿ 11 ਸਾਲ ਦੀ ਉਮਰ ਵਿਚ ਆਏ ਸਨ।

ਸੰਗਤਾਂ ਤੇ ਗੁਰੂ ਪਾਤਸ਼ਾਹ ਨਾਲ ਵਿਚ-ਵਿਚ ਸਲੋਕਾਂ ਦੀ ਹਾਜ਼ਰੀ ਲਗਾਕੇ ਵਾਰ ਸੰਪੂਰਨ ਕੀਤੀ।

ਗੁਰੂ ਕੇ ਢਾਡੀਆਂ, ਕਵੀ ਕਵੀਸ਼ਰਾਂ ਨੇ ਬਹੁਤ ਸੁੰਦਰ ਰੰਗ ਬੰਨਿਆ। ਇਸ ਸੰਗਤ ਵਿਚ ਭਾਈ ਸਾਹਿਬ ਚੰਦ ਜੀ ਤੇ ਪਿੰਤਾ ਗੁਰ ਨਰਾਇਣ ਜੀ ਤੇ ਮਾਤਾ ਅਨਕੰਪਾ ਜੀ ਤੇ ਬਿਦਰ ਤੋਂ ਸੰਗਤਾਂ ਦੇ ਜੱਥੇਦਾਰ ਭਾਈ ਖੁਸ਼ਹਾਲ ਜੀ ਵੀ ਸੰਗਤੀ ਰੂਪ ਵਿਚ ਸੁਭਾਇਮਾਨ ਸਨ। ਸਤਿਗੁਰੂ ਜੀ ਦੇ ਦਰਸ਼ਨ ਤਾਂ ਸਭ ਸੰਗਤਾਂ ਕਰ ਰਹੀਆਂ ਸਨ ਪਰ ਭਾਈ ਸਾਹਿਬ ਚੰਦ ਦਾ ਵੇਖਣਾ ਕੁੱਝ ਵਿਲੱਖਣ ਸੀ।

ਉੱਧਰ ਗੁਰੂ ਕਲਗੀਧਰ ਪਾਤਸ਼ਾਹ ਸਭ ਸੰਗਤਾਂ ਵੱਲ ਮਿਹਰ ਦੀ ਨਜ਼ਰ ਨਾਲ ਵੇਖ ਰਹੇ ਸਨ। ਪਰ ਸਾਹਿਬ ਚੰਦ 'ਤੇ ਨਜ਼ਰ ਕੁਝ ਪਲ ਰੁਕ ਕੇ ਅੱਗੇ ਜਾਂਦੀ ਸੀ, ਜਿਵੇਂ ਗੁਰੂ ਜੀ ਕੁਝ ਪਹਿਚਾਣ ਕਰ ਰਹੇ ਹੋਣ।

ਛੋਟੀ ਉਮਰ ਦਾ ਸਾਹਿਬ ਚੰਦ ਸੰਗਤਾਂ ਦੇ ਦਰਸ਼ਨ ਕਦੇ ਕਦੇ ਖੜੇ ਹੋਕੇ ਕਰਦਾ। ਇਕ ਪਾਸੇ ਮਾਤਾ, ਬੀਬੀ, ਬੱਚੀਆਂ ਬੈਠੀਆਂ ਸ਼ਬਦ ਗਾਇਨ ਕਰ ਰਹੀਆਂ ਹਨ। ਦੂਜੇ ਪਾਸੇ ਸੁੰਦਰ ਤਖ਼ਤ 'ਤੇ ਗੁਰੂ ਜੀ ਸੁਭਾਇਮਾਨ, ਫਿਰ ਨਿਕਟਵਰਤੀ ਸਿੱਖ ਭਾਈ ਦਿਆ ਰਾਮ, ਭਾਈ ਹਿੰਮਤ ਚੰਦ ਜੀ ਤੇ ਗੁਰੂ ਜੀ ਦੀ ਭੂਆ ਬੀਬੀ ਵੀਰੋ ਜੀ ਦੇ ਸਪੁੱਤਰ ਭਾਈ ਸੰਘੋ ਸ਼ਾਹ ਜੀ, ਭਾਈ ਜੀਤ ਮੱਲ, ਭਾਈ ਮੋਹਰੀ ਚੰਦ, ਭਾਈ ਗੁਲਾਬ ਰਾਇ, ਭਾਈ ਗੰਗਾ ਰਾਮ, ਗੁਰੂ ਜੀ ਦੇ ਮਾਮਾ ਕਿਰਪਾਲ ਚੰਦ ਇਸ ਤਰ੍ਹਾਂ ਹੋਰ ਵੀ ਮਹਾਨ ਗੁਰਸਿੱਖ ਬੈਠੇ ਸਨ।

ਉਹਨਾਂ ਤੋਂ ਬਾਅਦ ਮਹੰਤ ਕ੍ਰਿਪਾਲ ਦਾਸ (ਹੇਰਾਂ) ਸਾਧੂ ਭਗਵੇ ਭੇਸ ਵਿੱਚ ਆਪਣੇ ਸੇਵਕਾਂ ਨਾਲ ਦੀਵਾਨ ਦਾ ਆਨੰਦ ਮਾਣ ਰਹੇ ਸਨ। ਫਿਰ ਦਿਨ ਦੇ ਦੀਵਾਨ ਦੀ ਸਮਾਪਤੀ ਹੋਈ। ਹੁਣ ਸੰਗਤਾਂ ਦੀ ਹਾਜ਼ਰੀ ਲਗਣੀ ਸੀ। ਸਵੇਰੇ ਸ਼ਾਮ ਹਾਜ਼ਰੀਆਂ ਭਰਨ ਵਾਲੇ ਆਪੋ ਆਪਣੇ ਅਸਥਾਨਾਂ ਤੇ ਗਏ। ਕੇਵਲ ਨਵੀਂ ਸੰਗਤ ਤੇ ਬਾਹਰੋਂ ਆਈ ਸੰਗਤ ਦੀ ਹੀ ਭੇਟ ਹੋਣੀ ਸੀ। ਹੁਣ ਸੰਗਤਾਂ ਨੂੰ ਕੋਲ ਹੋ ਕੇ ਬੈਠਣ ਦਾ ਸਮਾਂ ਮਿਲਿਆ ਤਾਂ ਭਾਈ ਸਾਹਿਬ ਚੰਦ ਸਭ ਤੋਂ

ਪਹਿਲੀ ਕਤਾਰ ਵਿੱਚ ਬੈਠਾ। ਪਰ ਇਕ ਗੁਰੂ ਘਰ ਦੀ ਮਰਯਾਦਾ ਸੀ ਸਭ ਤੋਂ ਪਹਿਲੇ ਜੱਥੇਦਾਰਾਂ ਦੀ ਹਾਜ਼ਰੀ ਲਗਦੀ ਸੀ। ਫਿਰ ਭਾਈ ਦਿਆ ਰਾਮ ਜਾਂ ਭਾਈ ਹਿੰਮਤ ਚੰਦ, ਜਿਥੋਂ ਸੰਗਤ ਆਈ ਤੇ ਜੱਥੇਦਾਰਾਂ ਦੇ ਨਾਮ ਬੋਲਦੇ ਸਨ। ਫਿਰ ਉਹ ਜੱਥੇਦਾਰ ਦੇ ਨਾਲ ਆਈ ਸੰਗਤ ਦਾ ਨਾਮ ਬੋਲ ਬੋਲ ਕੇ ਭੇਟਾ ਜਾਂ ਦਸਵੰਧ ਹਾਜ਼ਰ ਕਰਦੇ ਸਨ।

ਭਾਈ ਖੁਸ਼ਹਾਲ ਜੀ ਨੇ ਮਰਯਾਦਾ ਨੂੰ ਹਰੀ ਕਾਇਮ ਕਰਦਿਆਂ ਜਦੋਂ ਪਿਤਾ ਗੁਰ ਨਰਾਇਣ ਤੇ ਮਾਤਾ ਅਨਕੰਪਾ ਜੀ ਦਾ ਨਾਮ ਲਿਆ ਤਾਂ ਭਾਈ ਸਾਹਿਬ ਚੰਦ ਨੇ ਦੌੜ ਕੇ ਗੁਰੂ ਦਸ਼ਮੇਸ਼ ਪਿਤਾ ਦੇ ਚਰਨ ਫੜ ਲਏ ਤੇ ਗੁਰੂ ਜੀ ਨੇ ਇਸ ਬਾਲਕ ਨੂੰ ਆਪਣੇ ਕੰਠ ਨਾਲ ਲਾਇਆ ਤੇ ਮਸਤਕ ਚੁੰਮਿਆ ਤੇ ਪਿਆਰ ਨਾਲ ਕੰਡ (ਕਮਰ) ਤੇ ਹੱਥ ਨਾਲ ਪਲੋਸਣਾ ਕੀਤਾ। ਇਹ ਪਿਆਰ ਇਤਨਾ ਸਮਘਰ ਹੋਇਆ ਕਿ ਸਾਹਿਬ ਚੰਦ ਦੇ ਅੱਖਾਂ ਵਿੱਚ ਜਲ-ਧਾਰਾ ਵਹਿ ਤੁਰੀ। ਇਸ ਨੂੰ ਵੇਖਕੇ ਲਗਦਾ ਸੀ ਕਿ ਕੋਈ ਬਹੁਤ ਦੇਰ ਬਾਅਦ ਵਿਛੜੇ ਮਿਲੇ ਸਨ। ਮਾਤਾ ਪਿਤਾ ਪਾਸ ਖੜੇ ਹੋ ਕੇ ਇਹ ਭਰਤ ਮਿਲਾਪ ਵੇਖ ਰਹੇ ਸਨ।

ਫਿਰ ਭਾਈ ਖੁਸ਼ਹਾਲ ਜੀ ਨੇ ਬੇਨਤੀ ਕੀਤੀ, ਗਰੀਬ ਨਿਵਾਜ ਇਹ ਪਰਿਵਾਰ ਬਿਦਰ ਦਾ ਰਹਿਣ ਵਾਲਾ ਹੈ, ਇਸ ਬਾਲਕ ਦੇ ਮਾਤਾ-ਪਿਤਾ ਬਹੁਤ ਨੇਕ ਹਨ ਭਾਵੇਂ ਜਾਤ ਇਨ੍ਹਾਂ ਦੀ ਨਾਈ ਹੈ ਪਰ ਕਰਮ ਉੱਚ ਜਾਤਾਂ ਵਾਲਿਆਂ ਨਾਲੋਂ ਚੰਗਾ ਹੈ। ਇਸ ਬੱਚੇ ਸਾਹਿਬ ਚੰਦ ਨੇ ਬਾਲ ਉਮਰ ਤੋਂ ਕੇਸਾਂ ਦੀ ਸੰਭਾਲ ਕੀਤੀ ਹੈ ਤੇ ਇਹ ਸੀਸ ਵੀ ਇਸਨੇ ਆਪ ਜੀ ਦੇ ਚਰਨਾਂ ਤੇ ਭੇਟ ਕੀਤਾ ਹੈ। ਇਹ ਕੋਈ ਆਪ ਜੀ ਦੇ ਘਰ ਦਾ ਸਿੱਖ ਜਾਪਦਾ ਹੈ।

ਭਾਈ ਸਾਹਿਬ ਚੰਦ ਗਲਵਕੜੀ ਛੱਡ ਨਹੀਂ ਸੀ ਰਿਹਾ ਤੇ ਹੋਰ ਵੀ ਸੰਗਤਾਂ ਨੇ ਭੇਟਾਂ ਕਰਨੀਆਂ ਸਨ, ਸਮਾਂ ਬਹੁਤ ਲੰਘ ਗਿਆ। ਗੁਰੂ ਜੀ ਵੀ ਪਿਆਰ ਦੇ ਬੰਧਨ ਵਿਚ ਬੱਧੇ ਸਨ ਤਾਂ ਭਾਈ ਖੁਸ਼ਹਾਲ ਜੀ ਨੇ ਮਾਤਾ ਅਨਕੰਪਾ ਵੱਲ ਵੇਖਿਆ। ਉਹ ਤੁਰੰਤ ਸਮਝ ਗਏ ਤੇ ਸਾਹਿਬ ਚੰਦ ਨੂੰ ਸਾਹਿਬਾਂ ਤੋਂ ਦੂਰ ਕਰਨ ਲੱਗੀ ਤਾਂ

ਮਿੱਠੀ ਤੇ ਪਿਆਰੀ ਆਵਾਜ਼ ਨਾਲ ਸਾਹਿਬ ਚੰਦ ਨੇ ਸਤਿਗੁਰੂ ਪਾਸੋਂ ਬਚਨ ਲਿਆ ਕਿ, ਤਾਂ ਗਲਵਕੜੀ ਛੱਡਾਂਗਾ ਜੇ ਤੁਸੀ ਮੈਨੂੰ ਆਪਣੇ ਕੋਲ ਰੱਖੋਗੇ, ਮੈਂ ਆਪਣੇ ਮਾਤਾ-ਪਿਤਾ ਨਾਲ ਵਾਪਸ ਨਹੀਂ ਜਾਣਾ। ਤਾਂ ਪਿਤਾ ਗੁਰ ਨਾਰਾਇਣ ਜੀ ਤੇ ਮਾਤਾ ਅਨਕੰਧਾਂ ਜੀ ਨੇ ਬੇਨਤੀ ਕੀਤੀ ਕਿ ਗੁਰੂ ਜੀ ਤੁਸੀ ਇਸ ਨੂੰ ਆਪਣੇ ਪਾਸ ਰੱਖ ਲਵੋ ਜੀ।

ਗੁਰੂ ਸਾਹਿਬ ਜੀ ਨੇ ਬਚਨ ਕੀਤਾ ਸਾਹਿਬ ਚੰਦ ਆਪਣੇ ਕੋਲ ਰੱਖਣ ਵਾਸਤੇ ਹੀ ਤੈਨੂੰ ਇਤਨੀ ਦੂਰੋਂ ਬੁਲਾਇਆ ਹੈ। ਹੁਣ ਤੁਸੀ ਸਾਡੇ ਕੋਲ ਹੀ ਰਹਿਣਾ ਹੈ ਤੇ ਤੈਨੂੰ ਬਚਨ ਦਿਤਾ। ਇਸ ਖੁਸ਼ੀ ਦਾ ਨੂਰ ਝੱਲਿਆ ਨਹੀਂ ਸੀ ਜਾਂਦਾ। ਫਿਰ ਬਾਕੀ ਸੰਗਤਾਂ ਨੇ ਭੇਟਾ ਗੁਰੂ ਜੀ ਨੂੰ ਭੇਟ ਕੀਤੀਆਂ। ਕੁਝ ਦਿਨ ਸੰਗਤਾਂ ਠਹਿਰ ਕੇ ਵਾਪਸ ਬਿਦਰ ਨਾਨਕ ਝੀਰਾ ਸਾਹਿਬ ਆਏ। ਮਾਤਾ ਪਿਤਾ ਵੀ ਸੰਗਤਾਂ ਨਾਲ ਵਾਪਸ ਆਏ ਤੇ ਭਾਈ ਸਾਹਿਬ ਚੰਦ ਸੇਵਾ ਵਿਚ ਲੱਗ ਗਿਆ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਉਸ ਸਮੇਂ ਪਾਉਂਟਾ ਸਾਹਿਬ ਦੀ ਧਰਤੀ ਨੂੰ ਭਾਗ ਲਗਾ ਰਹੇ ਸਨ। ਭੰਗਾਣੀ ਦੇ ਯੁੱਧ ਦੀਆਂ ਤਿਆਰੀਆਂ ਹੋ ਰਹੀਆਂ ਸਨ। ਭੰਗਾਣੀ ਦਾ ਯੁੱਧ[1] 15 ਅਪ੍ਰੈਲ ਸੰਨ 1687 'ਚ ਹੋਇਆ, ਇਸ ਵਿਚ ਭਾਈ ਸਾਹਿਬ (ਸਿੰਘ) ਦੀ ਉਮਰ ਤਾਂ ਕੇਵਲ 11 ਸਾਲ ਤੇ 5 ਮਹੀਨੇ ਦੀ ਸੀ ਪਰ ਇਸ ਯੁੱਧ ਵਿਚ ਉਸ ਨੇ ਵੀ ਹਿੱਸਾ ਲਿਆ।

1. ਭੰਗਾਣੀ ਦੇ ਯੁੱਧ ਦੇ ਬਾਰੇ ਸੰਨ ਸੰਮਤ ਵਿਚ ਬਹੁਤ ਭੇਦ ਹੈ: ਮਹਾਨ ਕੋਸ਼ ਪੇਜ 927 ਤੇ, 18 ਵਿਸਾਖ ਸੰਮਤ 1746 ਤੇ ਸੰਨ 1689 ਹੈ, ਦਸ ਪਾਤਸ਼ਾਹੀ ਪੇਜ 320, 18 ਵਿਸਾਖ ਸੰਮਤ 1743 ਸੰਨ 1686 ਸੀਤਲ ਸਾਹਿਬ, ਸਿਖ ਇਤਿਹਾਸ ਪੇਜ 373, ਪ੍ਰੋ. ਕਰਤਾਰ ਸਿੰਘ ਐਮ.ਏ. ਇਹ ਨਾਭਾ ਸਾਹਿਬ ਵਾਲੀ ਹੈ, ਜੀਵਨ ਬ੍ਰਿਤਾਂਤ ਪੇਜ 78, ਸਾਹਿਬ ਸਿੰਘ ਜੀ 15 ਅਪ੍ਰੈਲ ਸੰਨ 1687 ਸੰਮਤ 1744। ਲੇਖਕ ਸਭ ਤਰੀਕਾਂ ਗਿਆਨੀ ਬਿਸ਼ਨ ਸਿੰਘ ਤੇ ਪ੍ਰਿ: ਸੋਭਾ ਸਿੰਘ ਤੇ ਗਿਆਨੀ ਪਾਖਰ ਸਿੰਘ ਵਾਲੀਆਂ ਹੀ ਵਰਤ ਰਿਹਾ ਹੈ। ਸੰਨ ਸੰਮਤ ਤਰੀਕਾਂ ਬਾਰੇ ਲੇਖਕ ਦੀ ਕਿਤਾਬ, 'ਰੰਬੀਆਂ ਨਾਲ ਖੋਪਰ ਲੋਹੰਦੇ ਜਾਂ.....?' ਉਸ ਵਿਚ, ਭਰਮਗੜ੍ਹ ਤੋੜ ਖਾਲਸਾ ਪੜੋ ਜੀ।

ਭਾਈ ਸਾਹਿਬ ਸਿੰਘ ਨੂੰ ਮਾਤਾ ਨਾਨਕੀ ਜੀ ਨੇ ਗੁਰੂ ਹਰਿਗੋਬਿੰਦ ਜੀ ਦੇ ਜੰਗ ਦਾ ਹਾਲ ਦੱਸਣਾ

ਮਾਤਾ ਨਾਨਕੀ ਜੀ ਨੇ ਭਾਈ ਸਾਹਿਬ ਚੰਦ ਜੀ ਨੂੰ ਦਰਸ਼ਨ ਬਚਨਾਂ ਰਾਹੀਂ ਕਰਵਾਏ। ਮਾਤਾ ਨਾਨਕੀ ਜੀ ਕਹਿਣ ਲੱਗੇ ਕਿ ਭਾਈ ਸਾਹਿਬ ਚੰਦ ਜੀ ਜਿਵੇਂ ਹੁਣ ਕਲਗੀਧਰ ਜੀ ਦੇ ਚਰਨਾਂ ਵਿੱਚ ਨਿੱਤ ਸੰਗਤਾਂ ਘੋੜੇ, ਸ਼ਸਤਰ, ਤੇਗਾ, ਢਾਲਾ, ਖੰਡੇ ਤੇ ਤੇਰੇ ਵਰਗੇ ਨੌਜਵਾਨ ਸਿੱਖ ਬੱਚੇ ਆਪਣੀਆਂ ਜੁਆਨੀਆਂ ਭੇਟਾ ਕਰ ਰਹੀਆਂ ਹਨ। ਇਸ ਤਰ੍ਹਾਂ ਹੀ ਇੱਕ ਨਜ਼ਾਰਾ ਮੈਂ ਪਹਿਲੇ ਵੀ ਵੇਖਿਆ ਹੈ। ਗੁਰੂ ਘਰ ਵਿੱਚ ਗੁਰੂ ਗੋਬਿੰਦ ਰਾਏ ਦੇ ਦਾਦਾ ਜੀ ਮੇਰੇ ਪਤੀ ਗੁਰਦੇਵ ਗੁਰੂ ਹਰਿਗੋਬਿੰਦ ਸਾਹਿਬ ਜੀ ਉੱਤੇ ਜੰਗ ਦਾ ਐਲਾਨ ਕੀਤਾ ਸੀ। ਲਾਹੌਰ ਦੇ ਰਹਿਣ ਵਾਲੇ ਮੁਖ਼ਲਸ ਖਾਂ ਨੇ ਆਖਿਆ ਕਿ ਜਾਂ ਤਾਂ ਆਪਣੇ ਆਪ ਨੂੰ ਮੇਰੇ ਹਵਾਲੇ ਕਰ ਦੇਵੋ ਤੇ ਮੁਸਲਮਾਨ ਬਣ ਜਾਵੋ, ਆਪਣੇ ਸਿੱਖਾਂ ਨੂੰ ਵੀ ਆਖੋ ਤੇ ਲਾਹੌਰ ਆਵੋ ਜੋ ਤੁਸੀਂ ਜੰਗ ਦਾ ਸਮਾਨ ਇਕੱਠਾ ਕੀਤਾ ਹੈ, ਉਸ ਨੂੰ ਸਰਕਾਰੀ ਖਜ਼ਾਨੇ ਵਿੱਚ ਜਮਾਂ ਕਰਵਾਉ ਅਤੇ ਨਹੀਂ ਤਾਂ ਜੰਗ ਵਾਸਤੇ ਤਿਆਰ ਹੋ ਜਾਵੋ।

ਭਾਈ ਸਾਹਿਬ ਚੰਦ ਬੋਲੇ, "ਫਿਰ ਕੀ ਕੀਤਾ ਵੱਡੇ ਸਤਿਗੁਰਾਂ ਨੇ?" ਮਾਤਾ ਨਾਨਕੀ ਜੀ ਕਹਿਣ ਲੱਗੇ, ਫਿਰ ਗੁਰਦੇਵ ਜੀ ਨੇ ਜੰਗ ਦੇ ਐਲਾਨ ਨੂੰ ਸਵੀਕਾਰ ਕੀਤਾ ਤੇ ਸਾਰੀਆਂ ਸੰਗਤਾਂ ਨੂੰ ਬੇਨਤੀ ਕੀਤੀ ਭਾਈ ਉਸ ਸਿੱਖ ਤੇ ਸਭ ਤੋਂ ਵੱਧ ਬਖ਼ਸ਼ਿਸ਼ ਹੋਵੇਗੀ ਜੋ ਸ਼ਸਤਰ ਤੇ ਜਵਾਨੀ ਭੇਟਾ ਕਰੇਗਾ। ਤਾਂ ਸੰਗਤਾਂ ਦੇ ਪਿਆਰ ਦਾ ਸੈਲਾਬ (ਹੜ੍ਹ) ਆ ਗਿਆ। ਸੰਨ 1628 ਵਿੱਚ ਮੁਖ਼ਲਸ ਖਾਂ ਦੀ ਕਮਾਨ ਹੇਠ ਫੌਜ਼ ਭੇਜੀ ਸੀ, ਸ੍ਰੀ ਅੰਮ੍ਰਿਤਸਰ ਲੋਹਗੜ੍ਹ ਦੇ ਬਾਹਰ ਲੜਾਈ ਹੋਈ ਸੀ।

ਇਹ ਸਿੱਖ ਕੌਮ ਦੀ ਪਹਿਲੀ ਲੜਾਈ ਹੋਈ ਸੀ, ਮੁਗ਼ਲ ਹਕੂਮਤ ਦੇ ਨਾਲ। ਗੁਰੂ ਹਰਿਗੋਬਿੰਦ ਸਾਹਿਬ ਨੂੰ ਭਾਰੀ ਜਿੱਤ ਪ੍ਰਾਪਤ ਹੋਈ। ਇਸ ਤੋਂ ਬਾਅਦ ਤਿੰਨ ਜੰਗ ਹੋਰ ਹੋਏ ਸੰਨ

1634 ਤੱਕ ਮੁਗ਼ਲ ਹਕੂਮਤ ਦੇ ਦੰਦ ਖੱਟੇ ਕਰਦੇ ਤੇ ਫਿਰ 53 ਸਾਲ ਅਮਨ ਦੇ ਲੰਘ ਗਏ। ਉਸ ਤੋਂ ਬਾਅਦ ਇਹ ਪਹਿਲੀ ਲੜਾਈ ਭੰਗਾਣੀ ਵਿੱਚ ਹੋਈ ਹੈ।

ਭਾਈ ਸਾਹਿਬ ਚੰਦ ਜੀ ਕਹਿਣ ਲੱਗੇ, "ਮਾਤਾ ਜੀ ਇਹ ਜੰਗ ਵੀ ਕਮਾਲ ਦੀ ਸੀ। ਪਹਾੜੀ ਰਾਜਿਆਂ ਨੂੰ ਭੱਜਣ ਦੀ ਥਾਂ ਨਹੀਂ ਸੀ ਮਿਲ ਰਹੀ। ਇਸ ਜੰਗ ਵਿਚ ਵੀ ਪਹਾੜੀ ਰਾਜਿਆਂ ਦੇ ਦੰਦ ਖੱਟੇ ਕਰ ਦਿੱਤੇ ਗੁਰੂ ਜੀ ਨੇ। ਜੇ ਸਮਝ ਵਾਲੇ ਹੋਏ ਤਾਂ ਅੱਗੇ ਵਾਸਤੇ ਇਹ ਗ਼ਲਤੀ ਨਹੀਂ ਕਰਨਗੇ।" ਮਾਤਾ ਜੀ ਕਹਿਣ ਲੱਗੇ, "ਹੁਣ ਵੀ ਸ੍ਰੀ ਅਨੰਦਪੁਰ ਵਿੱਚ ਰੋਜ਼ ਸੰਗਤਾਂ ਘੋੜੇ, ਕਿਰਪਾਨਾਂ, ਡਾਲਾ, ਨੇਜੇ, ਤੀਰ-ਕਮਾਨ ਤੇ ਜੁਆਨੀਆਂ ਭੇਟਾ ਕਰ ਰਹੇ ਸਨ। ਫ਼ੌਜਾਂ ਦੀ ਭਰਤੀ ਹੋਈ ਜਾ ਰਹੀ ਹੈ ਇਹ ਨਜ਼ਾਰਾ ਅੱਖੀ ਵੇਖਿਆਂ ਹੀ ਬਣਦਾ ਹੈ।"

ਮਾਤਾ ਨਾਨਕੀ ਜੀ ਪਿਆਰ ਦੇ ਬਚਨ ਸੁਣਾ ਕੇ ਪ੍ਰਸੰਨ ਹੋਏ ਤੇ ਭਾਈ ਸਾਹਿਬ ਚੰਦ ਦੀ ਕੋਈ ਖੁਸ਼ੀ ਦੀ ਹੱਦ ਨਹੀਂ ਰਹੀ।

ਭਾਈ ਸਾਹਿਬ ਸਿੰਘ ਜੀ ਨੇ ਗੁਰਮਤਿ ਦੀ ਪੜ੍ਹਾਈ ਅਰੰਭ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਬੱਬਰ ਸ਼ੇਰ ਦਾ ਸ਼ਿਕਾਰ ਕੀਤਾ

ਭਾਈ ਸਾਹਿਬ ਚੰਦ ਦੀ ਗੁਰਮਤਿ ਪੜ੍ਹਾਈ ਆਰੰਭ ਹੋਈ। ਹੁਣ ਸਤਿਗੁਰਾਂ ਦੇ ਚਰਨਾਂ ਵਿਚ ਰਹਿ ਕੇ ਕੁਝ ਸਿਖਣਾ ਸੀ, ਸੇਵਾ, ਸਿਮਰਨ, ਉੱਚ ਜੀਵਨ ਦੀ ਜਾਚ ਇਹ ਸਿੱਖੀ ਦੇ ਬੂਟੇ ਨੇ ਵੱਡਾ ਬ੍ਰਿਖ ਬਣਨਾ ਸੀ। ਗੁਰੂ ਘਰ ਵਿਚ ਚਲਣ ਵਾਲੀ ਮਰਯਾਦਾ ਆਪਣੇ ਤਨ ਤੇ ਹੰਢਾਣੀ ਸੀ। ਮਨੁੱਖੀ ਮਨ ਵੇਖਕੇ ਜ਼ਿਆਦਾ ਪ੍ਰਭਾਵਿਤ ਹੁੰਦਾ ਹੈ ਤੇ ਜਲਦੀ ਅਸਰ ਕਬੂਲਦਾ ਹੈ। ਸਾਹਿਬ ਚੰਦ ਭੰਗਾਣੀ ਯੁੱਧ ਤੋਂ ਪਹਿਲੇ ਵੇਖ ਆਇਆ ਸੀ ਕਿ ਕਿਸ ਗੁਰੂ ਦੇ ਅਸੀ ਸਿੱਖ ਬਣੇ ਹਾਂ। ਉਸ ਦੇ ਚਰਨਾਂ ਵਿੱਚ ਰਾਜੇ-ਮਹਾਰਾਜੇ ਵੀ ਚਰਨ-ਬੰਧਨਾ ਕਰਦੇ ਹਨ।

ਜਦੋਂ ਰਾਜਾ ਫ਼ਤਹਿ ਸ਼ਾਹ ਸ਼ਰਨ ਵਿੱਚ ਆਇਆ ਸੀ ਤਾਂ

ਉਸ ਦਾ ਰਾਜਾ ਮੇਦਨੀ ਨਾਲ ਮਨ-ਮਟਾਓ ਸੀ ਜੋ ਕਦੇ ਦੂਰ ਨਹੀਂ ਸੀ ਹੋ ਸਕਦਾ। ਪਰ ਗੁਰੂ ਪਾਤਸ਼ਾਹ ਨੇ ਦੋਨਾਂ ਰਾਜਿਆਂ ਨੂੰ ਬੈਠਾ ਕੇ ਸਾਰੇ ਝਗੜੇ ਮਿਟਾ ਦਿੱਤੇ।

ਭਾਈ ਸਾਹਿਬ ਚੰਦ ਜੀ ਨੇ ਵੇਖਿਆ ਮੇਰੇ ਗੁਰੂ ਵਿਚ ਕਿਤਨਾ ਮਹਾਨ ਗੁਣ ਹੈ, ਸਰਬ ਸਾਂਝੀਵਾਲਤਾ ਵਾਲਾ। ਦੁਨੀਆਂ ਦੇ ਲੋਕ ਤਾਂ ਇਕ ਦੂਜੇ ਨੂੰ ਲੜਾਕੇ ਖੁਸ਼ ਹੁੰਦੇ ਹਨ (ਪਾੜੋ ਤੇ ਰਾਜ ਕਰੋ) ਪਰ ਮੇਰਾ ਗੁਰੂ ਮਿਲਾ ਕੇ ਖੁਸ਼ ਹੋ ਰਿਹਾ ਹੈ।

ਗੁਰੂ ਜੀ ਜਦੋਂ ਕਪਾਲ ਮੋਚਨ ਗਏ ਤਾਂ ਸਾਹਿਬ ਚੰਦ ਨਾਲ ਸੀ। ਇਸ ਅਸਥਾਨ ਤੇ ਗੁਰੂ ਨਾਨਕ ਪਾਤਸ਼ਾਹ ਨੇ ਵੀ ਚਰਨ ਪਾਏ ਸਨ। ਉਸ ਅਸਥਾਨ ਤੇ ਗੁਰੂ ਗੋਬਿੰਦ ਰਾਏ ਜੀ ਖੁੱਲੇ ਲੰਗਰ, ਕਪੜੇ ਹੋਰ ਆਮ ਮਨੁੱਖ ਵਾਸਤੇ ਲੋੜੀਂਦੀਆਂ ਵਸਤੂਆਂ ਵਰਤਾ ਰਹੇ ਸਨ ਤੇ ਵੱਡੇ ਵੱਡੇ ਪੰਡਿਤ ਸਾਧੂ ਬ੍ਰਹਮ ਗਿਆਨੀ ਆਕੇ ਗੁਰੂ ਦੇ ਚਰਨ ਬੰਦਨਾ ਕਰ ਰਹੇ ਸਨ।

ਗੁਰੂ ਜੀ ਦੀ ਉਮਰ ਉਦੋਂ ਕੇਵਲ 21 ਜਾਂ 22 ਸਾਲ ਦੀ ਸੀ ਤੇ ਸੀਸ ਝੁਕਾਉਣ ਵਾਲੇ 60 ਜਾਂ 70 ਸਾਲਾਂ ਦੇ ਸਨ। ਇਹ ਸਭ ਕੁੱਝ ਵੇਖ ਕੇ ਭਾਈ ਸਾਹਿਬ ਚੰਦ ਦੇ ਹਿਰਦੇ ਵਿਚ ਗੁਰੂ ਪਿਆਰ ਸਤਿਕਾਰ ਵਧਣਾ ਸੁਭਾਵਿਕ ਗੱਲ ਸੀ। ਫਿਰ ਜਦੋਂ ਪਾਉਂਟਾ ਸਾਹਿਬ ਦੀ ਧਰਤੀ ਤੇ ਸਤਿਗੁਰੂ ਜੀ ਪਾਸੋਂ ਘੋੜ ਸਵਾਰੀ, ਜੰਗ ਅਭਿਆਸ ਆਦਿ ਦੀ ਸਿੱਖ ਸਿਖਲਾਈ ਲੈ ਰਹੇ ਸਨ ਤਾਂ ਇਕ ਘਣੇ ਜੰਗਲ ਬੀਆਬਾਨ ਵਿਚ ਇਕ ਬਜ਼ੁਰਗ ਨੇ ਬੇਨਤੀ ਕੀਤੀ ਗੁਰੂ ਜੀ ਇਸ ਤੋਂ ਅਗਾਂਹ ਨਾ ਜਾਣਾ ਕਿਉਂਕਿ ਇਸ ਪਾਸੇ ਬੱਬਰ ਸ਼ੇਰ ਰਹਿੰਦਾ ਹੈ। ਜੋ ਬਹੁਤ ਤਾਕਤਵਰ ਹੈ ਇਹ ਸਾਰਾ ਇਲਾਕਾ ਉਸਨੇ ਭੈ-ਭੀਤ ਕੀਤਾ ਹੈ। ਸਾਰੀ ਦੁਨੀਆ ਉਸ ਤੋਂ ਬਹੁਤ ਦੁਖੀ ਹੈ ਤੇ ਚੰਗੇ ਚੰਗੇ ਸ਼ਿਕਾਰੀ ਬੁਲਾਏ ਸਨ ਪਰ ਉਸਨੇ ਸਭ ਨੂੰ ਮਾਰਿਆ ਜਾਂ ਘਾਇਲ ਕਰ ਦਿੱਤਾ ਹੈ। ਹੁਣ ਤਾਂ ਸਾਰੀ ਦੁਨੀਆਂ ਉਸ ਤੋਂ ਡਰਦੀ ਹੈ, ਬੱਸ ਹੁਣ ਤਾਂ ਇਕ ਹੀ ਆਸ ਹੈ ਪ੍ਰਮਾਤਮਾ ਆਪ ਹੀ ਆਵੇ ਤੇ ਉਸ ਬੱਬਰ ਸ਼ੇਰ ਨੂੰ ਮਾਰ ਮੁਕਾਵੇ।

ਗੁਰੂ ਕਲਗੀਧਰ ਜੀ ਕਹਿਣ ਲੱਗੇ ਉਸ ਪ੍ਰਮਾਤਮਾ ਨੇ ਮੈਨੂੰ

ਭੇਜਿਆ ਹੈ ਇਸ ਬੱਬਰ ਸ਼ੇਰ ਦਾ ਸੰਘਾਰ ਕਰਨ ਵਾਸਤੇ ਤੇ ਗੁਰੂ ਜੀ ਨੇ ਘੋੜਾ ਜੰਗਲ ਵਿਚ ਠੱਲ ਦਿੱਤਾ। ਸਾਰੇ ਹੈਰਾਨ ਸਨ ਕਿ ਕਿਵੇਂ ਤਾਕਤਵਰ ਸ਼ੇਰ ਦਾ ਮੁਕਾਬਲਾ ਕਰਨਗੇ। ਥੋੜੇ ਸਮੇਂ ਬਾਅਦ ਬੱਬਰ ਸ਼ੇਰ ਦੇ ਦੋਹਾੜਨ ਦੀਆਂ ਆਵਾਜ਼ਾਂ ਆਉਣ ਲੱਗੀਆਂ ਤਾਂ ਥੋੜੇ ਸਮੇਂ ਦੇ ਅੰਦਰ ਗੁਰੂ ਜੀ ਦਾ ਨੀਲਾ ਘੋੜਾ ਗੁਰੂ ਜੀ ਤੋਂ ਬਿਨਾਂ ਖਾਲੀ ਆਇਆ ਤਾਂ ਸਾਰੇ ਘਬਰਾ ਗਏ। ਇਕ ਬਜ਼ੁਰਗ ਬਾਬਾ ਬੋਲਿਆ, ਮੈਂ ਤਾਂ ਪਹਿਲੇ ਹੀ ਬੇਨਤੀ ਕੀਤੀ ਸੀ ਪਰ ਗੁਰੂ ਜੀ ਨਹੀਂ ਮੰਨੇ, ਇਹ ਸ਼ੇਰ ਤਾਂ ਬਹੁਤ ਖਤਰਨਾਕ ਹੈ। ਭਾਈ ਸਾਹਿਬ ਚੰਦ ਜੀ ਨੇ ਜਿਸ ਪਾਸੇ ਨੀਲਾ ਘੋੜਾ ਆਇਆ ਸੀ ਉਸੇ ਪਾਸੇ ਆਪਣਾ ਘੋੜਾ ਤੋਰਨ ਲੱਗੇ ਤਾਂ ਫਿਰ ਬਜ਼ੁਰਗ ਬਾਬਾ ਨੇ ਰੋਕਿਆ ਤੇ ਆਖਿਆ ਭਾਈ ਸ਼ੇਰ ਦੀ ਆਵਾਜ਼ ਹੋਰ ਤੇਜ਼ ਹੋ ਗਈ ਹੈ, ਤੁਸੀ ਵੀ ਉਸ ਪਾਸੇ ਨਾ ਜਾਵੋ। ਪਰ ਭਾਈ ਸਾਹਿਬ ਜੀ ਅੱਗੇ ਵਧੇ ਤਾਂ ਕੀ ਵੇਖਦੇ ਨੇ ਕਿ ਇਹ ਬਹੁਤ ਵੱਡਾ ਬੱਬਰ ਸ਼ੇਰ ਘਾਤ ਲਾ ਕੇ ਹਮਲਾ ਕਰ ਰਿਹਾ ਹੈ ਪਰ ਪਾਤਸ਼ਾਹ ਜੀ ਆਉਣ ਵਾਲੇ ਵਾਰ ਆਪਣੀ ਢਾਲ ਨਾਲ ਰੋਕਦੇ ਹਨ।

ਫਿਰ ਸਤਿਗੁਰੂ ਜੀ ਨੇ ਸਹੀ ਮੌਕਾ ਪਾਕੇ ਸ਼ੇਰ ਉੱਪਰ ਭਰਵਾ ਵਾਰ ਕੀਤਾ ਤੇ ਸ਼ੇਰ ਨੂੰ ਜ਼ਮੀਨ ਦੇ ਹਵਾਲੇ ਕਰ ਦਿੱਤਾ। ਭਾਈ ਸਾਹਿਬ ਚੰਦ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ ਤੇ ਸਾਰੇ ਇਲਾਕਾ ਨਿਵਾਸੀਆਂ ਨੇ ਵੀ ਗੁਰੂ ਕਲਗੀਧਰ ਦਾ ਧੰਨਵਾਦ ਕੀਤਾ।

ਭਾਈ ਸਾਹਿਬ ਚੰਦ ਜੀ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਗੁਰੂ ਜੀ ਆਪ ਜੀ ਨੇ ਐਨੀ ਵਾਰੀ ਸ਼ੇਰ ਨੂੰ ਆਪਣੇ ਤੇ ਹਮਲਾ ਕਰਨ ਦਾ ਸਮਾਂ ਕਿਉਂ ਦਿਤਾ? ਪਹਿਲੀ ਵਾਰੀ ਕਿਉਂ ਨਹੀਂ ਮਾਰ ਦਿਤਾ? ਤੁਸੀ ਢਾਲ ਨਾਲ ਵਾਪਸ ਮੋੜ ਦਿੰਦੇ ਸੀ।

ਸ੍ਰੀ ਦਸ਼ਮੇਸ਼ ਪਿਤਾ ਕਹਿਣ ਲੱਗੇ, "ਪਹਿਲੇ ਉਸ ਨੂੰ ਸਮਝਾਇਆ ਕਿ ਭਾਈ ਲੜਨਾ ਚੰਗੀ ਗੱਲ ਨਹੀਂ ਹੈ" ਤੇ ਤੂੰ ਸਮਝ ਜਾ ਤੇ ਦੁਨੀਆਂ ਨੂੰ ਤੰਗ ਨਾ ਕਰ। ਪਰ ਉਹ ਹੰਕਾਰੀ ਮੰਨਦਾ ਨਹੀਂ ਸੀ, ਆਖਿਰ ਕਿਰਪਾਨ ਨਾਲ ਮਨਾਇਆ। ਉੱਧਰ ਬੱਬਰ ਸ਼ੇਰ ਨੇ ਅਖੀਰਲਾ ਸਾਹ ਲਿਆ ਤੇ ਰੂਹ ਵਿਚੋਂ ਆਵਾਜ਼

ਆਈ ਕਿ ਮੈਂ ਮੁਕਤ ਹੋਇਆ ਹਾਂ, ਮੈਂ ਮੁਕਤ ਹੋਇਆ ਹਾਂ, ਮੇਰੇ ਬੰਧਨਾਂ ਵਾਲੀ ਬੰਧ-ਖਲਾਸੀ ਹੋਈ ਹੈ। ਧੰਨ ਗੁਰੂ ਧੰਨ ਗੁਰੂ ਕਰਦੀ ਆਤਮਾ ਪ੍ਰਮਾਤਮਾ 'ਚ ਲੀਨ ਹੋ ਗਈ।

ਇਹ ਸਭ ਕੁੱਝ ਭਾਈ ਸਾਹਿਬ ਚੰਦ ਨੇ ਆਪਣੀ ਅੱਖੀਂ ਵੇਖਿਆ। ਪਾਉਂਟਾ ਸਾਹਿਬ ਦੀ ਧਰਤੀ ਤੇ ਹੋਰ ਵੀ ਕਈ ਜੀਵਾਂ ਦਾ ਉਧਾਰ ਕੀਤਾ। ਆਖਿਰ ਰਾਜਾ ਮੈਦਨੀ ਪ੍ਰਕਾਸ਼ ਤੋਂ ਵਿਦਾ ਹੋ ਕੇ ਗੁਰੂ ਕਲਗੀਧਰ ਜੀ ਪਰਿਵਾਰ ਅਤੇ ਸੰਗਤ ਸਮੇਤ ਲਾਹੜ ਟਾਬਰ, ਰਾਇਪੁਰ, ਟੋਡਾ, ਨਾਢਾ ਸਾਹਿਬ, ਢਕੋਲੀ, ਕੋਟਲਾ, ਘਨੌਲਾ, ਬੰਗਾ ਆਦਿਕ ਪਿੰਡਾਂ ਵਿਚ ਠਹਿਰਦੇ ਹੋਏ ਪਹਿਲੇ ਕੀਰਤਪੁਰ, ਫਿਰ ਸ੍ਰੀ ਅਨੰਦਪੁਰ ਸਾਹਿਬ, 23 ਅੱਸੂ ਸੰਮਤ 1744 ਬਿਕਰਮੀ ਤੇ 21 ਅਕਤੂਬਰ ਸੰਨ 1687, 21 ਅੱਸੂ ਨਾਨਕਸ਼ਾਹੀ 218 ਨੂੰ ਅਨੰਦਪੁਰ ਡੇਰਾ ਕੀਤਾ। ਉਸ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਉਮਰ 21-22 ਸਾਲ ਦੀ ਸੀ ਤੇ ਭਾਈ ਸਾਹਿਬ ਦੀ ਉਮਰ 12 ਕੁ ਸਾਲਾਂ ਦੀ ਸੀ। ਪਾਉਂਟਾ ਸਾਹਿਬ ਤੋਂ ਆ ਕੇ ਗੁਰੂ ਜੀ ਨੂੰ ਤਿੰਨ ਕੁ ਸਾਲ ਅਮਨ ਦੇ ਮਿਲ ਗਏ। ਹੁਣ ਗੁਰੂ ਜੀ ਨੇ ਸ਼ਹਿਰ ਦੀ ਤਰੱਕੀ ਤੇ ਜ਼ਿਆਦਾ ਧਿਆਨ ਰੱਖਿਆ।

ਮਾਤਾ ਨਾਨਕੀ ਜੀ ਦਾ ਗੁਰਪੁਰੀ ਜਾਣਾ

ਬਜ਼ੁਰਗ ਮਾਤਾ ਪਾਤਸ਼ਾਹ ਦੇ ਦਾਦੀ ਮਾਤਾ ਨਾਨਕੀ ਜੀ ਵੀ ਬਹੁਤ ਬਿਰਧ ਸਨ। ਉਨ੍ਹਾਂ ਦੀ ਸੇਵਾ ਸੰਭਾਲ ਵੱਲ ਧਿਆਨ ਦੇਣਾ ਜ਼ਰੂਰੀ ਸੀ, ਕਿਉਂਕਿ ਗੁਰੂ ਦੇ ਮਾਰਗ ਤੇ ਹੀ ਸਿੱਖਾਂ ਨੇ ਤੁਰਨਾ ਹੈ। ਜਦੋਂ ਭਾਈ ਸਾਹਿਬ ਚੰਦ ਜੀ ਨੂੰ ਪਤਾ ਲੱਗਾ ਕਿ ਗੁਰੂ ਜੀ ਦੇ ਦਾਦੀ ਜੀ ਗੁਰੂ ਹਰਿਗੋਬਿੰਦ ਸਾਹਿਬ ਦੇ ਮਹਿਲ ਹਨ ਤਾਂ ਭਾਈ ਸਾਹਿਬ ਚੰਦ ਦਾ ਪਿਆਰ ਇਸ ਬਜ਼ੁਰਗ ਮਾਤਾ ਨਾਲ ਹੋਣਾ ਸੁਭਾਵਿਕ ਹੀ ਸੀ। ਸਾਰੀ ਸੰਗਤ ਵੀ ਮਾਤਾ ਨਾਨਕੀ ਜੀ ਦਾ ਬਹੁਤ ਸਤਿਕਾਰ ਕਰਦੇ ਸਨ।

ਮਾਤਾ ਨਾਨਕੀ ਜੀ ਵੀ ਵੱਡੇ ਸਤਿਗੁਰਾਂ ਦੇ ਬਚਨ ਬਹੁਤ ਪ੍ਰਸੰਨ ਚਿੱਤ ਸਾਰਿਆਂ ਨੂੰ ਸੁਣਾਉਂਦੇ ਸਨ। ਤਕਰੀਬਨ ਇਕ ਸਾਲ ਸਮਾਂ ਭਾਈ ਸਾਹਿਬ ਚੰਦ ਨੂੰ ਸਾਖੀਆਂ ਸੁਣਨ ਦਾ ਤੇ ਸੇਵਾ ਕਰਨ ਦਾ ਮਿਲ ਗਿਆ। ਮਾਤਾ ਜੀ ਦਾ ਸਮਾਂ ਨਿਰੰਕਾਰ ਦੇ ਦੇਸ਼ ਜਾਣ ਦਾ ਬਣ ਗਿਆ ਤੇ ਅੰਤਿਮ ਸਵਾਸ ਸਾਹਿਬ ਸ੍ਰੀ ਗੁਰੂ ਗੋਬਿੰਦ (ਸਿੰਘ) ਦੀ ਗੋਦ ਵਿਚ ਲਿਆ। 27 ਅਕਤੂਬਰ ਸੰਨ 1688[1] ਨੂੰ ਕੀਰਤਪੁਰ ਦੀ ਧਰਤੀ ਤੇ ਅਕਾਲ ਚਲਾਣਾ ਹੋਇਆ।

ਪਾਠਕ ਵੀਰਾਂ ਵਾਸਤੇ ਸੰਖੇਪ ਜਾਣਕਾਰੀ ਮਾਤਾ ਨਾਨਕੀ ਜੀ ਦੀ, ਪਿਤਾ[1] ਸ੍ਰੀ ਹਰੀ ਚੰਦ ਲਾਂਬਾ ਖਤਰੀ ਬਾਬੇ ਬਕਾਲੇ ਦੇ ਰਹਿਣ ਵਾਲੇ ਮਾਤਾ ਹਰਿ ਦੇਈ ਦੀ ਕੁੱਖੋਂ ਜਨਮੀ 12 ਜਨਵਰੀ 1598 ਸੰਨ ਵਿੱਚ ਜਦੋਂ ਤਕਰੀਬਨ 16 ਸਾਲ ਦੇ ਹੋਏ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗ੍ਰਹਿ ਵਿਖੇ ਮਾਤਾ ਗੰਗਾ ਜੀ ਦੀ ਕੁੱਖੋਂ 21 ਹਾੜ੍ਹ ਸੰਮਤ 1652 ਹਾੜ ਵਦੀ ਇਕ, 19 ਜੂਨ ਸੰਨ 1595 ਪ੍ਰਕਾਸ਼ ਗੁਰੂ ਹਰਿਗੋਬਿੰਦ ਸਾਹਿਬ ਦਾ ਹੋਇਆ। ਉਹਨਾਂ ਨਾਲ 20 ਅਪ੍ਰੈਲ, ਸੰਨ 1613 ਦਿਨ ਮੰਗਲਵਾਰ, 8 ਵਿਸਾਖ 1670 ਬਿਕਰਮੀ ਨੂੰ ਸ੍ਰੀ ਅੰਮ੍ਰਿਤਸਰ ਦੀ ਧਰਤੀ ਤੇ ਵਿਆਹ ਹੋਇਆ।

ਸੰਤਾਨ ਮਾਤਾ ਨਾਨਕੀ ਜੀ ਦੀ ਕੁੱਖੋਂ 5 ਵੈਸਾਖ ਸੰਮਤ 1678 ਪਹਿਲੀ ਅਪ੍ਰੈਲ ਸੰਨ 1621 ਨੂੰ ਬਾਲਕ ਗੁਰੂ ਤੇਗ ਬਹਾਦਰ ਜੀ ਦਾ ਜਨਮ ਹੋਇਆ।

ਲੰਬਾ ਸਮਾਂ ਸਿੱਖੀ ਸਿਦਕ ਵਿੱਚ ਪੂਰੇ ਰਹਿ ਕੇ ਸਿੱਖ ਕੌਮ ਦੀ ਸੇਵਾ ਕੀਤੀ। ਜਿਥੇ ਆਪ ਜੀ ਦੇ ਹਿਰਦੇ ਅੰਦਰ ਸੇਵਾ, ਸਿਮਰਨ ਅਤੇ ਪਿਆਰ ਨੱਕੋ-ਨੱਕ ਭਰਿਆ ਸੀ। ਉਥੇ ਆਪ ਜੀ ਇੱਕ ਚੰਗੇ ਗੁਰਮਤਿ ਪ੍ਰਚਾਰਕ ਤੇ ਗੁਰਬਾਣੀ ਦੇ ਕਥਾ ਵਾਚਕ ਵੀ ਸਨ।

---

1. ਮਹਾਨ ਕੋਸ਼, ਭਾਈ ਕਾਨ੍ਹ ਸਿੰਘ ਨਾਭ-ਪੇਜ ਨੰਬਰ 694 ਤੇ ਹੈ। ਬਾਕੀ ਗਿਆਨੀ ਬਿਸ਼ਨ ਸਿੰਘ ਜੀ, ਪੰਥ ਸਾਜਨਾ ਵਿਚ ਲਿਖਦੇ ਹਨ।
'ਮਾਤਾ ਨਾਨਕੀ ਭਉ ਪਨੀਤਾ, ਸਾਹਿਬ ਚੰਦ ਸੇਵ ਮਨ ਲਾਏ ਕੀਤਾ।
ਗੁਰਪੁਰੀ ਜਬ ਭਏ ਸਿਧਾਰਾ, ਸੰਮਤ 1745 ਕਰਿ ਪਰਉਪਕਾਰਾ॥

ਜਦੋਂ ਆਪ ਜੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਕੀਤੇ ਯੁੱਧ ਜੋ ਆਪ ਜੀ ਨੇ ਅੱਖੀਂ ਵੇਖੇ ਸਨ ਜਦੋਂ ਵਰਨਣ ਕਰਕੇ ਸੁਣਾਉਂਦੇ ਸਨ ਤਾਂ ਮੁਰਦੇ ਮਨੁੱਖ ਵਿੱਚ ਜਾਨ ਪੈ ਜਾਂਦੀ ਸੀ ਭਾਵ ਜਿਸ ਨੇ ਕਦੇ ਬਿੱਲੀ ਨਹੀਂ ਸੀ ਮਾਰੀ ਉਹ ਬੱਬਰ ਸ਼ੇਰ ਦਾ ਮੁਕਾਬਲਾ ਕਰਨ ਯੋਗ ਹੋ ਜਾਂਦਾ ਸੀ। ਐਸੀ ਸੀ ਮਾਂ ਬੀਬੀ ਨਾਨਕੀ ਜੀ। ਗੁਰੂ ਕੇ ਮਹਿਲਾਂ ਵਿਚੋਂ ਸਭ ਨਾਲੋਂ ਵੱਧ ਯਾਤਰਾ ਕੀਤੀ। ਮਾਤਾ ਨਾਨਕੀ ਜੀ ਨੇ ਆਪ ਜੀ ਦਾ ਅੰਤਿਮ ਸਮਾਂ ਬਹੁਤ ਹੀ ਚੰਗਾ ਲੰਘਿਆ ਤੇ ਬਾਬੇ ਬਕਾਲੇ ਤੋਂ ਜੀਵਨ ਯਾਤਰਾ ਆਰੰਭ ਕੀਤੀ। 13 ਜਨਵਰੀ ਸੰਨ 1598 ਨੂੰ 90 ਸਾਲ 9 ਮਹੀਨੇ 15 ਦਿਨ ਦੀ ਯਾਤਰਾ ਕਰਕੇ 27 ਅਕਤੂਬਰ ਸੰਨ 1688 ਵਿੱਚ ਗੁਰਪੁਰੀ ਸਿਧਾਰ ਗਏ। ਅੰਤਿਮ ਸਮੇਂ ਦੀ ਸੇਵਾ ਜਿਥੇ ਗੁਰੂ ਕਲਗੀਧਰ ਜੀ ਨੇ ਕੀਤੀ ਉਥੇ ਭਾਈ ਸਾਹਿਬ ਚੰਦ ਨੂੰ ਵੀ ਤਕਰੀਬਨ ਇਕ ਸਾਲ ਸੇਵਾ ਦਾ ਸਮਾਂ ਮਿਲ ਗਿਆ। ਭਾਈ ਸਾਹਿਬ ਚੰਦ ਨੂੰ ਮਾਤਾ ਜੀ ਨੇ ਜੀਵਨ ਜਾਂਚ ਸਿਖਾਈ। ਮਾਤਾ ਨਾਨਕੀ ਜੀ ਦੇ ਅਕਾਲ ਚਲਾਣੇ ਸਮੇਂ ਭਾਈ ਸਾਹਿਬ ਚੰਦ ਦੀ ਉਮਰ ਤਕਰੀਬਨ 13 ਸਾਲ ਦੀ ਹੋਈ ਸੀ।

ਗਿਆਨੀ ਬਿਸ਼ਨ ਸਿੰਘ ਜੀ ਲਿਖਦੇ ਹਨ:

ਮਾਤਾ ਨਾਨਕੀ ਭਿਓ ਪਨੀਤਾ, ਸਾਹਿਬ ਚੰਦ ਸੇਵ ਮਨ ਲਾਏ ਕੀਤਾ॥
ਗੁਰਪੁਰੀ ਜਬ ਭਏ ਸਿਧਾਰਾ, ਸੰਮਤ ਸਤਰਾ ਸੋ ਪੰਨਤਾਲੀ ਕਰਿ ਪਰਉਕਾਰਾ॥

ਸ੍ਰੀ ਅਨੰਦਪੁਰ ਸਾਹਿਬ ਦੀ ਉਸਾਰੀ ਤੇ ਹੋਲਾ ਮਹੱਲਾ ਤੇ ਨਦੋਣ ਦਾ ਯੁੱਧ

ਸ੍ਰੀ ਅਨੰਦਪੁਰ ਤੋਂ ਪਾਉਂਟਾ ਸਾਹਿਬ ਜਾਣ ਕਾਰਨ ਏਥੇ ਕੁਝ ਬੇ-ਰੋਣਕੀ ਬਣੀ ਸੀ। ਗੁਰੂ ਜੀ ਦੇ ਆਉਣ ਕਾਰਨ ਸੰਗਤਾਂ ਵਿਚ ਫਿਰ ਨਵਾਂ ਉਤਸਾਹ ਪ੍ਰਗਟ ਹੋਣ ਲੱਗਾ। ਫਿਰ ਸੰਗਤਾਂ ਵਹੀਰਾਂ ਘੱਤ ਕੇ ਸ੍ਰੀ ਅਨੰਦਪੁਰ ਆਉਣ ਲੱਗੀਆਂ। ਪਹਿਲੇ ਵਾਲੀਆਂ ਰੌਣਕਾਂ ਪਰਤ ਆਈਆਂ। ਸ੍ਰੀ ਅਨੰਦਪੁਰ ਦੀ ਚੜ੍ਹਦੀ ਕਲਾ ਵਾਸਤੇ ਗੁਰੂ ਜੀ ਨੇ ਪੂਰਨ ਧਿਆਨ ਦਿੱਤਾ।

ਜਿਥੇ ਸਤਿਗੁਰੂ ਜੀ ਨੇ ਸ਼ਹਿਰ ਦੀ ਤਰੱਕੀ ਵਲ ਧਿਆਨ ਦਿੱਤਾ ਉਥੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਤਰ੍ਹਾਂ ਤਜਾਰਤੀ ਸ਼ਹਿਰ ਬਣਨ ਲੱਗੇ। ਦਾਦਾ, ਪੜਦਾਦਾ ਦੇ ਪਾਏ ਪੂਰਨਿਆਂ ਤੇ ਤੁਰੇ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਜਦੋਂ ਵਸਾਇਆ ਸੀ ਤਾਂ ਇਕ ਬਹੁਤ ਵੱਡੀ ਮੰਡੀ ਜਿਸ ਵਿਚ ਹਰੇਕ ਕਿਰਤ ਕਰਨ ਵਾਲੇ ਨੂੰ ਆਪਣੇ ਕੋਲੋਂ ਮਦਦ ਕਰਕੇ ਸ੍ਰੀ ਅੰਮ੍ਰਿਤਸਰ ਵਸਾਇਆ ਸੀ।

ਉਹੀ ਤਰੀਕਾ ਗੁਰੂ ਕਲਗੀਧਰ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਤੇ ਵਰਤਿਆ। ਜਿਥੇ ਫੌਜੀ ਤਿਆਰੀ ਕਰ ਰਹੇ ਸਨ ਉਥੇ ਜੰਗ ਦੇ ਸਮਾਨ ਦਾ ਪ੍ਰਬੰਧ ਕਰਨਾ ਵੀ ਜ਼ਰੂਰੀ ਸਮਝਿਆ।

ਦੂਰੋਂ ਦੂਰੋਂ ਸੁਚੱਜੇ ਕਾਰੀਗਰ ਮੰਗਵਾ ਕੇ ਜੰਗੀ ਸਮਾਨ ਬਨਾਉਣ ਦੇ ਕਾਰਖਾਨੇ ਲਗਵਾਏ। ਨਾਲ ਹੀ ਘੋੜਿਆਂ ਦੇ ਵਪਾਰੀਆਂ ਨੂੰ ਵੀ ਵਸਾਇਆ। ਖਾਣ-ਪਹਿਨਣ ਦੀਆਂ ਦੁਕਾਨਾਂ ਵੀ ਖੋਲੀਆਂ। ਇਸ ਨਾਲ ਅਨੇਕਾਂ ਗਰੀਬਾਂ ਨੂੰ ਜੀਵਨ ਦਾ ਸਹਾਰਾ ਮਿਲਿਆ। ਫਿਰ ਪਾਤਸ਼ਾਹ ਨੇ ਸਾਹਿਤ ਪੱਖ ਵੀ ਕਮਜ਼ੋਰ ਨਹੀਂ ਪੈਣ ਦਿੱਤਾ। ਪਾਉਂਟਾ ਸਾਹਿਬ ਵਾਲੇ ਲੇਖਕ ਤੇ ਕਵੀ ਕਵੀਸ਼ਰ (ਢਾਡੀ) ਵੀਰ ਰੱਸ ਪ੍ਰਗਟ ਕਰਦੇ ਸਨ।

ਜਦੋਂ ਸ਼ਹਿਰ ਦੀ ਵਸੋਂ ਵੱਧੀ ਤਾਂ ਸਾਰੇ ਮਨੁੱਖ ਇਕ ਸੋਚ ਦੇ ਨਹੀਂ ਹੁੰਦੇ। ਕੁਝ ਲੋਕ ਕੇਵਲ ਰੰਗ-ਰਲੀਆਂ ਮਨਾ ਕੇ ਖੁਸ਼ੀ ਦਾ

ਪ੍ਰਗਟਾਵਾ ਕਰਦੇ ਹਨ ਤਾਂ ਉਸ ਸਮੇਂ ਹੋਲੀ ਦਾ ਤਿਉਹਾਰ ਆਇਆ ਤਾਂ ਕੁਝ ਲੋਕਾਂ ਨੇ ਤਾਂ ਰੰਗਾਂ ਨਾਲ ਮੱਥੇ ਤੇ ਸੰਧੂਰ ਲਾਕੇ ਮਨਾਇਆ ਤੇ ਕੁਝ ਲੋਕਾਂ ਨੇ ਗੰਦਗੀ ਇਕ ਦੂਜੇ ਤੇ ਪਾਈ। ਕੁਝ ਲੋਕਾਂ ਦੀਆਂ ਰੰਗ ਰਲੀਆਂ ਵਧਦੀਆਂ-ਵਧਦੀਆਂ ਵਿਕਾਰ ਅਤੇ ਗੰਦ ਵਲ ਰੁਚੀ ਫੜ ਗਈਆਂ। ਗੁਲਾਮ ਲੋਕਾਂ ਨੇ ਗੁਲਾਮੀ ਨੂੰ ਭੁੱਲਣ ਵਾਸਤੇ ਨਸ਼ਿਆਂ ਵੱਲ ਧਿਆਨ ਕੀਤਾ।

ਪਰ ਇਹ ਸਾਰਾ ਕੁਝ ਗੁਰੂ ਜੀ ਨੂੰ ਬਿਲਕੁਲ ਵੀ ਚੰਗਾ ਨਹੀਂ ਲੱਗਾ, ਇੰਜ ਲੱਗਾ ਜਿਵੇਂ ਕਬੂਤਰ ਬਿੱਲੀ ਨੂੰ ਵੇਖਕੇ ਅੱਖਾਂ ਬੰਦ ਕਰਕੇ ਆਖੇ ਕੀ ਹੁਣ ਬਿੱਲੀ ਹੈ ਹੀ ਨਹੀਂ। ਬੇਹੋਸ਼ ਹੋਣ ਨਾਲ ਮੁਸੀਬਤ ਟੱਲਦੀ ਨਹੀਂ ਬਲਕਿ ਕਮਜ਼ੋਰ ਜਾਣ ਕੇ ਦੁੱਖ ਬਥੇਰੇ ਆਉਂਦੇ ਹਨ।

ਗੁਰੂ ਦਸ਼ਮੇਸ਼ ਪਿਤਾ ਨੇ ਸੰਨ 1688 ਵਾਲੀ ਹੋਲੀ ਤਾਂ ਵੇਖ ਲਈ ਪਰ ਇਸ ਸਾਲ ਦੇ ਵਿਚ ਪੂਰੀ ਤਿਆਰੀ ਕਰਕੇ ਸਿੱਖ ਜਨਤਾ ਨੂੰ ਹੋਲੀਆਂ ਦੀਆਂ ਰੰਗ-ਰਲੀਆਂ ਵਲੋਂ ਹਟਾ ਦਿੱਤਾ ਤੇ ਸਿੱਖਾਂ ਅੰਦਰ ਨਵਾਂ ਰੰਗ ਬੀਰ ਰਸ ਦਾ ਭਰਨਾ ਕੀਤਾ। ਮਾਰਚ ਸੰਨ 1689[1] ਨੂੰ ਪਹਿਲੀ ਵਾਰੀ ਹੋਲੀ ਬੰਦ ਕਰਕੇ ਇਸ ਦਾ ਨਾਮ ਹੋਲਾ ਮਹੱਲਾ ਰੱਖ ਦਿੱਤਾ।

ਸਾਰਾ ਸਾਲ ਸ਼ਸਤਰ ਵਿਦਿਆ ਸਿਖਲਾਈ ਤੇ ਅਭਿਆਸ ਕਰਨੇ ਫਿਰ ਸਾਲ ਮਗਰੋਂ ਕਿਲਾ ਹੋਲਗੜ੍ਹ ਵਿਚ ਦੋ ਟੋਲੀਆਂ ਵਿਚ ਵੰਡ ਕੇ ਆਪਸ ਵਿੱਚ ਯੁੱਧ ਕਰਵਾਉਣੇ। ਜਿੱਤਣ ਵਾਲੇ ਧੜੇ ਨੂੰ ਸਨਮਾਨਤ ਕਰਨਾ। ਇਸ ਸਮੇਂ ਤੱਕ ਭਾਈ ਹਿੰਮਤ ਸਿੰਘ ਜੀ ਭਾਈ ਦਿਆ ਸਿੰਘ ਜੀ ਤੇ ਭਾਈ ਸਾਹਿਬ ਸਿੰਘ ਜੀ ਇਹ ਛੋਟੇ ਯੁੱਧ ਅਭਿਆਸ ਵਿਚ ਬਹੁਤ ਵਾਰੀ ਇਨਾਮ ਲੈ ਚੁੱਕੇ ਸਨ।

ਹੱਲਾ ਤੋਂ ਹੋਲਾ ਸ਼ਬਦ ਲਿਆ ਗਿਆ, ਮੈਹਿਲ ਤੋਂ ਮਹਾਲਾ ਸ਼ਬਦ ਲਿਆ ਗਿਆ, ਜਿਹੜਾ ਹੱਲਾ ਬੋਲੇਗਾ ਉਹੀ ਮਹੱਲਾ ਦਾ

1. ਇਹ ਤਰੀਕਾਂ ਗਿਆਨੀ ਬਿਸ਼ਨ ਸਿੰਘ ਦੇ ਮੁਤਾਬਕ ਹੈ, ਚਾਹੇ ਭਾਈ ਕਾਨ੍ਹ ਸਿੰਘ ਨਾਭਾ ਮਹਾਨ ਕੋਸ਼ ਪੇਸ 283 ਤੇ ਚੇਤ ਬਦੀ 1 ਸੰਮਤ 1757 ਸੰਨ 1700 ਲਿਖਦੇ ਹਨ। ਪਰ ਹੋ ਸਕਦਾ ਸੰਨ 1700 ਤਕ ਹੋਲਾ ਮਹੱਲਾ ਪੂਰਨ ਪ੍ਰਸਿੱਧ ਹੋਇਆ ਹੋਵੇ, ਕਿਉਂਕਿ ਨੀਂਵ ਰੱਖਣ ਨਾਲ ਮਹਿਲ ਨਹੀਂ ਬਣਦਾ, ਮਹਿਲ ਬਣਕੇ ਹੀ ਮਹਿਲ ਕਹਾਉਂਦਾ ਹੈ।

ਮਾਲਕ ਹੋਵੇਗਾ। ਹੋਲੇ ਦੇ ਮੌਕੇ ਤੇ ਸ੍ਰੀ ਅਨੰਦਪੁਰ ਸਾਹਿਬ ਵਿਚ ਉਚੇਚੇ ਸਮਾਗਮ ਹੋਣ ਲੱਗ ਪਏ, ਜਿਥੇ ਤੀਰ ਕਿਰਪਾਨ ਦੇ ਕਰਤੱਬਾਂ ਅਤੇ ਹੋਰ ਮਰਦਾਵੀਆਂ (ਮਰਦਾਂ ਵਾਲੀਆਂ) ਖੇਡਾਂ ਦੇ ਵਧੀਆਂ ਖਿਡਾਰੀਆਂ ਨੂੰ ਇਨਾਮ ਵੰਡੇ ਜਾਂਦੇ ਸਨ।

ਇਸ ਤਰ੍ਹਾਂ ਸਹਿਜ ਸੁਭਾਇ ਸਿੱਖ ਗੱਭਰੂ ਸ਼ਸਤਰ ਵਿੱਦਿਆ ਦੇ ਮਾਹਰ ਅਤੇ ਕਿਰਪਾਨ ਦੇ ਧਨੀ ਬਣਨ ਲੱਗ ਪਏ। ਇਹ ਯੁੱਧ ਅਭਿਆਸ ਦੀ ਚਰਚਾ ਦੂਰ ਦੂਰ ਤਕ ਹੋਈ। ਜਦੋਂ ਵਜੀਰ ਪਰਮਾਨੰਦ ਗੁਰੂ ਕਲਗੀਧਰ ਤੋਂ ਮਦਦ ਲੈਣ ਵਾਸਤੇ ਆਇਆ ਤਾਂ ਨਦੋਣ ਦੇ ਜੰਗ ਵਿਚ ਗੁਰੂ ਕੇ ਸਿੱਖਾਂ ਨੇ ਬਾ ਕਮਾਲ ਦਿਖਾਈ ਤੇ ਜੰਗ ਚੱਲਦੇ ਵਿਚੋਂ ਜਦੋਂ ਰਾਤ ਪਈ ਤਾਂ ਦੁਸ਼ਮਨ ਦੱਲ ਅਲਫ਼ ਖਾਂ ਤੇ ਕਿਰਪਾਲ ਚੰਦ ਮੈਦਾਨ ਛੱਡ ਕੇ ਭੱਜ ਗਏ।

ਯੁੱਧ ਤੋਂ ਪਿਛੋਂ ਸਿੱਖ ਫੌਜ ਤਕਰੀਬਨ ਅੱਠ ਦਿਨ ਬਿਆਸਾ ਦੇ ਕੰਢੇ ਤੇ ਰਹੇ। ਕਿਸੇ ਦੀ ਹਿੰਮਤ ਨਹੀਂ ਪਈ ਕਿ ਗੁਰੂ ਕੇ ਸਿੱਖਾਂ ਨਾਲ ਟੱਕਰ ਲਈਏ। ਫਿਰ ਵਾਪਸ ਸ੍ਰੀ ਅਨੰਦਪੁਰ ਆਏ ਨਦੋਣ ਦੇ ਜੰਗ ਵਿਚ ਭਾਈ ਸਾਹਿਬ ਚੰਦ ਵੀ ਸ਼ਾਮਲ ਸੀ।

ਭਾਈ ਸਾਹਿਬ ਸਿੰਘ ਜੀ ਦਾ ਅਨੰਦ ਕਾਰਜ

ਭਾਈ ਸਾਹਿਬ ਚੰਦ ਦੀ ਉਮਰ 18 ਸਾਲ ਦੀ ਹੋਈ। ਸੰਨ 1693 ਇਸ ਸਾਲ ਪਿਤਾ ਗੁਰ ਨਰਾਇਣ ਜੀ ਤੇ ਮਾਤਾ ਅਨਕੰਪਾ ਜੀ ਪਰਿਵਾਰ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਇਆ ਸੀ। ਹੁਣ ਭਾਈ ਸਾਹਿਬ ਚੰਦ ਮੁੱਖ (ਚੇਹਰੇ) ਉਤੇ ਦਾੜੀ ਦੇ ਮੁੱਛਾਂ ਫੁੱਟ ਰਹੀਆਂ ਸਨ, ਭਰ ਜੋਬਨ ਵਿਚ ਬਹੁਤ ਸੋਹਣੇ ਸੁਨੱਖੇ। ਮਾਤਾ ਅਨਕੰਪਾ ਜੀ ਨੇ ਗੁਰੂ ਜੀ ਨੂੰ ਭਾਈ ਸਾਹਿਬ ਚੰਦ ਦੇ ਵਿਆਹ ਦੀ ਬੇਨਤੀ ਕੀਤੀ ਤਾਂ ਇਕ ਦਿਨ ਪਹਿਲੇ ਹੀ ਭਾਈ ਤੀਰਥ ਰਾਮ ਜੀ ਤੇ ਮਾਤਾ ਮਦਨ ਗਿਰੀ, ਜੀ ਆਪਣੀ ਬੱਚੀ ਨਿਰੰਜਨੀ ਜੀ ਦੇ ਰਿਸ਼ਤੇ ਬਾਰੇ ਬੇਨਤੀ ਕਰਕੇ ਗਏ ਸਨ ਤਾਂ ਸਤਿਗੁਰੂ ਜੀ ਨੇ ਇਹ ਰਿਸ਼ਤਾ ਆਪ ਜੋੜਨਾ ਕੀਤਾ।

ਪੁਰਾਤਨ ਸਮੇਂ ਵਿਚ ਗੁਰਸਿੱਖਾਂ ਵਿਚ ਇਹ ਮਰਯਾਦਾ ਸੀ ਕਿ ਗੁਰ-ਚਰਨਾਂ ਵਿਚ ਬੇਨਤੀ ਕਰਕੇ ਰਿਸ਼ਤੇ ਗੁਰੂ ਕੇ ਸਿੱਖ ਜੋੜ ਲੈਂਦੇ ਸਨ। ਗੁਰੂ ਕਲਗੀਧਰ ਜੀ ਨੇ ਦੋਨਾਂ ਪਰਿਵਾਰਾਂ ਨੂੰ ਮਿਲਾ ਦਿਤਾ। ਭਾਈ ਤੀਰਥ ਰਾਮ ਜੀ ਦੇ ਪਰਿਵਾਰ ਵਿਚ ਇਕ ਬੱਚੀ ਨਿਰੰਜਨੀ ਜੀ ਤੇ ਇਕ ਸਪੁੱਤਰ ਭਾਈ ਰਣਜਿੱਤ ਰਾਮ ਜੋ ਬਹੁਤ ਬਹਾਦਰ ਸੀ ਜੋ ਭਾਈ ਸਾਹਿਬ ਚੰਦ ਨੂੰ ਚੰਗਾ ਪਿਆਰ ਕਰਦੇ ਸਨ ਅਤੇ ਦਿਲੋਂ ਸਤਿਕਾਰ ਕਰਦੇ ਸਨ ਤੇ ਹਮ ਉਮਰ ਵੀ ਸਨ। ਜਦੋਂ ਭਾਈ ਤੀਰਥ ਰਾਮ ਨੇ ਪਰਿਵਾਰ ਵਿਚ ਰਿਸ਼ਤੇ ਦੀ ਗੱਲ ਕੀਤੀ, ਕਿ ਭਾਈ ਸਾਹਿਬ ਚੰਦ ਨਾਲ ਗੁਰੂ ਪਾਤਸ਼ਾਹ ਨੇ ਬੀਬੀ ਨਿਰੰਜਨੀ ਦਾ ਰਿਸ਼ਤਾ ਜੋੜਿਆ ਹੈ ਤਾਂ ਘਰ ਵਿਚ ਖੁਸ਼ੀ ਤਾਂ ਸਭ ਨੂੰ ਹੋਈ ਪਰ ਭਾਈ ਰਣਜਿੱਤ ਰਾਮ ਜੀ ਬਹੁਤ ਜ਼ਿਆਦਾ ਪ੍ਰਸੰਨ ਹੋਏ ਕਿਉਂਕਿ ਪਿਆਰ ਤਾਂ ਆਪਸ ਵਿਚ ਬਹੁਤ ਸੀ ਪਰ ਉਹ ਪਿਆਰ ਹੁਣ ਰਿਸ਼ਤੇ ਵਿਚ ਬਦਲਣ ਵਾਲਾ ਸੀ। ਉਸ ਸਮੇਂ ਭਾਈ ਰਣਜਿੱਤ ਰਾਮ ਦੀ ਉਮਰ 18 ਸਾਲ ਦੀ ਸੀ ਤੇ ਬੀਬੀ ਨਿਰੰਜਨੀ ਜੀ ਦੀ ਉਮਰ ਕੇਵਲ 16 ਸਾਲ ਸੀ। ਉਨ੍ਹਾਂ ਦਿਨਾਂ ਵਿਚ ਛੋਟੀਆਂ ਉਮਰਾਂ ਵਿਚ ਵਿਆਹ ਹੋ ਜਾਂਦੇ ਸਨ।

ਗੁਰੂ ਜੀ ਦੀ ਕਿਰਪਾ ਨਾਲ ਇਹ ਖੁਸ਼ੀਆਂ ਭਰਿਆ ਦਿਨ ਆਇਆ। ਬਿਦਰ ਨਿਵਾਸੀ ਪਿਤਾ ਗੁਰ ਨਰਾਇਣ ਜੀ ਤੇ ਮਾਤਾ ਅਨਕੰਪਾ ਜੀ ਦੇ ਸਪੁੱਤਰ ਭਾਈ ਸਾਹਿਬ ਚੰਦ ਜੀ ਤੇ ਨਗਰ ਨੰਗਲ ਸ਼ਹੀਦਾਂ ਜੋ ਅੱਜਕਲ ਜ਼ਿਲਾ ਹੁਸ਼ਿਆਰਪੁਰ ਹੈ, ਨਿਵਾਸੀ ਭਾਈ ਤੀਰਥ ਰਾਮ ਤੇ ਮਾਤਾ ਮਦਨ ਗਿਰੀ ਦੀ ਸਪੁੱਤਰੀ ਬੀਬੀ ਨਿਰੰਜਨੀ ਜੀ ਨਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ 9 ਫਰਵਰੀ ਸੰਨ 1693 ਵਿਚ ਅਨੰਦਕਾਰਜ ਭਾਈ ਨੱਥਾਮੱਲ ਜੀ ਗੁਰੂ ਕੇ ਕੀਰਤਨੀਏ ਨੇ ਕੀਤਾ। ਜਦੋਂ ਦੋ ਗੁਰਸਿੱਖ ਪਰਿਵਾਰਾਂ ਦੇ ਮਿਲਾਪ ਹੁੰਦੇ ਹਨ ਫਿਰ ਮਿਲਾਪ ਕਰਵਾਉਣ ਵਾਲਾ ਵੀ ਗੁਰੂ ਆਪ ਹੋਵੇ ਉਹ ਅਨੰਦ ਕਲਮ ਦੀ ਰਸਨਾ ਬਿਆਨ ਨਹੀਂ ਕਰ ਸਕਦੀ ਅਤੇ ਸ਼ਬਦ ਮੁਥਾਜੀ ਵੀ ਖ਼ਤਮ ਹੋ ਜਾਂਦੀ ਹੈ। ਉਸਤਤ

ਦੇ ਸਾਰੇ ਸ਼ਬਦ ਛੋਟੇ ਲਗਣ ਲੱਗ ਪੈਂਦੇ ਹਨ। ਬਸ ਇਹ ਤਾਂ ਉਹੀ ਜਾਣ ਸਕਦੇ ਹਨ ਜਿਨ੍ਹਾਂ ਨੇ ਹੰਢਾਇਆ ਹੋਵੇ।

ਭਾਈ ਸਾਹਿਬ ਚੰਦ ਤੇ ਬੀਬੀ ਨਿਰੰਜਨੀ ਜੀ ਦੇ ਅਨੰਦਕਾਰਜ[1] ਸ੍ਰੀ ਦਸ਼ਮੇਸ਼ ਪਿਤਾ ਦੀ ਹਜ਼ੂਰੀ ਵਿਚ ਹੋਏ।

ਸੰਨ 1693 ਤਕ ਸਤਿਕਾਰਯੋਗ ਭਾਈ ਹਿੰਮਤ (ਸਿੰਘ) ਦੇ ਪਰਿਵਾਰ ਤੇ ਭਾਈ ਦਿਆ (ਸਿੰਘ) ਦੇ ਪਰਿਵਾਰ ਹਾਜ਼ਰ ਸਨ। ਇਥੇ ਹੋਰ ਵੀ ਮਹਾਨ ਗੁਰੂ ਕੇ ਸਿੱਖ ਹਾਜ਼ਰ ਸਨ। ਸਭਨਾ ਦੇ ਨਾਮ ਨਹੀਂ ਲਿਖ ਸਕਦੇ ਕਿਉਂਕਿ ਇਹ ਜੀਵਨ ਨਿਆਰੇ ਪੰਜ ਪਿਆਰੇ ਦਾ ਚਲ ਰਿਹਾ ਹੈ।

ਵਿਆਹ ਤੋਂ ਬਾਅਦ ਭਾਈ ਸਾਹਿਬ ਚੰਦ ਜੀ ਤੇ ਬੀਬੀ ਨਿਰੰਜਨੀ ਦੇ ਭਾਈ ਰਣਜਿੱਤ ਰਾਮ ਜੀ ਜੋ ਸ਼ਸਤਰ ਕਲਾ ਦੇ ਬਹੁਤ ਮਾਹਰ ਸਨ। ਯੁੱਧ ਅਭਿਆਸ ਵਿਚ ਕਿਰਪਾਨਾਂ ਦੀ ਥਾਂ ਬੈਂਤ ਦੇ ਡੰਡੇ ਵਰਤੇ ਜਾਂਦੇ ਸਨ। ਇਸ ਅਭਿਆਸ ਵਿਚ ਅੱਗੇ ਤਾਂ ਬਹੁਤ ਵਾਰੀ ਭਾਈ ਰਣਜਿੱਤ ਰਾਮ ਨੇ ਭਾਈ ਸਾਹਿਬ ਚੰਦ ਦੇ ਗਿੱਟੇ ਗੋਢੇ ਮੋਢੇ ਤੇ ਕਰਾਰੀ ਬੈਤ ਨਾਲ ਵਾਰ ਕੀਤਾ ਸੀ। ਪਰ ਹੁਣ ਇਹ ਯੁੱਧ ਕਲਾ ਵਿਚ ਤਬਦੀਲੀ ਆਈ। ਜੋਸ਼ ਦੀ ਥਾਂ ਪਿਆਰ ਨੇ ਲਈ ਹੁਣ ਸੋਟੀ ਆਪਣੇ ਪਿਆਰੇ ਜੀਜੇ ਨੂੰ ਸਰੀਰ ਨਾ ਛੋਹਣ ਦਾ ਸਮਾਂ ਦਿੰਦੇ। ਅੱਗੇ ਜਾ ਕੇ ਵੇਖਣਾ ਹੈ ਕਿ ਇਹ ਪਿਆਰ ਕੀ ਕੀ ਰੰਗ ਲਿਆਂਦਾ ਹੈ।

1. ਗਿਆਨੀ ਬਿਸ਼ਨ ਸਿੰਘ ਜੀ ਅਨੰਦਕਾਰਜ ਬਾਰੇ ਇਉਂ ਲਿਖਦੇ ਹਨ:

ਪਿਤਾ ਗੁਰ ਨਾਰਾਇਣ ਮਾਂ ਅਨੁਕੰਪਾ ਦੀ ਰੀਜ ਸਦਾਈ।
ਭਾਈ ਤੀਰਥ ਰਾਮ ਮਾਂ ਮਦਨ ਗਿਰੀ ਧੀ ਸੀ ਜਾਈ।
ਗੁਰ ਕਿਰਪਾ ਜਿਓ ਭਿਓ ਅਨੰਦਾ, ਅਨੰਦ ਮਿਲਾਪ ਭਓ ਸਾਹਿਬ ਚੰਦਾ।
ਨਿਰੰਜਨੀ ਕਲਾ ਧਾਰ ਜਬ ਆਈ, ਸੰਮਤ 1750 ਥਿਤ ਵਾਰ ਸੋਹਾਈ।
ਨੱਥਾ ਮਲ ਕੀਰਤਨ ਜਨ ਗਾਵੈ, ਗੁਰ ਮਹਿਮਾ ਜਪ ਸਬਦ ਸੁਨਾਵੈ।
ਸ੍ਰੀ ਕਲਗੀਧਰ ਭਯੋ ਕਿਰਪਾਲਾ, ਅਨੰਦ ਕਾਰਜ ਤਬ ਭਿਓ ਬੇਸਾਲਾ।

ਸ੍ਰੀ ਮਹਿਮਾ ਪ੍ਰਕਾਸ਼ ਤੇ ਗਿਆਨੀ ਪਾਖਰ ਸਿੰਘ ਜੀ ਵੀ ਸੇਮ ਹੀ ਲਿਖਦੇ ਹਨ ਬਾਕੀ ਵਿਦਵਾਨ ਦੀ ਲਿਖਣੀ ਤਾਂ ਸੇਮ ਹੈ, ਨਾਮ ਤੇ ਤਰੀਕ ਵਿਚ ਹੇਰ-ਫੇਰ ਹੈ।

ਭਾਈ ਰਣਜਿੱਤ ਸਿੰਘ ਦਾ ਬੀਬੀ ਬਸੰਤ ਕੌਰ ਨਾਲ ਵਿਆਹ

ਭਾਈ ਸਾਹਿਬ ਚੰਦ ਦੀ ਉਮਰ 19 ਸਾਲ ਸੰਨ 1694 ਵਿਚ ਬਿਦਰ ਤੋਂ ਸੰਗਤਾਂ ਦਾ ਜੱਥਾ ਆਇਆ। ਇਸ ਜੱਥੇ ਵਿਚ ਭਾਈ ਸਾਹਿਬ ਚੰਦ ਦੇ ਪਰਿਵਾਰਕ ਮੈਂਬਰ ਤਾਂ ਕੋਈ ਨਹੀਂ ਆਇਆ। ਪਰ ਜੱਥੇਦਾਰ ਭਾਈ ਖੁਸ਼ਹਾਲ ਜੀ ਪਰਿਵਾਰ ਸਮੇਤ ਆਏ। ਇਨ੍ਹਾਂ ਨਾਲ ਮਾਤਾ ਪ੍ਰਸੰਨ ਜੀ ਤੇ ਭਾਈ ਖੁਸ਼ਹਾਲ ਜੀ ਦੀ ਬੱਚੀ ਬੀਬੀ ਬਸੰਤ ਜੀ ਵੀ ਆਏ ਸਨ।

ਭਾਈ ਖੁਸ਼ਹਾਲ ਜੀ ਦਾ ਭਾਈ ਸਾਹਿਬ ਚੰਦ ਬਹੁਤ ਸਤਿਕਾਰ ਕਰਦੇ ਸਨ, ਜਿਨ੍ਹਾਂ ਦੇ ਚਰਨ ਬਦੌਲਤ ਸ੍ਰੀ ਦਸ਼ਮੇਸ਼ ਪਿਤਾ ਦਾ ਮਿਲਾਪ ਹੋਇਆ। ਘਰ ਦੇ ਹਰ ਤਰ੍ਹਾਂ ਦੇ ਦੁਖ ਸੁਖ ਵੀ ਆਪਸ ਵਿਚ ਬੈਠ ਕੇ ਕਰਦੇ ਸਨ। ਭਾਈ ਖੁਸ਼ਹਾਲ ਜੀ ਕਹਿਣ ਲੱਗੇ ਭਾਈ ਸਾਹਿਬ ਚੰਦ ਜੀ ਮੇਰੀ ਧੀ ਬੀਬੀ ਬਸੰਤ ਜੀ ਜੁਆਨ ਹਨ ਤੇ ਵਿਆਹ ਦੇ ਲਾਇਕ ਹਨ। ਤੁਸੀ ਗੁਰੂ ਜੀ ਦੇ ਚਰਨਾਂ ਵਿਚ ਬਹੁਤ ਦੇਰ ਤੋਂ ਰਹਿ ਰਹੇ ਹੋ ਕੋਈ ਚੰਗੇ ਗੁਰਸਿੱਖ ਨੌਜਵਾਨ ਲੜਕੇ ਦੀ ਦੱਸ ਪਾਵੋ ਤਾਕਿ ਬੱਚੀ ਬਸੰਤ ਜੀ ਦਾ ਵਿਆਹ ਕੀਤਾ ਜਾਵੇ, ਮੈਂ ਵੀ ਆਪਣੇ ਸਿਰੋਂ ਭਾਰ ਉਤਾਰਾਂ।

ਭਾਈ ਸਾਹਿਬ ਚੰਦ ਜੀ ਕਹਿਣ ਲੱਗੇ ਕਿ ਪਹਿਲੀ ਬੇਨਤੀ ਹੈ ਕਿ ਗੁਰੂ ਕੇ ਸਿੱਖ ਸਾਰੇ ਹੀ ਚੰਗੇ ਹੁੰਦੇ ਹਨ। ਦੂਜੀ ਬੇਨਤੀ ਇਹ ਕਿ ਧੀਆਂ ਸਿਰ ਦਾ ਭਾਰ ਨਹੀਂ ਹੁੰਦੀਆਂ ਸਗੋਂ ਸਿਰ ਦਾ ਸਿੰਗਾਰ ਹੁੰਦੀਆ ਹਨ। ਤੀਜੀ ਬੇਨਤੀ ਸੰਜੋਗ ਸਭ ਗੁਰੂ ਦੇ ਹੱਥ ਹਨ ਕੀ ਪਤਾ ਕਦੋਂ ਪ੍ਰਬਲ ਹੋ ਜਾਣ। ਫਿਰ ਆਪ ਜੀ ਦੀ ਲੜਕੀ ਨੂੰ ਮੈਂ ਬਚਪਨ ਤੋਂ ਜਾਣਦਾ ਹਾਂ। ਨਾਮ ਸਿਮਰਨ ਤੇ ਸੇਵਾ ਵਾਲੀ ਹੈ, ਤੁਸੀ ਫਿਕਰ ਨਾ ਕਰੋ, ਗੁਰੂ ਭਲੀ ਕਰੇਗਾ।

ਅਗਲੇ ਦਿਨ ਭਾਈ ਸਾਹਿਬ ਚੰਦ ਨੇ ਗੁਰੂ ਜੀ ਪਾਸ ਬੇਨਤੀ ਕੀਤੀ ਕਿ, "ਸੱਚੇ ਪਾਤਸ਼ਾਹ ਜੀ ਜੇ ਆਪ ਜੀ ਦੀ ਆਗਿਆ ਹੋਵੇ ਤਾਂ ਭਾਈ ਖੁਸ਼ਹਾਲ ਜੀ ਦੀ ਧੀ ਦਾ ਰਿਸ਼ਤਾ ਆਪ ਜੀ ਦੇ ਅੰਗ ਰੱਖਿਅਕ ਭਾਈ ਰਣਜਿੱਤ ਰਾਮ ਜੀ ਨਾਲ ਜੋੜ ਦਿਤਾ ਜਾਵੇ।"

ਗੁਰੂ ਜੀ ਨੇ ਆਗਿਆ ਦਿੱਤੀ ਤੇ ਦੋਨੋਂ ਪਰਿਵਾਰਾਂ ਨੂੰ ਹਜ਼ੂਰੀ ਵਿਚ ਬੁਲਾਇਆ ਗਿਆ।

ਦੋਨਾਂ ਪਰਿਵਾਰਾਂ ਨੇ ਗੁਰੂ ਜੀ ਦੇ ਬਚਨ ਤੇ ਫੁਲ ਚੜਾਏ, ਸਤਿਗੁਰੂ ਜੀ ਦੀ ਹਜ਼ੂਰੀ ਵਿਚ ਅਨੰਦ ਕਾਰਜ ਹੋਇਆ। ਤਰੀਕ ਸੀ 11, ਮਾਰਚ, ਸੰਨ 1694 ਪਿਤਾ ਖੁਸ਼ਹਾਲ ਜੀ ਬਿਦਰ ਨਿਵਾਸੀ ਮਾਤਾ ਪ੍ਰਸੰਨ ਜੀ ਦੀ ਕੁਖੋਂ ਜਨਮੀ ਬੀਬੀ ਬਸੰਤ ਜੀ ਨਾਲ ਭਾਈ ਤੀਰਥ ਰਾਮ ਤੇ ਮਾਤਾ ਮਦਨਗਿਰੀ ਦੇ ਸਪੁੱਤਰ ਭਾਈ ਰਣਜਿੱਤ ਰਾਮ ਨਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੀ। ਦਸ਼ਮੇਸ਼ ਪਿਤਾ ਦੀ ਹਜ਼ੂਰੀ ਵਿਚ ਅਨੰਦਕਾਰਜ ਹੋਇਆ।[1]

ਭਾਈ ਸਾਹਿਬ ਸਿੰਘ ਦੀ ਸੰਤਾਨ

ਭਾਈ ਸਾਹਿਬ ਚੰਦ ਜੀ ਦੀ ਉਮਰ ਤਕਰੀਬਨ 20 ਸਾਲ ਦੀ ਹੋਈ ਤੇ ਬੀਬੀ ਨਿਰੰਜਨੀ ਜੀ ਤਕਰੀਬਨ 18 ਸਾਲ ਦੇ ਹੋਏ ਸਨ ਤਾਂ ਉਹਨਾਂ ਦਿਨਾਂ ਵਿਚ ਇਕ ਰਿਵਾਜ ਹੁੰਦਾ ਸੀ, ਵਿਆਹ ਤਾਂ ਛੋਟੀਆਂ ਉਮਰਾਂ ਵਿਚ ਹੋ ਜਾਂਦਾ ਸੀ ਪਰ ਪਰਿਵਾਰ ਵਸੇਵਾ (ਜਾਂ ਮੁਕਲਾਵਾ) ਬਾਅਦ ਵਿਚ ਦਿੱਤਾ ਜਾਂਦਾ ਸੀ। ਇਸ ਲਈ 3 ਜੂਨ, ਸੰਨ 1695 ਵਿਚ ਵਸੇਵਾ ਕਰਵਾਇਆ ਗਿਆ।

ਹੁਣ ਧਰਮੀ ਜਿਓੜੇ ਰੱਲਮਿਲ ਕੇ ਰਹਿਣ ਲੱਗੇ। ਪਰਿਵਾਰ ਵਿਚ ਥੋੜਾ ਸਮਾਂ ਪਹਿਲੇ ਹੀ ਭਾਈ ਰਣਜਿੱਤ ਰਾਮ ਦਾ ਵਿਆਹ ਹੋਇਆ ਸੀ। ਹੁਣ ਘਰ ਬਹੁਤ ਖੁਸ਼ੀਆਂ ਨਾਲ ਭਰ ਗਿਆ ਸੀ।

ਪ੍ਰਮਾਤਮਾ ਦੀ ਕਿਰਪਾ ਨਾਲ ਘਰ ਵਿਚ ਪਹਿਲਾ ਬੱਚਾ ਆਉਣ ਦਾ ਸਮਾਂ ਬਣ ਗਿਆ। ਭਾਈ ਸਾਹਿਬ ਚੰਦ ਦੇ ਗ੍ਰਹਿ ਵਿਖੇ ਬੀਬੀ ਨਿਰੰਜਨੀ ਦੀ ਕੁਖੋਂ 3 ਜੁਲਾਈ, ਸੰਨ 1696 ਵਿਚ ਕਾਕਾ ਗੁਰਦਿਆ ਚੰਦ ਦਾ ਜਨਮ ਹੋਇਆ। ਪਰਿਵਾਰ ਵਿਚ ਖੁਸ਼ੀ ਕਿਨਾਰੇ ਨੂੰ ਛੋਹ ਕੇ ਮੁੜਨ ਲਗੀ ਤਾਂ ਹੋਰ ਵਾਹਿਗੁਰੂ ਜੀ ਦੀ ਕਿਰਪਾ ਹੋਈ। ਦੂਜਾ ਸਪੁੱਤਰ ਕਾਕਾ ਗੁਰਲਾਲ ਚੰਦ ਦਾ ਜਨਮ 25 ਫਰਵਰੀ, ਸੰਨ 1698 'ਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋਇਆ।

1. ਗਿਆਨੀ ਬਿਸ਼ਨ ਸਿੰਘ ਜੀ ਲਿਖਦੇ ਹਨ, "ਵਿਵਾਹਿੰਤ ਛੰਦ"

    ਬਿਦਰ ਨਿਵਾਸੀ ਭਯੋ ਖੁਸ਼ਹਾਲ ਮਾਂ ਪ੍ਰਸਨਤਾ।
    ਮਦਨ ਗਿਰੀ ਭਯੋ ਤੀਰਥ ਰਾਮ ਦਿਆਲ ਹੋਏ ਪੰਤਵੰਤਾ।
    ਸ਼ਸਤਰ ਧਨੀ ਰਣਜਿੰਤ ਜੀਤ ਵਿਆਹੁਣ ਭਯੋ ਬੀਬਾ ਬਸੰਤਾ।
    ਵਿਚੋਲ ਭਏ ਤਬ ਸਾਹਿਬ ਚੰਦ ਸ੍ਰੀ ਦਸ਼ਮੇਸ਼ ਭਗਵੰਤਾ।

ਮਸੰਦਾਂ ਦੀ ਸੋਧ

ਭਾਈ ਸਾਹਿਬ ਚੰਦ ਦੀ ਉਮਰ ਲਗਭਗ 23 ਸਾਲ ਦੀ ਹੋਈ ਤੇ ਗੁਰੂ ਘਰ ਅੰਦਰ ਗੁਰਮਤਿ ਪੜਾਈ ਕਰਦਿਆਂ 11 ਸਾਲ ਹੋਏ ਸਨ। ਇਸ ਸਮੇਂ ਤਕ ਬਾਕੀ ਦੇ ਚਾਰ ਪਿਆਰੇ ਵੀ ਗੁਰੂ ਘਰ ਵਿਚ ਪਹੁੰਚ ਚੁੱਕੇ ਸਨ। ਉਸ ਸਮੇਂ ਇਕ ਬਹੁਤ ਵੱਡਾ ਮਸਲਾ ਸੰਗਤਾਂ ਵੱਲੋਂ ਖੜਾ ਹੋ ਗਿਆ। ਦੂਰੋਂ ਦੂਰੋਂ ਸੰਗਤਾਂ ਆ ਕੇ ਭਾਈ ਸਾਹਿਬ ਚੰਦ ਨੂੰ ਬੇਨਤੀ ਕਰਦਿਆਂ ਅਤੇ ਪਰਿਵਾਰ ਨੂੰ ਮਿਲੇ ਦੁਖ ਵੀ ਸਾਂਝੇ ਕੀਤੇ ਜਾਂਦੇ।

ਚਾਹੇ ਗੁਰੂ ਅਮਰਦਾਸ ਜੀ ਨੇ ਮੰਜੀਆਂ ਥਾਪੀਆਂ, ਫਿਰ ਗੁਰੂ ਰਾਮਦਾਸ ਜੀ ਨੇ ਮਸੰਦ ਪ੍ਰਥਾਂ ਆਰੰਭ ਕੀਤੀ। ਦੇਸ਼ ਵਿਚ ਪ੍ਰਚਾਰ ਦੇ ਕੇਂਦਰ ਖੋਲਣੇ ਸ਼ੁਰੂ ਕੀਤੇ। ਇਹ ਮਰਯਾਦਾ ਗੁਰੂ ਅਰਜਨ ਦੇਵ ਜੀ ਦੇ ਸਮੇਂ ਬਹੁਤ ਵੱਡਾ ਸਿੱਖੀ ਦਾ ਪ੍ਰਚਾਰ ਹੋਇਆ। ਫਿਰ ਗੁਰੂ ਹਰਿਗੋਬਿੰਦ ਸਾਹਿਬ ਸਮੇਂ ਵੀ ਠੀਕ ਰਿਹਾ। ਗੁਰੂ ਹਰਿ ਰਾਏ ਸਮੇਂ ਘੱਟ ਗਿਆ ਤੇ ਗੁਰੂ ਹਰਿਕ੍ਰਿਸ਼ਨ ਸਾਹਿਬ ਛੋਟੀ ਉਮਰ ਵਿੱਚ ਜੋਤੀ ਜੋਤ ਸਮਾਏ।

ਇਥੋਂ ਮਸੰਦਾ ਦਾ ਮਾੜਾ ਸਮਾਂ ਸ਼ੁਰੂ ਹੋ ਗਿਆ। ਜਿਹੜਾ ਦਸਵੰਧ ਗੁਰੂ ਘਰ ਜਮਾ ਕਰਵਾਉਂਦੇ ਸਨ ਉਹ ਨਿੱਜੀ ਸੁੱਖਾਂ ਵਾਸਤੇ ਇਸਤੇਮਾਲ ਹੋਣ ਲੱਗਾ। ਬਿਨਾ ਮਿਹਨਤ ਕੀਤੇ ਧੰਨ ਆਇਆ ਵਿਕਾਰਾਂ ਵਲ ਲੈ ਜਾਂਦਾ ਹੈ ਤੇ ਵਿਕਾਰੀ ਹੀ ਬਣਾਉਂਦਾ ਹੈ। ਐਸੀ ਹੀ ਹਾਲਤ ਮਸੰਦਾਂ ਦੀ ਹੋਣ ਲੱਗੀ। ਸਿਰਫ ਉਂਗਲਾਂ 'ਤੇ ਗਿਣੇ ਜਾਣ ਵਾਲੇ ਇਸ ਪਾਪ ਕਰਮ ਤੋਂ ਬਚੇ ਸਨ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕੁਝ ਸਮਾਂ ਭੋਰੇ ਵਿਚ ਤੇ ਫਿਰ ਉਤਰੀ ਖੰਡ ਬਿਹਾਰ ਵਿਚ ਦੀ ਅਸਾਮ ਇਲਾਕੇ ਨੂੰ ਤਾਰਦੇ ਰਹੇ। ਜਦੋਂ ਘਰ ਦਾ ਮਾਲਕ ਘਰ ਨਾ ਹੋਵੇ ਤਾਂ ਬਹੁਤੇ ਉਸ ਘਰ ਦੇ ਮਾਲਕ ਬਣ ਬੈਠਦੇ ਹਨ।

ਫਿਰ ਸਮਾਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਆਇਆ ਤਾਂ ਗੁਰੂ ਜੀ ਵੀ ਜੰਗਾਂ-ਯੁੱਧਾਂ ਵਿਚ ਅਤੇ ਧਰਮ ਅਸਥਾਨਾਂ ਦੀ

ਉਸਾਰੀ ਵਿਚ ਤੇ ਪਹਾੜੀ ਰਾਜਿਆਂ ਨੂੰ ਸੱਚ ਦਾ ਮਾਰਗ ਦੇਣ ਵਿੱਚ ਲਗੇ ਹੋਏ ਸਨ। ਤੇ ਨਵੇਂ ਸਿੱਖਾਂ ਦੀ ਫੌਜ ਤਿਆਰ ਕਰਨੀ, ਸ਼ਸਤਰ, ਘੋੜੇ ਇਕੱਠੇ ਕਰਨੇ। ਇਹ ਸਮਾਂ ਲੰਘਦਾ ਗਿਆ, ਸੰਨ 1698 ਸੰਮਤ 1755 ਤਕ ਮਸੰਦ ਦਾ ਕਿਰਦਾਰ ਵਿਗੜਿਆ, ਆਚਰਣ ਵੀ ਵਿਗੜ ਗਿਆ। ਇਹ ਵਿਗਾੜ ਇਨ੍ਹਾਂ ਵੱਧ ਗਿਆ ਕਿ ਧੰਨ ਦੇ ਨਾਲ ਨਾਲ ਇਜ਼ਤਾਂ ਨੂੰ ਵੀ ਹੱਥ ਮਾਰਨ ਲੱਗੇ।

ਭਾਈ ਸਾਹਿਬ ਚੰਦ ਜੀ ਨੇ ਸੰਗਤਾਂ ਦੀ ਬੇਨਤੀ ਗੁਰੂ ਜੀ ਤਕ ਪਹੁੰਚਾਈ ਤੇ ਕੁਝ ਸਿੱਖਾਂ ਨੂੰ ਨਾਲ ਲੈਕੇ ਹਾਜ਼ਰ ਵੀ ਹੋਏ, ਜਿਨ੍ਹਾਂ ਦੀਆਂ ਇਜ਼ਤਾਂ ਮਸੰਦਾਂ ਨੇ ਖਰਾਬ ਕੀਤੀਆਂ ਸਨ।

ਸ੍ਰੀ ਕਲਗੀਧਰ ਪਾਤਸ਼ਾਹ ਨੇ ਤੁਰੰਤ ਹੁਕਮਨਾਮਾ ਜਾਰੀ ਕੀਤਾ ਇਨ੍ਹਾਂ ਮਸੰਦਾਂ ਪਾਪੀਆਂ ਨੂੰ ਮੁਸ਼ਕ ਬੰਨ ਕੇ ਤੇ ਦਾੜ੍ਹੀਆਂ ਤੋਂ ਫੜ ਕੇ ਜਲਦੀ ਤੋਂ ਜਲਦੀ ਹਾਜ਼ਰ ਕੀਤਾ ਜਾਵੇ, ਜਿਹੜੇ ਆਪ ਹਾਜ਼ਰ ਹੋਣ ਉਨ੍ਹਾਂ ਨੂੰ ਕੁਝ ਨਾ ਕਿਹਾ ਜਾਵੇ। ਫਿਰ ਗੁਰੂ ਜੀ ਨੇ ਵਾਰੋ ਵਾਰੀ ਸਭ ਦੀਆਂ ਕਰਤੂਤਾਂ ਸੁਣੀਆਂ, ਸਭ ਤੋਂ ਜੁਰਮਾਂ, ਪਾਪਾਂ ਤੇ ਅਪਰਾਧਾਂ ਦਾ ਇਕਬਾਲ ਕਰਾਇਆ ਅਤੇ ਸਭ ਨੂੰ ਯੋਗ ਸਜਾਵਾਂ ਦਿੱਤੀਆਂ।

ਪੰਜ ਸੱਚੀਆਂ ਦਾੜ੍ਹੀਆਂ

ਲੰਮੇ ਦੇ ਇਲਾਕੇ ਦਾ ਮਸੰਦ, ਭਾਈ ਫੇਰੂ ਜੀ ਬੜਾ ਧਰਮੀ ਸੁੱਚਾ ਤੇ ਪਰਉਪਕਾਰੀ ਨੇਕ ਮਸੰਦ ਸੀ। ਸਾਰੇ ਲੋਕ ਉਸਦੀ ਇੱਜ਼ਤ ਕਰਦੇ ਸਨ। ਉਨ੍ਹਾਂ ਨੂੰ ਦਾੜ੍ਹੀਓ ਕਿਸੇ ਨਾ ਫੜਿਆ। ਉਹ ਆਪਣੀ ਦਾੜ੍ਹੀ ਆਪ ਫੜ ਕੇ ਸ੍ਰੀ ਦਸ਼ਮੇਸ਼ ਜੀ ਦੇ ਦਰਬਾਰ ਵਿਚ ਸਾਹਮਣੇ ਆ ਹਾਜ਼ਰ ਹੋਇਆ।

ਗੁਰੂ ਜੀ ਦੇ ਖਜ਼ਾਨਚੀ (ਲੇਖੀਏ) ਨੇ ਤਾਂ ਕਿਹਾ ਕਿ ਭਾਈ ਫੇਰੂ ਜੀ ਵੱਲੋਂ ਵੀ ਦਸਵੰਧ ਬਾਕ਼ਾਇਦਾ ਨਹੀਂ ਪੁੱਜਦਾ ਰਿਹਾ, ਪਰ ਗੁਰੂ ਜੀ ਨੇ ਕਿਹਾ ਕਿ ਇਸ ਭਾਈ ਸਾਹਿਬ ਵੱਲ ਕੋਈ ਬਕਾਇਆ ਨਹੀਂ ਹੈ। ਇਸਨੇ ਕਦੇ ਬੇਇਮਾਨੀ (ਹੇਰਾਫੇਰੀ) ਨਹੀਂ ਕੀਤੀ। ਉਹ ਸਾਰੀ ਉਗਰਾਹੀ ਸਾਨੂੰ ਸਿੱਧੀ ਭੇਜ ਦੇਂਦਾ ਰਿਹਾ ਹੈ। ਇਹ ਨੰਗਿਆਂ ਨੂੰ ਕਪੜਾ ਤੇ ਭੁੱਖਿਆਂ ਨੂੰ ਅੰਨ ਦੇਂਦਾ ਰਿਹਾ ਹੈ।

ਗਰੀਬ ਦਾ ਮੂੰਹ ਗੁਰੂ ਕੀ ਗੋਲਕ ਹੈ। ਗਰੀਬਾਂ ਨੂੰ ਦਿੱਤਾ ਤੇ ਛਕਾਇਆ (ਖਵਾਇਆ) ਸਭ ਸਾਨੂੰ ਪੁੱਜ ਜਾਂਦਾ ਹੈ। ਕੁਝ ਹੋਰ ਵੀ ਮਸੰਦਾਂ ਨੂੰ ਗੁਰੂ ਜੀ ਨੇ ਸਨਮਾਨਿਤ ਕੀਤਾ ਜਿਨ੍ਹਾਂ ਦੇ ਨਾਮ ਸਿੱਖ ਇਤਿਹਾਸ ਨੇ ਸੰਭਾਲ ਕੇ ਰੱਖੇ ਹਨ। ਜਿਨ੍ਹਾਂ ਨੂੰ ਸੱਚੀਆਂ ਦਾੜ੍ਹੀਆਂ ਦਾ ਖਿਤਾਬ ਮਿਲਿਆ।

ਸੇ ਦਾੜੀਆਂ ਸਚੀਆ ਜਿ ਗੁਰ ਚਰਨੀ ਲਗੰਨ੍ਹਿ।
ਅਨਦਿਨੁ ਸੇਵਨਿ ਗੁਰੁ ਆਪਣਾ ਅਨਦਿਨੁ ਅਨਦਿ ਰਹੰਨ੍ਹਿ॥
ਨਾਨਕ ਸੇ ਮੁਹ ਸੋਹਣੇ ਸਚੈ ਦਰਿ ਦਿਸੰਨ੍ਹਿ॥੫੨॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੪੧੯)

ਸ੍ਰੀ ਦਸ਼ਮੇਸ਼ ਪਿਤਾ ਨੇ ਪੰਜ ਸਿੱਖਾਂ ਨੂੰ ਸੰਨ 1698 ਵਿਚ ਕਿਹਾ ਇਹ ਦਾੜ੍ਹੀਆਂ ਸੱਚੀਆਂ ਹਨ। ਤਕਰੀਬਨ ਇਕ ਸਾਲ ਬਾਅਦ ਸੰਨ 1699 ਵਿੱਚ ਵੈਸਾਖੀ ਵਾਲੇ ਦਿਨ ਇਹਨਾਂ ਪੰਜਾਂ ਸਿੱਖਾਂ ਨੂੰ ਸਤਿਗੁਰੂ ਜੀ ਨੇ ਅੰਮ੍ਰਿਤ ਦੀ ਦਾਤ ਬਖ਼ਸ਼ੀ ਤੇ ਰਸਨਾ ਤੋਂ ਬਚਨ ਕੀਤਾ, ਜਿਥੇ ਸਾਡੇ ਪੰਜ ਪਿਆਰੇ ਹਨ ਉਥੇ ਸਾਡੀਆਂ ਇਹ ਪੰਜ ਸੱਚੀਆਂ ਦਾੜੀਆਂ ਹਨ।

ਜਿਨ੍ਹਾਂ ਦੇ ਨਾਮ ਸਿੱਖ ਇਤਿਹਾਸ ਵਿੱਚ ਇੰਜ ਹਨ:

ਪਹਿਲੇ ਭਾਈ ਫੇਰੂ ਸਿੰਘ ਜੀ - ਸੱਚੀ ਦਾੜ੍ਹੀ
ਦੂਜੇ ਭਾਈ ਜੋਧ ਸਿੰਘ (ਕਮਾਲੀਏ) - ਸੱਚੀ ਦਾੜ੍ਹੀ
ਤੀਜੇ ਭਾਈ ਰਾਊ ਸਿੰਘ ਜੀ (ਦੀਪਾਲਪੁਰ)- ਸੱਚੀ ਦਾੜ੍ਹੀ
ਚੌਥੇ ਭਾਈ ਤਖ਼ਤ ਸਿੰਘ ਜੀ - ਸੱਚੀ ਦਾੜ੍ਹੀ
ਪੰਜਵੇਂ ਭਾਈ ਗੁਰਬਖਸ਼ ਸਿੰਘ ਜੀ - ਸੱਚੀ ਦਾੜ੍ਹੀ

ਗੁਰੂ ਦਸ਼ਮੇਸ਼ ਪਿਤਾ ਨੇ ਸੰਗਤਾਂ ਵਿਚ ਸਿਰੋਪਾਉ ਦੇ ਕੇ ਸੱਚੀ ਦਾੜ੍ਹੀ ਦੀ ਪਦਵੀ ਬਖਸ਼ੀ ਸੀ[1] ਤੇ ਸੰਨ 1698 ਵਿਚ ਹੀ ਮਸੰਦਾਂ ਦੀ

1. ਗਿਆਨੀ ਬਿਸ਼ਨ ਸਿੰਘ ਜੀ ਲਿਖਦੇ ਹਨ, ਕੁਝ ਮਸੰਦ ਹਾਜ਼ਰ ਨਹੀਂ ਹੋਏ ਤੇ ਕੁਝ ਸਜ਼ਾਵਾਂ ਮਿਲਦੀਆਂ ਵੇਖ ਕੇ ਭਜਣ ਵਿਚ ਸਫਲ ਹੋ ਗਏ ਸਨ। ਅਗਲੇ ਸਾਲ ਸੰਨ 1699 ਵੈਸਾਖੀ ਵਾਲੇ ਦਿਨ ਫਿਰ ਹੁਕਮਨਾਮਾ ਜਾਰੀ ਕੀਤਾ ਸੀ ਜਿਹੜੇ ਨੀਚਪੁਣੇ ਤੇ ਮਾੜੀਆਂ ਕਰਤੂਤਾਂ ਨਹੀਂ ਛਡਦੇ ਉਹਨਾਂ ਮਸੰਦਾ ਨਾਲ ਰੋਟੀ ਬੇਟੀ ਦਾ ਰਿਸ਼ਤਾ ਨਹੀਂ ਕਰਨਾ ਇਹ ਗੁਰੂ ਘਰ ਵੱਲੋਂ ਛੇਕੇ ਗਏ ਹਨ। ਜਿਹੜਾ ਇਹ ਮਸੰਦਾ ਨਾਲ ਰੋਟੀ ਬੇਟੀ ਦਾ ਰਿਸ਼ਤਾ ਕਰੇਗਾ ਉਹ ਸਾਡਾ ਸਿੱਖ ਨਹੀਂ ਹੋਵੇਗਾ ਤੇ ਸਜਾ ਦਾ ਹੱਕਦਾਰ ਹੋਵੇਗਾ।

ਸੋਧ ਕਰਕੇ ਇਹ ਸਿਲਸਿਲਾ ਹੀ ਬੰਦ ਕਰ ਦਿਤਾ ਅਤੇ ਹੁਕਮ ਦਿੱਤਾ ਕਿ ਸਿੱਖ ਆਪੋ ਆਪਣਾ ਦਸਵੰਧ ਤੇ ਕਾਰ-ਭੇਟਾ ਆਪ ਸਿੱਧੇ ਦਰਬਾਰ ਵਿਚ ਪਹੁੰਚਾ ਦਿਆ ਕਰਨ।

ਭਾਈ ਸਾਹਿਬ ਸਿੰਘ ਜੀ, ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ, ਭਾਈ ਮੋਹਕਮ ਸਿੰਘ ਜੀ, ਭਾਈ ਹਿੰਮਤ ਸਿੰਘ ਵੀ ਉਸ ਸਮੇਂ ਹਾਜ਼ਰ ਸਨ ਜਿਹੜੇ ਗੁਰੂ ਜੀ ਦਾ ਇਹ ਉੱਤਮ ਫੈਸਲਾ ਵੇਖ ਕੇ ਬਹੁਤ ਪ੍ਰਸੰਨ ਹੋਏ।

ਭਾਈ ਸਾਹਿਬ ਸਿੰਘ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨੀ

ਭਾਈ ਸਾਹਿਬ ਚੰਦ ਜੀ ਦੀ ਉਮਰ 24 ਸਾਲ ਦੀ ਹੋਈ ਤੇ ਬਾਰ੍ਹਾਂ ਸਾਲ ਦਾ ਸਮਾਂ ਗੁਰਚਰਨਾਂ ਵਿੱਚ ਗੁਰਮਤਿ ਪੜ੍ਹਦਿਆਂ ਹੋਇਆ। ਹੁਣ ਤਾਂ ਗੁਰੂ ਸਾਹਿਬ ਦੇ ਨਾਲ ਖੁੱਲ ਕੇ ਬਚਨ ਕਰਦੇ ਭਾਈ ਸਾਹਿਬ ਚੰਦ ਜੀ ਬੇਨਤੀ ਕਰਦੇ ਪਾਤਸ਼ਾਹ ਤੁਸੀ ਕਿਰਪਾ ਕਰਕੇ ਸਾਨੂੰ ਬ੍ਰਾਹਮਣ ਦੇ ਜੂਲੇ ਥੱਲੋਂ ਕੱਢ ਲਿਆ ਹੈ। ਹਿੰਦੂ ਵੀਰਾਂ ਦਾ ਸਾਰਾ ਜੀਵਨ ਬ੍ਰਾਹਮਣ ਦੀ ਅਗਵਾਈ ਦਾ ਮੁਥਾਜ ਰਹਿੰਦਾ ਹੈ। ਕਰਮਕਾਂਡ ਦਾ ਇਕ ਭਾਗ ਗੁੰਝਲਦਾਰ ਜਾਲ ਹਿੰਦੂ ਵੀਰਾਂ ਦੀ ਜ਼ਿੰਦਗੀ ਦੇ ਚੁਫੇਰੇ ਤਣਿਆ ਰਹਿੰਦਾ ਹੈ।

ਗੁਰੂ ਜੀ ਕਹਿਣ ਲੱਗੇ, "ਭਾਈ ਸਾਹਿਬ ਚੰਦ ਬੱਸ ਥੋੜਾ ਸਮਾਂ ਬਾਕੀ ਹੈ। ਅਸੀ ਆਪਣੇ ਸਿੱਖ ਨੂੰ ਪੂਰਨ ਆਜ਼ਾਦੀ ਦੇਣੀ ਹੈ, ਸਿੱਖ ਇਕ ਪ੍ਰਮਾਤਮਾ ਤੋਂ ਬਿਨਾਂ ਕਿਸੇ ਅੱਗੇ ਸੀਸ ਨਹੀਂ ਝੁਕਾਵੇਗਾ। ਇਸ ਨੂੰ ਅਕਾਲ ਪੁਰਖ ਦੀ ਫੌਜ ਦਾ ਰੂਪ ਦੇਣਾ ਹੈ। ਮੇਰਾ ਸਿੱਖ ਬ੍ਰਾਹਮਣਾਂ ਦੇ ਵੀ ਪਾਜ ਉਦੇੜਨ ਦੀ ਦਲੇਰੀ ਕਰੇਗਾ। ਛੂਤ-ਛਾਤ ਮੇਰੇ ਸਿੱਖ ਦੇ ਕੋਲ ਦੀ ਵੀ ਨਹੀਂ ਲੰਘ ਸਕਦਾ, ਭਰਮਾਂ ਤੇ ਭੁਲੇਖੇ ਤੋਂ ਦੂਰ ਰਹੇਗਾ। ਇਕ ਐਸਾ ਪੰਥ ਸਜਾਵਾਂਗਾ, ਜਾਤ ਅਭਿਮਾਨੀ ਜਿਨ੍ਹਾਂ ਨੂੰ ਚਿੱੜੀਆਂ ਦੱਸਦੇ ਹਨ। ਆਪਣੇ ਆਪ ਨੂੰ ਬਾਜ ਦੱਸਦੇ ਹਨ, ਮੇਰੀਆਂ ਇਹ ਚਿੜੀਆਂ ਬਾਜਾਂ ਨੂੰ ਮੂੰਹ ਭੰਨਵੀਂ ਹਾਰ ਦੇਣਗੀਆਂ ਜਿਨ੍ਹਾਂ ਨੂੰ ਇਹ ਸਦੀਆਂ ਤੋਂ ਪੈਰਾਂ ਹੇਠ ਲਤਾੜਦੇ ਆਏ ਹਨ ਉਹ ਹੁਣ ਇਹਨਾਂ 'ਤੇ ਰਾਜ ਕਰਨਗੇ। ਜਦੋਂ ਲੰਗਰ ਵਿਚ

ਇਕ ਕਤਾਰ ਵਿਚ ਬੈਠ ਕੇ ਸਭ ਨੇ ਪ੍ਰਸਾਦਿ ਛੱਕਿਆ ਤਾਂ ਵਰਨ ਵਿਤਕਰੇ ਦਾ ਲੱਕ ਹੀ ਤੋੜ ਕੇ ਰੱਖ ਦੇਣਾ ਹੈ।

ਜਿਸ ਦਿਨ ਦੀ ਉਡੀਕ ਕਰ ਰਹੇ ਸਨ ਉਹ ਦਿਨ ਆ ਗਿਆ। 30 ਮਾਰਚ ਸੰਨ 1699 ਦਾ ਪਹਿਲੀ ਵੈਸਾਖ ਸੰਮਤ 1756 ਵਿਚ ਖਾਲਸਾ ਪੰਥ ਦੀ ਸਾਜਨਾ ਕੀਤੀ।[1] ਉਹ ਭਾਗਾਂ ਵਾਲਾ ਦਿਨ ਆਇਆ ਤਾਂ ਭਾਈ ਸਾਹਿਬ ਸਿੰਘ ਨੇ ਪੂਰੇ ਪਰਿਵਾਰ ਸਮੇਤ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ। ਪਹਿਲੇ ਭਾਈ ਦਿਆ ਸਿੰਘ, ਦੂਜੇ ਭਾਈ ਧਰਮ ਸਿੰਘ, ਤੀਜੇ ਭਾਈ ਹਿੰਮਤ ਸਿੰਘ, ਚੌਥੇ ਭਾਈ ਮੋਹਕਮ ਸਿੰਘ ਤੇ ਪੰਜਵੇ ਪਿਆਰੇ ਭਾਈ ਸਾਹਿਬ ਸਿੰਘ ਪ੍ਰਵਾਨ ਹੋਏ।[2]

ਜਿਸ ਤਰ੍ਹਾਂ ਭਾਈ ਸਾਹਿਬ ਚੰਦ ਤੋਂ ਭਾਈ ਸਾਹਿਬ ਸਿੰਘ ਸੱਜ ਗਏ। ਇਸ ਤਰ੍ਹਾਂ ਬਾਕੀ ਪਰਿਵਾਰ ਨੇ ਅੰਮ੍ਰਿਤ ਦਾਤ ਪ੍ਰਾਪਤ ਕਰਕੇ ਨਾਵਾਂ ਵਿਚ ਤਬਦੀਲੀ ਆਈ।

ਪਿਤਾ ਗੁਰਨਰਾਇਣ ਸਿੰਘ ਅਤੇ ਮਾਤਾ ਅਨਕੰਪਾ ਕੌਰ ਘਰਵਾਲੀ ਬੀਬੀ ਨਿਰੰਜਨ ਕੌਰ ਜਿਨ੍ਹਾਂ ਦੀ ਉਮਰ ਸੰਨ 1699 ਵਿੱਚ 22 ਸਾਲ ਦੀ ਸੀ ਤੇ ਦੋ ਬੱਚਿਆਂ ਦੇ ਮਾਤਾ ਸਨ। ਵੱਡਾ ਸਪੁੱਤਰ ਗੁਰਦਿਆ ਸਿੰਘ ਤੇ ਛੋਟਾ ਭਾਈ ਗੁਰਲਾਲ ਸਿੰਘ ਜੀ। ਫਿਰ ਆਪ ਜੀ ਦੇ ਸਹੁਰਾ ਪਰਿਵਾਰ ਅੰਮ੍ਰਿਤ ਛੱਕਣ ਤੋਂ ਬਾਅਦ ਨਾਮ ਸਹੁਰਾ ਭਾਈ ਤੀਰਥ ਸਿੰਘ ਤੇ ਸੱਸ ਮਾਤਾ ਮਦਨ ਕੌਰ ਇਨ੍ਹਾਂ ਦੇ ਦੋ ਬੱਚੇ ਸਨ। ਇਕ ਬੀਬੀ ਨਿਰੰਜਨ ਕੌਰ ਸਪੁੱਤਰੀ ਤੇ ਦੂਜੇ ਭਾਈ ਰਣਜਿੱਤ ਸਿੰਘ ਜਿਨ੍ਹਾਂ ਦਾ ਵਿਆਹ ਬੀਬੀ ਬਸੰਤ ਕੌਰ ਨਾਲ ਹੋਇਆ ਸੀ। ਬੀਬੀ ਬਸੰਤ ਕੌਰ ਦੇ ਪਿਤਾ ਜੱਥੇਦਾਰ ਭਾਈ ਖ਼ੁਸ਼ਹਾਲ ਸਿੰਘ ਜੀ ਤੇ ਜੱਥੇਦਾਰਨੀ ਮਾਤਾ ਪ੍ਰਸੰਨ ਕੌਰ ਸਭ ਪਰਿਵਾਰ ਨੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ।

1. ਵਿਸਥਾਰ ਲਈ ਇਸ ਕਿਤਾਬ ਵਿਚ ਪੰਥ ਸਾਜਨਾ ਪੜ੍ਹੋ ਜੀ।
2. ਗੁਰਬਿਲਾਸ (ਸਿੰਘ ਸਾਗਰ) (ਕੋਇਰ ਸਿੰਘ) ਇਹ ਸਭ ਤੀਜਾ ਅਸਥਾਨ ਦਿੰਦੇ ਹਨ। ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ ਇਹਨਾਂ ਨੂੰ ਚੌਥਾ ਅਸਥਾਨ ਦਿੰਦੇ ਹਨ। ਗਿਆਨੀ ਬਿਸ਼ਨ ਸਿੰਘ ਤੇ ਅੱਜ ਦੇ ਪੰਥ ਵਿਦਵਾਨ ਪੰਜਵਾਂ ਅਸਥਾਨ ਦਿੰਦੇ ਹਨ। ਇਨ੍ਹਾਂ ਭਰਮਾਂ ਵਿਚ ਨਹੀਂ ਪੈਣਾ ਜਦੋਂ ਵੀ ਹਾਜ਼ਰ ਹੋਏ ਸਿੱਖੀ ਵਿਚ ਪ੍ਰਵਾਨ ਹੋਏ ਹਨ।

ਧੀ ਗੁਰਨੈਨ ਕੌਰ ਦਾ ਜਨਮ

ਫਿਰ ਕੁਝ ਸਮਾਂ ਪਾਕੇ ਭਾਈ ਸਾਹਿਬ ਸਿੰਘ ਦੇ ਘਰ ਸੰਤਾਨ ਆਈ ਬੀਬੀ ਨਿਰੰਜਨ ਕੌਰ ਦੀ ਕੁਖੋਂ ਇਕ ਬੱਚੀ ਨੇ ਜਨਮ ਲਿਆ। 25 ਜਨਵਰੀ ਸੰਨ 1701 ਨੂੰ ਬੱਚੀ ਗੁਰਨੈਨ ਕੌਰ ਦਾ ਘਰ ਵਿਚ ਆਉਣਾ ਹੋਇਆ। ਹੁਣ ਭਾਈ ਸਾਹਿਬ ਸਿੰਘ ਜੀ ਤਿੰਨ ਬੱਚਿਆਂ ਦੇ ਪਿਤਾ ਸਨ।

ਬੀਬੀ ਨਿਰੰਜਨ ਕੌਰ ਨੂੰ ਬਹਾਦਰ ਬੀਬੀ ਦਾ ਖਿਤਾਬ ਤੇ ਸ੍ਰੀ ਅਨੰਦਪੁਰ ਦੀ ਪਹਿਲੀ ਲੜਾਈ

ਆਪ ਦਾ ਪਰਿਵਾਰ ਬੀਬੀ ਨਿਰੰਜਨ ਕੌਰ ਜਿਥੇ ਸਹਿਣਸ਼ੀਲ ਸੰਤੋਖੀ ਸੁਭਾਅ, ਗ੍ਰਹਿਸਥੀ ਜੀਵਨ ਵਿਚ ਇਕ ਸੰਪੂਰਨ ਇਸਤਰੀ ਸੀ ਉਥੇ ਆਪ ਜੀ ਦੇ ਬੀਰ ਭਾਈ ਰਣਜਿੱਤ ਸਿੰਘ ਜੀ ਬੜੇ ਬਹਾਦਰ ਸਨ। ਬਹਾਦਰ ਵੀਰ ਦੀ ਭੈਣ ਨਿਰੰਜਨ ਕੌਰ ਵੀ ਬੜੇ ਵੱਡੇ ਹਿਰਦੇ ਵਾਲੇ ਸਨ, ਆਪਣੇ ਵੀਰ ਪਾਸੋਂ ਕ੍ਰਿਪਾਨ ਤੇ ਢਾਲ ਨਾਲ ਲੜਨਾ ਸਿਖਿਆ ਤੇ ਬੀਬੀ ਨਿਰੰਜਨ ਕੌਰ ਘੋੜ ਸਵਾਰੀ ਦੇ ਵੀ ਚੰਗੇ ਮਾਹਰ ਸਨ। ਕਈ ਵਾਰੀ ਭਾਈ ਰਣਜਿੱਤ ਸਿੰਘ ਦੇ ਨਾਲ ਦੋ ਹੱਥ ਕਰਕੇ ਦੱਸਿਆ ਸੀ ਕਿ ਮੈਂ ਵੀ ਗੁਰੂ ਗੋਬਿੰਦ ਸਿੰਘ ਦੀ ਧੀ ਹਾਂ। ਆਪ ਜੀ ਦੀ ਤਨ ਦੀ ਪੁਸ਼ਾਕ ਵੀ ਆਮ ਬੀਬੀ ਨਾਲੋਂ ਵੱਖਰੀ ਸੀ। ਆਪ ਜੀ ਸਿੰਘਾਂ ਵਾਲੇ ਬਾਣੇ ਹੀ ਪਾਉਂਦੇ ਸਨ, ਸੀਸ ਤੇ ਦਸਤਾਰ ਉਪਰ ਚੱਕਰ ਲੱਗੇ ਜੰਜੀਰ ਨਾਲ ਤੋੜਾ ਕਸਣਾ, ਤਨ ਦੇ ਬਸਤਰ ਨੀਲੇ ਜਾਂ ਪੀਲੇ ਅਤੇ ਚੂੜੀ ਦਾਰ ਪਜਾਮਾ। ਆਪ ਜੀ ਸਲਵਾਰ ਨਹੀਂ ਸਨ ਪਹਿਣਦੇ ਕਿਉਂਕਿ ਜੰਗ ਅਭਿਆਸ ਵਿਚ ਰੁਕਾਵਟ ਪਾਉਂਦੀ ਹੈ। ਇਸ ਲਈ ਖਾਲਸਾ ਅਕਾਲ ਪੁਰਖ ਦੀ ਫੌਜ ਬਣ ਕੇ ਤਿਆਰ-ਬਰ-ਤਿਆਰ ਰਹਿੰਦੇ ਸਨ।

ਕੁਝ ਸ਼ਬਦ ਸਿੱਖ ਇਤਿਹਾਸ ਨੇ ਸੰਭਾਲ ਕੇ ਰੱਖੇ ਹਨ। ਬੀਬੀ ਨਿਰੰਜਨ ਕੌਰ ਨੇ ਬੀਬੀਆਂ ਦੀ ਫੌਜ ਵੀ ਤਿਆਰ ਕੀਤੀ, ਜਿਸਦਾ ਜਰਨੈਲ ਖਾਲਸੇ ਦੀ ਮਾਤਾ ਸਾਹਿਬ ਕੌਰ ਨੂੰ ਥਾਪਿਆ ਗਿਆ ਸੀ। ਉਸ ਸਮੇਂ ਮਾਤਾ ਸਾਹਿਬ ਕੌਰ ਦੀ ਉਮਰ ਭਰ-ਜੋਬਨ ਸੀ ਤੇ ਆਪ ਜੀ ਖਾਲਸਾ ਪੰਥ ਸਾਜਣ ਤੋਂ ਇਕ ਸਾਲ

ਬਾਅਦ ਵਿਚ ਆਏ ਸਨ ਭਾਵ ਸੰਨ 1700 ਵਿੱਚ। ਮਾਤਾ ਸਾਹਿਬ ਕੌਰ ਨੂੰ ਸ਼ਸਤਰ ਵਿਦਿਆ ਤੇ ਘੋੜ ਸਵਾਰੀ ਵੀ ਬੀਬੀ ਨਿਰੰਜਨ ਕੌਰ ਨੇ ਹੀ ਸਿਖਾਈ ਸੀ। ਗੁਰੂ ਕੇ ਮਹਿਲ ਹੋਣ ਕਾਰਨ ਬੀਬੀ ਜੀ ਨੂੰ ਫੌਜ ਦੇ ਜਰਨੈਲ ਬਨਾਉਣ ਵਿਚ ਬਹੁਤ ਵੱਡਾ ਯੋਗਦਾਨ ਸੀ।

ਸ੍ਰੀ ਅਨੰਦਪੁਰ ਸਾਹਿਬ ਦੀ ਪਹਿਲੀ ਲੜਾਈ ਸੰਨ 1701 ਵਿੱਚ ਹੋਈ, ਜੋ ਪਹਾੜੀ ਰਾਜਿਆਂ ਨੇ ਤੇ ਔਰੰਗਜ਼ੇਬ ਦੇ ਭੇਜੇ ਜਰਨੈਲ ਪੈਂਦੇ ਖਾਂ ਅਤੇ ਦੀਨ ਬੇਗ਼ ਦੀ ਕਮਾਨ ਹੇਠ ਦਸ ਹਜ਼ਾਰ ਫੌਜ ਸ੍ਰੀ ਅਨੰਦਪੁਰ ਸਾਹਿਬ ਤੇ ਚੜ੍ਹਾਈ ਕੀਤੀ ਸੀ। ਇਨ੍ਹਾਂ ਨਾਲ ਰਾਜੇ ਕਹਿਲੂਰ, ਜਸਵਾਲ, ਸਿਰਮੌਰ ਆਦਿਕ ਰਿਆਸਤਾਂ ਦੇ ਰਾਜੇ ਵੀ ਆਪਣੀ-ਆਪਣੀ ਫੌਜਾਂ ਲੈ ਕੇ ਨਾਲ ਆ ਗਏ।

ਇਹ ਜੰਗ ਬੜਾ ਘਮਸਾਨ ਦਾ ਹੋਇਆ। ਇਸ ਵਿਚ ਪੈਂਦੇ ਖਾਂ ਨੇ ਸਤਿਗੁਰੂ ਜੀ ਨੂੰ ਆ ਵੰਗਾਰਿਆ। ਤੀਰ ਦੇ ਦੋ ਵਾਰ ਕੀਤੇ, ਪਰ ਦੋਵੇਂ ਖਾਲੀ ਗਏ। ਅਗਲਾ ਵਾਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤੀਰ ਨਾਲ ਕੀਤਾ, ਜੋ ਪੈਂਦੇ ਖਾਂ ਦੇ ਕੰਨ ਵਿੱਚੋਂ ਦੀ ਸਿਰ ਨੂੰ ਵਿੰਨ ਗਿਆ ਤੇ ਪੈਂਦੇ ਖਾਂ ਨੂੰ ਜ਼ਮੀਨ ਦੇ ਹਵਾਲੇ ਕਰ ਦਿੱਤਾ। ਪੈਂਦੇ ਖਾਂ ਦੀ ਮੌਤ ਮਗਰੋਂ ਪਹਾੜੀਏ ਬੇ-ਦਿਲ ਹੋ ਕੇ ਭੱਜ ਨਿਕਲੇ। ਦੀਨ ਬੇਗ਼ ਨੇ ਪੈਰ ਜਮਾਉਣ ਦੀ ਕੋਸ਼ਿਸ਼ ਕੀਤੀ ਪਰ ਉਸਦੇ ਵੀ ਪੈਰ ਉੱਖੜ ਗਏ। ਉਦੋਂ ਜਦੋਂ ਉਸਨੇ ਵੇਖਿਆ ਕਿ ਇਸ ਜੰਗ ਵਿਚ ਸਿੰਘਣੀ ਇਤਨੀ ਤੇਜ ਤੇਗ਼ ਚਲਾਉਂਦੀ ਮੇਰੀ ਫ਼ੌਜ ਨੂੰ ਗਾਜਰ-ਮੂਲੀ ਤਰ੍ਹਾਂ ਕੱਟਦੀ ਆ ਰਹੀ ਹੈ। ਉਹ ਬੀਬੀ ਸੀ ਨਿਰੰਜਨ ਕੌਰ ਤੇ ਦੂਜੇ ਪਾਸੇ ਭਾਈ ਰਣਜਿੱਤ ਸਿੰਘ ਜੀ ਤੇ ਪੰਜ ਪਿਆਰਿਆਂ ਨੇ ਇਹ ਜੰਗ ਫਤਹਿ ਕੀਤੀ। ਬੜੀ ਦੂਰ[1] ਤੱਕ ਮੁਗ਼ਲ ਫੌਜਾਂ ਨੂੰ ਦੌੜਾ ਦੌੜਾ ਕੇ ਮਾਰਿਆ।

ਗੁਰੂ ਗੋਬਿੰਦ ਸਿੰਘ ਜੀ ਨੇ ਜੰਗ ਜਿੱਤਣ ਤੋਂ ਬਾਅਦ ਸਭ ਨੂੰ ਇਨਾਮ ਦਿਤੇ ਤੇ ਬੀਬੀ ਨਿਰੰਜਨ ਕੌਰ ਨੂੰ ਬਹਾਦਰ ਬੀਬੀ[2] ਦਾ

1. ਖਾਲਸੇ ਨੇ ਖ਼ਿਦਰਾਬਾਦ (ਜ਼ਿਲ੍ਹਾ ਅੰਬਾਲਾ ਤਸੀਲ ਖਰੜ ਤਕ ਭਜਾਏ ਸਨ। ਉਥੇ ਹੁਣ ਇਕ ਯਾਦਗਾਰੀ ਗੁਰਦੁਆਰਾ ਬਣਿਆ ਹੋਇਆ ਹੈ।
2. ਗਿਆਨੀ ਬਿਸ਼ਨ ਸਿੰਘ ਜੀ ਬੀਬੀ ਨਿਰੰਜਨ ਕੌਰ ਬਾਰੇ ਲਿਖਦੇ ਹਨ:

ਸ਼ਸਤਰ ਤੇਗ ਚਲਾਵੇ ਨਿਰੰਜਨੀ, ਹੱਥ ਕਿਸੇ ਨਾ ਆਵੇ ਅੰਜਨੀ।
ਰਣ ਜਿਤ ਵੀਰ ਹੱਥ ਵਿਖਾਵੇ, ਉਸ ਭੀ ਉਹ ਫਤਹਿ ਪਾਵੇ।
ਸਿੰਘਣ ਬਾਣਾ ਤਨ ਤੇ ਰੱਖੇ, ਹਰਿ ਜਪ ਜਪ ਕਰਦੀ ਕਦੇ ਨਾ ਥੱਕੇ।
ਕਹੇ ਧੀ ਉਹ ਗੁਰੂ ਗੋਬਿੰਦ ਸਿੰਘ ਜਾਈ, ਸਭ ਸੰਗਤ ਤਬ ਸੀਸ ਨਿਵਾਈ।
ਕਰਿ ਸੇਵਾ ਸਿਮਰਨ ਸਿਦਕ ਨਿਵਾਵੇ, ਧੀ ਗੁਰਨੇਨ ਬਹੁ ਲਾਡ ਲਡਾਵੇ।

ਐਵਾਰਡ (ਭਾਵ ਸਨਮਾਨ) ਦਿੱਤਾ ਸੀ।

ਇਸ ਜੰਗ ਵਿਚ ਭਾਈ ਸਾਹਿਬ ਸਿੰਘ ਜੀ ਨੇ ਵੀ ਬਹੁਤ ਜੰਗੀ ਜੌਹਰ ਵਿਖਾਏ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਸਾਹਿਬ ਸਿੰਘ ਨੂੰ ਵੀ ਸਿਰੋਪਾਓ ਬਖਸ਼ਿਆ। ਭਾਈ ਸਾਹਿਬ ਸਿੰਘ ਦੇ ਰਿਸ਼ਤੇਦਾਰ ਭਾਈ ਰਣਜਿੱਤ ਸਿੰਘ ਜੀ ਨੇ ਦੁਸ਼ਮਣਾਂ ਦੇ ਆਹੂ ਲਾਹੇ। ਇਹ ਲਹੂ ਡੋਲਵੀਂ ਲੜਾਈ ਵਿਚ ਇਨ੍ਹਾ ਖੂਨ ਵਗਿਆ ਕਿ ਘੋੜੇ ਦੇ ਪੌੜ ਤਕ ਖੂਨ ਨਾਲ ਭਿੱਜ ਗਏ ਸਨ।

ਭਾਈ ਰਣਜਿੱਤ ਸਿੰਘ ਜੀ ਨੂੰ ਵੀ ਬਹਾਦਰ ਸਿਪਾਹੀ ਦਾ ਇਨਾਮ ਮਿਲਿਆ। ਇਸ ਜੰਗ ਵਿਚ ਭਾਈ ਤੀਰਥ ਸਿੰਘ ਜੀ ਨੇ ਵੀ ਬਹੁਤ ਵੱਡਾ ਯੋਗਦਾਨ ਪਾਇਆ। ਗੁਰੂ ਸਾਹਿਬ ਜੀ ਨੇ ਭਾਈ ਤੀਰਥ ਸਿੰਘ ਜੀ ਨੂੰ ਵੀ ਜਰਨੈਲ ਥਾਪਿਆ।

ਇਸ ਜੰਗ ਵਿਚ ਭਾਈ ਦਿਆ ਸਿੰਘ ਜੀ, ਭਾਈ ਧਰਮ ਸਿੰਘ ਜੀ, ਭਾਈ ਹਿੰਮਤ ਸਿੰਘ ਜੀ ਤੇ ਭਾਈ ਮੋਹਕਮ ਸਿੰਘ ਜੀ ਨੂੰ ਵੀ ਸਨਮਾਨਿਤ ਕੀਤਾ ਗਿਆ।

ਇਸ ਜੰਗ ਤੋਂ ਬਾਅਦ ਸਿੰਘਾਂ ਵਿਚ ਵੀ ਉਤਸ਼ਾਹ ਵੱਧ ਗਿਆ। ਪਹਾੜੀ ਰਾਜੇ ਤੇ ਮੁਗ਼ਲ ਫ਼ੌਜ ਮੂੰਹ ਦੀ ਖਾਕੇ ਨੱਸ ਗਏ ਤੇ ਪਛਤਾਵਾ ਕੀਤਾ। ਸਾਡੀ ਝੂਠੀ ਸ਼ਾਨ ਬਣੀ ਹੋਈ ਸੀ ਉਹ ਵੀ ਖ਼ਰਾਬ ਹੋਈ ਤੇ ਗ਼ਰੀਬ ਜਨਤਾ ਦੇ ਹੌਂਸਲੇ ਵੀ ਬੁਲੰਦ ਹੋਏ। ਜਿਨ੍ਹਾਂ ਨੂੰ ਅਸੀਂ ਸਦੀਆਂ ਤੋਂ ਖਾਂਦੇ ਆ ਰਹੇ ਸੀ ਉਹ ਹੁਣ ਸਾਨੂੰ ਖੋਟੀ ਕੌਡੀ ਵੀ ਨਹੀਂ ਦੇਣਗੇ ਅਤੇ ਅੰਦਰ ਡਰ ਪੈ ਗਿਆ ਕਿ ਕਿਤੇ ਸਾਡੀਆਂ ਰਿਆਸਤਾਂ ਖ਼ਤਮ ਹੀ ਨਾ ਹੋ ਜਾਣ। ਜੋ ਅੱਜ ਤਕ ਐਸ਼ੋ-ਆਰਾਮ ਦੀ ਜ਼ਿੰਦਗੀ ਗੁਜ਼ਾਰ ਰਹੇ ਸਨ ਉਨ੍ਹਾਂ ਨੂੰ ਗੁਲਾਮੀ ਦੀਆਂ ਜੰਜ਼ੀਰਾਂ ਗੱਲ ਪੈਂਦੀਆਂ ਦਿੱਸਣ ਲੱਗੀਆਂ।

ਇਤਿਹਾਸ ਵਿਚ ਇਸ ਲੜਾਈ ਨੂੰ ਸ੍ਰੀ ਅਨੰਦਪੁਰ ਸਾਹਿਬ ਦੀ ਪਹਿਲੀ[1] ਲੜਾਈ ਦਾ ਨਾਮ ਮਿਲਿਆ ਹੈ।

1. ਇਹ ਲੜਾਈ 22 ਮਾਰਚ ਸੰਨ 1701 ਵਿਚ ਹੋਈ ਇਸ ਬਾਰੇ ਇੱਕੋ ਜਿਹੀਆਂ ਵਿਚਾਰਾਂ ਹਨ। ਗਿਆਨੀ ਬਿਸ਼ਨ ਸਿੰਘ ਜੀ, ਗਿਆਨੀ ਪਾਖਰ ਸਿੰਘ, ਪ੍ਰਿ: ਸੋਭਾ ਸਿੰਘ ਜੀ ਤੇ ਪ੍ਰੋ: ਸਾਹਿਬ ਸਿੰਘ ਜੀ ਬੱਸ ਥੋੜੇ ਥੋੜੇ ਬਚਨਾਂ ਦਾ ਫੇਰ ਹੈ ਬਾਕੀ ਸਭ ਇਕ ਹੀ ਵਿਚਾਰ ਹੈ।

ਭਾਈ ਸਾਹਿਬ ਸਿੰਘ ਦੇ ਸੁਆਲ ਗੁਰੂ ਗੋਬਿੰਦ ਸਿੰਘ ਦੇ ਜਵਾਬ, ਸ੍ਰੀ ਅਨੰਦਪੁਰ ਸਾਹਿਬ ਵਿੱਚ

ਸ੍ਰੀ ਅਨੰਦਪੁਰ ਸਾਹਿਬ ਦੀ ਦੂਜੀ ਲੜਾਈ ਵਿਚ ਭਾਈ ਸਾਹਿਬ ਸਿੰਘ ਦੀ ਅਮਰ ਭੂਮਿਕਾ ਹੈ। ਇਹ ਯੁੱਧ ਲਗਭਗ 13 ਨਵੰਬਰ, ਸੰਨ 1701-8 ਮੱਘਰ ਸੰਮਤ 1758 ਵਿਚ ਹੋਇਆ। ਇਹ ਜੰਗ ਤਿੰਨ ਦਿਨ ਤਕ ਚੱਲਿਆ। ਉਸ ਸਮੇਂ ਭਾਈ ਸਾਹਿਬ ਸਿੰਘ ਦੀ ਉਮਰ 26 ਸਾਲ 10 ਦਿਨ ਦੀ ਸੀ।

ਭਾਈ ਸਾਹਿਬ ਸਿੰਘ ਜੀ ਨੇ ਬੇਨਤੀ ਕੀਤੀ, "ਪਾਤਸ਼ਾਹ ਜੀ ਆਪ ਜੀ ਨੇ ਕਿਸੇ ਰਾਜੇ ਦੀ ਜ਼ਮੀਨ ਨਹੀਂ ਮੱਲੀ, ਕਿਸੇ ਦਾ ਧੰਨ ਨਹੀਂ ਲੁੱਟਿਆ। ਨਾ ਹੀ ਰਾਵਣ ਜਾਂ ਕੰਸ ਦੀ ਤਰ੍ਹਾਂ ਚੀਰ ਹਰਨ ਕੀਤਾ। ਬਲਕਿ ਹਿੰਦੂ ਇਸਤਰੀ ਦੀ ਇਤਨੀ ਇੱਜ਼ਤ ਕੀਤੀ ਕਿ ਉਨ੍ਹਾਂ ਦੀਆਂ ਇੱਜ਼ਤਾਂ ਬਚਾਕੇ ਉਨ੍ਹਾਂ ਦੇ ਘਰ ਛੱਡ ਕੇ ਆਉਂਦੇ ਹਨ। ਆਪ ਜੀ ਦੇ ਸਿੰਘਾਂ ਨੇ ਬਿਨਾਂ ਕਾਰਨ ਪਹਿਲਾਂ ਕਿਸੇ ਤੇ ਹਮਲਾ ਨਹੀਂ ਕੀਤਾ। ਹਰ ਵਾਰੀ ਤੁਸੀ ਆਪਣੀ ਰੱਖਿਆਂ ਵਾਸਤੇ ਹਮਲਾ ਕਰਨ ਵਾਲੇ ਦਾ ਟਾਕਰਾ ਕਰਦੇ ਰਹੇ ਹੋ। ਜੇਕਰ ਕਿਤੇ ਲੋੜ ਪਈ ਤੇ ਕਿਸੇ ਮਾੜੇ ਦੀ ਮਦਦ ਕਰਨ ਵਾਸਤੇ ਮੈਦਾਨ ਵਿਚ ਉਤਰੇ ਹੋ। ਆਪ ਜੀ ਅਮਨ ਦੇ ਚਾਹਵਾਨ ਹੋ, ਫਿਰ ਕੇਸਰੀ ਚੰਦ, ਅਜਮੇਰ ਚੰਦ ਤੇ ਜਗਤੁੱਲਾ ਵਰਗੇ ਮੂਰਖ ਇਨਸਾਨ ਕਿਉਂ ਸਾਡੇ ਤੇ ਚੜ੍ਹਾਈ ਕਰਕੇ ਆਉਂਦੇ ਹਨ?

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿਣ ਲੱਗੇ, ਭਾਈ ਸਾਹਿਬ ਜੀ ਤੁਸੀਂ ਬਹੁਤ ਸੋਹਣਾ ਸੁਆਲ ਕੀਤਾ ਹੈ। ਪਰ ਗੁਰੂ ਜੀ ਕਹਿਣ ਲੱਗੇ ਕਿ ਕੋਈ ਸ਼ੇਰ-ਹਿਰਨ ਦੇ ਪਿੱਛੇ ਦੌੜ ਕੇ ਉਸਨੂੰ ਮਾਰ ਕੇ ਖਾਣਾ ਚਾਹੁੰਦਾ ਹੈ। ਉਸ ਵਿਚ ਕੋਈ ਆਕੇ ਹਿਰਨ ਦੀ ਜਾਨ ਬਚਾਵੇ ਸ਼ੇਰ ਨੂੰ ਗੁੱਸਾ ਜ਼ਰੂਰ ਆਵੇਗਾ। ਹੋ ਸਕਦਾ ਹੈ ਉਹ ਬਚਾਉਣ ਵਾਲੇ 'ਤੇ ਹਮਲਾ ਕਰੇ।

"ਦੋ ਮਨੁੱਖ ਅੱਗੇ ਤੇ ਦੋ ਮਨੁੱਖ ਪਿੱਛੇ ਇਕ ਵਹਿਗੀਂ (ਛੋਟੀ ਪਾਲਕੀ) ਦੇ ਉਤੇ ਇਕ ਆਦਮੀ ਆਰਾਮ ਨਾਲ ਸੁੱਤਾ ਪਿਆ ਹੋਵੇ

ਤੇ ਉਸ ਦੀ ਨੀਂਦ ਵਿੱਚ ਕੋਈ ਰੁਕਾਵਟ ਪਾਵੇ ਤੇ ਉਸ ਨੂੰ ਆਖੇ ਤੂੰ ਵੀ ਮਨੁੱਖ ਹੈ, ਉੱਠ ਅਤੇ ਜਿਹੜੇ ਖ਼ੂਨ ਪਸੀਨਾ ਇੱਕ ਕਰੀ ਜਾ ਰਹੇ ਹਨ ਇਹ ਵੀ ਮਨੁੱਖ ਹਨ। ਤੂੰ ਥੱਲੇ ਉਤਰ ਆਪ ਪੈਦਲ ਚੱਲ ਮਨੁੱਖਾਂ ਤੇ ਕਹਿਰ ਨਾ ਕਰ। ਉਸ ਸੇਠ ਆਦਮੀ ਨੂੰ ਵੀ ਗੁੱਸਾ ਆਵੇਗਾ ਕਿਉਂਕਿ ਉਸਦੇ ਆਰਾਮ ਵਿੱਚ ਵਿਘਨ ਪੈ ਗਿਆ, ਉਹ ਸੱਚ ਦੀ ਅਵਾਜ਼ ਵਾਲੇ 'ਤੇ ਚੜ੍ਹਾਈ ਕਰੇਗਾ।

ਇਸ ਤਰ੍ਹਾਂ ਭਾਈ ਸਾਹਿਬ ਸਿੰਘ ਜੀ ਸਦੀਆਂ ਤੋਂ ਜਿਨ੍ਹਾਂ ਨੂੰ ਉਹ ਪੈਰਾਂ ਹੇਠ ਲਤਾੜਦੇ ਆਏ ਹਨ। ਮਜ਼ਬੀ, ਚਮਾਰ, ਨਾਈ, ਛੀਬੇਂ, ਜੱਟ, ਝੀਊਰਾਂ ਦਾ ਖ਼ੂਨ ਚੂਸਦੇ, ਮਾਲੀਆ ਲਗਾਉਂਦੇ, ਉਹਨਾਂ ਗਰੀਬਾਂ ਦੇ ਸਿਰ ਤੇ ਆਰਾਮ ਫਰਮਾਉਂਦੇ ਆਏ ਹਨ। ਇੱਜ਼ਤਾਂ ਲੁੱਟਣੀਆਂ, ਮੂੰਹ ਵਿੱਚ ਥੁੱਕਣਾ, ਗੰਦਗੀ ਸਾਫ਼ ਕਰਾਉਣੀ, ਮਨ ਆਈਆਂ ਕਰਨੀਆਂ, ਕਿਸੇ ਗ਼ਰੀਬ ਕੋਲੋਂ ਕੋਈ ਛੋਟੀ ਜਹੀ ਗ਼ਲਤੀ ਹੋ ਜਾਵੇ ਉਸ ਨੂੰ ਵੱਡੀ ਸੱਜ਼ਾ ਦੇਣੀ, ਘੋੜੇ ਮਗਰ ਬੰਨ ਕੇ ਘਸੀਟਣਾ, ਹਾਥੀ ਦੇ ਪੈਰਾਂ ਥੱਲੇ ਕੁਚਲਨਾ। ਇਤਨਾ ਭਾਰੀ ਤਸ਼ੱਦਦ ਕਰਨਾ ਫਿਰ ਵੀ ਕਿਸੇ ਦੀ ਜੁਰਅੱਤ ਨਹੀਂ ਸੀ ਹੁੰਦੀ ਕਿ ਤੁਸੀਂ ਕੀ ਕੀਤਾ ਹੈ? ਕਹਿਣ ਦੀ। ਜੇ ਕੋਈ ਕਹੈ ਤਾਂ ਉਸ ਨੂੰ ਵੀ ਉਹੀ ਸਜ਼ਾ ਦਿੱਤੀ ਜਾਂਦੀ।

ਹੁਣ ਜਿਨ੍ਹਾਂ ਨੂੰ ਚੂੰਡ ਚੂੰਡ ਖਾਂਦੇ ਸਨ ਉਹ ਵੀ ਸੁੱਖਾਂ ਵਾਲਾ ਜੀਵਨ ਮਾਣ ਰਹੇ ਹਨ, ਨੀਵੀਆਂ ਜਾਤਾਂ ਵਾਲਿਆਂ ਨੂੰ ਸਰਦਾਰੀਆਂ ਦਿੱਤੀਆਂ ਹਨ। ਉੱਚ ਜਾਤੀ ਵਾਲਿਆਂ ਦੇ ਬਰਾਬਰ ਬੈਠ ਕੇ ਭੋਜਨ ਛੱਕਦੇ ਹਨ।

ਪਹਾੜੀ ਰਾਜਿਆਂ ਨੂੰ ਕਿਵੇਂ ਚੈਨ ਆਵੇ? ਇਹ ਹੁਣ ਸਹੇ ਨੂੰ ਨਹੀਂ, ਉਹ ਤਾਂ ਹੁਣ ਪਹੇ ਨੂੰ ਰੋਂਦੇ ਹਨ। ਪਿਛਲੀ ਲੜਾਈ ਵਿਚ ਪਹਾੜੀ ਸੈਨਾ ਦੀ ਕਮਾਨ ਰਾਜਿਆਂ ਦੇ ਆਪਣੇ ਹੱਥ ਵਿਚ ਸੀ। ਪਰ ਖ਼ਾਲਸੇ ਦੀ ਕਮਾਨ ਉਨ੍ਹਾਂ ਦੇ ਹੱਥ ਵਿਚ ਸੀ ਜਿਨ੍ਹਾਂ ਨੂੰ ਇਹ ਰਾਜੇ ਨਾਈ, ਛੀਬੇਂ, ਮਜ਼ਬੀ, ਚਮਾਰ, ਝੀਊਰ, ਜੱਟ ਸਮਝਦੇ ਸਨ (ਭਾਵ ਨਿਕੰਮੇ ਤੇ ਡਰਪੋਕ) ਰਾਜਿਆਂ ਨੂੰ ਹੁਣ ਇਹ ਤੌਖਲਾ ਪਿਆ ਕਿ ਜੇ ਉਨ੍ਹਾਂ ਦੀ ਆਪਣੀ ਗ਼ਰੀਬ ਜਨਤਾ ਵੀ ਸਿੰਘ ਬਣਨ ਲੱਗ

ਪਈ ਤਾਂ ਇਹ ਹਕੂਮਤ ਤੇ ਮੌਜਾਂ ਕਿੱਥੇ ਰਹਿਣਗੀਆਂ। ਜੋ ਅਸੀਂ ਮਨ ਆਈਆਂ ਕਰਦੇ ਹਾਂ, ਸਭ ਜਗ ਆਈਆਂ ਕਰਨੀਆਂ ਪੈਣਗੀਆਂ। ਹੁਣ ਇਹ ਰਾਜੇ ਬਿਪਤਾ ਵਿਚ ਫੱਸ ਗਏ ਹਨ।

ਭਾਈ ਸਾਹਿਬ ਸਿੰਘ ਜੀ ਸਾਨੂੰ ਵੀ ਹੁਣ ਕੋਈ ਵੀ ਕੁਰਬਾਨੀ ਦੇਣੀ ਪੈ ਜਾਵੇ ਅਸੀ ਸੰਸਾਰ ਨੂੰ ਸੁਖ ਦਿਤੇ ਬਿਨਾਂ ਨਹੀਂ ਬੈਠਾਂਗੇ। ਕਵੀ ਜੀ ਨੇ ਫੁਰਮਾਇਆ ਹੈ: (ਕਵਿੱਤ)

ਹਿਰਨ ਦੋੜਾਏ, ਸ਼ੀਹ ਮਾਰ ਖਾਏ, ਰੋਕੇ ਕੋਈ ਤਾਹੇ ਭਵਕ ਦਿਖਾਵਈ।
ਬੈਂਗੀ ਮੱਥੇ ਸੇਠ ਸੋਵੈ, ਕੋਈ ਆਖੇ ਪੈ ਚੱਲ, ਭਰਕੇ ਗਰੂਰ ਤਾਹੇ ਉਹ ਦਿਖਾਵਈ।
ਨਾਈ ਛੀਬੇਂ ਜੱਟ ਝੀਊਰ, ਮਾਲੀਆ ਲਗਾਏ ਰਹੇ, ਖੂਨ ਚੂਸ ਚੂਸ ਸ਼ਾਹ ਲੋਕ ਖਵਾਈ।
ਘੋੜਿਆ ਘਸੀਟ ਪਾਛੈ, ਕੁੰਚਰ ਕੁਚਲ ਕੁਚਲ ਮੱਧ ਰੱਤੇ ਸੰਡ ਹਵਾ ਮੇ ਹਲਾਵਈ।
ਹਾਏ ਹਾਏ ਰੋਵਦੇ, ਸੁਣੈ ਨਾ ਪੁਕਾਰ ਕੋਈ, ਆਪ ਪ੍ਰਾਣ ਪਤ ਆ ਮੁਕਤ ਕਰਾਵਈ।
ਤਹ ਪਾਪੀ ਪਾਪ, ਰੋਕੇ ਕੋਈ ਮਹਾਬਲੀ, ਚਾਂਦਨੀ ਚੌਕ ਤਾਹੇ ਸੀਸ ਦੇਣ ਜਾਵਈ।
ਤਾਹੇ ਸਾਹਿਬ ਸਿੰਘ, ਦਵੈ ਇੱਕ ਰੂਪ ਭਯੋ, ਜਾਤ ਪਾਤ ਊਚ ਨੀਚ ਰੂਪ ਹੀ ਮਿਟਾਵਈ।
ਬਿਨਾ ਕੁਰਬਾਨੀ, ਰੋਕੇ ਨਾ ਰੁਕੇ ਕੋਈ, ਸਰਬੰਸ ਦਾਨ ਕਰ, ਸੁੱਖ ਸ਼ਾਤੀ ਲਿਆਵਈ।
ਪੰਜ ਕਕਾਰ ਧਾਰ, ਚਾਰ ਕੁਰੈਹਿਤ ਵਰਜ, ਅਕਾਲ ਪੁਰਖ ਕੀ ਫੌਜ ਬਣਵਾਈ।
ਕਹੈ ਜਗਦੀਸ਼ ਈਸ ਗੁਰ ਗੋਬਿੰਦ ਸਿੰਘ ਪਾਪੀ ਕੋ ਮਾਰ, ਧਰਮ ਯੁੱਧ ਹੀ ਨਿਬਾਵਈ।

ਇਹ ਸਭ ਕੁਝ ਸਾਹਿਬ ਸਿੰਘ ਜੀ ਨੇ ਸਰਵਨ ਕੀਤਾ ਤਾਂ ਭਾਈ ਸਾਹਿਬ ਦੀ ਰਸਨਾ ਵਿਚੋਂ ਆਪ ਮੁਹਾਰੇ ਬੋਲ ਆਏ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਧੰਨ ਗੁਰੂ ਗੋਬਿੰਦ ਸਿੰਘ ਜੀ।

ਸ੍ਰੀ ਅਨੰਦਪੁਰ ਸਾਹਿਬ ਦੀ ਦੂਜੀ ਲੜਾਈ ਪਹਿਲੇ ਦੋ ਦਿਨ ਦਾ ਜ਼ਿਕਰ ਹੈ

ਸਾਰੇ ਪਹਾੜੀ ਰਾਜਿਆਂ ਨੇ ਫੈਸਲਾ ਕੀਤਾ ਕਿ ਬਾਹਰੋਂ ਮਦਦ ਨਾ ਲਈ ਜਾਏ। ਸਾਰੇ ਹੀ ਪਹਾੜੀ ਰਾਜੇ ਮਿਲ ਕੇ ਸ੍ਰੀ ਅਨੰਦਪੁਰ ਦਾ ਖੁਰਾ-ਖੋਜ ਮਿਟਾ ਦੇਵਾਂਗੇ। ਸਾਰੇ ਪਾਸਿਓਂ ਘੇਰਾ ਪਾ ਲਿਆ, ਫੌਜ ਦੇ ਜਰਨੈਲ ਤਾਇਨਾਤ ਕਰ ਦਿੱਤੇ ਅਤੇ ਰਾਜੇ ਆਪ ਹੱਲਾ-ਸ਼ੇਰੀ ਦੇ ਰਹੇ ਸਨ। ਕੇਸਰੀ ਚੰਦ, ਅਜਮੇਰ ਚੰਦ, ਜਗਤੁੱਲਾ ਵਰਗੇ, ਘੁਮੰਡ ਚੰਦ ਘੁਮੰਡੀ ਹੋਏ ਫਿਰਦੇ ਸਨ ਕਿ ਅਸੀਂ ਹੁਣੇ ਹੀ ਸ੍ਰੀ ਅਨੰਦਪੁਰ ਨੂੰ ਸਰ ਕਰ ਲਵਾਂਗੇ।

ਦੂਜੇ ਪਾਸੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਰਨੈਲ ਅਲੱਗ ਅਲੱਗ ਕਿਲਿਆਂ ਵਿਚ ਫ਼ੌਜ ਤਿਆਰੀ ਕਰਕੇ ਬੈਠੇ ਸਨ। ਕਿਲਾ ਫ਼ਤਹਿਗੜ੍ਹ ਦੀ ਰਾਖੀ ਵਾਸਤੇ ਜਰਨੈਲ ਸ਼ੇਰ ਸਿੰਘ ਤੇ ਨਾਹਰ ਸਿੰਘ ਦੋਹਾਂ ਦੇ ਮਾਤਹਿਤ ਪੰਜ ਪੰਜ ਸੋ ਸਿੰਘਾਂ ਦੇ ਜੱਥੇ ਸਨ।

ਕਿਲਾ ਲੋਹਗੜ੍ਹ ਦੀ ਰਾਖੀ ਵਾਸਤੇ ਜਰਨੈਲ ਉਦੈ ਸਿੰਘ ਦੇ ਹਵਾਲੇ ਸੀ। ਦੁਨੀ ਚੰਦ ਮਸੰਦ ਵੀ ਪੰਜ ਸੌ ਸਿੰਘਾਂ ਦੇ ਜੱਥੇ ਲੈ ਕੇ ਹਾਜ਼ਰ ਹੋਇਆ ਸੀ। ਉਸ ਨੂੰ ਵੀ ਉਦੈ ਸਿੰਘ ਦੀ ਫ਼ੌਜ ਵਿਚ ਮਿਲਾ ਦਿੱਤਾ ਗਿਆ।

ਸਾਹਿਬਜ਼ਾਦਾ ਅਜੀਤ ਸਿੰਘ ਜੀ ਦੀ ਉਮਰ ਤਾਂ ਭਾਵੇਂ ਛੋਟੀ ਸੀ ਪਰ ਕੱਦ ਉੱਚਾ ਲੰਬਾ ਸੀ। ਉਹ ਵੀ ਡੇਢ ਦੌ ਜਵਾਨਾਂ ਦਾ ਜੱਥਾ ਲੈ ਕੇ ਗੁਰੂ ਜੀ ਦੇ ਚਰਨਾਂ ਵਿੱਚ ਹਾਜ਼ਰ ਹੋਇਆ ਤੇ ਯੁੱਧ ਦੀ ਆਗਿਆ ਮੰਗੀ। ਪਾਤਸ਼ਾਹ ਨੇ ਬੜੀ ਖੁਸ਼ੀ ਪ੍ਰਗਟ ਕਰਦਿਆਂ ਹੁਕਮ ਕੀਤਾ ਕਿ, "ਲਾਲ ਜੀ ਮੈਨੂੰ ਅੱਜ ਤੇਰੇ ਤੇ ਮਾਣ ਹੈ ਤੂੰ ਵੱਡਿਆਂ ਦੇ ਪਾਏ ਪੂਰਨੇ ਤੇ ਚੱਲ ਕੇ ਆਪ ਹਾਜ਼ਰ ਹੋਇਆ ਹੈਂ। ਹਰ ਸਿੱਖ ਦਾ ਫਰਜ਼ ਹੈ ਧਰਮ ਯੁੱਧ ਵਿੱਚ ਹਿੱਸਾ ਲੈਣਾ।"

ਸਤਿਗੁਰੂ ਜੀ ਦੇ ਅੰਗ ਰੱਖਿਅਕ ਫੌਜ ਭਾਈ ਦਿਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੋਹਕਮ

ਸਿੰਘ ਤੇ ਭਾਈ ਸਾਹਿਬ ਸਿੰਘ, ਭਾਈ ਰਣਜਿੱਤ ਸਿੰਘ, ਭਾਈ ਤੀਰਥ ਸਿੰਘ, ਭਾਈ ਮਾਨ ਸਿੰਘ ਹੋਰ ਵੀ ਮਹਾਨ ਯੋਧੇ ਤਿਆਰ ਸਨ ਕਿ ਦੁਸ਼ਮਣ ਸਿਗੜੀ ਛੇੜਨ ਤੇ ਦੋ ਹੱਥ ਵਿਖਾਈਏ ਸਿੰਘਾਂ ਦੇ ਡੌਲੇ ਫਰਕ ਰਹੇ ਸਨ ਤਾਂ ਰਾਜਿਆਂ ਨੇ ਪਹਿਲ ਕੀਤੀ ਨਗਾਰੇ ਤੇ ਚੋਟ ਲਗਾਈ। ਇੱਧਰ ਸਿੰਘਾਂ ਨੇ ਰਣਜੀਤ ਨਗਾਰਾ ਜਦੋਂ ਵਜਾਇਆ ਤਾਂ ਸਾਰੀਆਂ ਪਹਾੜੀਆਂ ਗੂੰਜ ਉੱਠੀਆਂ ਤਾਂ ਘਮਸਾਨ ਦਾ ਯੁੱਧ ਆਰੰਭ ਹੋਇਆ।

ਦੂਜੇ ਦਿਨ ਫਿਰ ਯੁੱਧ ਸ਼ੁਰੂ ਹੋਇਆ, ਜਿੱਤ ਦੀ ਬਾਜ਼ੀ ਸਿੰਘਾਂ ਦੇ ਨਾਮ ਰਹੀ। ਤੀਜਾ ਦਿਨ ਅਜਮੇਰ ਚੰਦ ਮੰਡੀ ਦਾ ਰਾਜਾ ਸੁਲ੍ਹਾ ਕਰਨੀ ਚਾਹੁੰਦਾ ਸੀ ਪਰ ਕੇਸਰੀ ਚੰਦ ਨੇ ਹੰਕਾਰ ਵਿਚ ਆ ਕੇ ਕਿਹਾ, ਲਉ ਮੈਂ ਰੋਜ਼ ਰੋਜ਼ ਦਾ ਯੱਬ ਨਿਬੇੜਦਾ ਹਾਂ। ਮੇਰਾ ਖ਼ੂਨੀਂ ਹਾਥੀ ਸ਼ਰਾਬ ਪਿਲਾਕੇ ਤਿਆਰ ਕਰਕੇ ਉਸ ਦੇ ਮੱਥੇ ਉਤੇ ਤਵੇ ਬੰਨ੍ਹ ਕੇ ਤੇ ਸੁੰਡ ਨਾਲ ਤਲਵਾਰ ਬੰਨ ਕੇ ਕੱਲ ਸਵੇਰੇ ਕਿਲੇ ਉਤੇ ਚੜ੍ਹਾ ਦੇਵਾਂਗਾ। ਉਹ ਸਿੰਘਾਂ ਨੂੰ ਤਲਵਾਰ ਨਾਲ ਤੇ ਪੈਰਾਂ ਥੱਲੇ ਕੁਚਲ ਕੁਚਲ ਕੇ ਖ਼ਤਮ ਕਰੇਗਾ।

ਗੁਰੂ ਗੋਬਿੰਦ ਸਿੰਘ ਜੀ ਵਲੋਂ, ਦੂਨੀ ਚੰਦ ਨੂੰ ਹਾਥੀ ਨਾਲ ਲੜਨ ਦਾ ਹੁਕਮ

ਉੱਧਰ ਇਹ ਖ਼ਬਰ ਗੁਰੂ ਜੀ ਤੱਕ ਵੀ ਪਹੁੰਚਾ ਦਿੱਤੀ ਕਿ ਸਵੇਰੇ ਤੀਜੇ ਦਿਨ ਖ਼ੂਨੀਂ ਹਾਥੀ ਮੁਕਾਬਲਾ ਕਰੇਗਾ। ਸਾਰੇ ਯੋਧੇ ਇਕੱਠੇ ਬੈਠੇ ਸਨ ਤਾਂ ਗੁਰੂ ਜੀ ਦੀ ਨਜ਼ਰ ਦੂਨੀ ਚੰਦ 'ਤੇ ਪਈ ਜੋ ਤਕਰੀਬਨ ਸੱਤ ਫੁੱਟਾ ਜਵਾਨ ਸੀ ਤੇ ਬਹੁਤ ਮੋਟਾ ਵੀ ਸੀ, ਹਾਥੀ ਦਾ ਛੋਟਾ ਭਰਾ ਲੱਗਦਾ ਸੀ।

ਪਾਤਸ਼ਾਹ ਕਹਿਣ ਲੱਗੇ, ਕੋਈ ਘਬਰਾਹਟ ਨਹੀਂ, ਉਸ ਖ਼ੂਨੀ ਹਾਥੀ ਦਾ ਮੁਕਾਬਲਾ ਸਾਡਾ ਭਾਈ ਦੂਨੀ ਚੰਦ ਕਰੇਗਾ। ਇਹ ਸੁਣ ਕੇ ਸਾਰੇ ਯੋਧੇ ਖੁਸ਼ੀ ਨਾਲ ਵਾਹ-ਵਾਹ ਪੁਕਾਰ ਉੱਠੇ ਤੇ ਕਈਆਂ ਨੇ ਤਾਂ ਜੈਕਾਰਿਆਂ ਨਾਲ ਪ੍ਰਵਾਨਗੀ ਵੀ ਦੇ ਦਿੱਤੀ। ਪਰ ਭਾਈ ਦੂਨੀ

ਚੰਦ ਦੇ ਸਿਰ ਵਿਚ ਸੌ ਘੜਾ ਪਾਣੀ ਦਾ ਪੈ ਗਿਆ। ਉਸ ਸਮੇਂ ਕੁਝ ਨਹੀਂ ਬੋਲਿਆ, ਪਰ ਡਿੱਗੇ ਹੌਂਸਲੇ ਨਾਲ ਸਭ ਸਿੰਘਾਂ ਪਾਸ ਜਾਂਦਾ ਹੈ। ਜਦੋਂ ਭਾਈ ਸਾਹਿਬ ਸਿੰਘ ਦੇ ਕੋਲ ਗਿਆ ਤਾਂ ਭਾਈ ਸਾਹਿਬ ਜੀ ਕਹਿਣ ਲੱਗੇ ਤੁਸੀਂ ਮਹਾਨ ਪੁਰਸ਼ ਭਾਈ ਸਾਲ੍ਹੋ ਜੀ[1] ਦੇ ਪੋਤਰੇ ਹੋ। ਸਾਰੀ ਕੌਮ ਅੰਦਰ ਤੁਹਾਡਾ ਸਤਿਕਾਰ ਹੈ, ਨਾਲੇ ਤੁਸੀਂ ਨਹੀਂ ਲੜਨਾ ਤੁਹਾਡੇ ਵਿਚ ਗੁਰੂ ਦੀ ਸ਼ਕਤੀ ਨੇ ਲੜਨਾ ਹੈ ਤੇ ਜਿੱਤ ਤੁਹਾਡੀ ਹੋਣੀ ਹੈ। ਤੁਸੀਂ ਆਪਣੇ ਮਨ ਨੂੰ ਨਾ ਡੁਲਾਵੋ, ਕੀਰਤਨ ਸੋਹਿਲੇ ਦਾ ਪਾਠ ਕਰਕੇ ਅਰਦਾਸ ਕਰੋ, ਗੁਰੂ ਜੀ ਆਪਨੇ ਸੇਵਾ ਬਖ਼ਸ਼ੀ ਹੈ ਉਸ ਨੂੰ ਅੰਮ੍ਰਿਤ ਵੇਲੇ ਆਪ ਪੂਰੀ ਕਰਵਾ ਲੈਣੀ।

ਪਰ ਦੁਨੀ ਚੰਦ ਦਾ ਮੰਨ ਨਾ ਮੰਨਿਆ। ਫਿਰ ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਪਾਸ ਜਾਂਦਾ ਹੈ ਤੇ ਕਹਿੰਦਾ ਹੈ, ਭਾਈ ਸਾਹਿਬ ਤੁਸੀਂ ਸਿਆਣੇ ਹੋ, ਬੰਦੇ ਨਾਲ ਬੰਦਾ ਲੜ ਸਕਦਾ ਹੈ, ਭਲਾ ਹਾਥੀ ਨਾਲ ਆਦਮੀ ਦਾ ਕੀ ਮੁਕਾਬਲਾ।

ਭਾਈ ਦਇਆ ਸਿੰਘ ਜੀ ਕਹਿਣ ਲੱਗੇ, "ਦੁਨੀ ਚੰਦ ਗੁਰੂ ਤੇ ਭਰੋਸਾ ਕਰ। ਪਾਤਸ਼ਾਹ ਨੇ ਤੇਰੇ ਤੇ ਮੇਹਰ ਦੀ ਨਜ਼ਰ ਕਰਕੇ ਦੱਸ ਹਾਥੀਆਂ ਦਾ ਬਲ ਤੈਨੂੰ ਬਖਸ਼ ਦੇਣਾ ਹੈ।" ਭਾਈ ਧਰਮ ਸਿੰਘ ਕਹਿਣ ਲੱਗੇ, "ਜੇ ਗੁਰੂ ਚਾਹੇ ਤਾਂ ਤੂੰ ਇਕੱਲਾ ਹੀ ਪੂਰੀ ਫ਼ੌਜ ਦਾ ਮੁਕਾਬਲਾ ਕਰ ਸਕਦਾ ਹੈ।"

ਜਦੋਂ ਦੁਨੀ ਚੰਦ ਨੇ ਦੇਖਿਆ ਕਿ ਏਥੇ ਵੀ ਮੇਰੀ ਦਾਲ ਨਹੀਂ ਗਲਦੀ। ਤਾਂ ਭਾਈ ਉਦੈ ਸਿੰਘ ਕੋਲ ਗਿਆ ਤਾਂ ਉਥੇ ਭਾਈ ਸਾਹਿਬ ਸਿੰਘ ਜੀ ਵੀ ਪਹੁੰਚ ਗਏ। ਭਾਈ ਉਦੈ ਸਿੰਘ ਥੋੜੇ ਗਰਮ ਮਿਜ਼ਾਜ ਦੇ ਸਨ, ਕਹਿੰਦੇ ਦੁਨੀ ਚੰਦਾ ਕਿਉਂ ਮੌਤ ਕੋਲੋਂ ਡਰਦਾ ਹੈਂ, ਮੌਤ ਤਾਂ ਘਰ ਬੈਠਿਆਂ ਨੂੰ ਵੀ ਨਹੀਂ ਛੱਡਦੀ। ਜੇਕਰ ਹਾਥੀ ਨਾਲ ਲੜਦਾ ਸ਼ਹੀਦ ਹੋਵੇਂਗਾ ਤਾਂ ਰਹਿੰਦੀ ਦੁਨੀਆਂ ਤਕ ਤੈਨੂੰ ਲੋਕ ਯਾਦ ਕਰਨਗੇ। ਚਾਰੇ ਪਾਸੇ ਦੁਸ਼ਮਣ ਦਾ ਘੇਰਾ ਹੈ ਜੇ ਇਥੋਂ ਦੌੜਦਿਆਂ ਮਰ ਗਿਆ, ਲੋਕ ਤੈਨੂੰ ਬੇਮੁੱਖ ਕਹਿਣਗੇ। ਜੇ ਮਰਨਾ ਹੀ ਹੈ ਤਾਂ

1. ਭਾਈ ਸਾਲ੍ਹੋ ਜੀ ਦਾ ਜੀਵਨ ਸੰਖੇਪ ਇਤਿਹਾਸ ਇਸ ਪੁਸਤਕ ਦੇ 68 ਪੇਜ ਤੇ ਲਿਖਿਆ ਹੈ ਜਨਮ ਤੋਂ ਦੇਹਾਂਤ ਤਕ।

ਸੂਰਮਿਆਂ ਵਾਲੀ ਮੌਤ ਮਰ, ਢਾਈ ਤਿੰਨ ਮਣ ਦਾ ਤੇਰਾ ਸਰੀਰ ਹੈ। ਹਾਥੀ ਨੇ ਤਾਂ ਤੈਨੂੰ ਵੇਖ ਕੇ ਹੀ ਭੱਜ ਜਾਣਾ ਹੈ। ਜਦੋਂ ਵੇਖਿਆ ਇਥੇ ਵੀ ਕੋਈ ਗੱਲ ਨਹੀਂ ਬਣਦੀ ਤਾਂ ਜਿਹੜੇ ਉਸ ਦੇ ਨਾਲ ਆਏ ਸਨ ਉਨ੍ਹਾਂ ਨੂੰ ਕਿਹਾ, ਤੁਸੀ ਘਬਰਾਓ ਨਾ ਆਪਾਂ ਧੀਰ ਮੱਲ ਨੂੰ ਗੁਰੂ ਥਾਪ ਕੇ ਦੋਨੋਂ ਪਾਸਿਓਂ ਚੋਪੜੀਆਂ ਖਾਵਾਂਗੇ ਤੇ ਰਾਤੋ ਰਾਤ ਕਿਲ੍ਹੇ ਵਿਚੋਂ ਭੱਜ ਚਲੀਏ।

ਦੂਨੀ ਚੰਦ ਦਾ ਬੇਮੁੱਖ ਹੋ ਕੇ ਨੱਸਣਾ

ਦੂਨੀ ਚੰਦ ਆਪਣੇ ਸਾਥੀਆਂ ਨਾਲ ਭੱਜਣ ਦੀ ਤਿਆਰੀ ਕਰ ਰਿਹਾ ਸੀ ਤਾਂ ਭਾਈ ਮੋਹਕਮ ਸਿੰਘ ਜੀ ਆਣ ਪਹੁੰਚੇ। ਕਹਿਣ ਲੱਗੇ ਦੂਨੀ ਚੰਦ ਜੀ ਮੈਨੂੰ ਪਤਾ ਲੱਗਾ ਤੁਸੀ ਸਵੇਰੇ ਹਾਥੀ ਨਾਲ ਮੁਕਾਬਲਾ ਕਰਨਾ ਹੈ। ਘਬਰਾਈ ਨਾ ਮੈਂ ਵੀ ਤੇਰੇ ਨਾਲ ਹੋਵਾਂਗਾ ਆਪਾਂ ਰੱਲ ਕੇ ਹਾਥੀ ਨੂੰ ਪਿਛੇ ਪੈਰੀ ਮੋੜਾਂਗੇ, ਕਹਿਕੇ ਚਲੇ ਗਏ। ਇਕ ਵਾਰ ਮਨ ਡੋਲ ਜਾਏ ਤਾਂ ਆਦਮੀ ਕਦੋਂ ਖਲੋਂਦਾ ਹੈ, ਫਿਰ ਤਾਂ ਬੱਸ ਢਹਿੰਦੀਆਂ ਕਲਾਂ ਵੱਲ ਮਨ ਜਾਂਦਾ ਹੈ।

ਅੱਧੀ ਰਾਤ ਦੇ ਸਮੇਂ ਦੂਨੀ ਚੰਦ ਆਪਣੇ ਕੁੱਝ ਸਾਥੀਆਂ ਸਣੇ ਕਿਲ੍ਹੇ ਦੇ ਪਿਛਲੇ ਪਾਸਿਓਂ ਰੱਸਿਆਂ ਰਾਹੀਂ ਕੰਧ ਤੋਂ ਹੇਠਾਂ ਉਤਰਨ ਲੱਗ ਪਏ। ਦੂਨੀ ਚੰਦ ਦਾ ਸਰੀਰ ਸਾਡੇ ਤਿੰਨ ਮਣ ਦਾ ਸੀ (130 ਕਿਲੋ)। ਬਹੁਤ ਭਾਰਾ ਸਰੀਰ ਹੋਣ ਕਾਰਨ ਜਦੋਂ ਉਹ ਉਤਰਨ ਲੱਗਾ ਤਾਂ ਅੱਧ ਵਿਚੋਂ ਰੱਸਾ ਟੁੱਟ ਗਿਆ ਦੂਨੀ ਚੰਦ ਧਰਤੀ 'ਤੇ ਆ ਡਿੱਗਾ।

ਆਪਣੇ ਹੀ ਭਾਰ ਨਾਲ ਉਹਦੀ ਲੱਤ ਟੁੱਟ ਗਈ। ਸਾਥੀਆਂ ਨੇ ਉਹਨੂੰ ਮੰਜੇ 'ਤੇ ਪਾ ਲਿਆ ਤੇ ਰਾਤ ਦੇ ਹਨ੍ਹੇਰੇ ਦੀ ਓਟ ਲੈ ਕੇ ਦੁਸ਼ਮਣ ਦੇ ਘੇਰੇ ਵਿਚੋਂ ਨਿਕਲ ਗਏ।

ਦੂਨੀ ਚੰਦ ਦਾ ਅਸਲੀ ਪਿੰਡ ਤਾਂ ਮਜੀਠਾ ਸੀ, ਪਰ ਉਸਨੇ ਰਿਹਾਇਸ਼ ਸ੍ਰੀ ਅੰਮ੍ਰਿਤਸਰ ਰੱਖੀ ਹੋਈ ਸੀ। ਲੁੱਕਦਾ ਲੁੱਕਦਾ ਅਗਲੇ ਦਿਨ ਰਾਤ ਨੂੰ ਪਹੁੰਚਿਆ। ਘਰ ਪਹੁੰਚਣ ਤੋਂ ਪਹਿਲਾਂ ਹੀ ਖ਼ਬਰਾਂ ਪਹੁੰਚ ਗਈਆਂ ਕਿ ਇਹ ਸਾਥੀਆਂ ਸਮੇਤ ਗੁਰੂ

ਵੱਲੋਂ ਬੇਮੁਖ ਹੋ ਕੇ ਨੱਸ ਆਏ ਹਨ। ਸੰਗਤਾਂ ਉਨ੍ਹਾਂ ਨੂੰ ਵੇਖ ਕੇ ਮੂੰਹ ਫੇਰ ਲੈਂਦੀਆਂ।

ਕਈ ਲੋਕ ਤਾਂ ਤਾਹਨੇ-ਮਿਹਣੇ ਦੇਂਦੇ। ਸ਼ਰਮ ਦੇ ਮਾਰੇ ਦੂਨੀ ਚੰਦ ਨੇ ਸੰਗਤਾਂ ਦੇ ਮੱਥੇ ਲੱਗਣਾ ਛੱਡ ਦਿਤਾ। ਸੰਗਤਾਂ ਉਹਨੂੰ ਗੁਰੂ ਕਾ ਬੇਮੁੱਖ ਤੇ ਬੇਦਾਵੀਆ ਕਹਿੰਦੀਆਂ। ਉਸਦੇ ਨਾਲ ਆਉਣ ਵਾਲੇ ਸਿੱਖ ਵੀ ਲੋਕਾਂ ਦੇ ਤਾਹਨੇ-ਮਿਹਣੇ ਸੁਣ ਕੇ ਸੋਚਦੇ ਕਿ ਉਨ੍ਹਾਂ ਨੇ ਇਹ ਬੱਜਰ ਗਲਤੀ ਕੀਤੀ ਹੈ। ਅਜਿਹੇ ਪਸ਼ਚਾਤਾਪ ਕਰ ਰਹੇ ਸਨ ਤਾਂ ਅਗਲੇ ਦਿਨ ਸਵੇਰੇ ਖ਼ਬਰ ਮਿਲੀ ਕਿ ਦੂਨੀ ਚੰਦ ਨੂੰ ਰਾਤੀ ਸੱਪ ਡੱਸ ਗਿਆ। ਜਿਸ ਕਾਰਨ ਉਸਦੀ ਮੌਤ[1] ਹੋ ਗਈ। (ਮੂਸਾ ਭੱਜਾ ਮੌਤ ਤੋਂ ਅੱਗੇ ਮੌਤ ਖੜੀ) ਦੂਨੀ ਚੰਦ ਦੀ ਮੌਤ ਸੁਣ ਕੇ ਨਾਲ ਆਏ ਸਾਥੀ ਸਾਰੇ ਵਾਪਸ ਸ੍ਰੀ ਅਨੰਦਪੁਰ ਸਾਹਿਬ ਮੁੜ ਗਏ ਤੇ ਜਾ ਸਤਿਗੁਰਾਂ ਪਾਸੋਂ ਮੁਆਫੀ ਮੰਗੀ। ਜ਼ਿੰਦਗੀ ਖ਼ਾਤਰ ਦੂਨੀ ਚੰਦ ਗੁਰੂ ਤੋਂ ਬੇਮੁੱਖ ਹੋਇਆ ਸੀ ਜ਼ਿੰਦਗੀ ਉਸਤੋਂ ਬੇਮੁੱਖ ਹੋ ਗਈ। ਸੂਰਮਿਆਂ ਵਾਲੀ ਮੌਤ ਨਾ ਮਿਲੀ ਬੁੱਜਦਿਲਾਂ ਵਾਲੀ ਮੌਤ ਨੇ ਆ ਘੇਰਾ ਪਾਇਆ।

ਭਾਈ ਉਦੇ ਸਿੰਘ ਦੇ ਸੁਆਲ ਭਾਈ ਸਾਹਿਬ ਸਿੰਘ ਦੇ ਜਵਾਬ ਅੰਮ੍ਰਿਤ ਛੱਕਣਾ ਕਿਉਂ ਜ਼ਰੂਰੀ ਹੈ?

ਅਗਲੇ ਦਿਨ ਸ੍ਰੀ ਅਨੰਦਪੁਰ ਸਾਹਿਬ ਦੇ ਸਾਰੇ ਸਿੰਘਾਂ ਨੂੰ ਖ਼ਬਰ ਮਿਲੀ ਕਿ ਦੂਨੀ ਚੰਦ ਅੱਧੀ ਰਾਤ ਆਪਣੇ ਸਾਥੀਆਂ ਸਮੇਤ ਕਿਲ੍ਹੇ ਦੇ ਪਿੱਛੇ ਦੀ ਰੱਸਿਆਂ ਰਾਹੀਂ ਉਤਰ ਕੇ ਭੱਜਣ ਵਿੱਚ ਸਫਲ ਹੋ ਗਿਆ। ਹੁਣ ਸਿੰਘਾਂ ਵਿਚ ਇਸ ਗੱਲ ਦੀ ਚਰਚਾ ਫੈਲੀ ਤਾਂ ਭਾਈ ਉਦੇ ਸਿੰਘ ਜੀ ਸਾਹਿਬ ਸਿੰਘ ਜੀ ਨੂੰ ਕਹਿਣ ਲੱਗੇ ਇਹ ਦੂਨੀ ਚੰਦ ਕਿਉਂ ਨੱਠ ਗਿਆ? ਕੋਈ ਉਸਨੂੰ ਇਕੱਲੇ ਨੂੰ ਥੋੜਾ

1. ਦੂਨੀ ਚੰਦ ਦੀ ਮੌਤ 20 ਨਵੰਬਰ ਸੰਨ 1701 ਵਿੱਚ ਹੋਈ। ਪਿਤਾ ਚਮਨ ਚੰਦ, ਮਾਤਾ ਦਾਮਨੀ ਦੇਵੀ ਦੇ ਦੁੱਧ ਨੂੰ ਦਾਗ਼ ਲਾ ਗਿਆ। ਘਰ ਵਾਲੀ ਸਰੂਪ ਦੇਵੀ ਨੂੰ ਤੇ ਪੁੱਤਰ ਅਮਨ ਚੰਦ ਨੂੰ ਬੇਮੁੱਖ ਦਾ ਪੁੱਤਰ ਨਾਮ ਦੇ ਗਿਆ। ਆਖਿਰ ਪੋਤਰੇ ਸਰਦਾਰ ਅਨੂਪ ਸਿੰਘ ਤੇ ਸਰੂਪ ਸਿੰਘ ਨੇ ਇਸ ਕਾਲਖ ਦੇ ਦਾਗ਼ ਨੂੰ ਧੋਇਆ। ਸ੍ਰੀ ਸਤਿਗੁਰੂ ਜੀ ਪਾਸੋਂ ਮੁਆਫੀ ਮੰਗੀ, ਖੁਲ੍ਹੇ ਦਿਲ ਵਾਲੇ ਗੁਰੂ ਨੇ ਸਾਰੀਆਂ ਭੁੱਲਾਂ ਮਾਫ਼ ਕਰਕੇ ਚਰਨੀ ਲਾਇਆ।

ਹਾਥੀ ਅੱਗੇ ਭੇਜਣਾ ਸੀ, ਪਿੱਛੇ ਸਾਰੀ ਖ਼ਾਲਸਾ ਫ਼ੌਜ ਨੇ ਜਾਣਾ ਸੀ, ਫਿਰ ਉਸਨੂੰ ਇਤਨਾ ਹੌਂਸਲਾ ਵੀ ਦਿੱਤਾ ਫਿਰ ਵੀ ਉਹ ਬੁੱਜਦਿਲਾਂ ਵਾਂਗ ਭੱਜ ਗਿਆ।

ਭਾਈ ਸਾਹਿਬ ਸਿੰਘ ਜੀ ਕਹਿਣ ਲੱਗੇ, ਪਹਿਲੀ ਗੱਲ ਤਾਂ ਉਸਨੇ ਅਜੇ ਅੰਮ੍ਰਿਤ ਦੀ ਦਾਤ ਪ੍ਰਾਪਤ ਨਹੀਂ ਕੀਤੀ ਸੀ। ਗੁਰੂ ਜੀ, ਗੁਰੂ ਜੀ ਕਹਿੰਦਾ ਸੀ ਪਰ ਗੁਰੂ ਵਾਲਾ ਅਜੇ ਬਣਿਆ ਨਹੀਂ ਸੀ। ਬਿਨਾਂ ਅੰਮ੍ਰਿਤ ਤੋਂ ਗੁਰੂ ਦੀ ਸ਼ਕਤੀ ਹਿਰਦੇ ਅੰਦਰ ਨਹੀਂ ਵਿਰਾਜਦੀ। ਉਸ ਮਨੁੱਖ ਨੂੰ ਕਦੇ ਭਰੋਸਾ, ਯਕੀਨ, ਵਿਸ਼ਵਾਸ ਗੁਰੂ ਦੇ ਕਹਿਣ 'ਤੇ ਨਹੀਂ ਆਉਂਦਾ। ਉਸਦਾ ਮਨ ਡਾਵਾਂ-ਡੋਲ ਰਹਿੰਦਾ ਹੈ। ਜਿਹੜੇ ਆਦਮੀ ਨੇ ਅੰਮ੍ਰਿਤ ਨਹੀਂ ਛੱਕਿਆ ਉਹ ਪਹਿਲੇ ਹੀ ਗੁਰੂ ਦੇ ਹੁਕਮ ਤੋਂ ਬਾਹਰ ਹੈ ਭਾਵ ਹੁਕਮ ਤੋਂ ਨੱਠਿਆ ਹੈ, ਜੇ ਹੁਣ ਨੱਠ ਗਿਆ ਤਾਂ ਕਿਹੜੀ ਵੱਡੀ ਗੱਲ ਹੈ।

ਜੇਕਰ ਭਾਈ ਉਦੈ ਸਿੰਘ ਜੀ ਸੱਚ ਪੁੱਛੋ ਤਾਂ ਜਿਸਨੇ ਅੰਮ੍ਰਿਤਪਾਨ ਨਹੀਂ ਕੀਤਾ ਉਸ 'ਤੇ ਯਕੀਨ ਕਰਨਾ ਹੀ ਔਖਾ ਹੈ, ਕੀ ਪਤਾ ਕਿਸ ਵੇਲੇ ਬਦਲ ਜਾਵੇ। ਹੋ ਸਕਦਾ ਹੈ ਕਿ ਦੁਨੀ ਚੰਦ ਗੁਰੂ ਜੀ ਪਾਸ ਵੱਡੀਆਂ ਵੱਡੀਆਂ ਫੜਾਂ ਮਾਰਦਾ ਰਹਿੰਦਾ ਸੀ ਪਾਤਸ਼ਾਹ ਨੇ ਉਸਦੀ ਪਰੀਖਿਆ ਵਾਸਤੇ ਹੀ ਉਸਦਾ ਨਾਮ ਲਿਆ ਹੋਵੇ ਅਤੇ ਬਾਕੀ ਸਿੰਘਾਂ ਨੂੰ ਦਿਖਾਉਣ ਵਾਸਤੇ ਕਿ ਜਿਹੜੇ ਅੰਮ੍ਰਿਤ ਨਹੀਂ ਛੱਕਦੇ ਉਨ੍ਹਾਂ ਅੰਦਰ ਬੁਜਦਿਲੀ ਵੱਸੀ ਰਹਿੰਦੀ ਹੈ ਤੇ ਉਹ ਹਮੇਸ਼ਾ ਮੌਤ ਤੋਂ ਡਰਦੇ ਰਹਿੰਦੇ ਹਨ।

ਸਿੰਘ ਅਜਿਹੇ ਬਚਨ ਕਰ ਰਹੇ ਸਨ ਤਾਂ ਭਾਈ ਹਿੰਮਤ ਸਿੰਘ ਨੇ ਆ ਦੱਸਿਆ ਕਿ ਜਦੋਂ ਦੁਨੀ ਚੰਦ ਦੇ ਭੱਜਣ ਦੀ ਖ਼ਬਰ ਗੁਰੂ ਕਲਗੀਧਰ ਪਾਤਸ਼ਾਹ ਤਕ ਗਈ ਤਾਂ ਗੁਰੂ ਜੀ ਨੇ ਆਖਿਆ ਕਿ ਕੀ ਹੋਇਆ ਜੇ ਦੁਨੀ ਚੰਦ ਭੱਜ ਗਿਆ। ਅਸੀਂ ਤਾਂ ਉਸਦਾ ਭਲਾ ਕਰਨਾ ਚਾਹੁੰਦੇ ਸਾਂ ਉਹ ਭਲਾ ਕਰਾ ਨਾ ਸਕਿਆ। ਕਾਲ ਬਲਵਾਨ ਹੈ ਉਸਦੇ ਸਿਰ ਉੱਪਰ ਮੰਡਰਾ ਰਿਹਾ ਹੈ, ਉਸ ਮੂਰਖ ਨੂੰ ਸਮਝ ਨਹੀਂ ਹੈ।

ਹੁਣ ਉਸ ਖੂਨੀ ਹਾਥੀ ਦਾ ਮੁਕਾਬਲਾ ਸਾਡਾ ਬੱਬਰ ਸ਼ੇਰ

ਭਾਈ ਬੱਚਿਤ੍ਰ ਸਿੰਘ ਕਰੇਗਾ। ਸੁਣਦਿਆਂ ਸਾਰ ਭਾਈ ਬਚਿੱਤ੍ਰ ਸਿੰਘ ਜੀ ਛਾਲ ਮਾਰਕੇ ਉਠ ਖਲੋਤਾ ਤੇ ਗੁਰੂ ਜੀ ਨੇ ਉਸ ਨੂੰ ਪਿੱਠ ਉੱਤੇ ਥਾਪੜਾ ਦਿੱਤਾ ਤੇ ਦੱਸ ਤਵੇ ਚੀਰਨ ਵਾਲੀ ਨਾਗਣੀ (ਬਰਛਾ) ਬਖਸ਼ਿਆ।

ਭਾਈ ਉਦੈ ਸਿੰਘ ਤੇ ਭਾਈ ਸਾਹਿਬ ਸਿੰਘ ਦੇ ਰਸਨਾ ਤੋਂ ਨਿਕਲਿਆ, ਵਾਹ-ਵਾਹ ਭਾਈ ਬੱਚਿਤ੍ਰ ਸਿੰਘ ਤੁਸੀ ਕੰਮ ਵੀ ਬੱਚਿਤ੍ਰ ਕਰਨਾ ਹੈ। ਸ਼ਕਤੀ ਤਾਂ ਸਭ ਗੁਰੂ ਨੇ ਬਖ਼ਸ਼ੀ ਹੈ ਤੇ ਜਿੱਤ ਤੇਰੇ ਨਾਮ ਨਾਲ ਹੋਣੀ ਹੈ।

ਸਾਰੇ ਯੋਧਿਆਂ ਦੀ ਫ਼ੌਜ ਤਿਆਰ ਸੀ। ਭਾਈ ਮੋਹਕਮ ਸਿੰਘ ਨੇ ਬੇਨਤੀ ਕੀਤੀ, ਗੁਰੂ ਜੀ ਮੈਂ ਰਾਤੀ ਦੂਨੀ ਚੰਦ ਨੂੰ ਬਚਨ ਦਿੱਤਾ ਸੀ ਕਿ ਤੇਰੇ ਨਾਲ ਸੱਜੀ ਬਾਂਹ ਬਣ ਕੇ ਹਾਥੀ ਦਾ ਮੁਕਾਬਲਾ ਮੈਂ ਵੀ ਕਰਾਂਗਾ, ਪਰ ਉਹ ਤਾਂ ਬੇਮੁੱਖ ਹੋ ਗਿਆ ਹੈ। ਜੇਕਰ ਆਪ ਜੀ ਦੀ ਆਗਿਆ ਹੋਵੇ ਤਾਂ ਮੈਂ ਆਪਣੇ ਵੀਰ ਭਾਈ ਬੱਚਿਤ੍ਰ ਸਿੰਘ ਨਾਲ ਅੱਗੇ ਵੱਧ ਕੇ ਟਾਕਰਾ ਕਰ ਲਵਾਂ ਖ਼ੂਨੀ ਹਾਥੀ ਦਾ। ਗੁਰੂ ਪਾਤਸ਼ਾਹ ਕੁਝ ਕਹਿਣ ਵਾਲੇ ਸਨ ਤਾਂ ਭਾਈ ਬੱਚਿਤ੍ਰ ਸਿੰਘ ਨੇ ਭਾਈ ਮੋਹਕਮ ਸਿੰਘ ਨੂੰ ਬੇਨਤੀ ਕੀਤੀ, ਭਾਈ ਸਾਹਿਬ ਤੁਹਾਨੂੰ ਮੇਰੇ 'ਤੇ ਭਰੋਸਾ ਨਹੀਂ ਹੈ ਇਸ ਸੇਵਾ ਨੂੰ ਤਾਂ ਮੈਂ ਇਕੱਲਾ ਹੀ ਨਿਭਾਵਾਂਗਾ। ਜੇਕਰ ਆਪ ਜੀ ਦੇ ਮਨ ਵਿਚ ਚਾਹ ਹੈ ਤਾਂ ਮੇਰੇ ਘੋੜੇ ਦੇ ਪਿੱਛੇ ਆਉਣਾ। ਪਹਿਲਾ ਵਾਰ ਗੁਰੂ ਦੀ ਦਿੱਤੀ ਮੱਤ ਅਨੁਸਾਰ ਮੈਂ ਕਰਾਂਗਾ ਫਿਰ ਤੁਸੀ ਵੀ ਇਸ ਜੰਗ ਵਿਚ ਹਿੱਸਾ ਪਾ ਲੈਣਾ। ਐਸੇ ਵੀਰ-ਰਸ ਭਰੇ ਬੋਲ ਸਿੰਘਾਂ ਦੇ ਸੁਣ ਕੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਬਹੁਤ ਪ੍ਰਸੰਨ ਹੋਏ।

ਉੱਧਰ ਪਾਪੀ ਕੇਸਰੀ ਚੰਦ ਨੇ ਆਪਣੇ ਖ਼ੂਨੀ ਹਾਥੀ ਨੂੰ ਰੱਜਵੀਂ ਸ਼ਰਾਬ ਪਿਲਾਈ ਅਤੇ ਉਸਦੇ ਮੱਥੇ ਉੱਤੇ ਲੋਹੇ ਦੇ ਤਵੇ ਬੀੜ ਦਿੱਤੇ। ਉਸਦੀ ਸੁੰਡ ਨਾਲ ਤਲਵਾਰ ਬੰਨ੍ਹ ਦਿੱਤੀ ਗਈ ਤੇ ਉੱਪਰ ਮਹਾਵਤ ਵੀ ਸ਼ਰਾਬ ਨਾਲ ਰੱਜ ਕੇ ਬੈਠਾ ਸੀ, ਬੁ-ਰੁ-ਰੁ-ਰ ਬੁ-ਰੁ-ਰੁ-ਰੁ ਕਰਕੇ ਕਹਿੰਦਾ ਸੀ ਅੱਜ ਅਨੰਦਪੁਰ ਸਰ (ਜਿੱਤ) ਕਰ ਦੇਣਾ ਹੈ।

ਅੱਗੇ ਅੱਗੇ ਹਾਥੀ ਤੇ ਪਿੱਛੇ ਪਿੱਛੇ ਕੇਸਦੀ ਚੰਦ ਦੀਆਂ ਫੌਜਾਂ ਆ ਰਹੀਆਂ ਸਨ। ਪੂਰੇ ਜ਼ੋਰ 'ਤੇ ਕਿ ਅੱਜ ਅਸੀਂ ਅਨੰਦਪੁਰ ਜਿੱਤਣਾ ਹੈ।

ਇੱਧਰ ਸਭ ਤੋਂ ਅੱਗੇ ਗੁਰੂ ਦੀ ਅਸੀਸ ਲੈ ਕੇ ਭਾਈ ਬੱਚਿਤ੍ਰ ਸਿੰਘ ਉਸ ਤੋਂ ਪਿਛੇ ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ, ਭਾਈ ਹਿੰਮਤ ਸਿੰਘ, ਭਾਈ ਦਿਆ ਸਿੰਘ, ਭਾਈ ਉਦੇ ਸਿੰਘ ਅਤੇ ਭਾਈ ਜੀਵਨ ਸਿੰਘ। ਇਸ ਤਰ੍ਹਾਂ ਸਿੰਘ ਜਰਨੈਲ ਪੂਰੀ ਤਿਆਰੀ ਨਾਲ ਰਣਜੀਤ ਨਗਾਰਾ ਦਡ਼ੰਮ-ਦਡ਼ੰਮ ਵੱਜਾ ਰਿਹਾ ਸੀ, ਜੈਕਾਰਿਆਂ ਨਾਲ ਆਸਮਾਨ ਗੂੰਜ ਰਿਹਾ ਸੀ।

ਹਾਥੀ ਨੇੜੇ ਆ ਪੁੱਜਾ ਤਾਂ ਗੁਰੂ ਕੇ ਯੋਧੇ ਭਾਈ ਬੱਚਿਤ੍ਰ ਸਿੰਘ ਨੇ ਹਾਥੀ ਦੇ ਮੱਥੇ ਉਤੇ ਨਾਗਣੀ (ਬਰਛੇ) ਦਾ ਵਾਰ ਕੀਤਾ। ਇਹ ਬੱਟਾਂ ਵਾਲਾ ਬਰਛਾ ਲੋਹੇ ਦੇ ਤਵੇ ਚੀਰ ਕੇ ਗਿੱਠ ਭਰ ਹਾਥੀ ਦੇ ਮੱਥੇ ਵਿਚ ਧੱਸ ਗਿਆ। ਵਾਪਸ ਖਿੱਚਦਿਆਂ ਸਾਰ ਸ਼ੇਰ ਦੀ ਲੰਬੀ ਪੂਛ ਵਰਗੀ ਖੂਨ ਦੀ ਧਾਰਾ ਬਾਹਰ ਆਈ। ਨਾਲ ਹੀ ਹਾਥੀ ਦੇ ਅਗਲੇ ਪੈਰਾਂ ਦੀਆਂ ਗੋਡਣੀ ਲੱਗ ਗਈ, ਉਸ ਨਾਲ ਉੱਪਰ ਬੈਠਾ ਮਹਾਵਤ ਮੂੰਹ ਪਰਨੇ ਆ ਡਿੱਗਾ। ਹਾਥੀ ਪੀੜ ਦਾ ਮਾਰਿਆ ਚਾਂਗਰਾ ਮਾਰਦਾ ਪਿਛੇ ਵੱਲ ਉੱਠ ਭੱਜਿਆ। ਉਸ ਦੇ ਪੈਰ ਹੇਠ ਆਕੇ ਮਹਾਵਤ ਮਰ ਗਿਆ। ਹਾਥੀ ਬੇਕਾਬੂ ਹੋ ਗਿਆ ਨਾਲ ਹੀ ਭਾਈ ਮੋਹਕਮ ਸਿੰਘ ਨੇ ਮੁੜ ਰਹੇ ਹਾਥੀ ਦੀ ਪੁੱਛਲ ਉਤੇ ਨੇਜੇ ਦੇ ਦੋ ਵਾਰ ਕੀਤੇ। ਹਾਥੀ ਸ਼ਰਾਬ ਨਾਲ ਰੱਜਿਆ ਹੋਇਆ ਸੀ।

ਦੋ ਗਹਿਰੇ ਫੱਟ ਖਾ ਕੇ ਉਹ ਅਸਲੋਂ ਹੀ ਪਾਗਲ ਹੋ ਉੱਠਿਆ। ਉਹਨੇ ਪਿਛਾਂਹ ਨੂੰ ਮੂੰਹ ਕਰ ਲਿਆ ਤੇ ਲੱਗਾ ਪਹਾੜੀ ਸੈਨਾ ਨੂੰ ਪੈਰਾਂ ਹੇਠਾਂ ਦਲਨ ਤੇ ਸੁੰਡ ਨਾਲ ਬੰਨੀ ਤਲਵਾਰ ਉਨ੍ਹਾ ਉਪਰ ਹੀ ਵਾਰ ਕਰਨ ਲੱਗੀ। ਖ਼ਾਲਸਾ ਫ਼ੌਜ ਦੀ ਤਾਕਤ ਦੂੱਗਣੀ ਹੋ ਗਈ। ਅੱਗੇ ਅੱਗੇ ਖੂਨੀ ਹਾਥੀ ਪਿੱਛੇ-ਪਿੱਛੇ ਧਰਮ ਯੁੱਧ ਕਰਨ ਵਾਲੇ ਖ਼ਾਲਸਾ ਫ਼ੌਜ ਦੇ ਯੋਧੇ ਸਨ।

ਉਧਰ ਕੇਸਰੀ ਚੰਦ ਨੇ ਆਪਣੀ ਫ਼ੌਜ ਦਾ ਬੁਰਾ ਹਾਲ ਵੇਖਕੇ ਗੁੱਸੇ ਭਰਿਆ ਲਲਕਾਰੇ ਮਾਰਦਾ ਅੱਗੇ ਵਧਿਆ ਤਾਂ ਭਾਈ ਉਦੈ

ਸਿੰਘ ਨੇ ਕੇਸਰੀ ਤੇ ਪੂਰੇ ਜ਼ੋਰ ਨਾਲ ਕੀਤਾ ਤੇ ਸਿਰ ਕੱਦੂ ਵਾਂਗ ਰੁੜਦਾ ਰੁੜਦਾ ਸਾਹਿਬ ਸਿੰਘ ਦੇ ਘੋੜੇ ਦੇ ਪੈਰਾਂ ਥੱਲੇ ਆ ਗਿਆ। ਭਾਈ ਸਾਹਿਬ ਸਿੰਘ ਨੇ ਨੇਜੇ ਨਾਲ ਚੁੱਕ ਕੇ ਭਾਈ ਉਦੈ ਸਿੰਘ ਦੇ ਹਵਾਲੇ ਕੀਤਾ ਤੇ ਭਾਈ ਉਦੈ ਸਿੰਘ ਨੇਜੇ ਉੱਤੇ ਸਿਰ ਟੰਗ ਕੇ ਗੁਰੂ ਚਰਨਾਂ ਵਿਚ ਲੈ ਗਿਆ।

ਇਧਰ ਜੰਗ ਵਿੱਚ ਹੰਡੂਰ ਦਾ ਰਾਜਾ ਭਾਈ ਸਾਹਿਬ ਸਿੰਘ ਨਾਲ ਦੋ ਹੱਥ ਕਰਨ ਲੱਗਾ ਉਹ ਵੀ ਮਾਰਿਆ ਗਿਆ। ਸਿੰਘਾਂ ਨੇ ਕਈ ਘੁਮੰਡ ਚੰਦ ਵਰਗਿਆਂ ਦੇ ਘੁਮੰਡ ਤੋੜੇ। ਅਖੀਰ ਪਹਾੜੀਏ ਮੋਰਚਿਆਂ ਨੂੰ ਕੰਡ ਦੇ ਕੇ ਨੱਸ ਗਏ।

ਇਸ ਜੰਗ ਦੀ ਜਿੱਤ ਸਿੰਘਾਂ ਦੇ ਨਾਮ ਰਹੀ। ਗੁਰੂ ਸਾਹਿਬ ਨੇ ਆਪਣੇ ਯੋਧਿਆਂ ਨੂੰ ਇਨਾਮ ਦਿੱਤੇ। ਪੰਜ ਪਿਆਰੇ ਤੇ ਭਾਈ ਬੱਚਿਤ੍ਰ ਸਿੰਘ ਨੂੰ ਬਹੁਤ ਸਨਮਾਨ ਮਿਲਿਆ। ਉਦੈ ਸਿੰਘ, ਭਾਈ ਸਾਹਿਬ ਸਿੰਘ, ਭਾਈ ਹਿੰਮਤ ਸਿੰਘ ਇਹ ਯੋਧੇ ਪਹਾੜੀਆਂ ਨੂੰ ਕਾਫੀ ਦੂਰ ਤਕ ਭਜਾਕੇ ਆਏ। ਇਸ ਦਾ ਜ਼ਿਕਰ ਭਾਈ ਸੰਤੋਖ ਸਿੰਘ ਜੀ ਕਰਦੇ ਹਨ। ਰੁਤ 4 ਅੱਸੂ 30 ਵਿਚ ਕਵੀ ਜੀ ਲਿਖਦੇ ਹਨ:

ਉਦੈ ਸਿੰਘ ਤੇ ਆਦਿਕ ਜੋਧਾ॥
ਸਾਹਿਬ ਸਿੰਘ ਹਿੰਮਤ ਸਿੰਘ ਕ੍ਰੋਧਾ॥
ਪ੍ਰਥਮ ਸੈਂਕਰੇ ਹੀ ਮਿਲ ਗਏ॥
ਜਵਾਲਾ ਬਰਮਣੀ ਦਾਗਤ ਭਏ॥3॥

ਬਹਾਦਰ ਭਾਈ ਬਚਿੱਤ੍ਰ ਸਿੰਘ ਜੀ ਨੇ ਜਿਸ ਦਿਨ ਹਾਥੀ ਨਾਲ ਮੁਕਾਬਲਾ ਕੀਤਾ ਸੀ ਉਹ ਦਿਨ 9 ਨਵੰਬਰ ਸੰਨ 1701 ਦਾ ਸੀ ਮੱਘਰ ਸੰਮਤ 1758 ਉਸ ਦਿਨ ਨੂੰ ਹਰ ਸਾਲ 'ਨਿਰਭੈਤਾ ਦਿਵਸ' ਕਰਕੇ ਮਨਾਇਆ ਜਾਵੇ ਤਾਂ ਕਿ ਨਵੀਂ ਪੀੜ੍ਹੀ ਵਿਚ ਜਾਗਰਤੀ ਆਵੇ।

ਜੀਵਨ ਭਾਈ ਸਾਲ੍ਹੋ ਜੀ

ਭਾਈ ਸਾਲ੍ਹੋ ਜੀ, ਗੁਰੂ ਘਰ ਦੇ ਪਿਆਰੇ ਭਗਤ ਜੀ ਜਿਨ੍ਹਾਂ ਦਾ ਜਨਮ 14 ਅੱਸੂ ਸੰਮਤ 1611 ਬਿਕਰਮੀ ਮੁਤਾਬਕ 16 ਸਤੰਬਰ[1] ਸੰਨ 1554 ਵਾਲੇ ਦਿਨ ਮਾਲਵੇ ਦੇ ਨਗਰ ਧੌਲ਼ਾ ਕਾਗੜ ਵਿਖੇ ਪਿਤਾ ਭਾਈ ਦਿਆਲਾ ਜੀ ਦੇ ਗ੍ਰਹਿ ਵਿਖੇ ਮਾਤਾ ਸੁਖਦੇਈ ਜੀ ਦੀ ਕੁੱਖੋਂ ਹੋਇਆ। ਜੋ ਪਹਿਲੇ ਸਖੀ ਸਰਵਰ ਦੇ ਉਪਾਸਕ ਸਨ। ਬਾਅਦ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਸ਼ਨ ਕਰਕੇ ਗੁਰੂ ਦੇ ਸਿੱਖ ਸੱਜ ਗਏ। ਮਾਤਾ ਪਿਤਾ ਜੀ ਵਾਪਸ ਜੱਦੀ ਪੁਸਤੀ ਨਗਰ ਮਜੀਠੇ ਚੱਲੇ ਗਏ ਤੇ ਭਾਈ ਸਾਲ੍ਹੋ ਜੀ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਰਹਿ ਕੇ ਸੇਵਾ ਸਿਮਰਨ ਵਿਚ ਜੁਟ ਗਏ।

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਸ੍ਰੀ ਅੰਮ੍ਰਿਤਸਰ ਨਗਰ ਦਾ ਨਿਰਮਾਣ ਕਰ ਰਹੇ ਸਨ ਤਾਂ ਭਾਈ ਸਾਲ੍ਹੋ ਜੀ ਨੇ ਇਸ ਸੇਵਾ ਵਿਚ ਆਪਣੇ ਵੱਲੋਂ ਨਿਰਮਾਣ ਹਿਤ ਭਾਰੀ ਮਿਹਨਤ ਕਰਕੇ ਬਵੰਜਾ ਜਾਤਾਂ ਦੇ ਕਿਰਤੀਆਂ ਤੇ ਵਪਾਰੀਆਂ ਨੂੰ ਲਿਆ ਕੇ ਇਥੇ ਵਸਾਇਆ ਤੇ ਪੰਚਮ ਪਾਤਸ਼ਾਹ ਜੀ ਨੇ ਪ੍ਰਸੰਨ ਹੋ ਕੇ ਸ਼ਹਿਰ ਦਾ ਕੋਤਵਾਲ ਥਾਪ ਕੇ ਸਾਰਾ ਪ੍ਰਬੰਧ ਆਪ ਜੀ ਨੂੰ ਸੰਭਾਲ ਦਿੱਤਾ।

ਜਿਸ ਸਮੇਂ ਅੰਮ੍ਰਿਤ ਸਰੋਵਰ ਨੂੰ ਪੱਕਿਆਂ ਕਰਨ ਦੀ ਸੇਵਾ ਚੱਲ ਰਹੀ ਸੀ ਤਾਂ ਆਪ ਜੀ ਨੇ ਵੇਖਿਆ ਕਿ ਆਵਿਆਂ (ਭੱਠੀਆ) ਵਿੱਚ ਵਰਤਿਆ ਜਾਣ ਵਾਲਾ ਬਾਲ੍ਹਣ (ਪਾਥੀ ਜਾਂ ਲੱਕੜੀ) ਮੁੱਕ ਜਾਣ ਲੱਗਾ ਹੈ ਤੇ ਕੰਮ ਵਿਚ ਕੁਝ ਦਿਨ ਰੁਕਾਵਟ ਆਵੇਗੀ। ਸੇਵਾ ਨੂੰ ਨਿਰੰਤਰ ਰੱਖਣ ਵਾਸਤੇ ਆਪ ਜੀ ਨੇ ਪੰਡੋਰੀ, ਵੜੈਚ ਆਦਿਕ ਪਿੰਡਾਂ ਵਿਚ ਜਾ ਕੇ ਇਕ ਉਚੀ ਆਵਾਜ਼ ਵਿਚ ਹੋਕਾ ਦਿੱਤਾ। ਇਕ ਪਾਥੀ ਤੋਂ ਇਕ ਪੁੱਤਰ ਜਿਨ੍ਹਾਂ ਦੇ ਪੁੱਤਰ ਹਨ ਉਨ੍ਹਾਂ ਨੂੰ ਪੋਤਰੇ

1. ਇਹ ਤਰੀਕ ਅੱਜਕਲ 28-29 ਸਤੰਬਰ ਆਉਂਦੀ ਹੈ ਇਸ ਪਿਛੇ ਕੀ ਇਤਿਹਾਸ ਹੈ। ਲੇਖਕ ਦੀ ਕਿਤਾਬ 'ਰੰਬੀਆਂ ਨਾਲ ਖੋਪਰ ਲਹਿੰਦੇ ਜਾ......?' ਵਿਚ ਭਰਮਗੜ੍ਹ ਤੋੜ ਖਾਲਸਾ ਪੜੋ ਜੀ ਪੇਜ ਨੰਬਰ 205 'ਤੇ।

ਜਿਨ੍ਹਾਂ ਦੇ ਪੋਤਰੇ ਹਨ ਉਨ੍ਹਾਂ ਦੇ ਘਰ ਖੁਸ਼ੀਆਂ ਨਾਲ ਭਰ ਜਾਣਗੇ। ਬੱਸ ਇਹ ਹੋਕਾ ਸੁਣਦਿਆਂ ਸਾਰ ਸਾਰੀ ਸੰਗਤ ਬਾਲਣ ਦੇ ਗੱਡੇ ਭਰ ਕੇ ਲੈ ਆਏ।

ਜਦੋਂ ਇਹ ਗਾਥਾ ਦਾ ਪਤਾ ਗੁਰੂ ਸਾਹਿਬ ਜੀ ਨੂੰ ਲੱਗਾ ਤਾਂ ਆਪ ਜੀ ਅਤੀ ਪ੍ਰਸੰਨ ਹੋ ਕੇ ਬਚਨ ਕੀਤਾ, ਜੋ ਕਵੀ ਜੀ ਅੰਕਿਤ ਕਰਦੇ ਹਨ,

ਕਵੀ ਜੀ ਅੰਕਿਤ ਕਰਦੇ ਹਨ

ਰਾਮਦਾਸ ਗੁਰ ਸੁਖਹੁੰ ਉਚਾਰਾ॥
ਅਨਿਨ ਭਗਤ ਸਾਲ੍ਹੋ ਮਮ ਪਿਆਰਾ॥
ਇਹ ਗੁਰਸਿੱਖੀ ਕੇ ਕੋਤਵਾਲ॥
ਖਰੇ ਖੋਟੇ ਕੀ ਕਰਹਿ ਸੰਭਾਲ॥
ਦਰਸਨ ਹਿਤ ਜੋ ਚਲ ਸਿਖ ਆਵੇ॥
ਦਰਸਨ ਕਰਿ ਅੰਮ੍ਰਿਤਸਰ ਨਾਵੈ॥
ਫਿਰ ਗੁਰਦੁਆਰੇ ਦਰਸ਼ਨ ਕਰੇ॥
ਮੁਖ ਸੇ ਸਤਿਨਾਮ ਉਚਰੇ॥
ਸਫਲ ਯਾਤਰਾ ਸੋ ਸਿਖ ਪਾਵਹਿ॥
ਦਰਸਨ ਹਿਤ ਭਾਈ ਸਾਲ੍ਹੋ ਜਾਵਹਿ॥

ਗੁਰੂ ਸਾਹਿਬਾਨ ਜੀ ਨੇ ਬਚਨ ਕੀਤਾ ਕਿ ਭਾਈ ਜੋ ਸਾਡੇ ਦਰਸ਼ਨ ਕਰਨ ਆਉਂਦਾ ਹੈ ਉਸ ਦੀ ਯਾਤਰਾ ਤਾਂ ਹੀ ਸੰਪੂਰਨ ਹੋਵੇਗੀ ਜਿੱਥੇ ਭਾਈ ਸਾਲ੍ਹੋ ਰਹਿੰਦੇ ਹਨ ਉਥੇ ਜਾ ਕੇ ਉਨ੍ਹਾਂ ਦੇ ਦਰਸ਼ਨ ਕਰਕੇ ਆਵੈ।

ਗੁਰੂ ਜੀ ਦਾ ਦਿੱਤਾ ਵਰਦਾਨ ਅੱਜ ਵੀ ਸਿੱਧ ਹੈ। ਜੋ ਵੀ ਪ੍ਰਾਨੀ ਮਾਤਰ ਯਾਤਰਾ ਕਰਦਾ ਹੈ ਉਹ ਸ੍ਰੀ ਅੰਮ੍ਰਿਤਸਰ ਸਾਹਿਬ, ਹਾਥੀ ਦਰਵਾਜਾ ਤੇ ਲੋਹਗੜ੍ਹ ਦਰਵਾਜੇ ਦੇ ਵਿਚਕਾਰ ਹੈ। ਇਥੇ ਇਕ ਸੁੰਦਰ ਆਲੀਸ਼ਾਨ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਪੁਰਾਤਨ ਸਮੇਂ ਟੋਬਾ (ਛੱਪੜ) ਹੁੰਦੇ ਸਨ। ਹੁਣ ਉਸ ਅਸਥਾਨ ਤੇ ਇਕ ਸਰੋਵਰ ਹੈ ਜਿਸ ਦੀ ਬੜੀ ਮਹਾਨਤਾ ਹੈ। ਜੋ ਵੀ ਭਾਈ ਸਾਲ੍ਹੋ ਜੀ ਦੇ ਅਸਥਾਨ ਤੇ ਇਸ਼ਨਾਨ ਕਰਕੇ ਪੁੱਤਰ ਦੀ ਦਾਤ

ਮੰਗਦਾ ਹੈ, ਭਾਈ ਸਾਲ੍ਹੋ ਸਾਹਿਬ ਜੀ ਅੱਜ ਵੀ ਦਾਤਾਂ ਨਾਲ ਝੋਲੀਆਂ ਭਰਦੇ ਹਨ। ਜਿਨ੍ਹਾਂ ਬੱਚਿਆਂ ਨੂੰ ਸੋਕਾ (ਕਮਜੋਰੀ) ਆ ਜਾਂਦੀ ਹੈ ਉਹ ਵੀ ਬੱਚੇ ਠੀਕ ਹੋ ਜਾਂਦੇ ਹਨ। ਮਨ ਇੱਛਤ ਫਲ ਪ੍ਰਾਪਤ ਹੁੰਦੇ ਹਨ।

ਭਾਈ ਸਾਲ੍ਹੋ ਜੀ ਨੇ ਪਹਿਲੇ ਗੁਰੂ ਰਾਮਦਾਸ ਜੀ ਫਿਰ ਗੁਰੂ ਅਰਜਨ ਦੇਵ ਜੀ ਤੇ ਅਖੀਰਲੀ ਉਮਰ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਦੇ ਚਰਨ ਵਿਚ ਸੇਵਾ ਕਰਦੇ ਰਹੇ। ਆਪ ਜੀ ਆਪੇ ਨਿੱਜ ਅਸਥਾਨ ਤੋਂ ਸ੍ਰੀ ਅੰਮ੍ਰਿਤਸਰ ਸਾਹਿਬ ਸੇਵਾ ਕਰਨ ਆਉਂਦੇ ਸਨ ਤਾਂ ਆਪ ਜੀ ਦੀ ਸਿਹਤ ਢਿੱਲੀ ਹੋਣ ਕਾਰਨ ਆਪ ਜੀ ਕਈ ਦਿਨ ਸੇਵਾ ਵਿਚ ਨਹੀਂ ਆਏ ਤਾਂ ਆਪ ਦਾ ਮਨ ਗੁਰੂ ਹਰਿਗੋਬਿੰਦ ਸਾਹਿਬ ਦੇ ਦਰਸ਼ਨ ਕਰਨ ਨੂੰ ਲੋਚਦਾ ਸੀ।

ਉਧਰ ਗੁਰੂ ਪਾਤਸ਼ਾਹ ਜੀ ਵੀ ਆਪਣੇ ਸਿੱਖਾਂ ਕੋਲੋਂ ਨਿੱਤ ਪੁੱਛਦੇ ਕਿ ਭਾਈ ਸਾਲ੍ਹੋ ਜੀ ਆਏ ਕਿ ਨਹੀਂ। ਸਿੱਖ ਨੇ ਅੱਗੋਂ ਆਖਣਾ ਕਿ ਨਹੀਂ ਪਾਤਸ਼ਾਹ ਜੀ ਕੁਝ ਦਿਨ ਹੋਰ ਉਡੀਕੀਆ ਪਰ ਗੁਰੂ ਜੀ ਦਾ ਧਿਆਨ ਬਾਰ ਬਾਰ ਭਾਈ ਸਾਲ੍ਹੋ ਜੀ ਵੱਲ ਜਾਵੇ।

ਇਧਰ ਭਾਈ ਸਾਲ੍ਹੋ ਜੀ ਹਿਰਦੇ ਤੋਂ ਉਡੀਕ ਕਰ ਰਹੇ ਸਨ ਆਖੀਰ ਆਪ ਜੀ ਨੇ ਆਪਣਾ ਮੰਜਾ ਚੁੱਕ ਕੇ ਜਿਸ ਪਾਸਿਓਂ ਦਰਵਾਜ਼ਾ ਜਿਸ ਪਾਸੇ ਦਰਵਾਜ਼ਾ ਦਿੱਸਦਾ ਸੀ ਉਸ ਪਾਸੇ ਲਵਾ ਲਿਆ ਤੇ ਹਮੇਸ਼ਾ ਡਿਉੜੀ ਵੱਲ ਵੇਖਦੇ ਰਹਿੰਦੇ। ਕਈ ਵਾਰੀ ਸੇਵਕਾਂ ਨੇ ਪੁੱਛਿਆ ਕਿ ਜੇ ਤੁਸੀ ਗੁਰੂ ਜੀ ਦੇ ਦਰਸ਼ਨ ਕਰਨੇ ਚਾਹੁੰਦੇ ਹੋ ਤਾਂ ਅਸੀਂ ਆਪ ਜੀ ਦਾ ਮੰਜਾ ਸ੍ਰੀ ਹਰਿਮੰਦਰ ਸਾਹਿਬ ਲੈ ਚਲਦੇ ਹਾਂ ਜਾਂ ਗੁਰੂ ਸਾਹਿਬ ਜੀ ਨੂੰ ਬੇਨਤੀ ਘੱਲਦੇ ਹਾਂ। ਗਰੀਬ ਨਿਵਾਜ ਆਪ ਘੋੜੇ ਤੇ ਆਕੇ ਦਰਸ਼ਨ ਬਖ਼ਸ਼ਿਸ਼ ਕਰਨਗੇ। ਪਰ ਆਪ ਨੇ ਹੱਥ ਹਿਲਾ ਕੇ ਮਨਾ ਕਰ ਦਿਤਾ ਹਾਂ ਬੱਸ ਇਕ ਹੀ ਸ਼ਬਦ ਆਪ ਜੀ ਦੇ ਰਸਨਾ ਤੇ ਸੀ। "ਪਿਰ ਦੇਖਣ ਕੀ ਆਸ, ਜੇ ਮੇਰਾ ਪਿਆਰ ਸੱਚਾ ਹੋਇਆ ਤਾਂ ਆਪੇ ਆਉਣਗੇ।"

ਬੱਸ ਇਹ ਬਚਨ ਕਰਨ ਦੀ ਦੇਰ ਕਿ ਸੀ ਗੁਰੂ ਹਰਿਗੋਬਿੰਦ ਸਾਹਿਬ ਜੀ ਹਾਜ਼ਰ ਹੋਏ ਤੇ ਭਾਈ ਸਾਲ੍ਹੋ ਜੀ ਨੇ ਅਖੀਰਲਾ ਸਵਾਸ

ਗੁਰੂ ਜੀ ਦੀ ਗੋਦ ਵਿਚ ਲਿਆ।[1]

ਗੁਰੂ ਜੀ ਨੇ ਭਾਈ ਸਾਲ੍ਹੋ ਜੀ ਦੀ ਅਰਥੀ (ਬੇਬਾਨ) ਨੂੰ ਆਪ ਕੰਧਾ ਲਗਾਇਆ ਤੇ ਪੂਰਾ ਸੰਸਕਾਰ ਤੇ ਅੰਤਿਮ ਅਰਦਾਸ ਆਪ ਕੀਤੀ। ਬੇਨਤੀ ਕੀਤੀ ਗੁਰੂ ਰਾਮਦਾਸ ਜੀ ਆਪ ਜੀ ਦੇ ਬਖ਼ਸ਼ੇ ਸਿੱਖੀ ਸਿਦਕ ਨਿਭਾਉਂਦਿਆਂ ਗੁਰਮੁਖ ਭਾਈ ਸਾਲ੍ਹੋ ਜੀ ਆਪਣਾ ਜਨਮ ਸਵਾਰ ਕੇ ਅੱਜ ਆਪ ਜੀ ਪਾਸ ਪਹੁੰਚੇ ਹਨ, ਜੀਵਨ ਯਾਤਰਾ ਸਫਲ ਕਰਨੀ ਜੀ।

ਭਾਈ ਸਾਲ੍ਹੋ ਜੀ ਦੀ ਵੰਸ਼ ਅਤੇ ਪਰਿਵਾਰ ਵਿੱਚ ਭਾਈ ਸਾਹਿਬ ਅਤੇ ਉਨ੍ਹਾਂ ਦੀ ਸਪੁਤਨੀ ਬੀਬੀ ਹੇਮਾਗਿਰੀ ਜੀ ਦੀ ਕੁੱਖੋਂ ਇੱਕ ਪੁੱਤਰ ਨੇ ਜਨਮ ਲਿਆ। ਜਿਸਦਾ ਨਾਮ ਰੱਖਿਆ ਗਿਆ - ਸ੍ਰੀ ਚਮਨ ਚੰਦ ਜੀ। ਜਦੋਂ ਸ੍ਰੀ ਚਮਨ ਚੰਦ ਜੀ ਵੱਡੇ ਹੋਏ ਅਤੇ ਉਨ੍ਹਾਂ ਦਾ ਵਿਆਹ ਬੀਬੀ ਦਾਮਨੀ ਦੇਵੀ ਨਾਲ ਹੋਇਆ ਅਤੇ ਇਨ੍ਹਾਂ ਦੇ ਘਰ ਵੀ ਇੱਕ ਪੁੱਤਰ ਨੇ ਜਨਮ ਲਿਆ ਜਿਸਦਾ ਨਾਮ ਰੱਖਿਆ ਗਿਆ ਭਾਈ ਦੁਨੀ ਚੰਦ ਜੀ। ਭਾਈ ਚੰਦ ਦਾ ਪਹਿਲਾ ਜੀਵਨ ਬਹੁਤ ਚੰਗਾ ਸੀ ਅਤੇ ਇਨ੍ਹਾਂ ਨੂੰ ਮਸੰਦ ਵੀ ਥਾਪਿਆ ਗਿਆ।

ਜਦੋਂ ਮਸੰਦਾਂ ਦਾ ਮਾੜਾ ਅਚਾਰ ਵੇਖਿਆ ਤਾਂ ਇਸ ਪ੍ਰਣਾਲੀ ਨੂੰ ਯੋਗ ਸਜ਼ਾਵਾਂ ਦੇ ਕੇ ਬੰਦ ਕਰ ਦਿੱਤਾ। ਉਸ ਸਮੇਂ ਵੀ ਆਪ ਜੀ ਨੂੰ ਛੱਡ ਦਿੱਤਾ ਕਿਉਂਕਿ ਕੁਝ ਨੇਕੀਆਂ ਵੱਡਿਆਂ ਦੀਆਂ ਕੀਤੀਆਂ ਸਮੇਂ ਸਿਰ ਕੰਮ ਆਈਆਂ ਉਸ ਨਾਲ ਸਿੱਖ ਕੌਮ ਅੰਦਰ ਭਾਈ ਦੁਨੀ ਚੰਦ ਦਾ ਸਨਮਾਨ ਵੱਧ ਗਿਆ। ਉਸ ਸਨਮਾਨ ਨੂੰ ਆਪ ਜੀ ਨੇ ਹਰੀ ਕਾਇਮ ਰਖਿਆ ਚਾਹੇ ਵਿੱਚ ਵਿੱਚ ਧੀਰ ਮੱਲ ਵੀ ਆਪ ਦੀ ਕੰਡ 'ਤੇ ਥਾਪੜੇ ਦਿੰਦਾ ਰਿਹਾ। ਫਿਰ ਵੀ 13 ਨਵੰਬਰ ਸੰਨ

1. ਮਹਾਨ ਕੋਸ਼ ਦੇ ਲਿਖਾਰੀ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ ਪੇਜ ਨੰਬਰ 188 ਤੇ 17 ਪੋਹ ਵਦੀ 11 ਸੰਮਤ 1685 ਬਿਕਰਮੀ ਮੁਤਾਬਕ ਦੇਹਾਂਤ ਹੋਇਆ। ਗਿਆਨੀ ਪਾਖਰ ਸਿੰਘ ਜੀ ਲਿਖਦੇ ਹਨ, 20 ਦਸੰਬਰ ਸੰਨ 1628 ਨੂੰ ਆਪ ਜੀ ਅਕਾਲ ਚਲਾਣਾ ਕਰ ਗਏ। ਕੁਲ ਉਮਰ 84 ਸਾਲ 3 ਮਹੀਨੇ 4 ਦਿਨ ਦੀ ਪੂਰੀ ਕੀਤੀ ਤੇ ਗੁਰੂ ਹਰਿਗੋਬਿੰਦ ਸਾਹਿਬ ਨੇ ਆਖਰੀ ਸਮਾਂ ਸੰਭਾਲਿਆ ਤੇ ਗੁਰੂ ਰਾਮਦਾਸ ਦੇ ਚਰਨਾਂ ਵਿਚ ਜਾ ਬਿਰਾਜੇ ਜੀ।

1701 'ਚ ਆਪ ਜੀ ਨੇ ਇਕ ਬਹੁਤ ਵੱਡਾ ਯੋਗ ਕਾਰਜ ਕੀਤਾ। ਪੰਜ ਸੌ ਸਿੱਖਾਂ ਦਾ ਜੱਥਾ ਲੈ ਕੇ ਪਹਾੜੀ ਰਾਜਿਆਂ ਦੇ ਮੁਕਾਬਲੇ ਵਿਚ ਭਾਈ ਉਦੈ ਸਿੰਘ ਦੀ ਫੌਜ ਨਾਲ ਮਿਲ ਕੇ ਇਸ ਦਿਨ ਦੇ ਜੰਗ ਦੀ ਫਤਿਹ ਪਾਈ ਸੀ।

ਜੇ ਭਾਈ ਦੂਨੀ ਚੰਦ ਗੁਰੂ ਜੀ ਦਾ ਹੁਕਮ ਮੰਨ ਕੇ ਪਰਿਵਾਰ ਸਮੇਤ ਤੇ ਆਪਣੇ ਚੇਲਿਆਂ ਸਮੇਤ ਅੰਮ੍ਰਿਤ ਦਾਤ ਪ੍ਰਾਪਤ ਕਰ ਲੈਂਦਾ ਤਾਂ ਇਹ ਹੋ ਸਕਦਾ ਬੇਮੁੱਖ ਵਾਲਾ ਕਲੰਕ ਨਾ ਲੱਗਦਾ। ਆਓ, ਜਿਨ੍ਹਾਂ ਨੇ ਸਿੱਖ ਹੋਕੇ ਅੰਮ੍ਰਿਤ ਨਹੀਂ ਛੱਕਿਆ ਉਹ ਵੀ ਇਸ ਸਾਖੀ ਤੋਂ ਸਿੱਖਿਆ (ਉਪਦੇਸ਼) ਲੈ ਕੇ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣ ਜਾਈਏ। ਕਬੀਰ ਜੀ ਕਹਿੰਦੇ ਨੇ

ਕਬੀਰ ਗਰਬੁ ਨ ਕੀਜੀਐ ਰੰਕੁ ਨ ਹਸੀਐ ਕੋਇ॥
ਅਜਹੁ ਸੁ ਨਾਉ ਸਮੁੰਦ੍ਰ ਮਹਿ ਕਿਆ ਜਾਨਉ ਕਿਆ ਹੋਇ॥੩੯॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੩੬੬)

ਸਾਡਾ ਬੇੜਾ ਸਮੁੰਦਰ ਵਿੱਚ ਹੈ, ਗੁਰੂ ਤੋਂ ਬਿਨਾਂ ਕਿਸੇ ਨੇ ਪਾਰ ਨਹੀਂ ਲਗਾਉਣਾ। ਕੀ ਪਤਾ ਕਦੋਂ ਸਾਡਾ ਵੀ ਮਨ ਦੂਨੀ ਚੰਦ ਵਾਂਗੂ ਡੋਲ ਜਾਵੇ ਤੇ ਬੇਮੁੱਖ ਹੋ ਕੇ ਮਰ ਜਾਈਏ ਤੇ ਨਰਕਾਂ ਵਿਚ ਵੀ ਢੋਈ ਨਾ ਮਿਲੇ।

ਅੱਗੇ ਦੂਨੀ ਚੰਦ ਦੇ ਗ੍ਰਹਿ ਵਿਖੇ ਬੀਬੀ ਸਰੂਪ ਦੇਈ ਦੀ ਕੁੱਖੋਂ ਪੁੱਤਰ ਅਮਨ ਚੰਦ ਨੇ ਜਨਮ ਲਿਆ। ਫਿਰ ਸ੍ਰੀ ਅਮਨ ਚੰਦ ਦੀ ਬੀਬੀ ਸੰਦਲੀ ਜੀ ਨਾਲ ਸ਼ਾਦੀ ਹੋਈ ਜੋ ਇਕ ਗੁਰਸਿੱਖ ਪਰਿਵਾਰ ਵਿੱਚੋਂ ਸੀ। ਉਨ੍ਹਾਂ ਦੀ ਕੁੱਖੋਂ ਅਨੂਪ ਚੰਦ ਤੇ ਸਰੂਪ ਚੰਦ ਨੇ ਜਨਮ ਲਿਆ। ਜਦੋਂ ਬੀਬੀ ਸੰਦਲੀ ਜੀ ਨੂੰ ਪਤਾ ਲਗਾ ਕਿ ਮੈਂ ਇਕ ਬੇਮੁੱਖ ਪਰਿਵਾਰ ਵਿਚ ਵਿਆਹੀ ਗਈ ਹਾਂ। ਤਾਂ ਆਪਨੇ ਸਹਿਜੇ ਮੱਤੇ ਤੋਂ ਕੰਮ ਲਿਆ ਤੇ ਜਦੋਂ ਆਪ ਜੀ ਦੇ ਸੰਤਾਨ ਹੋਈ ਤਾਂ ਪਹਿਲੇ ਪਰਿਵਾਰ ਸਮੇਤ ਗੁਰੂ ਕਲਗੀਧਰ ਦੇ ਚਰਨਾਂ ਵਿਚ ਜਾਕੇ ਦੋਨੋਂ ਬੱਚੇ ਅੱਗੇ ਕੀਤੇ ਤੇ ਬੇਨਤੀ ਕੀਤੀ, ਗੁਰੂ ਜੀ ਮੈਂ ਇਕ ਬੇਮੁੱਖ ਅਮਨ ਚੰਦ ਨਾਲ ਵਿਆਹੀ ਹੋਣ ਕਰਕੇ ਦੋ ਬੇਮੁੱਖਾਂ ਨੂੰ ਜਨਮ ਦਿੱਤਾ ਹੈ ਜਾਂ ਤਾਂ ਸਾਡੇ ਪਰਿਵਾਰ ਨੂੰ ਬਖ਼ਸ਼ ਦਿਓ, ਨਹੀਂ ਤਾਂ ਆਪ

ਜੀ ਦੀਆਂ ਅੱਖਾਂ ਸਾਹਮਣੇ ਮੈਂ ਇਨ੍ਹਾਂ ਦੋਨਾਂ ਬੇਮੁੱਖਾਂ ਨੂੰ ਮਾਰਦੀ ਹਾਂ ਤੇ ਤੁਸੀ ਤੀਜਾ ਅਮਨ ਚੰਦ ਨੂੰ ਮਾਰ ਦੇਵੋ ਤੇ ਇਸ ਬੇਮੁੱਖਾਂ ਦੇ ਪਰਿਵਾਰ ਤੋਂ ਮੈਨੂੰ ਛੁੜਾ ਦੇਵੋ। ਰੋ ਰੋ ਕੇ ਇਹ ਕੁਝ ਕਹਿ ਰਹੀ ਸੀ ਤਾਂ ਸ੍ਰੀ ਅਮਨ ਚੰਦ ਤੇ ਛੋਟੇ ਬੱਚੇ ਅਨੂਪ ਤੇ ਸਰੂਪ ਚੰਦ ਭੱਜ ਕੇ ਗੁਰੂ ਕਲਗੀਧਰ ਪਿਤਾ ਦੇ ਚਰਨਾਂ ਨਾਲ ਲਿਪਟ ਕੇ ਚਰਨ ਫੜ ਕੇ ਰੋ ਰੋ ਕੇ ਪਾਤਸ਼ਾਹ ਦੇ ਚਰਨ ਧੋ ਦਿੱਤੇ।

ਖੁੱਲ੍ਹੇ ਦਿਲ ਨਾਲ ਗੁਰੂ ਪਾਤਸ਼ਾਹ ਨੇ ਸਾਰੀਆਂ ਭੁੱਲਾਂ ਮਾਫ ਕਰਕੇ ਉਹਨਾਂ ਨੂੰ ਪੂਰੇ ਪਰਿਵਾਰ ਨੂੰ ਅੰਮ੍ਰਿਤ ਦੀ ਦਾਤ ਦਿੱਤੀ ਤੇ ਨਾਮ ਵੀ ਦੇ ਦਿੱਤੇ ਭਾਈ ਅਮਨ ਸਿੰਘ ਸੰਦਲੀ ਤੇ ਬੀਬੀ ਸੰਭਾਲ ਕੌਰ ਕਹਿਆ ਕਿ ਤੂੰ ਅੱਜ ਸਾਰੇ ਪਰਿਵਾਰ ਨੂੰ ਸੰਭਾਲ ਲਿਆ ਹੈ ਤੇ ਬੱਚਿਆਂ ਨੂੰ ਭਾਈ ਅਨੂਪ ਸਿੰਘ ਤੇ ਭਾਈ ਸਰੂਪ ਸਿੰਘ ਨਾਮ ਦਿਤਾ ਤੇ ਭਾਈ ਸਰੂਪ ਸਿੰਘ ਨੂੰ ਆਪਣੀ ਫੌਜ ਵਿਚ ਭਰਤੀ ਕੀਤਾ। ਭਾਈ ਅਨੂਪ ਸਿੰਘ ਜੀ ਬਹੁਤ ਭਜਨੀਕ ਪੁਰਸ਼ ਇਨਸਾਨ ਸਨ। ਉਨ੍ਹਾਂ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਭਾਈ ਸਾਲ੍ਹੋ ਜੀ ਦੇ ਅਸਥਾਨ ਦੀ ਕਾਰ ਸੇਵਾ ਬਖ਼ਸ਼ ਦਿਤੀ।

ਭਾਈ ਅਨੂਪ ਸਿੰਘ ਜੀ ਨੇ ਸਿੱਖੀ ਪ੍ਰਚਾਰ ਕੀਤਾ ਤੇ ਭਾਈ ਮਨੀ ਸਿੰਘ ਜੀ ਨਾਲ ਰਹਿ ਕੇ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਵਿਚ ਜੁਟੇ ਰਹੇ ਆਪ ਜੀ ਦੇ ਵੰਸ ਨੇ ਵੀ ਸਿੱਖੀ ਸਿਦਕ ਵਿਚ ਰਹਿ ਕੇ ਸੇਵਾ ਕੀਤੀ। ਇਸ ਤਰ੍ਹਾਂ ਇਹ ਪਰਿਵਾਰ ਬਖਸ਼ਿਆ ਗਿਆ।

ਨਿਰਮੋਹ ਦਾ ਜੰਗ

ਨਿਰਮੋਹ ਦਾ ਯੁੱਧ ਇਕ ਵਲੱਖਣ ਯੁਧ ਸੀ, ਪਹਾੜੀ ਰਾਜੇ ਹਰ ਤਰ੍ਹਾਂ ਦੀ ਤਾਕਤ ਵਰਤਕੇ ਵੇਖ ਚੁੱਕੇ ਸਨ। ਹਰ ਢੰਗ ਨਾਲ ਉਨ੍ਹਾਂ ਦੀ ਝੋਲੀ ਵਿਚ ਹਾਰ ਹੀ ਪੈਂਦੀ ਸੀ। ਉਨ੍ਹਾਂ ਸੋਚਿਆ ਅਸੀਂ ਧਰਮ ਦਾ ਆਸਰਾ ਲੈ ਕੇ ਜੇ ਧੋਖਾ ਦੇਣ ਵਿਚ ਸਫ਼ਲ ਹੋ ਗਏ ਤਾਂ ਵੀ ਠੀਕ ਹੈ।

ਉਨ੍ਹਾਂ ਦਾ ਖ਼ਿਆਲ ਸੀ ਕਿ ਕਿਲ੍ਹੇ ਵਿਚ ਬੈਠੇ ਸਿੱਖਾਂ ਉਤੇ ਪੂਰੀ ਚੋਟ ਨਹੀਂ ਹੋ ਸਕਦੀ, ਜੇ ਕਿਸੇ ਤਰੀਕੇ ਸ੍ਰੀ ਅਨੰਦਪੁਰ

ਸਾਹਿਬ ਛੱਡ ਕੇ ਬਾਹਰ ਖੁਲ੍ਹੇ ਮੈਦਾਨ ਵਿਚ ਆ ਜਾਣ ਤਾਂ ਅਸੀਂ ਇਨ੍ਹਾਂ ਤੇ ਜਿੱਤ ਹਾਸਲ ਕਰ ਸਕਦੇ ਹਾਂ। ਇਸ ਚਾਲ ਨੂੰ ਸਫਲ ਕਰਨ ਵਾਸਤੇ ਧਰਮ ਦਾ ਆਸਰਾ ਲਿਆ ਤੇ ਪੰਮਾ ਪਰੋਹਿਤ ਦੀ ਸਲਾਹ ਨਾਲ ਰਜਿਆਂ ਨੇ ਇਕ ਆਟੇ ਦੀ ਗਊ ਬਣਵਾਈ ਤੇ ਨਾਲ ਇੱਕ ਨਿਮਰਤਾ ਦੇ ਸ਼ਬਦਾਂ ਦੀ ਚਿੱਠੀ ਲਿਖੀ।

ਲਿਖਿਆ ਕਿ ਅਸੀਂ ਗਊ ਦੀ ਸਹੁੰ ਖਾ ਕੇ ਇਹ ਇਕਰਾਰ ਕਰਦੇ ਹਾਂ ਤੁਹਾਡੇ ਤੇ ਸਾਡੇ ਵਿਚ ਗਊ, ਗੀਤਾ, ਪੁਰਾਣ ਤੇ ਮੁਸਲਮਾਨ ਕੁਰਾਨ ਦੀ ਸੰਹੂ ਖਾਂਦੇ ਹਾਂ ਅਸੀਂ ਆਪਜੀ ਉਪਰ ਵਾਰ ਨਹੀਂ ਕਰਾਂਗੇ। ਤੁਸੀ ਕੇਵਲ ਕੁਝ ਸਮੇਂ ਵਾਸਤੇ ਸ੍ਰੀ ਅਨੰਦਪੁਰ ਸਾਹਿਬ ਛੱਡ ਕੇ ਕੋਈ ਹੋਰ ਠਿਕਾਣਾ ਚੁਣ ਲਵੋ, ਕੁਝ ਸਮਾਂ ਪਾ ਕੇ ਫਿਰ ਸ੍ਰੀ ਅਨੰਦਪੁਰ ਸਾਹਿਬ ਆ ਵਸਣਾ ਜੀ।

ਸਾਡੀ ਇਸ ਵਿੱਚ ਰਹਿ ਆਏਗੀ ਕਿ ਅਸੀਂ ਜਿੱਤ ਕੇ ਆਏ ਹਾਂ। ਇਸ ਤਰ੍ਹਾਂ ਅਸੀ ਆਪੋ ਆਪਣੇ ਰਜਵਾੜੇ ਵਿਚ ਮੂੰਹ ਵਿਖਾਉਣ ਜੋਗੇ ਹੋ ਜਾਵਾਂਗੇ ਤੇ ਆਮ ਜਨਤਾ ਦਾ ਭੀ ਅਜਾਈਂ ਖੂਨ ਨਹੀਂ ਡੁਲ੍ਹੇਗਾ।

ਸ੍ਰੀ ਅਨੰਦਪੁਰ ਸਾਹਿਬ ਨਾਲ ਗੁਰੂ ਜੀ ਦਾ ਦਿਲੀ ਪਿਆਰ ਸੀ। ਬਾਲ ਉਮਰ 9 ਸਾਲ ਤੋਂ ਪੈਂਤੀ ਛੱਤੀ ਸਾਲ ਦੀ ਉਮਰ ਤਕ ਜਿਥੇ ਰਹੇ ਹੋਈਏ ਉਸਨੂੰ ਛੱਡ ਜਾਣਾ ਅਤਿ ਕਠਿਨ ਸੀ। ਪਰ ਗੁਰੂ ਜੀ ਤਾਂ ਮੋਹ ਦੀ ਦੀਵਾਰ ਪਾਰ ਕਰਕੇ ਨਿਰਮੋਹ ਦੇ ਉਚੇ ਅਸਥਾਨ ਤੇ ਪਹੁੰਚੇ ਚੁਕੇ ਸਨ।

ਗੁਰੂ ਕਲਗੀਧਰ ਜੀ ਦਿਲ ਤੇ ਦਿਮਾਗ਼, ਗਿਆਨ ਤੇ ਕਰਮ, ਕਰਨੀ ਤੇ ਕਥਨੀ, ਜੋਸ਼ ਤੇ ਹੋਸ਼ ਨਾਲ ਹੀ ਮਹੱਤਵਪੂਰਨ ਫੈਸਲੇ ਲੈਂਦੇ ਸਨ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸਭ ਕੁਝ ਜਾਣਨਹਾਰ ਲੰਬੀ ਸੋਚ ਰੱਖਣ ਵਾਲੇ ਤਾੜ ਗਏ ਕਿ ਪਹਾੜੀਏ ਧੋਖਾ ਦੇਣਾ ਚਾਹੁੰਦੇ ਹਨ। ਪਰ ਤਿੰਨ ਹਫ਼ਤਿਆਂ ਤੋਂ ਜਨਤਾ ਦਾ ਖੂਨ ਅਜਾਈਂ ਡੁਲ੍ਹ ਰਿਹਾ ਸੀ। ਜਿਥੋਂ ਤਕ ਹੋ ਸਕੇ, ਇਸ ਤੋਂ ਪਰਹੇਜ ਹੀ ਯੋਗ ਹੈ। ਪਾਤਸ਼ਾਹ ਨੇ ਪੰਥ ਨੂੰ ਬੁਲਾ ਕੇ ਸਰਬ-ਸੰਮਤੀ ਨਾਲ ਫੈਸਲਾ ਕੀਤਾ.

ਜਿਸ ਵਿਚ ਭਾਈ ਦਇਆ ਸਿੰਘ, ਧਰਮ ਸਿੰਘ, ਸਾਹਿਬ ਸਿੰਘ, ਹਿੰਮਤ ਸਿੰਘ ਤੇ ਭਾਈ ਮੋਹਕਮ ਸਿੰਘ ਪੰਜ ਪਿਆਰੇ ਤੇ ਖ਼ਾਲਸਾ ਫ਼ੌਜ ਦੇ ਜਰਨੈਲ ਇਕੱਠੇ ਹੋਏ। ਸਭ ਨੇ ਆਪਣੇ ਆਪਣੇ ਵਿਚਾਰ ਦਿੱਤੇ, ਕਿਸੇ ਕਹਿਆ ਜੋ ਮਰਜ਼ੀ ਹੋਵੇ ਸਾਨੂੰ ਸ੍ਰੀ ਅਨੰਦਪੁਰ ਸਾਹਿਬ ਨਹੀਂ ਛੱਡਣਾ ਚਾਹੀਦਾ। ਇਹ ਰਾਜੇ ਸਾਡਾ ਕੁੱਝ ਨਹੀਂ ਵਿਗਾੜ ਸਕਦੇ। ਕਈ ਸਿੰਘਾਂ ਨੇ ਇਹ ਵੀ ਕਿਹਾ ਸਾਡੀ ਸਾਰੀ ਤਾਕਤ ਹੀ ਅਨੰਦਗੜ੍ਹ, ਲੋਹਗੜ੍ਹ, ਫਤਹਿਗੜ੍ਹ, ਕੇਸਗੜ੍ਹ ਅਤੇ ਹੋਲਗੜ੍ਹ ਹੈ। ਪਹਾੜੀਆਂ ਨੂੰ ਸਮਝ ਆਈ ਹੈ ਕਿ ਜੇ ਸਤਿਗੁਰ ਜੀ ਇਥੇ ਰਹਿਣਗੇ ਤਾਂ ਅਸੀਂ ਏਨਾ ਦਾ ਕੁਝ ਨਹੀਂ ਵਿਗਾੜ ਸਕਦੇ, ਜੇ ਖੁਲ੍ਹੇ ਮੈਦਾਨ ਵਿਚ ਹੋਣਗੇ ਤਾਂ ਚਾਰੇ ਪਾਸਿਓਂ ਘੇਰਾ ਪਾਕੇ ਕੁਝ ਕਰ ਸਕਦੇ ਹਾਂ।

ਕਿਸੇ ਸਿੰਘ ਨੇ ਇਹ ਵੀ ਆਖਿਆ ਜੇ ਇਹ ਸੋਹੁੰ ਖਾ ਕੇ ਮੁਕਰ ਗਏ ਤਾਂ ਆਮ ਜਨਤਾ ਦਾ ਵਿਸ਼ਵਾਸ ਵੀ ਇਨ੍ਹਾਂ ਤੋਂ ਟੁੱਟ ਜਾਵੇਗਾ। ਇਸ ਵਾਸਤੇ ਇਨ੍ਹਾਂ ਦੀਆਂ ਸਹੁੰਆਂ ਉਤੇ ਇਤਬਾਰ ਕਰ ਲੈਣਾ ਚਾਹੀਦਾ ਹੈ।

ਇਕ ਹੋਰ ਸਿੰਘ ਬੋਲਿਆ ਕਿ ਅਨਪੜ੍ਹਤਾ ਅਤੇ ਭਰਮਾਂ-ਵਹਿਮਾਂ ਦਾ ਆਪੋ ਵਿਚ ਧੁਰੋਂ ਹੀ ਜੋੜ ਹੈ। ਇਹ ਭੋਲੀ-ਭਾਲੀ ਜਨਤਾ ਨੂੰ ਕੋਈ ਨਵੇਂ ਝੂਠ ਦੇ ਨਾਲ ਫਿਰ ਕਮਲੇ ਬਣਾ ਲੈਣਗੇ।

ਭਾਈ ਸਾਹਿਬ ਜੀ ਨੇ ਬੇਨਤੀ ਕੀਤੀ ਕਿ ਸਭ ਸਿੰਘਾਂ ਦੇ ਵਿਚਾਰ ਠੀਕ ਹਨ। ਪਰ ਮੇਰੇ ਸਾਹਿਬ ਕੀ ਚਾਹੁੰਦੇ ਹਨ ਸਭ ਤੋਂ ਪਹਿਲੇ ਇਹ ਜਾਨਣਾ ਜ਼ਰੂਰੀ ਹੈ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮੁਸਕਰਾ ਕੇ ਆਖਣ ਲੱਗੇ, ਹੈ ਤਾਂ ਇਹ ਝੂਠੇ ਹੀ ਪਰ ਫਿਰ ਵੀ ਇਨ੍ਹਾਂ ਦੀ ਗੀਤਾ-ਪੁਰਾਣ, ਕੁਰਾਨ ਜਿਨ੍ਹਾਂ ਦੀਆਂ ਇਹ ਕਸਮਾਂ ਖਾ ਰਹੇ ਹਨ ਤੇ ਸਹੁੰ ਚੁਕ ਰਹੇ ਹਨ ਅਸੀਂ ਉਹ ਮਹਾਨ ਗ੍ਰੰਥਾਂ ਦੇ ਸਤਿਕਾਰ ਵਿਚ ਇਨ੍ਹਾਂ 'ਤੇ ਇਤਬਾਰ ਕਰ ਲੈਣਾ ਚਾਹੀਦਾ ਹੈ। ਫਿਰ ਉਨ੍ਹਾਂ ਨੂੰ ਆਪਣੀ ਤਾਕਤ ਦਾ ਵੀ ਭੁਲੇਖਾ ਨਾ ਰਹੇ, ਖੁਲ੍ਹੇ ਮੈਦਾਨ ਵਿਚ ਵੀ ਸਿੰਘਾਂ ਦੇ ਹੱਥ ਵੇਖ ਲੈਣ।

ਬਸ ਸਤਿਗੁਰੂ ਜੀ ਦੇ ਰਸਨਾਂ ਵਿਚੋਂ ਇਹ ਬਚਨ ਆਉਣ ਦੀ ਦੇਰ ਸੀ ਕਿ ਜੋ ਗੁਰੂ ਤੇ ਭਰੋਸਾ ਕਰਨ ਵਾਲੇ ਸਿੰਘ ਸਨ ਉਨ੍ਹਾਂ ਨੇ ਜੈਕਾਰਿਆਂ ਨਾਲ ਆਸਮਾਨ ਗੁੰਜਾ ਦਿੱਤਾ।

ਸਤਿਗੁਰੂ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਖਾਲੀ ਕਰ ਦਿੱਤਾ। ਸਭ ਸਿੰਘਾਂ ਸਮੇਤ ਪਿੰਡ ਨਿਰਮੋਹ ਤੇ ਕੀਰਤਪੁਰ ਦੇ ਪਾਸੇ ਦੀ ਇਕ ਉੱਚੀ ਥਾਂ 'ਤੇ ਜਾ ਡੇਰਾ ਕੀਤਾ, ਜਿਸ ਥਾਂ ਤੋਂ ਦੂਰ ਦੂਰ ਤਕ ਨਜ਼ਰ ਪਵੇ। ਸਤਿਗੁਰੂ ਜੀ ਯੁੱਧ ਕਲਾ ਦੇ ਮਾਹਿਰ ਸਨ, ਪੂਰੀ ਵਿਉਂਤ ਦੇ ਨਾਲ ਹਾਥੀ ਦੇ ਘੋੜੇ ਬਾਹਰਲੇ ਘੇਰੇ ਵਿੱਚ ਰੱਖੇ ਸਨ ਤਾਂਕਿ ਦੁਸ਼ਮਨ ਕਿਸੇ ਵਕਤ ਵੀ ਹਮਲਾ ਕਰੇ ਤਾਂ ਉਸਨੂੰ ਮੂੰਹ ਤੋੜ ਜਵਾਬ ਦਿੱਤਾ ਜਾਵੇ। ਬੱਚੇ, ਬਜ਼ੁਰਗ ਤੇ ਮਾਤਾਵਾਂ ਨੂੰ ਅੰਦਰਲੇ ਘੇਰੇ ਵਿੱਚ ਰੱਖਦੇ ਸਨ। ਐਸੀ ਸੋਹਣੀ ਵਿਉਂਤਬੰਦੀ ਹੁੰਦੀ ਸੀ ਦੋ ਦੋ ਮੀਲ ਤਕ ਦੁਸ਼ਮਨ ਦੂਰ ਰਹਿੰਦਾ ਸੀ ਅਤੇ ਆਉਣ ਵਾਲੇ ਦੀ ਖ਼ਬਰ ਪਹਿਲੇ ਹੀ ਮਿਲ ਜਾਂਦੀ ਸੀ। ਫਿਰ ਗੁਰੂ ਜੀ ਯੁੱਧ ਆਪਣੇ ਨੇਤਰਾਂ ਨਾਲ ਵੇਖਦੇ ਸਨ। ਜਦੋਂ ਇਕ ਸਿੰਘ ਤਿੰਨ ਜਾਂ ਚਾਰ ਨਾਲ ਮੁਕਾਬਲਾ ਕਰਦਾ ਤਾਂ ਉਸਨੂੰ ਗੁਰੂ ਦੀ ਸ਼ਾਬਾਸ਼ ਸੁਣਾਈ ਦਿੰਦੀ। ਉਹ ਪੂਰੇ ਹੌਂਸਲੇ ਨਾਲ ਜੰਗ ਕਰਦਾ ਕਿ ਗੁਰੂ ਮੇਰੇ ਅੰਗ ਸੰਗ ਹੈ। ਜੇ ਕੋਈ ਦੁਸ਼ਮਣ ਯੁੱਧ ਕਲਾ ਤਿਆਗ ਕੇ ਧੋਖੇ ਨਾਲ ਵਾਰ ਕਰਨ ਲੱਗਦਾ ਤਾਂ ਗੁਰੂ ਜੀ ਉਸ ਨੂੰ ਆਪਣੇ ਤੀਰ ਨਾਲ ਜ਼ਮੀਨ ਦੇ ਹਵਾਲੇ ਕਰਦੇ ਤੇ ਦੱਸਦੇ ਕਿ ਯੋਧਿਆਂ ਨਾਲ ਧੋਖਾ ਨਹੀਂ ਕਰੀ ਦਾ। ਇਸ ਲਈ ਆਪ ਸਰਬ-ਕਲਾਂ ਸੰਪੂਰਨ ਸਨ।

ਨਿਰਮੋਹ ਦੇ ਟਿੱਬੇ ਤੇ ਡੇਰਾ ਪਾਇਆ ਅਜੇ ਥੋੜਾ ਸਮਾਂ ਹੋਇਆ ਸੀ ਤਾਂ ਸਿੰਘਾਂ ਨੇ ਆ ਦੱਸਿਆ ਪਾਤਸ਼ਾਹ ਕਹਿਲੂਰੀਆ ਤੇ ਹੰਡੂਰੀਆ ਇਸ ਉਡੀਕ ਵਿਚ ਸਨ ਕਿ ਆਪ ਜੀ ਕਦੋਂ ਅਨੰਦਪੁਰ ਤੋਂ ਦੂਰ ਹੋਵੋ, ਉਹ ਦੋਨੋਂ ਪਿੱਛਾ ਕਰਦੇ ਆ ਰਹੇ ਹਨ। ਤਾਂ ਗੁਰੂ ਜੀ ਨੇ ਭਾਈ ਸਾਹਿਬ ਸਿੰਘ ਜੀ ਤੇ ਰਣਜਿੱਤ ਸਿੰਘ ਜੀ ਨੂੰ ਕਮਾਨ ਦਿੱਤੀ ਤੇ ਤਿੰਨ ਸੌ ਸਿੰਘਾਂ ਦਾ ਜੱਥਾ ਦੇ ਕੇ ਪਹਿਲੇ ਹੀ ਭੇਜ ਦਿੱਤਾ, ਨਾਲ ਹੀ ਭਾਈ ਹਿੰਮਤ ਸਿੰਘ ਤੇ ਭਾਈ ਮੋਹਕਮ ਸਿੰਘ ਉਨ੍ਹਾਂ ਦੇ ਉਪਰ ਦੀ ਘੇਰਾ ਪਾਕੇ ਪਿਛਲੀ ਫੌਜ ਨੂੰ

ਅਗੇ ਨਾ ਵਧਣ ਦੇਵੇ।

ਇਸ ਤਰੀਕੇ ਨਾਲ ਕਹਿਲੂਰੀਆਂ ਤੇ ਹੰਡੂਰੀਆਂ ਨੂੰ ਵਾਪਸ ਪੁਠੇ ਪੈਰੀ ਭਜਣਾ ਪੈ ਗਿਆ। ਤੇ ਉਨ੍ਹਾਂ ਦੇ ਸਿਪਾਹੀ ਘੋੜੇ ਤੇ ਸ਼ਸੱਤਰ ਸੁਟ ਕੇ ਜਾਨਾਂ ਬਚਾ ਕੇ ਨਿਕਲ ਗਏ। ਕਿਉਂਕਿ ਗੁਰੂ ਜੀ ਵਲੋਂ ਹੁਕਮ ਸੀ ਆਪਣੇ ਖ਼ਾਲਸੇ ਨੂੰ ਕਿ ਨਿਹੱਥੇ ਉਪਰ ਵਾਰ ਨਹੀਂ ਕਰਨਾ। ਜੇ ਕੋਈ ਸ਼ਸੱਤਰ ਸੁਟ ਕੇ ਉਪਰ ਹੱਥ ਕਰਕੇ ਭੱਜ ਕੇ ਆਪਣੀ ਜਾਨ ਬਚਾਉਣੀ ਚਾਹੁੰਦਾ ਹੈ ਤਾਂ ਦੌੜਾਓ ਤਾਂ ਦੂਰ ਤਕ ਪਰ ਮਾਰੋ ਨਾ। ਇਸ ਗੱਲ ਦਾ ਮੁਗ਼ਲ ਸਿਪਾਹੀਆਂ ਨੂੰ ਵੀ ਪਤਾ ਸੀ ਤੇ ਰਾਜਿਆ ਦੇ ਸਿਪਾਹੀਆਂ ਨੂੰ ਵੀ ਪਤਾ ਸੀ ਕਿ ਸਿੰਘ ਨਿਹੱਥੇ ਉਪਰ ਵਾਰ ਨਹੀਂ ਕਰਦੇ।

ਫਿਰ ਇਨ੍ਹਾਂ ਪਾਪੀਆਂ ਨੇ ਸਰਹਿੰਦ ਦੇ ਸੂਬੇ ਪਾਸੋਂ ਮਦਦ ਮੰਗੀ ਤੇ ਨਾਲੇ ਦੋ ਤੁਰਕ ਤੋਪਚੀਆਂ ਨੂੰ ਪੰਜ ਪੰਜ ਹਜ਼ਾਰ ਮੋਹਰ ਤੇ ਬੁਲਾਇਆ। ਅੱਜਮਲ ਖਾਂ ਤੇ ਮਕਬੂਲ ਖਾਂ ਨੂੰ ਆਖਿਆ ਗਿਆ ਕਿ ਜੇ ਤੁਸੀ ਗੁਰੂ ਗੋਬਿੰਦ ਸਿੰਘ ਨੂੰ ਉਚੇ ਟੱਬੇ ਤੋਂ ਤੋਪ ਦੇ ਗੋਲੇ ਨਾਲ ਉਡਾ ਦੇਵੋ ਤਾਂ ਤੁਹਾਨੂੰ ਮੋਹਰਾਂ ਦਿੱਤੀਆਂ ਜਾਣਗੀਆਂ ਨਾਲ ਹੋਰ ਵੀ ਔਰੰਗਜ਼ੇਬ ਤੋਂ ਭਾਰੀ ਇਨਾਮ ਮਿਲੇਗਾ। ਅੱਜਮਲ ਖਾਂ ਨੇ ਟਿੱਬੇ ਦੀ ਸੇਧ ਲੈ ਕੇ ਗੋਲਾ ਸੁੱਟਿਆ ਤਾਂ ਉੱਚੀ ਥਾਂ ਤੇ ਖਲੋਤੇ ਪਹਿਰੇਦਾਰ ਭਾਈ ਮਦਨ ਸਿੰਘ ਨੂੰ ਲੱਗਾ।[1] ਗੁਰੂ ਜੀ ਨੇ ਭਾਈ ਮਦਨ ਸਿੰਘ ਦਾ ਸਰੀਰ ਧਰਤੀ ਤੇ ਡਿੱਗਣ ਤੋਂ ਪਹਿਲਾਂ ਤੀਰ ਦੇ ਨਿਸ਼ਾਨੇ ਨਾਲ ਅੱਜਮਲ ਖਾਂ ਤੇ ਫਿਰ ਮੁਕਬੂਲ ਖਾਂ[2] ਨੂੰ ਜ਼ਮੀਨ 'ਤੇ ਢੇਰ ਕਰ ਦਿੱਤਾ।

ਅਗਲੇ ਦਿਨ ਸੂਬਾ ਬਹੁਤ ਸਾਰੀ ਫੌਜ ਲੈ ਕੇ ਆ ਪਹੁੰਚਿਆ। ਹੁਣ ਗੁਰੂ ਜੀ ਘੇਰੇ ਵਿਚ ਆ ਗਏ। ਇਕ ਪਾਸੇ ਮੁਗ਼ਲ ਫੌਜ, ਦੂਜੇ ਪਾਸੇ ਪਹਾੜੀਆਂ ਦੀ ਸੈਨਾ। ਪਿਛਲੇ ਪਾਸੇ ਅਨੰਦਪੁਰ ਸਾਹਿਬ ਸੀ ਅਤੇ ਸਾਹਮਣੇ ਪਾਸੇ ਸਤਲੁਜ ਦਰਿਆ। ਸਾਰਾ ਦਿਨ ਬੜਾ

1. ਅੱਜਕਲ ਸ਼ਹੀਦ ਭਾਈ ਮਦਨ ਸਿੰਘ ਦੀ ਯਾਦ ਵਿਚ ਇਕ ਗੁਰਦੁਆਰਾ ਬਣਿਆ ਹੈ।
2. ਉਸ ਥਾਂ ਤੇ ਅੱਜਮਲ ਕਾਂ ਤੇ ਮਕਬੂਲ ਖਾਂ ਦੀਆਂ ਦੋ ਕਬਰਾਂ ਬਣੀਆਂ ਹਨ। ਉਸ ਥਾਂ ਨੂੰ ਸਿਆਹੀ ਤੋਪ ਟਿੱਬੀ ਆਖਦੇ ਹਨ।

ਘਮਾਸਾਨ ਯੁੱਧ ਹੁੰਦਾ ਰਿਹਾ ਪਰ ਕੋਈ ਜਿੱਤ ਹਾਰ ਨਾ ਹੋਈ। ਅਗਲੇ ਦਿਨ ਫਿਰ ਲੜਾਈ ਸ਼ੁਰੂ ਹੋਈ ਪਰ ਦੁਸ਼ਮਣ ਦਾ ਪਹਿਲੇ ਦਿਨ ਵਾਲਾ ਜੋਸ਼ ਮੱਠਾ ਪੈ ਚੁੱਕਾ ਸੀ। ਡਿੱਗੇ ਹੌਸਲੇ ਨਾਲ ਲੜ ਰਹੇ ਸਨ। ਸਿੰਘ ਜਰਨੈਲਾਂ ਨੇ ਇਕ ਇੰਚ ਵੀ ਫ਼ੌਜ ਨੂੰ ਅਗੇ ਨਾ ਵੱਧਣ ਦਿੱਤਾ। ਦੁਸ਼ਮਣ ਨੇ ਆਪਣੇ ਹਰ ਮੌਰਚੇ ਉਤੇ ਮਾਰ ਖਾਦੀ।

ਦੁਸ਼ਮਨ ਜਰਨੈਲ ਤੇ ਸਿਪਾਹੀ ਬਹੁਤ ਮਰੇ ਤੇ ਦੂਜੇ ਪਾਸੇ ਸਿੰਘ ਜਰਨੈਲਾਂ ਵਿਚ ਭਾਈ ਸਾਹਿਬ ਸਿੰਘ ਜੀ ਸ਼ਹੀਦ[1] ਹੋਏ। ਸਿੱਖ ਸਿਪਾਹੀ ਵੀ ਬਹੁਤ ਸ਼ਹੀਦ ਹੋਏ।

ਉਧਰ ਬਿਸਾਲੀ ਦਾ ਰਾਜਾ ਨੈਨ ਦੇਵ ਜੀ ਨੂੰ ਪਤਾ ਲਗਾ ਕਿ ਗੁਰੂ ਜੀ ਸਤਲੁਜ ਪਾਰ ਹਨ, ਤਾਂ ਉਸਦਾ ਮਨ ਖੁਸ਼ੀ ਨਾਲ ਭਰ ਗਿਆ। ਉਸਨੇ ਅਗੇ ਵੀ ਕਈ ਵਾਰੀ ਬੇਨਤੀ ਪੱਤਰ ਅਤੇ ਵਜ਼ੀਰ ਨਰੈਣ ਜੀ ਨੂੰ ਵੀ ਸ੍ਰੀ ਅਨੰਦਪੁਰ ਸਾਹਿਬ ਭੇਜਿਆ ਸੀ ਕਿ ਪਾਤਸ਼ਾਹ ਮੇਰੇ ਰਾਜ ਬਿਸਾਲੀ ਵਿਚ ਚਰਨ ਪਾਉਣ। ਅੱਜ ਉਸਨੇ ਚੰਗਾ ਸਮਾਂ ਜਾਣ ਕੇ ਕੁਝ ਜਰਨੈਲ ਤੇ ਭਾਰੀ ਫ਼ੌਜ ਲੈ ਕੇ ਸਤਿਗੁਰੂ ਜੀ ਦੀ ਮਦਦ ਵਾਸਤੇ ਹਾਜ਼ਰ ਹੋਇਆ।

ਪਰ ਪਹਿਲੇ ਉਹ ਵਜੀਰ ਖਾਂ ਤੇ ਅਜਮੇਰ ਚੰਦ ਨੂੰ ਮਿਲਿਆ ਤੇ ਆਖਿਆ ਕਿ ਇਸ ਲੜਾਈ ਵਿੱਚ ਕੋਈ ਫਾਇਦਾ ਨਹੀਂ ਹੋਣ ਵਾਲਾ। ਸਤਿਗੁਰੂ ਜੀ ਪਾਸ ਬਹੁਤ ਸੈਨਾ ਹੈ ਤੇ ਕਈ ਮਹੀਨੇ ਤਕ ਜੰਗ ਚੱਲ ਸਕਦਾ ਹੈ। ਜੇ ਤੁਸੀ ਮੰਨ ਜਾਵੋ ਤਾਂ ਸਵੇਰੇ ਹੀ ਫੈਸਲਾ ਹੋ ਸਕਦਾ ਹੈ। ਮੈਂ ਗੁਰੂ ਜੀ ਨੂੰ ਬੇਨਤੀ ਕਰਕੇ ਅਪਣੇ ਰਾਜ ਵਿਚ ਲੈ ਜਾਣਾ ਹੈ। ਜੰਗ ਤੋਂ ਬਿਨਾਂ ਤੁਸੀ ਅਪਣੇ ਢੋਲ ਵਜਾਉਂਦੇ ਵਾਪਸ ਮੁੜ ਜਾਵੋ। ਇਨ੍ਹਾਂ ਨੂੰ ਇਹ ਖਿਆਲ ਚੰਗਾ ਲੱਗਾ ਤੇ ਵਾਪਸ ਮੁੜ ਗਏ।

ਬਿਸਾਲੀ ਰਾਜਾ ਨੈਨਦੇਵ ਨੇ ਬੜੀ ਨਿਮਰਤਾ ਨਾਲ ਬੇਨਤੀ ਕੀਤੀ ਕਿ "ਸੱਚੇ ਪਾਤਸ਼ਾਹ ਸਤਲੁਜ ਪਾਰ ਮੇਰਾ ਰਾਜ ਹੈ, ਆਪ

1. ਇਹ ਭਾਈ ਸਾਹਿਬ ਸਿੰਘ ਮਹਾਨ ਯੋਧਾ ਸੀ। ਦੀਵਾਨ ਮਤੀ ਦਾਸ ਛਿੱਬਰ ਦੇ ਪੁੱਤਰ ਸਨ, ਪੰਜ ਪਿਆਰੇ ਵਾਲੇ ਪਿਆਰੇ ਭਾਈ ਸਾਹਿਬ ਸਿੰਘ ਜੀ ਨਹੀਂ ਸਨ। ਇਸ ਭੁਲੇਖੇ ਤੋਂ ਬਚਨਾ ਜੀ।

ਜੀ ਨੇ ਸਿਰਫ ਸਤਲੁਜ ਪਾਰ ਕਰਨਾ ਹੈ, ਅਗਲੇ ਪਾਸੇ ਆਪ ਜੀ ਦਾ ਰਾਜ ਅਰੰਭ ਹੋਵੇਗਾ, ਮੈਂ ਆਪ ਜੀ ਦਾ ਸੇਵਕ ਹੋਵਾਂਗਾ।" ਸਤਿਗੁਰੂ ਜੀ ਨੇ ਪ੍ਰੇਮ ਦੀ ਬੇਨਤੀ ਸੁਣ ਕੇ ਬਿਸਾਲੀ ਰਾਜ ਵਿਚ ਗਏ, ਕੁਝ ਸਮਾਂ ਠਹਿਰ ਕੇ ਫਿਰ ਵਾਪਸ ਸ੍ਰੀ ਅਨੰਦਪੁਰ ਸਾਹਿਬ ਡੇਰਾ ਕੀਤਾ।

ਭਾਈ ਸਾਹਿਬ ਸਿੰਘ ਜੀ ਨੇ ਕਹਿਲੂਰ ਜਾਕੇ ਅੰਮ੍ਰਿਤ ਛਕਾਉਣਾ ਅਤੇ 750 ਨੂੰ ਗੁਰੂ ਵਾਲੇ ਬਨਾਉਣਾ ਜੀ

ਭਾਈ ਸਾਹਿਬ ਸਿੰਘ ਇਕ ਮਹਾਨ ਯੋਧੇ ਸਨ ਜਿਥੇ ਸੂਰਵੀਰ ਅਤੇ ਬਚਨਵਲੀ ਸੀ। ਉਥੇ ਸਭ ਨਾਲ ਪਿਆਰ ਕਰਨ ਵਾਲੇ ਹਰਮਨ ਪਿਆਰੇ, ਸਿਆਣੇ, ਸੁਘੜ ਅਤੇ ਸੰਜਮੀ ਸਨ। ਸੰਜਮੀ ਇਤਨੇ ਕਿ ਅਪਣੇ ਨਿੱਜ ਤੇ ਕਦੇ ਕੁਝ ਨਾ ਖਰਚ ਕਰਦੇ ਤੇ ਸਿੰਘਾਂ ਦੀ ਸੇਵਾ ਵਾਸਤੇ ਕੁਝ ਬਾਕੀ ਨਾ ਰੱਖਦੇ।

ਮਿਲਣਸਾਰ ਇਤਨੇ ਕਿ ਸਾਥੀ ਸਿੰਘਾਂ ਨਾਲ ਦਰੀ ਵਿਛਾ ਕੇ ਬੈਠ ਜਾਂਦੇ ਤੇ ਕੋਈ ਵੱਡਾ ਨਿੱਕਾ ਨਾ ਲੱਗਦਾ, ਨਾ ਹੀ ਭਾਈ ਸਾਹਿਬ ਵਿਚ ਕਿਸੇ ਵਿਦਿਆ ਦੀ ਹੈਂਕੜ ਸੀ। ਨਰਮ ਦਿਲ ਇਤਨੇ ਕਿ ਕਿਸੇ ਦਾ ਦੁੱਖ ਸਹਾਰ ਨਾ ਸਕਦੇ, ਪਰਜਾ-ਮਾਲਕ ਇਤਨੇ ਕਿ ਜੰਗ ਵਿਚ ਵੀ ਆਪ ਜੀ ਨੂੰ ਕਿਸੇ ਤੇ ਦਿਆ ਆ ਜਾਂਦੀ ਸੀ ਨਿਰਮੋਹ ਦੇ ਜੰਗ ਸਮੇਂ ਇਕ ਪਾਸੇ ਭਾਈ ਸਾਹਿਬ ਸਿੰਘ ਜੀ ਦੂਜੇ ਪਾਸੇ ਅਜਮੇਰ ਚੰਦ ਦਾ ਜਰਨੈਲ ਦਲੀਪ ਚੰਦ ਆਪ ਜੀ ਨਾਲ ਦੋ ਹੱਥ ਜੰਗ ਕਰੀ ਜਾ ਰਿਹਾ ਸੀ ਤਾਂ ਅਚਾਨਕ ਮੁੱਠੇ ਤੋਂ ਤਲਵਾਰ ਦਲੀਪ ਚੰਦ ਤੋਂ ਟੁੱਟ ਗਈ। ਭਾਈ ਸਾਹਿਬ ਸਿੰਘ ਜੀ ਨੇ ਢਾਲ ਦੇ ਵਾਰ ਨਾਲ ਉਸ ਨੂੰ ਘੋੜੇ ਤੋਂ ਥੱਲੇ ਸੁੱਟ ਦਿਤਾ ਤੇ ਅਗਲਾ ਵਾਰ ਨੇਜੇ ਦਾ ਸੀ ਕਿ ਜ਼ਮੀਨ ਤੇ ਨੇਜਾ ਸਿਰ ਵਿਚ ਮਾਰਕੇ ਦਲੀਪ ਚੰਦ ਦਾ ਭੋਗ ਪਾ ਦੇਣਾ ਸੀ। ਦਲੀਪ ਚੰਦ ਨੇ ਜ਼ਮੀਨ ਤੇ ਡਿੱਗਦੇ ਸਾਰ ਹੱਥ ਜੋੜ ਲਏ ਤੇ ਮੁਆਫੀ ਮੰਗ ਰਿਹਾ ਸੀ। ਭਾਈ ਸਾਹਿਬ ਸਿੰਘ ਜੀ ਨੇ ਉਸਨੂੰ ਛੱਡ ਦਿੱਤਾ, ਇਹ ਸਭ

ਕੁਝ ਪਲਾਂ ਵਿਚ ਵਰਤਿਆ। ਦੂਜੇ ਪਾਸੇ ਭਾਈ ਉਦੈ ਸਿੰਘ ਜੀ ਨੇ ਵੇਖਿਆ ਤਾਂ ਜੰਗ ਸਮਾਪਤੀ ਤੋਂ ਬਾਅਦ ਗੁਰੂ ਜੀ ਪਾਸ ਸ਼ਿਕਾਇਤ ਕੀਤੀ ਗਈ।

ਭਾਈ ਉਦੈ ਸਿੰਘ ਜੀ ਨੇ ਗੁਰੂ ਕਲਗੀਧਰ ਜੀ ਨੂੰ ਬੇਨਤੀ ਕੀਤੀ, ਪਾਤਸ਼ਾਹ ਜਿਸ ਜਰਨੈਲ ਦਲੀਪ ਚੰਦ ਨੇ ਸਾਡੀ ਫੌਜ ਦਾ ਭਾਰੀ ਨੁਕਸਾਨ ਕੀਤਾ ਸੀ। ਉਹ ਦਲੀਪ ਚੰਦ ਨੂੰ ਭਾਈ ਸਾਹਿਬ ਸਿੰਘ ਜੀ ਨੇ ਮੇਰੀਆਂ ਅੱਖਾਂ ਸਾਹਮਣੇ ਜਿੰਦਾ ਛੱਡ ਦਿਤਾ। ਬਸ ਇਕ ਨੇਜੇ ਦੇ ਵਾਰ ਨੇ ਉਸਦਾ ਤਮਾਮ ਕੰਮ ਕਰ ਦੇਣਾ ਸੀ।

ਗੁਰੂ ਜੀ ਭਾਈ ਉਦੈ ਸਿੰਘ ਜੀ ਨੂੰ ਕਹਿਣ ਲੱਗੇ ਭਾਈ ਸਾਹਿਬ ਸਿੰਘ ਬੜੀ ਗਹਿਰੀ ਸੋਚ ਦੇ ਮਾਲਕ ਹਨ। ਕੁਝ ਸੋਚ ਕੇ ਹੀ ਉਸਨੂੰ ਛੱਡਿਆ ਹੋਵੇਗਾ। ਉਸਦਾ ਉੱਤਰ ਜ਼ਰੂਰ ਕੁਝ ਸਮੇਂ ਬਾਅਦ ਚੰਗਾ ਆਵੇਗਾ।

ਉੱਧਰ ਜਰਨੈਲ ਦਲੀਪ ਚੰਦ ਨੇ ਰਾਜਾ ਅਜਮੇਰ ਚੰਦ ਨੂੰ ਸਮਝਾ ਕੇ ਮੁਆਫੀ ਨਾਮਾ ਤੇ ਕੁਝ ਭੇਟਾਂ ਭੇਜੀਆਂ। ਉਸਨੂੰ ਵੇਖਕੇ ਹੋਰ ਪਹਾੜੀ ਰਾਜਿਆਂ ਨੇ ਵੀ ਉਵੇਂ ਹੀ ਕੀਤਾ। ਫਿਰ ਅਮਨ ਦੇ ਦਿਨ ਆਰੰਭ ਹੋਏ।

ਇਹ ਬਚਨ ਤਕਰੀਬਨ 15 ਫਰਵਰੀ ਸੰਨ 1702 ਦਾ ਹੈ। ਜਰਨੈਲ ਦਲੀਪ ਚੰਦ ਨੇ ਆਪਣੇ ਸਿਪਾਹੀ ਹਰੀਦਾਸ ਦੇ ਹੱਥ ਇਕ ਪ੍ਰੇਮ ਪੱਤਰ ਭੇਜਣਾ ਕੀਤਾ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਰਨਾਂ ਵਿਚ ਬੇਨਤੀ ਪੱਤਰ ਵਿਚ ਲਿਖਿਆ ਸੀ।

ਸੱਚੇ ਪਾਤਸ਼ਾਹ ਮੈਂ ਆਪ ਦਾ ਸਿੱਖ ਬਣਨ ਦਾ ਪ੍ਰਣ ਕੀਤਾ ਹੈ। ਮੈਨੂੰ ਤੇ ਮੇਰੀ ਫੌਜ ਦੇ ਸਿਪਾਹੀ ਢਾਈ ਸੌ ਦੇ ਤਕਰੀਬਨ ਹਨ। ਅਸੀਂ ਸਾਰੇ ਅੰਮ੍ਰਿਤ ਛੱਕ ਕੇ ਆਪਣਾ ਬਾਕੀ ਜੀਵਨ ਧਰਮ ਦੇ ਲੇਖੇ ਲਾਉਣਾ ਹੈ। ਨਿਰਮੋਹ ਦੇ ਜੰਗ ਸਮੇਂ ਆਪ ਜੀ ਦੇ ਪਿਆਰੇ ਸਿੱਖ ਭਾਈ ਸਾਹਿਬ ਸਿੰਘ ਜੀ ਨੇ ਚਲਦੇ ਜੰਗ ਵਿਚ ਮੈਨੂੰ ਜੀਵਨ ਦਿਤਾ ਸੀ। ਹੁਣ ਇਹ ਜੀਵਨ ਆਪਜੀ ਦਾ ਹੈ ਸਾਨੂੰ ਆਪਣੇ ਬਣਾ ਲਵੋ ਜੀ।

ਰਿਆਸਤ ਕਹਿਲੂਰ ਦੇ ਰਾਜਾ ਅਜਮੇਰ ਚੰਦ ਨੇ ਵੀ ਆਪ ਜੀ ਪਾਸ ਮੁਆਫੀਨਾਮਾ ਭੇਜਿਆ ਹੈ। ਹੁਣ ਕਹਿਲੂਰ ਆਪ ਜੀ ਦੇ ਚਰਨਾਂ ਦੀ ਉਡੀਕ ਕਰ ਰਿਹਾ ਹੈ ਕਿ ਆਪ ਜੀ ਕਦੋਂ ਆਵੋਗੇ। ਮੇਰਾ ਸਿਪਾਹੀ ਹਰੀ ਦਾਸ ਨੂੰ ਜੋ ਵੀ ਆਪ ਜੀ ਦਾ ਹੁਕਮ ਦੇਵੋਗੇ। ਉਹ ਮੇਰੇ ਤੱਕ ਪਹੁੰਚ ਜਾਵੇਗਾ ਅਸੀਂ ਆਪ ਜੀ ਦੇ ਹੁਕਮ ਦੀ ਉਡੀਕ ਵਿਚ ਹਾਂ।

ਗੁਰੂ ਜੀ ਨੇ ਇਹ ਪ੍ਰੇਮ ਪੱਤਰ ਆਪ ਪੜ੍ਹਿਆ ਤੇ ਭਾਈ ਸਾਹਿਬ ਸਿੰਘ ਨੂੰ ਵੀ ਭੜਾਇਆਂ ਗਿਆ। ਭਾਈ ਹਰੀ ਦਾਸ ਨੇ ਵੀ ਬੇਨਤੀ ਕੀਤੀ ਕਿ ਪਾਤਸ਼ਾਹ ਇਹ ਸਮਾਂ ਹੈ ਦੋ ਤਿੰਨ ਜਰਨੈਲ ਆਪ ਜੀ ਦੇ ਕਿਰਦਾਰ ਤੇ ਆਪ ਦੇ ਸਿੱਖਾਂ ਦੇ ਜੀਵਨ ਵੇਖਕੇ ਆਪ ਦੇ ਸਿੱਖ ਬਨਣਾ ਚਾਹੁੰਦੇ ਹੱਨ।

ਜੇ ਆਪ ਜੀ ਪਾਸ ਸਮਾਂ ਨਹੀਂ ਹੈ ਤਾਂ ਘੱਟੋ ਘੱਟ ਭਾਈ ਸਾਹਿਬ ਸਿੰਘ ਜੀ ਨੂੰ ਜ਼ਰੂਰ ਭੇਜੋ ਜੀ। ਭਾਈ ਸਾਹਿਬ ਸਿੰਘ ਜੀ ਗੁਰੂ ਜੀ ਦਾ ਹੁਕਮ ਪਾਕੇ ਨਾਲ ਪੱਚੀ ਸਿੰਘਾਂ ਦਾ ਜੱਥਾ ਲੈ ਕੇ ਕਹਿਲੂਰ ਨੂੰ ਵਿਦਾ ਹੋਇਆ। ਤਾਂ ਅਗੋ ਜਰਨੈਲ ਦਲੀਪ ਚੰਦ ਨੇ ਬਹੁਤ ਸਤਿਕਾਰ ਕੀਤਾ। ਇਥੇ ਲੱਗਭਗ ਇਕ ਮਹੀਨਾ ਭਾਈ ਸਾਹਿਬ ਸਿੰਘ ਜੀ ਠਹਿਰੇ ਤੇ ਅੰਮ੍ਰਿਤ ਸੰਚਾਰ ਕੀਤਾ। ਬਹੁਤ ਭਾਰੀ ਤਦਾਦ ਵਿੱਚ ਸਿੰਘ ਸੱਜ ਗਏ।[1]

ਭਾਈ ਸਾਹਿਬ ਸਿੰਘ ਦਾ ਭਾਰੀ ਸਨਮਾਨ ਕੀਤਾ, ਭਾਈ ਉਦੈ ਸਿੰਘ ਜੀ ਵੀ ਨਾਲ ਸਨ। ਇਹ ਸਭ ਕੁਝ ਵੇਖਕੇ ਉਨ੍ਹਾਂ ਦੀ ਰਸਨਾ ਤੋਂ ਵੀ ਧੰਨ ਭਾਈ ਸਾਹਿਬ ਸਿੰਘ ਜੀ ਬੋਲ ਆਏ।

1. ਗਿਆਨੀ ਬਿਸ਼ਨ ਸਿੰਘ ਜੀ ਲਿਖਦੇ ਹਨ, ਸਾਡੇ ਸੱਤ ਸੌ ਪ੍ਰਾਣੀਆਂ ਨੂੰ ਅੰਮ੍ਰਿਤ ਦਾਤ ਦਿਤੀ। ਪਰ ਅਜਮੇਰ ਚੰਦ ਵਾਂਝਾ ਰਹਿ ਗਿਆ ਤੇ ਦੁਖੀ ਹੋਇਆ। ਉਸ ਸਮੇਂ ਕਰ ਤਾਂ ਕੁਝ ਵੀ ਨਾ ਸਕਿਆ, ਕਿਉਂਕਿ ਰਾਜ ਵਿਚ ਖਰਲ ਪੈਣ ਦਾ ਡਰ ਸੀ। ਪਰ ਇਨ੍ਹਾਂ ਜਰਨੈਲਾਂ ਨੂੰ ਨੌਕਰੀ ਤੋਂ ਜਵਾਬ ਦਿੱਤਾ। ਇਹ ਸਾਰੇ ਖਾਲਸਾ ਫੌਜ ਵਿਚ ਭਰਤੀ ਹੋਏ, ਗੁਰੂ ਜੀ ਨੇ ਸਭ ਨੂੰ ਆਪਣੇ ਕੰਠ ਲਾ ਕੇ ਪਿਆਰ ਦਿੱਤਾ।

ਭਾਈ ਸਾਹਿਬ ਸਿੰਘ ਗਹਿਓ ਕਹਿਲੂਰ, ਗੁਰਮਤਿ ਦਿਤੀ ਤਹ ਹਜੂਰ॥
ਸਾਡੇ ਸੱਤ ਸੌ ਸਿੰਘ ਸਜਾਏ, ਅੰਮ੍ਰਿਤ ਦੇਹ ਗੁਰੂ ਚਰਨੀ ਲਾਏ॥
ਅਜਮੇਰ ਚੰਦ ਚੜ੍ਹੀਓ ਗਹਿਰੂਰ, ਸਿੰਘ ਦੇਖ ਉਠੀ ਤਹ ਸੂਲ॥
ਜਰਨੈਲ ਦਲੀਪ ਸਿੰਘ ਸੱਜ ਗਏ, ਭੀ ਹਰੀਦਾਸ ਕਿਰਪਾ ਸਭ ਭਏ॥
ਊਚ ਨੀਚ ਦੇ ਵਿਤਕਰੇ ਮਿਟਾਏ, ਗੁਰੂ ਗੋਬਿੰਦ ਸਿੰਘ ਕੰਠ ਸਭ ਲਾਏ॥

ਕਹਿਲੂਰ ਤੋਂ ਫਿਰ ਆਪ ਜੀ ਸ੍ਰੀ ਅਨੰਦਪੁਰ ਸਾਹਿਬ ਪਹੁੰਚੇ ਗੁਰੂ ਜੀ ਨੇ ਵੀ ਆਪ ਦਾ ਸਨਮਾਨ ਕੀਤਾ।

ਇਹ ਅੰਮ੍ਰਿਤ ਦਾਤ 15 ਮਾਰਚ ਸੰਨ 1702 ਦਿੱਤੀ, ਉਸ ਸਮੇਂ ਭਾਈ ਸਾਹਿਬ ਸਿੰਘ ਜੀ ਦੀ ਉਮਰ 27 ਸਾਲ ਦੀ ਸੀ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਥੋੜਾ ਸਮਾਂ ਅਮਨ ਦਾ ਮਿਲ ਗਿਆ। ਆਪ ਜੀ ਨੇ ਉਸਾਰੂ ਕੰਮਾਂ ਵੱਲ ਧਿਆਨ ਦਿਤਾ। ਇਸ ਸਮੇਂ ਸਭ ਤੋਂ ਜ਼ਰੂਰੀ ਕੰਮ ਸੀ ਨਵੇਂ ਸਾਜੇ ਖ਼ਾਲਸਾ ਪੰਥ ਦਾ ਪ੍ਰਚਾਰ ਕਰਨਾ। ਪੰਥ ਦੇ ਮੁੱਢਲੇ ਅਸੂਲ ਸਮਝਾਕੇ, ਇਕ ਅਕਾਲ ਪੁਰਖ ਦੀ ਪੂਜਾ ਤੇ ਲਾਉਣਾ। ਮਨੁੱਖਤਾ ਵਿੱਚ ਬਰਾਬਰੀ ਦਾ ਦਰਜ਼ਾ ਦੇਣਾ।

ਭਾਈ ਸਾਹਿਬ ਸਿੰਘ ਜੀ ਨੇ ਬਹੁਤ ਵੱਡਾ ਦੰਗਲ ਮਾਰਿਆ ਸੀ ਕਹਿਲੂਰ ਵਿਚ ਅੰਮ੍ਰਿਤ ਸੰਚਾਰ ਕਰਕੇ। ਜਿਸ ਤੇ ਗੁਰੂ ਜੀ ਬਹੁਤ ਪ੍ਰਸੰਨ ਹੋਏ ਸਨ।

ਅੰਮ੍ਰਿਤ ਸੰਚਾਰ ਰਵਾਲਸਰ

ਹੁਣ ਪਾਤਸ਼ਾਹ ਰਵਾਲਸਰ ਦੇ ਰਾਜੇ ਮਦਨ ਗੋਪਾਲ ਦੀ ਬੇਨਤੀ ਤੇ ਪਹੁੰਚੇ ਤਾਂ ਉਥੇ ਦੇ ਲੋਕਾਂ ਨੂੰ ਸੱਚ ਦਾ ਮਾਰਗ ਦਿਤਾ। ਜਾਤ-ਪਾਤ ਦੇ ਬਖੇੜੇ ਦੂਰ ਕਰਕੇ ਏਥੇ ਵੀ ਗੁਰੂ ਜੀ ਨੇ ਰਵਾਲਸਰ ਅੰਮ੍ਰਿਤ ਸੰਚਾਰ ਕੀਤਾ।

ਅੰਮ੍ਰਿਤ ਸੰਚਾਰ ਮੰਡੀ ਵਿੱਚ

ਇਥੋਂ ਗੁਰੂ ਜੀ ਮੰਡੀ ਦੇ ਰਾਜੇ ਦਰੋਪਤ ਰਾਏ ਦੀ ਬੇਨਤੀ ਤੇ ਮੰਡੀ, ਸੰਗੜਾ, ਭੂਥਰ ਇਹ ਸਾਰੇ ਇਲਾਕੇ ਵਿਚ ਪ੍ਰਚਾਰ ਕੀਤਾ। ਸੰਗਤ ਦੀ ਬੇਨਤੀ ਤੇ ਫਿਰ ਮੰਡੀ ਵਿਚ ਅੰਮ੍ਰਿਤ ਦੀ ਦਾਤ ਦਿੱਤੀ। ਸਭ ਨੂੰ ਗੁਰੂ ਵਾਲੇ ਬਣਾਇਆ ਅਤੇ ਵਾਧੂ ਭਰਮ-ਭੁਲੇਖੇ ਦੂਰ ਕਰਕੇ ਫਿਰ ਪਾਤਸ਼ਾਹ ਸ੍ਰੀ ਅਨੰਦਪੁਰ ਸਾਹਿਬ ਆਏ।

ਅੰਮ੍ਰਿਤ ਸੰਚਾਰ ਲੱਖੀ ਜੰਗਲ 'ਚ

ਗੁਰੂ ਜੀ ਨੇ ਅਨੰਦਪੁਰ ਸਾਹਿਬ ਤੋਂ ਮਾਲਵੇ ਦੇ ਜੰਗਲਾਂ ਨੂੰ ਭਾਗ ਲਾਏ ਅਤੇ ਲੱਖੀ ਜੰਗਲ ਬਣਵਾਏ। ਸਾਹਿਬ ਸ੍ਰੀ ਗੁਰੂ ਗੋਬਿੰਦ

ਸਿੰਘ ਜੀ ਮਹਾਰਾਜ ਨੇ ਇਕ ਬਹੁਤ ਸੋਹਣੀ ਤਰਤੀਬ ਬਣਾਈ ਸੀ। ਪਹਿਲੇ ਪਾਤਸ਼ਾਹ ਦੇ ਰਾਗੀ ਕੀਰਤਨੀਏ ਭਾਈ ਨੱਥਾ ਸਿੰਘ ਜੀ ਤੇ ਕਵੀ ਜਨ ਭਾਈ ਨੰਦ ਲਾਲ ਸਿੰਘ ਜੀ। ਫਿਰ ਕਵਿਤਾ ਬੋਲਣ ਵਾਲੇ ਕਵੀਸ਼ਰ ਢਾਡੀ ਭਾਈ ਜੀਤਮੱਲ ਸਿੰਘ ਜੀ ਇਹ ਸਭ ਅੱਗੇ ਅੱਗੇ ਚੱਲਦੇ ਸਨ ਅਤੇ ਗੁਰੂ ਸਾਹਿਬ ਦੇ ਆਉਣ ਦੀ ਖਬਰ ਦਿੰਦੇ ਸਨ।

ਫਿਰ ਰਾਜੇ ਮਹਾਰਾਜੇ ਗੁਰੂ ਘਰ ਦੇ ਅਮੀਰ (ਧੰਨਵਾਨ) ਸਿੱਖ ਅਗਲੇ ਰਸਤੇ ਦੇ ਸਭ ਪ੍ਰੋਗ੍ਰਾਮ ਉਲੀਕ ਕੇ ਰੱਖਦੇ ਸਨ। ਫਿਰ ਭਾਈ ਦਇਆ ਸਿੰਘ, ਹਿੰਮਤ ਸਿੰਘ ਉਸੇ ਥਾਂ ਤੇ ਗੁਰਮਤਿ ਪ੍ਰਚਾਰ ਕਰਦੇ ਸਨ। ਫਿਰ ਤੀਜੀ ਥਾਂ ਤੇ ਸਤਿਗੁਰੂ ਜੀ ਆਕੇ ਸਭ ਨੂੰ ਅੰਮ੍ਰਿਤ ਦੀ ਪ੍ਰੇਰਣਾ ਦਿੰਦੇ। ਗੁਰੂ ਜੀ ਵੀ ਅਗਲੇ ਪੜਾਅ ਤੇ ਜਾਂਦੇ ਤੇ ਸੱਭ ਤੋਂ ਅਖੀਰ ਵਿੱਚ ਭਾਈ ਸਾਹਿਬ ਸਿੰਘ, ਭਾਈ ਮੋਹਕਮ ਸਿੰਘ, ਧਰਮ ਸਿੰਘ ਜੀ ਅੰਮ੍ਰਿਤ ਅਭਿਲਾਖੀਆਂ ਨੂੰ ਅੰਮ੍ਰਿਤ ਪਾਨ ਕਰਾਉਂਦੇ। ਇਸ ਤਰ੍ਹਾਂ ਇਹ ਲੜੀ ਚਲਦੀ ਚਲਦੀ ਚੌਮਾਸੇ ਦੇ ਦਿਨ ਗੁਰੂ ਜੀ ਸਾਬੋ ਕੀ ਤਲਵੰਡੀ ਚੌਧਰੀ ਭਾਈ ਡੱਲਾ ਦੀ ਬੇਨਤੀ ਤੇ ਉਸ ਪਾਸ ਠਹਿਰੇ। ਇਥੇ ਵੀ ਬਹੁਤ ਵੱਡਾ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ। ਵੱਡੀ ਤਦਾਦ ਵਿੱਚ ਅੰਮ੍ਰਿਤ ਪਾਨ ਕਰਵਾਇਆ।

ਸਿੱਖ ਇਤਿਹਾਸ ਦੱਸਦਾ ਹੈ 7 ਜੁਲਾਈ ਸੰਨ 1702 ਵਿੱਚ ਪੰਜ ਹਜ਼ਾਰ ਤੋਂ ਵੱਧ ਸਿੰਘ ਸਜਾਏ ਗਏ।[1] ਫਿਰ ਗੁਰੂ ਜੀ ਵਾਪਸ ਲੱਖੀ ਜੰਗਲ ਤੋਂ ਸ੍ਰੀ ਅਨੰਦਪੁਰ ਸਾਹਿਬ ਆਏ।

---

1. ਗਿਆਨੀ ਬਿਸ਼ਨ ਸਿੰਘ ਜੀ ਲਿਖਦੇ ਹਨ, ਸਾਬੋ ਕੀ ਤਲਵੰਡੀ ਵਿਚ ਭਾਈ ਅੰਮ੍ਰਿਤ ਪਾਨ ਕਰਵਾਇਆ ਗਿਆ ਸੀ।

ਪੰਥ ਹੇਤ ਜਬ ਕਾਰਜ ਸਿਧਾਏ, ਸਭ ਸਿੱਖ ਸੰਗਤ ਚਲ ਚਰਨੀ ਆਏ॥
ਨੱਥਾ ਮਲ ਕੀਰਤਨ ਜਾ ਗਾਵੈ, ਕਹਿ ਢਾਡੀ ਜੀਤ ਮੱਲ ਸੁਣਾਵੈ॥
ਕਵਿੰਤ ਕਹਿ ਨੰਦ ਲਾਲ ਭਾਈ, ਵਾਹੋ ਵਾਹੋ ਕਹਿਤੇ ਸੰਗਤ ਆਈ॥
ਸਾਹਿਬ ਕ੍ਰਿਪਾਲੂ ਗੁਰ ਗੋਬਿੰਦਾ, ਅੰਮ੍ਰਿਤ ਦੇਵੈ ਸਦ ਸਦ ਬਖਸ਼ਿੰਦਾ॥
ਮੋਹਕਮ ਸਿੰਘ ਸਾਹਿਬ ਸਿੰਘ ਗੁਰ ਬਚਨ ਸੁਣਾਵੈ, ਧਰਮ ਸਿੰਘ ਧਰਮ ਦ੍ਰਿੜਾਵੇ॥
ਤਬ ਸਭ ਸੰਗਤ ਸਾਬੋ ਭਾਈ ਡੱਲੇ ਭਏ, ਪੰਚ ਹਜ਼ਾਰ ਸਿੰਘ ਸੱਜ ਗਏ॥
ਹਾੜ ਸੋ ਸੰਮਤ ਸੱਤਰਾ ਉਨਸਾਠ, ਗੰਡੀ ਸਾਬੋ ਤਲਵੰਡੀ ਸਾਠ ਗਾਠ॥

ਅੰਮ੍ਰਿਤ ਸੰਚਾਰ ਕੁਰਕਸ਼ੇਤਰ

ਅੱਜ ਗੁਰੂ ਕਲਗੀਧਰ ਨੇ ਬਚਨ ਕੀਤਾ, ਭਾਈ ਸਾਹਿਬ ਸਿੰਘ ਜੀ ਸੂਰਜ ਗ੍ਰਹਿਣ ਦਾ ਮੇਲਾ ਹੈ, ਆਪਨੇ ਕੁਰੂਸ਼ੇਤਰ ਜਾ ਕੇ ਵੇਖਣਾ ਹੈ। ਸਾਹਿਬ ਸਿੰਘ ਜੀ ਕਹਿਣ ਲੱਗੇ ਪਾਤਸ਼ਾਹ ਜੀ ਆਪਦਾ ਸੂਰਜ ਗ੍ਰਹਿਣ ਨਾਲ ਕੀ ਮਿਲਾਪ? ਗੁਰੂ ਜੀ ਕਹਿਣ ਲਗੇ, ਅਸੀਂ ਤਾਂ ਜਿਹੜੇ ਜਿਹੜੇ ਸਦੀਆਂ ਤੋਂ ਆਮ ਮਨੁੱਖ ਦੇ ਮਨ ਨੂੰ ਗ੍ਰਹਿਣ ਲੱਗੇ ਹਨ ਉਨ੍ਹਾਂ ਨੂੰ ਉਤਾਰਣਾ ਹੈ। ਉਨ੍ਹਾਂ ਲੋਕਾਂ ਦੇ ਹੱਥ ਵਿਚ ਕ੍ਰਿਪਾਨ ਦੇ ਕੇ ਵਹਿਮਾਂ ਭਰਮਾਂ ਤੋਂ ਦੂਰ ਕਰਨਾ ਹੈ। ਕੋਈ ਗੱਲ ਵਿਚ ਪੱਥਰ (ਸ਼ਿਵਲਿੰਗ) ਬੰਨ੍ਹੀ ਫਿਰਦੇ ਹਨ। ਕੂੜੀਆਂ (ਝੂਠੀਆਂ) ਕਿਰਿਆ ਵਿੱਚ ਫਸੇ ਹਨ ਤੇ ਸ੍ਰੀ ਭਗਵਾਨ (ਪਰਮਾਤਮਾ) ਦੇ ਭੇਦ ਤੋਂ ਖੁੰਜੇ ਹਨ ਉਨ੍ਹਾਂ ਨੂੰ ਸੱਚ ਦਾ ਮਾਰਗ ਦੇਣਾ ਹੈ।

ਸੱਚੇ ਪਾਤਸ਼ਾਹ 18 ਜਨਵਰੀ ਸੰਨ 1703 ਵਿਚ ਕੁਰੂਕਸ਼ੇਤਰ ਵਿੱਚ ਪਹੁੰਚੇ ਤੇ ਇਥੇ ਵੀ ਭਾਰੀ ਗੁਰਮਤਿ ਪ੍ਰਚਾਰ ਕੀਤਾ। ਬਹੁਤ ਸੰਗਤ, ਸਿੰਘ ਸਜੇ ਇਸ ਸੂਰਜ ਗ੍ਰਹਿਣ ਤੇ ਅਜਮੇਰ ਚੰਦ ਆਦਿਕ ਕਈ ਹਿੰਦੂ ਰਾਜੇ ਵੀ ਗਏ ਸਨ। ਖ਼ਾਲਸਾ ਫ਼ੌਜ ਦੀ ਦਿਨੋ ਦਿਨ ਵਧਦੀ ਤਾਕਤ ਪਹਾੜੀਆਂ ਦੇ ਦਿਲ ਦਾ ਕੰਡਾ ਬਣਦੀ ਜਾ ਰਹੀ ਸੀ।

ਚਮਕੌਰ ਦੀ ਪਹਿਲੀ ਜੰਗ

ਇਥੇ ਵੀ ਸਿੱਖ ਇਤਿਹਾਸ ਲਿਖਦਾ ਹੈ ਅਜਮੇਰ ਚੰਦ ਨੇ ਜਦੋਂ ਗੁਰੂ ਜੀ ਵਾਪਸ ਆ ਰਹੇ ਸਨ ਤਾਂ ਫੌਜਦਾਰ ਸੈਦ ਬੇਗ[1] ਅਤੇ ਅਲਫ ਖਾਂ ਨੂੰ ਦੌਲਤ ਦਾ ਲਾਲਚ ਦੇ ਕੇ ਹਮਲਾ ਕਰਵਾਇਆ ਸੀ। ਚਮਕੌਰ ਸਾਹਿਬ ਨੇੜੇ ਤਾਂ ਵੀ ਫਤਹਿ ਜੰਗ ਵਿਚ ਗੁਰੂ ਕਲਗੀਧਰ ਸਾਹਿਬ ਦੀ ਹੋਈ ਸੀ। ਇਸ ਜੰਗ ਨੇ ਹੀ ਪਹਾੜੀ ਰਾਜਿਆਂ ਦੀ ਕੁਟਲ ਨੀਤੀ ਖੋਲੀ ਸੀ।

1. ਫੌਜਦਾਰ ਸੈਦ ਬੇਗ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਕੇ ਸਿੱਖ ਬਣ ਗਿਆ ਸੀ। ਗੁਰੂ ਜੀ ਨਾਲ ਹੀ ਅਨੰਦਪੁਰ ਸਾਹਿਬ ਆ ਗਿਆ ਸੀ।

ਬੀਬੀ ਨਿਰੰਜਨ ਕੌਰ ਤੇ ਧੀ ਗੁਰਨੈਨ ਕੌਰ ਸ਼ਹੀਦ ਹੋਏ। ਇਹ ਜੰਗ 29 ਮਾਰਚ ਸੰਨ 1704 ਨੂੰ ਹੋਈ

ਭਾਈ ਸਾਹਿਬ ਸਿੰਘ ਜੀ ਨਾਲ ਮਿਲਾਪ ਫ਼ੌਜਦਾਰ ਸੈਦ ਬੇਗ ਖਾਂ ਜਿਸ ਤੇ ਸੈਦ ਬੇਗ ਭਾਈ ਸਾਹਿਬ ਦੇ ਹੋਕੇ ਰਹਿ ਗਏ। ਚਮਕੌਰ ਦੇ ਕੋਲ ਹੋਏ ਹਮਲੇ ਦਾ ਮੂਲ ਕਾਰਨ ਅਜਮੇਰ ਚੰਦ ਕਹਿਲੂਰੀਆ ਸੀ। ਸੈਦ ਬੇਗ ਨੇ ਉਨ੍ਹਾਂ ਦੀ ਸਾਰੀ ਕਰਤੂਤ ਦਾ ਭਾਂਡਾ ਭੰਨ ਦਿਤਾ। ਭਾਈ ਸਾਹਿਬ ਸਿੰਘ ਜੀ ਇਹ ਸਭ ਕੁਝ ਸੁਣ ਕੇ ਬਹੁਤ ਹੈਰਾਨ ਹੋਏ। ਇਹ ਕੈਸੇ ਰਾਜੇ ਹਨ? ਹਰਪਲ ਸੋਚ ਵਿਚ ਧੋਖਾ ਬੈਠਾ ਹੈ। ਸੈਦ ਬੇਗ ਨੇ ਦੱਸਿਆ ਹੁਣ ਵੀ ਇਹ ਟਿੱਕ ਕੇ ਬੈਠਣਗੇ ਨਹੀਂ। ਹੋ ਸਕਦਾ ਹੈ ਔਰੰਗਜ਼ੇਬ ਪਾਸੋਂ ਮਦਦ ਲੈਣ ਵਾਸਤੇ ਕਈ ਤਰ੍ਹਾਂ ਦੀ ਸ਼ਿਕਾਇਤਾਂ ਭੇਜੀਆਂ ਗਈਆਂ ਹੋਣਗੀਆਂ। ਚਾਹੇ ਔਰੰਗਜ਼ੇਬ ਤਾਂ ਦੂਰ ਦੱਖਣ ਵਿਚ ਰੁੱਝੇ ਹੋਏ ਹਨ, ਉਹ ਇਧਰ ਨਹੀਂ ਆ ਸਕਦਾ। ਪਰ ਕਿਸੇ ਜਰਨੈਲ ਨੂੰ ਫੌਜ ਦੇ ਕੇ ਭੇਜ ਸਕਦਾ ਹੈ। ਸਾਨੂੰ ਇਨ੍ਹਾਂ ਪਾਪੀਆਂ ਤੋਂ ਹੋਸ਼ਿਆਰ ਰਹਿਣਾ ਚਹੀਦਾ ਹੈ।

ਭਾਈ ਸਾਹਿਬ ਸਿੰਘ ਨੇ ਗੁਰੂ ਜੀ ਨਾਲ ਸਾਰਾ ਦੁੱਖ ਸੁੱਖ ਕੀਤਾ। ਸਿੱਖਾਂ ਦੀ ਬੇਨਤੀ ਕੀਤੀ, ਪਾਤਸ਼ਾਹ ਦਿੱਲੀ ਤੋਂ ਜਰਨੈਲ ਸੈਦ ਖਾਂ ਨੂੰ ਥਾਪਿਆ ਗਿਆ ਹੈ ਉਹ ਭਾਰੀ ਫ਼ੌਜ ਲੈ ਕੇ ਦਿੱਲੀ ਤੋਂ ਚਲ ਪਿਆ ਹੈ। ਭਾਈ ਦਿਆ ਸਿੰਘ ਜੀ ਕਹਿਣ ਲੱਗੇ ਗੁਰੂ ਜੀ ਇਹ ਸੈਦ ਖਾਂ ਉਹੀ ਹੈ ਜੋ ਪੀਰ ਬੁੱਧੂ ਸ਼ਾਹ ਦਾ ਸਾਲਾ ਜਿਸ ਨੇ ਆਪ ਜੀ ਦਾ ਸਾਥ ਦਿੱਤਾ ਸੀ। ਰਾਜਿਆਂ ਦੇ ਵਿਰੁੱਧ ਵਿਚ ਲੜਿਆ ਸੀ ਤੇ ਆਪਣੇ ਦੋ ਜਵਾਨ ਪੁੱਤਰ ਸ਼ਹੀਦ ਕਰਵਾ ਦਿੱਤੇ ਸਨ।

ਗੁਰੂ ਕਲਗੀਧਰ ਜੀ ਕਹਿਣ ਲੱਗੇ, ਹਾਂ ਭਾਈ ਦਿਆ ਸਿੰਘ ਇਹ ਉਹੀ ਸੈਦ ਖਾਂ ਹੈ। ਪਰ ਪਾਤਸ਼ਾਹ ਉਸਨੂੰ ਤਾਂ ਗੁਰੂ ਘਰ ਬਾਰੇ ਸਭ ਪਤਾ ਹੈ ਫਿਰ ਉਹ ਕਿਉਂ ਚੜ੍ਹਾਈ ਕਰਕੇ ਆ ਰਿਹਾ ਹੈ। ਗੁਰੂ ਜੀ ਕਹਿਣ ਲੱਗੇ ਭਾਈ ਸਾਹਿਬ ਚੁਗਲੀ, ਝੂਠੀ ਨਿੰਦਾ ਤੇ ਲੋਓਤਾਈ ਤਾਂ ਪੱਥਰ ਪਾੜ੍ਹ ਦਿੰਦੀ ਹੈ। ਇਹ ਤਾਂ ਫਿਰ ਇਕ

ਆਮ ਮਨੁੱਖ ਹੈ। ਨਾਲੇ ਜਿਨ੍ਹਾਂ ਦਾ ਦਿੱਤਾ ਟੁੱਕਰ ਖਾਂਦੇ ਹਨ, ਉਨ੍ਹਾਂ ਨੂੰ ਵਫਾਦਾਰੀ ਵੀ ਤਾਂ ਦਿਖਾਉਣੀ ਹੈ। ਘਬਰਾਉ ਨਹੀਂ ਗੁਰੂ ਭਲਾ ਕਰੇਗਾ, ਜਿਹੜੇ ਸਿੰਘ ਛੁੱਟੀ 'ਤੇ ਗਏ ਹਨ ਉਨ੍ਹਾਂ ਨੂੰ ਜਲਦੀ ਵਾਪਸ ਬੁਲਾਵੋ। ਨਗਰ ਦੇ ਸਾਰੇ ਪਾਸਿਓਂ ਰਖਵਾਲੀ ਦੇ ਪੂਰੇ ਇੰਤਜ਼ਾਮ ਕਰੋ।

ਭਾਈ ਸਾਹਿਬ ਸਿੰਘ ਜੀ ਨੇ ਬੇਨਤੀ ਕੀਤੀ ਕਿ ਪਾਤਸ਼ਾਹ ਖਾਲਸਾ ਫ਼ੌਜ ਕੇਵਲ ਪੰਜ-ਸੱਤ ਸੌ ਸਿੰਘ ਹਨ। ਉਸ ਸਮੇਂ ਭਾਈ ਸਾਹਿਬ ਸਿੰਘ ਦੀ ਘਰਵਾਲੀ ਬੀਬੀ ਨਿਰੰਜਨ ਕੌਰ ਨੇ ਬੇਨਤੀ ਕੀਤੀ ਗੁਰੂ ਜੀ ਦੋ ਢਾਈ ਸੌ ਸਿੰਘਣੀਆਂ ਦਾ ਵੀ ਜੱਥਾ ਹੈ ਅਸੀ ਦੁਸ਼ਮਨ ਦਾ ਡੱਟਕੇ ਮੁਕਾਬਲਾ ਕਰਾਂਗੇ, ਦੁਸ਼ਮਨ ਨੂੰ ਮੂੰਹ ਤੋੜ ਜਵਾਬ ਦੇਵਾਂਗੇ। ਐਸੇ ਨਿਧੜਕ ਬਚਨ ਬੀਬੀ ਨਿਰੰਜਨ ਕੌਰ ਦੀ ਰਸਨਾਂ ਤੋਂ ਸੁਣ ਕੇ ਗੁਰੂ ਜੀ ਨੇ ਸ਼ਾਬਾਸ਼ ਦਿੱਤੀ।

ਉੱਧਰ ਦਿੱਲੀ ਤੋਂ ਸ੍ਰੀ ਅਨੰਦਪੁਰ ਸਾਹਿਬ ਨੂੰ ਆਉਂਦਾ ਸੈਦ ਖਾਂ ਰਸਤੇ ਵਿਚ ਸਾਢੌਰੇ ਠਹਿਰਿਆ ਅਤੇ ਪੀਰ ਬੁੱਧੂ ਸ਼ਾਹ ਨੂੰ ਅਤੇ ਭੈਣ ਨਸੀਰਾ ਨੂੰ ਮਿਲਿਆ। ਪੀਰ ਜੀ ਪਾਸੋਂ ਉਸਨੇ ਗੁਰੂ ਗੋਬਿੰਦ ਸਿੰਘ ਜੀ ਦੇ ਅਤੇ ਗੁਰੂ ਘਰ ਦੇ ਜ਼ਿਕਰ ਸੁਣੇ ਤਾਂ ਹੱਕਾ ਬੱਕਾ ਰਹਿ ਗਿਆ।

ਉਸਨੂੰ ਇਹ ਵੀ ਪਤਾ ਲੱਗਾ ਕਿ ਗੁਰੂ ਇਕ ਫਕੀਰਾਨਾ ਜ਼ਿੰਦਗੀ ਦਾ ਮਾਲਕ ਹੈ। ਉਨ੍ਹਾਂ ਪਾਸ ਕੋਈ ਰਿਆਸਤ ਨਹੀਂ ਹੈ, ਕੋਈ ਮੁੱਲਕ ਨਹੀਂ ਮੱਲੇ ਹੋਏ। ਇਤਨੀ ਵਾਰ ਪਹਾੜੀ ਰਾਜਿਆਂ ਨੂੰ ਭਾਂਜ ਦੇ ਕੇ ਵੀ ਉਨ੍ਹਾਂ ਕਿਸੇ ਦੀ ਇਕ ਚੱਪਾ ਥਾਂ ਨਹੀਂ ਮੱਲੀ (ਖੋਹੀ)।

ਸੈਦ ਖਾਂ ਕੁਝ ਦੋ-ਚਿੱਤਾ ਜਿਹਾ ਹੋ ਗਿਆ। ਪੀਰ ਬੁੱਧੂ ਸ਼ਾਹ ਦੀ ਕੀਤੀ ਕੁਰਬਾਨੀ ਦਾ ਵੀ ਉਸ ਉਤੇ ਡੂੰਘਾ ਅਸਰ ਹੋਇਆ। ਉਸ ਉਤੇ ਅਸਲੀਅਤ ਉੱਘੜਨ ਲੱਗ ਪਈ। ਫਿਰ ਵੀ ਅੱਖੀ ਵੇਖਣ ਤੋਂ ਬਿਨਾਂ ਅਜੇ ਉਹ ਡਾਵਾਂ ਡੋਲ ਹੀ ਸੀ।

ਜਦੋਂ ਫੌਜ ਲੈ ਕੇ ਤੁਰਨ ਲੱਗਾ ਤਾਂ ਭੈਣ ਨਸੀਰਾ ਨੇ ਆਖਿਆ ਕਿ ਵੀਰ ਤੂੰ ਬਹਾਦਰ ਹੈਂ, ਬਹਾਦਰਾਂ ਦਾ ਕੰਮ ਹੈ ਲੜਨਾ, ਅੱਗੇ ਹੋ

ਕੇ ਲੜੀਂ। ਮੇਰੇ ਪਿਆਰੇ ਮੁਰਸ਼ਦ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਤੇ ਲੁਕ ਕੇ ਵਾਰ ਨਾ ਕਰੀਂ, ਜੇ ਲੁਕ ਕੇ ਵਾਰ ਕੀਤਾ ਤਾਂ ਉਹ ਤੀਰ ਗੁਰੂ ਦੇ ਨਹੀਂ ਤੇਰੀ ਭੈਣ ਦੇ ਕਲੇਜੇ ਵਿੱਚ ਵਜੇਗਾ।

ਸਿੱਖ ਇਤਿਹਾਸ ਲਿਖਦਾ ਹੈ ਕਿ ਚੇਤ ਸੁਦੀ 5 ਨੂੰ ਸ੍ਰੀ ਅਨੰਦਪੁਰ ਸਾਹਿਬ ਉਤੇ ਸੈਦ ਖਾਂ ਨੇ ਹਮਲਾ ਕੀਤਾ ਸੀ। ਸੂਰਜ ਦੇ ਹਿਸਾਬ ਨਾਲ ਪਹਿਲੀ ਵੈਸਾਖ ਸੰਮਤ 1761 ਸੀ। 29 ਮਾਰਚ ਦਿਨ ਬੁੱਧਵਾਰ ਸੰਨ 1704 ਸੀ।

ਇਸ ਜੰਗ ਸਮੇਂ ਗੁਰਸਿੱਖ ਹਾੜੀ ਦੀ ਫ਼ਸਲਾਂ ਵਾਸਤੇ ਆਪੋ ਆਪਣੇ ਨਗਰਾਂ ਵਿਚ ਗਏ ਸਨ। ਗੁਰੂ ਜੀ ਪਾਸ ਸੱਤ ਸੌ ਸਿੰਘਾਂ ਦਾ ਜੱਥਾ ਤੇ ਦੋ ਸੌ ਬਹਾਦਰ ਬੀਬੀਆਂ ਦਾ ਜੱਥਾ ਜਿਨ੍ਹਾਂ ਦੇ ਜਰਨੈਲ ਮਾਤਾ ਸਾਹਿਬ ਕੌਰ ਜੀ ਅਤੇ ਬੀਬੀ ਨਿਰੰਜਨ ਕੌਰ ਸਨ।

ਉਸ ਸਮੇਂ ਸੈਦ ਬੇਗ਼, ਜਿਹੜਾ ਚਮਕੌਰ ਦੀ ਲੜਾਈ ਸਮੇਂ ਮੁ਼ਗਲ ਫ਼ੌਜ ਨੂੰ ਛੱਡ ਆਇਆ ਸੀ। ਉਸ ਨਾਲ·ਇਕ ਜੋਧਾਂ ਮੈਸੂੰ ਖਾਂ ਵੀ ਇਸ ਨਗਰ ਵਿੱਚ ਵਸਦਾ ਸੀ। ਜਦੋਂ ਦੋਨਾਂ ਬਹਾਦਰਾਂ ਨੂੰ ਪਤਾ ਲੱਗਾ ਕਿ ਭਾਈ ਸ਼ਾਹੀ ਸੈਨਾ ਸ੍ਰੀ ਅਨੰਦਪੁਰ ਸਾਹਿਬ ਤੇ ਚੜ੍ਹਾਈ ਕਰਕੇ ਆ ਰਹੀ ਹੈ ਤਾਂ ਦੋਨੇ ਬਹਾਦਰਾਂ ਨੇ ਸਤਿਗੁਰੂ ਜੀ ਪਾਸ ਆਕੇ ਇਸ ਵਿਚ ਤਲਵਾਰ ਦੇ ਜੌਹਰ ਦਿਖਾਉਣ ਦੀ ਆਗਿਆ ਮੰਗੀ। ਇਨ੍ਹਾਂ ਪਾਸ ਆਪਣੇ ਵੀ ਸਿਪਾਹੀ ਸਨ। ਗੁਰੂ ਜੀ ਨੇ ਕੁਝ ਸਿੰਘਾਂ ਨੂੰ ਵੀ ਇਨ੍ਹਾਂ ਦੀ ਫੌਜ ਵਿਚ ਭੇਜ ਦਿੱਤਾ ਦੇ ਯੁੱਧ ਕਰਨ ਦੀ ਆਗਿਆ ਦਿੱਤੀ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਭਾਈ ਦਿਆ ਸਿੰਘ, ਭਾਈ ਧਰਮ ਸਿੰਘ, ਭਾਈ ਮੋਹਕਮ ਸਿੰਘ ਤੇ ਭਾਈ ਸਾਹਿਬ ਸਿੰਘ ਜੀ ਨੇ ਵੀ ਆਪੋ ਆਪਣੇ ਮੋਰਚੇ ਸੰਭਾਲ ਲਏ ਤੇ ਸ੍ਰੀ ਅਨੰਦਪੁਰ ਸਾਹਿਬ ਨਗਰ ਦੀ ਰਾਖੀ ਦਾ ਪ੍ਰਬੰਧ ਪੂਰਾ ਕੀਤਾ।

ਪਰ ਦੁਸ਼ਮਣ ਦੀ ਸ਼ਾਹੀ ਸੈਨਾ ਜ਼ਿਆਦਾ ਸੀ ਇਥੇ ਘਮਸਾਨ ਦਾ ਯੁੱਧ ਸ਼ੁਰੂ ਹੋਇਆ। ਸੈਦ ਬੇਗ ਦਾ ਟਾਕਰਾ ਇਕ ਪਹਾੜੀਏ ਰਾਜੇ ਹਰੀ ਚੰਦ ਨਾਲ ਹੋ ਪਿਆ। ਇਹ ਹਰੀ ਚੰਦ ਉਹ ਸੀ ਜਿਸਨੇ ਅਜਮੇਰ ਚੰਦ ਨਾਲ ਮਿਲ ਕੇ ਚਮਕੌਰ ਨੇੜੇ ਸੈਦ ਬੇਗ਼ ਨੂੰ

ਪੈਸਿਆ ਨਾਲ ਖਰੀਦਣ ਦਾ ਯਤਨ ਕੀਤਾ ਸੀ ਤਾਂ ਹਰੀ ਚੰਦ ਨੇ ਤਾਨਾ ਮਾਰਿਆ ਕਿ ਗੁਰੂ ਨੇ ਸਾਡੇ ਨਾਲੋਂ ਜ਼ਿਆਦਾ ਧਨ ਦਿੱਤਾ ਹੈ, ਤੂੰ ਸਾਡੇ ਨਾਲ ਲੜਨ ਆ ਗਿਆ ਹੈਂ।

ਸੈਦ ਬੇਗ਼ ਨੇ ਜਵਾਬ ਦਿੱਤਾ, ਗੁਰੂ ਗੋਬਿੰਦ ਸਿੰਘ ਜੀ ਮੇਰੇ ਅੱਲ੍ਹਾ ਤਾਲਾ ਹਨ। ਜਿਹੜੀ ਮੇਹਰ ਦੀ ਨਜ਼ਰ ਨਾਲ ਮੈਨੂੰ ਧੰਨ ਦਿੱਤਾ ਹੈ ਉਹ ਤੇਰੇ ਵਰਗੇ ਮੂਰਖ ਰਾਜੇ ਸੌ ਜਨਮ ਤੱਕ ਵੀ ਧਨ ਨਹੀਂ ਦੇ ਸਕਦੇ। ਤੂੰ ਹੁਣ ਦੋ ਵਾਰ ਕਰ ਚੁੱਕਾ ਹੈਂ, ਲੈ ਤੀਜਾ ਵਾਰ ਮੇਰਾ ਸੰਭਾਲ ਵੱਡੇ ਧਨ ਵਾਲਿਆ। ਸੈਦ ਬੇਗ਼ ਜੀ ਨੇ ਅਖੀਰਲੇ ਵਾਰ ਨਾਲ ਹਰੀ ਚੰਦ ਨੂੰ ਚਿੱਤ ਕਰ ਦਿੱਤਾ (ਭਾਵ ਮਾਰ ਦਿੱਤਾ) ਤੇ ਸੈਦ ਬੇਗ ਅੱਗੇ ਵਧਿਆ ਤਾਂ ਉਸ ਦਾ ਮੁਕਾਬਲਾ ਦੀਨ ਬੇਗ਼ ਨਾਲ ਹੋਇਆ। ਸੈਦ ਬੇਗ਼ ਬੜੀ ਬਹਾਦਰੀ ਨਾਲ ਲੜਿਆ। ਸ਼ਾਹੀ ਫ਼ੌਜ ਜ਼ਿਆਦਾ ਸੀ ਲੜਦਾ ਲੜਦਾ ਵੈਰੀ ਦੀਨ ਬੇਗ਼ ਦੇ ਹੱਥੋਂ ਸ਼ਹੀਦ ਹੋਇਆ। ਤਾਂ ਉਨ੍ਹਾਂ ਦੀ ਥਾਂ ਮੈਮੂੰ ਖਾਂ ਨੇ ਸੰਭਾਲ ਲਈ ਤੇ ਮੈਮੂੰ ਖਾਂ ਨੇ ਦੀਨ ਬੇਗ ਨੂੰ ਸੋਧ ਦਿੱਤਾ (ਭਾਵ ਮਾਰ ਦਿੱਤਾ)। ਦੀਨ ਬੇਗ ਦੇ ਮਰਨ ਕਾਰਨ ਇਧਰ ਦੀ ਫ਼ੌਜ ਇਕਦਮ ਪਿੱਛੇ ਹੱਟੀ ਤਾਂ ਇਕ ਮੁਸਲਮਾਨ ਦਮਾਮਾ ਖਾਂ ਨੇ ਦੂਰੋਂ ਤੀਰ ਨਾਲ ਮੈਮੂੰ ਖਾਂ ਨੂੰ ਸ਼ਹੀਦ ਕਰ ਦਿੱਤਾ। ਖ਼ਾਲਸਾ ਫ਼ੌਜ ਭਾਈ ਰਣਜਿੱਤ ਸਿੰਘ ਨੇ ਦਮਾਮਾ ਖਾਂ ਨੂੰ ਤੀਰ ਨਾਲ ਮਰ ਘੱਤਿਆ।[1]

ਮੁਗ਼ਲ ਫ਼ੌਜ ਦਾ ਜਰਨੈਲ ਸੈਦ ਖਾਂ ਗਿਣਤੀ ਦੇ ਸਿੰਘਾਂ ਦੀ ਬਹਾਦਰੀ ਵੇਖ ਕੇ ਹੈਰਾਨ ਰਹਿ ਗਿਆ ਤੇ ਹੁਣ ਉਹਨੂੰ ਭੰਗਾਣੀ ਯੁੱਧ ਦੀ ਤਸਵੀਰ ਅੱਖਾਂ ਸਾਹਮਣੇ ਆਈ। ਜਿਸ ਵਿਚ ਉਸਨੇ ਆਪਣੇ ਦੋ ਬੇਟੇ ਸ਼ਹੀਦ ਕਰਵਾਏ ਸਨ। ਉਹ ਵੀ ਸੈਦ ਬੇਗ਼, ਮੈਮੂੰ

---

੧ ਗਿਆਨੀ ਬਿਸ਼ਨ ਸਿੰਘ ਜੀ ਲਿਖਦੇ ਹਨ,
ਸ਼ਾਹੀ ਫੌਜ ਲੈ ਸੈਦ ਖਾਂ ਆਇਆ, ਮਨ ਵਿਚ ਹੰਕਾਰ ਨੇ ਡੇਰਾ ਪਾਇਆ॥
ਪੀਰ ਬੁੱਧੂ ਸ਼ਾਹ ਸਮਝਾਵੈ, ਮਨ ਗੁਮਾਨੀ ਸਮਝ ਨਾ ਆਵੈ॥੧੬੧॥
ਅੱਖੀ ਵੇਖੈ ਤਹ ਸਮਝਾਵੈ, ਬਿਨ ਵੇਖੈ ਕਿਛੁ ਸਮਝ ਨਾ ਆਵੈ॥
ਭੈਣ ਨਸੀਰਾ ਮੁਖ ਤੇ ਕਹੈ, ਕਰਕ ਕਲੇਜੇ ਤੀਰ ਉਹ ਸਹੈ॥੧੬੨॥
ਚੇਤ ਸੁਦੀ ਪੰਜ ਪਹਿਲ ਵੈਸਾਖ, ਸੰਮਤ ਸਤਰੈ ਇਕ ਸੱਠ ਸਾਖ॥
ਸੈਦ ਬੇਗ਼ ਟਾਕਰਾ ਜਬ ਭਏ, ਮਰੈ ਹਰੀ ਚੰਦ ਜਿੰਤ ਕਰ ਦਿਹੈ॥੧੬੩॥
ਦੀਨ ਬੇਗ਼ ਚੜੀਓ ਹੰਕਾਰ, ਮੈਮੂੰ ਖਾ ਮਾਰੇ ਉਸ ਭੀ ਛਾਰ॥
ਖਾਲਸਾ ਫੌਜ ਰਣਜਿੰਤ ਸਿੰਘ ਭਾਰਾ, ਦਮਾਮਾ ਖਾਂ ਤੀਰ ਘਰ ਮਾਰਾ॥੧੬੪॥

ਖਾਂ ਅਤੇ ਉਨ੍ਹਾਂ ਦੇ ਸਾਥੀ ਮੁਸਲਮਾਨ ਯੋਧਿਆਂ ਨੂੰ ਵੇਖ ਕੇ ਸੈਦ ਖਾਂ ਦਾ ਮਨ ਕੰਬਿਆ।

ਪੀਰ ਬੁੱਧੂ ਸ਼ਾਹ ਦੇ ਲਫ਼ਜ਼ਾਂ ਉਤੇ ਯਕੀਨ ਆ ਗਿਆ ਕਿ ਗੁਰੂ ਜੀ ਤਾਂ ਨਿਰਵੈਰ ਹਨ ਅਤੇ ਨਿਰਾਚਾਰ ਹੈ। ਅਜਿਹੇ ਉੱਚੇ ਮਹਾਨ ਪੁਰਖ ਦੇ ਵਿਰੁੱਧ ਫ਼ੌਜਾਂ ਲਿਆ ਕੇ ਲੜਨ ਤੋਂ ਉਸ ਨੂੰ ਇਤਨੀ ਘ੍ਰਿਣਾ ਹੋਈ ਕਿ ਉਹ ਮੁਗ਼ਲ ਫ਼ੌਜਾਂ ਦਾ ਸਾਥ ਛੱਡ ਕੇ ਸਭ ਨੂੰ ਸਮਝਾਉਣ ਲੱਗਾ। ਲੇਕਿਨ ਜੰਗ ਵਿਚ ਜਿੱਥੇ ਸਿੰਘਾਂ ਦਾ ਭਾਰੀ ਨੁਕਸਾਨ ਹੋਇਆ ਉਥੇ ਮੁਸਲਮਾਨ ਜਰਨੈਲ ਵੀ ਬਹੁਤ ਮਰੇ ਸਨ। ਪਿੱਛੇ ਹੱਟਣਾ ਲਾਣਤ ਦੇ ਬਰਾਬਰ ਸੀ ਤਾਂ ਤੁਰੰਤ ਇਹ ਥਾਂ ਰਮਜਾਨ ਖਾਂ ਨੇ ਫੌਜ ਦੀ ਕਮਾਨ ਸੰਭਾਲ ਲਈ।

ਸੈਦ ਖਾਂ ਨੇ ਇਕ ਪੱਤਰ ਰਾਹੀਂ ਗੁਰੂ ਜੀ ਤੋਂ ਮੁਆਫੀ ਮੰਗੀ ਨਾਲੇ ਆਪਣੇ ਇਕ ਇਮਾਨਦਾਰ ਸਿਪਾਹੀ ਹੱਥ ਸੁਨੇਹਾ ਦਿੱਤਾ ਕਿ ਮੇਰੇ ਪਿਆਰੇ ਅੱਲ੍ਹਾਤਾਲਾ ਆਪ ਜੀ ਦੀ ਸੰਸਾਰ ਵਿੱਚ ਬਹੁਤ ਲੋੜ ਹੈ। ਸ਼ਾਹੀ ਫੌਜ ਜ਼ਿਆਦਾ ਹੈ ਸੋਂ ਆਪ ਜੀ ਸੱਜੀ ਬੱਖੀ ਖਾਲੀ ਹੈ ਉਸ ਪਾਸੇ ਦੀ ਆਪ ਜੀ ਅਨੰਦਪੁਰ ਖਾਲੀ ਕਰ ਦੇਵੋ। ਇਹ ਜ਼ਿਆਦਾ ਸਮੇਂ ਲਈ ਨਹੀਂ ਆਏ ਆਪ ਨੇ ਫਿਰ ਆਕੇ ਕਬਜ਼ਾ ਕਰ ਲੈਣਾ ਜੀ। ਇਹ ਰਾਇ ਬਾਕੀ ਸਿੰਘਾਂ ਨੂੰ ਵੀ ਠੀਕ ਲੱਗੀ। ਜਲਦੀ ਹੀ ਨਗਰ ਦੀਆਂ ਇਸਤ੍ਰੀਆਂ ਬੱਚਿਆਂ ਦੀ ਸਾਂਭ ਸੰਭਾਲ ਕਰਕੇ ਉਨ੍ਹਾਂ ਨੂੰ ਸਿੰਘਾਂ ਦੀ ਹਿਫ਼ਾਜਤ ਵਿੱਚ ਨਾਲ ਲੈ ਕੇ ਗੁਰੂ ਜੀ ਵੈਰੀ ਦੇ ਦਾਓ ਤੋਂ ਬੱਚ ਨਿਕਲੇ। ਪਰ ਵੈਰੀ ਦੀਆਂ ਅੱਖਾਂ ਵਿਚ ਧੂਲ ਝੋਕਣੀ ਸੌਖੀ ਨਹੀਂ ਸੀ। ਤਾਂ ਬੀਬੀ ਨਿਰੰਜਨ ਕੌਰ ਕੁਝ ਸਿੰਘਾਂ ਦਾ ਜੱਥਾ ਲੈ ਕੇ ਮੈਦਾਨ ਵਿੱਚ ਕੁੱਦ ਗਈ ਅਤੇ ਉਦੋਂ ਤਕ ਲੜਦੀ ਰਹੀ ਜਦੋਂ ਤਕ ਸਾਰੇ ਸਿੰਘ ਤੇ ਗੁਰੂ ਸਾਹਿਬ ਘੇਰੇ ਵਿਚੋਂ ਬਾਹਰ ਨਹੀਂ ਨਿਕਲੇ। ਉਪਰੰਤ ਭਾਈ ਸਾਹਿਬ ਸਿੰਘ ਦੀ ਘਰ ਵਾਲੀ ਬੀਬੀ ਨਿਰੰਜਨ ਕੌਰ ਸਾਥੀਆਂ ਸਮੇਤ ਸ਼ਹੀਦੀ ਪ੍ਰਾਪਤ ਕਰ ਗਏ। ਇਹ ਦਿਨ ਬੁੱਧਵਾਰ 29 ਮਾਰਚ ਸੰਨ 1704 ਵਿਚ ਭਾਈ ਸਾਹਿਬ ਸਿੰਘ ਦੀ ਧੀ ਬੀਬੀ ਗੁਰਨੈਨ ਕੌਰ ਜੋ ਕੇਵਲ 3 ਸਾਲ 3 ਮਹੀਨੇ 4 ਦਿਨ ਦੇ ਸਨ ਉਹ ਵੀ ਸ਼ਹੀਦ

ਹੋਏ। ਬੀਬੀ ਨਿਰੰਜਨ ਕੌਰ[1] ਦਾ ਜਨਮ 22 ਜਨਵਰੀ ਸੰਨ 1677 'ਚ ਹੋਇਆ ਸੀ। ਆਪ ਜੀ ਦੀ ਕੁਲ ਉਮਰ 27 ਸਾਲ 2 ਮਹੀਨੇ 7 ਦਿਨ ਪੂਰੀ ਕਰਕੇ ਸ਼ਹੀਦ ਹੋਏ।

ਜਦੋਂ ਹੋਰ ਜੱਥਾ ਪਿੱਛੋਂ ਜੰਗ ਲੜਨ ਵਾਸਤੇ ਨਾ ਆਇਆ ਤਾਂ ਵੈਰੀ ਦੱਲ ਨੇ ਅਨੰਦਪੁਰ ਸਾਹਿਬ ਤੇ ਕਬਜ਼ਾ ਕਰ ਲਿਆ ਅਤੇ ਲੁੱਟ ਦਾ ਮਾਲ ਲੈ ਕੇ ਉਹ ਸਰਹੰਦ ਨੂੰ ਚੱਲ ਪਏ।

ਇਹ ਗੱਲ ਸਿੰਘਾਂ ਨੂੰ ਕਿਵੇਂ ਪਸੰਦ ਆ ਸਕਦੀ ਸੀ? ਉਨ੍ਹਾਂ ਵੈਰੀ ਉਤੇ ਛਾਪੇ ਮਾਰਨ ਲਈ ਗੁਰੂ ਜੀ ਤੋਂ ਆਗਿਆ ਲਈ। ਵੈਰੀ ਦੱਲ ਜਿੱਤ ਅਤੇ ਲੁੱਟ ਦੇ ਨਸ਼ੇ ਵਿੱਚ ਰਾਤ ਵੇਲੇ ਬੇਫ਼ਿਕਰ ਆਰਾਮ ਕਰ ਰਿਹਾ ਸੀ। ਉਨ੍ਹਾਂ ਦੇ ਇਹ ਗੱਲ ਚਿੱਤ-ਚੇਤੇ ਵੀ ਨਹੀਂ ਸੀ ਕਿ ਇਨ੍ਹਾਂ ਗਿਣਤੀ ਦੇ ਸਿੰਘਾਂ ਵਿਚ ਹੁਣ ਸਿਰ ਚੁੱਕਣ ਦੀ ਕੋਈ ਹਿੰਮਤ ਹੋਵੇਗੀ। ਸਿੰਘ ਰਾਤ ਦੇ ਹਨੇਰੇ ਵਿਚ ਅਚਨਚੇਤ ਟੁੱਟ ਕੇ ਜਾ ਪਏ। ਵੈਰੀ ਦੱਲ ਵਿਚ ਘਬਰਾਹਟ ਤੇ ਭਾਜੜਾਂ ਪੈ ਗਈਆਂ। ਉਨ੍ਹਾਂ ਦੀ ਇਸ ਹਫੜਾ ਦਫੜੀ ਕਰਕੇ ਸਿੰਘਾਂ ਨੇ ਬਹੁਤ ਸਾਰਾ ਲੁੱਟ ਦਾ ਮਾਲ ਵਾਪਸ ਖੋਹ ਲਿਆ ਅਤੇ ਸ੍ਰੀ ਅਨੰਦਪੁਰ ਸਾਹਿਬ ਉਤੇ ਮੁੜ ਆ ਕਬਜ਼ਾ ਕੀਤਾ। ਜਿਥੇ ਹੋਰ ਸਿੰਘ ਸਿੰਘਣੀਆਂ ਬੱਚਿਆਂ ਦੇ ਸੰਸਕਾਰ ਕੀਤੇ ਗਏ ਉਥੇ ਭਾਈ ਸਾਹਿਬ ਸਿੰਘ ਜੀ ਨੇ ਆਪਣੀ ਜੀਵਨ ਸਾਥਨ ਤੇ ਧੀਂ ਦਾ ਹੱਥੀਂ ਸੰਸਕਾਰ ਕੀਤਾ। ਅਗਲੇ ਦਿਨ ਸੈਦ ਬੇਗ਼ ਜੋ ਸ਼ਹੀਦ ਹੋ ਚੁੱਕਾ ਸੀ ਉਸ ਦੇ ਘਰ ਵਾਲੀ ਨਜੀਰਾ ਬੇਗ਼ਮ ਜੋ ਰਾਤ ਨੂੰ ਹਫੜਾ ਦਫੜੀ ਵਿਚ ਭਾਈ ਸਾਹਿਬ ਸਿੰਘ ਦੇ ਲੜਕਿਆਂ ਨੂੰ ਆਪਣੇ ਘਰ ਲੈ ਗਈ ਸੀ। ਜੋ ਕੇਵਲ ਵੱਡੇ ਗੁਰਦਿਆ ਸਿੰਘ 8 ਸਾਲ ਦੇ ਸਨ ਤੇ ਛੋਟੇ ਗੁਰਲਾਲ ਸਿੰਘ 6 ਸਾਲ ਦੇ ਸਨ, ਉਨ੍ਹਾਂ ਨੂੰ ਭਾਈ ਸਾਹਿਬ ਦੇ ਹਵਾਲੇ ਕਰਕੇ ਅਫ਼ਸੋਸ ਕੀਤਾ। ਭਾਈ ਸਾਹਿਬ ਤੁਹਾਡੀ ਬੱਚੀ ਗੁਰਨੈਨ ਕੌਰ ਨੂੰ ਵੀ ਆਪਣੇ ਘਰ ਲੈ ਗਈ ਸੀ ਉਮਰ ਛੋਟੀ ਕਾਰਨ ਮਾਂ ਨਾਲੋਂ ਕਦੇ ਅਲੱਗ ਨਹੀਂ ਸੀ ਹੋਈ। ਵਾਰ ਵਾਰ ਬੂਹੇ ਤੇ ਮਾਤਾ ਨੂੰ ਵੇਖਣ

1. ਇਥੇ ਹੋਰ ਵੀ ਸਿੰਘਾਂ ਦੇ ਪਰਿਵਾਰ ਸ਼ਹੀਦ ਹੋਏ। ਜਿਨ੍ਹਾਂ ਦਾ ਜ਼ਿਕਰ ਕਿਸੇ ਅੱਗੇ ਕਿਤਾਬ ਵਿਚ ਕਰਾਂਗੇ।

ਜਾਂਦੀ ਸੀ ਤਾਂ ਮੁਸਲਮਾਨ ਪਠਾਣਾ ਦੀ ਨਜ਼ਰ ਪੈ ਗਈ ਤਾਂ ਉਸਨੇ ਪੁੱਛਿਆ ਤੂੰ ਸੈਦ ਬੇਗ਼ ਖਾਂ ਦੀ ਧੀ ਹੈਂ? ਤਾਂ ਬੱਚੀ ਗੁਰਨੈਨ ਕੌਰ ਨੇ ਜਵਾਬ ਦਿੱਤਾ ਨਹੀਂ ਮੈਂ ਤਾਂ ਪਿਆਰੇ ਭਾਈ ਸਾਹਿਬ ਸਿੰਘ ਦੀ ਧੀ ਹਾਂ। ਕਹਿੰਦਾ ਵੱਡੀ ਹੋ ਕੇ ਕੀ ਕਰੇਂਗੀ, ਕਹਿੰਦੀ "ਜਾਲਮ ਦੇ ਜ਼ੁਲਮ ਖ਼ਤਮ ਕਰਾਂਗੀ।" ਉਸ ਪਾਪੀ ਨੇ ਬੱਚੀ ਦੇ ਪੇਟ ਵਿੱਚ ਨੇਜਾ (ਬਰਛਾ) ਮਾਰ ਕੇ ਸ਼ਹੀਦ ਕਰ ਦਿੱਤਾ ਸੀ। ਨਜ਼ੀਰ ਬੇਗ਼ਮ ਨੇ ਬਚਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਬੱਚ ਨਾ ਸਕੀ, ਲੜਕੇ ਗੁਰਦਿਆ ਸਿੰਘ ਤੇ ਗੁਰਲਾਲ ਸਿੰਘ ਨੂੰ ਬਚਾ ਲਿਆ ਸੀ। ਭਾਈ ਸਾਹਿਬ ਸਿੰਘ ਨੇ ਦੱਸਿਆ ਕਿ ਸੈਦ ਬੇਗ਼ ਬਹਾਦਰੀ ਨਾਲ ਲੜਦਾ ਸ਼ਹੀਦ ਹੋਇਆ, ਘਬਰਾਣਾ ਨਹੀਂ ਪਾਤਸ਼ਾਹ ਆਪ ਜੀ ਦੀ ਮਦਦ ਕਰਨਗੇ। ਇਸ ਤਰ੍ਹਾਂ ਇਹ ਜੰਗ ਸਮਾਪਤ ਹੋਈ।

ਭਾਈ ਸਾਹਿਬ ਸਿੰਘ ਜੀ ਦਾ ਪਰਿਵਾਰ ਵਿਛੋੜਾ

ਭਾਈ ਸਾਹਿਬ ਸਿੰਘ ਜੀ ਜਿਥੇ ਆਪ ਜੀ ਮਹਾਨ ਯੋਧੇ ਸਨ ਉਥੇ ਨਾਮ ਅਭਿਆਸ ਵਾਲੇ ਸਿੱਖ ਸਨ। ਆਪਣੇ ਆਪ ਨੂੰ ਗੁਰੂ ਦੀ ਰਜ਼ਾ ਵਿੱਚ ਭਾਣੇ ਵਿੱਚ ਪਰਿਪੱਕ ਰਹਿਣ ਵਾਲੇ ਸਿੰਘ ਸਨ। ਹੁਣ ਇਸ ਜੰਗ ਨੇ ਆਪ ਜੀ ਦਾ ਜੀਵਨ ਸਾਥੀ ਬੀਬੀ ਨਿਰੰਜਨ ਕੌਰ ਤੇ ਧੀ ਗੁਰਨੈਨ ਕੌਰ ਸ਼ਹੀਦੀ ਪ੍ਰਾਪਤ ਕਰ ਚੁੱਕੇ ਸਨ। ਆਪ ਜੀ ਦੇ ਪਾਸ ਦੋ ਲੜਕੇ ਗੁਰਦਿਆ ਸਿੰਘ ਤੇ ਗੁਰਲਾਲ ਸਿੰਘ ਬਾਕੀ ਸਨ। ਚਾਹੇ ਆਪ ਜੀ ਦੇ ਸਹੁਰਾ ਭਾਈ ਤੀਰਥ ਸਿੰਘ ਜੀ ਤੇ ਸੱਸ ਮਾਤਾ ਮਦਨ ਕੌਰ ਤੇ ਸਾਲਾ ਭਾਈ ਰਣਜਿੱਤ ਸਿੰਘ ਤੇ ਉਸਦੀ ਘਰ ਵਾਲੀ ਬੀਬੀ ਬਸੰਤ ਕੌਰ ਨੇ ਪਰਿਵਾਰਕ ਦੁੱਖ ਸੁੱਖ ਦੀ ਸਾਂਝ ਵੰਡਾ ਰਹੇ ਸਨ। ਜੀਵਨ ਫਿਰ ਤੋਂ ਹੌਲੀ ਹੌਲੀ ਅਸਥਿਰ ਹੁੰਦਾ ਜਾ ਰਿਹਾ ਸੀ।

ਦੂਜੇ ਪਾਸੇ ਦੱਖਣ ਵਿਚ ਮਰਹੱਟਿਆਂ ਦੇ ਛਾਪੇਮਾਰ ਜੱਥਿਆਂ ਦੀ ਤਾਕਤ ਦਿਨੋ ਦਿਨ ਵੱਧ ਰਹੀ ਸੀ। ਇਸ ਵਧਦੀ ਤਾਕਤ ਨੂੰ ਵੇਖ ਕੇ ਔਰੰਗਜ਼ੇਬ ਪ੍ਰੇਸ਼ਾਨ ਸੀ। ਨਾਲ ਹੀ ਉਸ ਇਲਾਕੇ ਵਿਚ ਕਾਲ ਪੈ ਗਿਆ। ਅੰਨ-ਜਲ ਤੋਂ ਲੋਕਾਂ ਦੇ ਬੁਰੇ ਹਾਲ ਸਨ।

ਮੁਗ਼ਲ ਇਤਿਹਾਸ ਦੱਸਦਾ ਹੈ ਕਿ ਸ਼ਾਹੀ ਕੈਂਪ ਵੀ ਭੁੱਖ ਨੰਗ ਨਾਲ ਜੂਝ ਰਹੇ ਸਨ। ਮੁਗ਼ਲ ਮਨਸਬਦਾਰ ਅਤੇ ਮਰਾਠੇ ਜਰਨੈਲ ਦੋਵੇਂ ਧਿਰਾਂ ਗਰੀਬ ਕਿਰਸਾਨਾਂ ਨੂੰ ਲੁੱਟ ਰਹੇ ਸਨ। ਔਰੰਗਜ਼ੇਬ ਜ਼ਿੰਦਗੀ ਦੇ ਅਖ਼ੀਰਲੇ ਸਾਲ ਬੜੇ ਟੁੱਟੇ ਦਿਲ ਨਾਲ ਗੁਜ਼ਾਰ ਰਿਹਾ ਸੀ। ਜਿਸ ਰਾਜ-ਸੱਤਾ ਖ਼ਾਤਰ ਆਪਣੇ ਪਿਉ, ਭਰਾ, ਪੁੱਤਰ, ਦੀਆਂ ਕਬਰਾਂ ਦੇ ਸਿਰ ਉਪਰ ਰਾਜ ਕਾਇਮ ਕੀਤਾ ਸੀ ਤੇ ਗੁਰੂ ਤੇਗ਼ ਬਹਾਦਰ ਸਾਹਿਬ ਮਹਾਂਪੁਰਸ਼ਾਂ ਵਰਗੇ ਫ਼ਕੀਰਾਂ ਦੇ ਖ਼ੂਨ ਨਾਲ ਹੱਥ ਰੰਗ ਕੇ ਇਹ ਰਾਜ ਕਰ ਰਿਹਾ ਸੀ। ਇਸ ਵਿਚ ਬੜੀ ਬਹਾਦਰੀ ਦਿਸ ਰਹੀ ਸੀ। ਉਸ ਦੀ ਉਹ ਬਾਦਸ਼ਾਹੀ ਰੇਤ ਦੀ ਕੰਧ ਵਾਂਗ ਕਿਰਦੀ ਜਾ ਰਹੀ ਸੀ।

ਔਰੰਗਜ਼ੇਬ ਇਹੋ ਜਿਹੀ ਢਹਿੰਦੀ ਮਾਨਸਿਕ ਦਸ਼ਾ ਵਿਚ ਸੀ ਕਿ ਜਦੋਂ ਦਿੱਲੀ ਦੇ ਸੂਬੇ ਅਤੇ ਪਹਾੜੀ ਰਾਜਿਆਂ ਨੇ ਵਿਰੁੱਧ ਭਰੀਆਂ ਗੱਲਾਂ ਸੁਣਾਈਆਂ ਤਾਂ ਔਰੰਗਜ਼ੇਬ ਦੱਖਣ ਦੀ ਬਦਹਾਲੀ ਉਹ ਅੱਖੀਂ ਵੇਖ ਰਿਹਾ ਸੀ। ਹੁਣ ਉਸ ਨੂੰ ਇਉਂ ਜਾਪਿਆ ਕਿ ਪੰਜਾਬ ਵਿਚ ਉਹੀ ਕੁਝ ਹੋਵੇਗਾ ਜੋ ਦੱਖਣ ਵਿੱਚ ਮਰਹੱਟੇ ਨੇ ਕੀਤਾ ਹੈ।

ਘਬਰਾਕੇ ਬਿਨਾਂ ਪੁੱਛੇ ਦੱਸੇ ਉਸ ਨੂੰ ਇੰਝ ਲੱਗਿਆ ਕਿ ਸਿੱਖ ਕੌਮ, ਦੀ ਵੱਧਦੀ ਤਾਕਤ ਉਸ ਨੂੰ ਆਪਣੀ ਬਾਦਸ਼ਾਹੀ ਵਾਸਤੇ ਇੱਕ ਬੜਾ ਭਾਰਾ ਖਤਰਾ ਜਾਪੀ ਤਾਂ ਬਿਨਾਂ ਸੋਚੇ ਸਮਝੇ ਹੁਕਮ ਭੇਜ ਦਿੱਤੇ ਕਿ ਪਹਾੜੀ ਰਾਜਿਆਂ ਨੂੰ ਨਾਲ ਲੈ ਕੇ ਅਨੰਦਪੁਰ ਦਾ ਖੁਰਾ ਖੋਜ ਮਿਟਾ ਦਿਓ।

ਸਰਹੰਦ, ਲਾਹੌਰ, ਕਸ਼ਮੀਰ, ਪਹਾੜੀ ਰਾਜੇ, ਕਈ ਲੁਟ ਖੋਹ ਕਰਨ ਵਾਲੇ ਸਿੱਧੇ ਸ੍ਰੀ ਅਨੰਦਪੁਰ ਸਾਹਿਬ ਵੱਲ ਤੁਰ ਪਏ ਨਾਲ ਹੀ ਪਠਾਣੀ ਇਲਾਕੇ ਵਿਚ ਜਹਾਦ (ਧਰਮ ਯੁੱਧ) ਦਾ ਨਾਹਰਾ ਵੀ ਲਾਇਆ ਗਿਆ। ਦੱਸ ਲੱਖ ਦੇ ਕਰੀਬ ਸ੍ਰੀ ਅਨੰਦਪੁਰ ਨੂੰ ਤੁਰ ਪਏ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਤਕ ਇਹ ਖ਼ਬਰਾਂ ਪਹੁੰਚ ਗਈਆਂ ਕਿ ਔਰਗੰਜ਼ੇਬ ਦੇ ਹੁਕਮ ਨਾਲ ਚਾਰ ਸੂਬਿਆਂ ਦੀ ਫੌਜ ਆਉਂਦੀ ਹੈ। ਤਾਂ ਸਤਿਗੁਰੂ ਜੀ ਨੇ ਭਾਰੇ

ਖ਼ਤਰੇ ਦੀ ਸੰਭਾਵਨਾ ਜਾਂਚ ਕੇ ਇਹ ਲੜਾਈ ਕਿਸੇ ਫੈਸਲੇ ਤੇ ਪੁੱਜੇ ਬਿਨਾਂ ਖ਼ਤਮ ਨਹੀਂ ਹੋਣੀ।

ਗੁਰੂ ਕਲਗੀਧਰ ਪਿਤਾ ਨੇ ਲੰਬੀ ਸੋਚ ਨਾਲ ਵਿਚਾਰਿਆ ਕਿ ਇਸ ਵਿਚ ਕਈ ਨਿਹੱਥੇ ਲੋਕਾਂ ਦਾ ਖੂਨ ਅਜਾਈਂ ਵਹੇਗਾ। ਇਸ ਲਈ ਸਾਰੇ ਕਵੀ ਲੇਖਕ ਤੇ ਹੋਰ ਵਿਦਵਾਨ ਤੇ ਸਿੰਘਾਂ ਦੇ ਪਰਿਵਾਰਾਂ ਨੂੰ ਸ੍ਰੀ ਅਨੰਦਪੁਰ ਤੋਂ ਵਿੱਦਾ ਕਰ ਦਿੱਤਾ। ਲਗਭਗ ਸਾਰੇ ਲੋਕਾਂ ਨੇ ਆਪਣੇ ਪਰਿਵਾਰ ਬਾਹਰ ਵਾਪਸ ਭੇਜ ਦਿੱਤੇ। ਮਗਰ ਗੁਰੂ ਪਾਤਸ਼ਾਹ ਨੇ ਆਪਣਾ ਪਰਿਵਾਰ ਬਾਹਰ ਨਹੀਂ ਭੇਜਿਆ।

ਭਾਈ ਸਾਹਿਬ ਸਿੰਘ ਜੀ ਵੀ ਚਾਹੁੰਦੇ ਸਨ ਕਿ ਮੇਰੇ ਬੱਚੇ ਮੇਰੇ ਪਾਸ ਰਹਿਣ, ਮਾਂ ਤੋਂ ਬਿਨਾਂ ਬੱਚਿਆਂ ਦੀ ਸੰਭਾਲ ਠੀਕ ਨਹੀਂ ਹੋ ਸਕਦੀ। ਪਿਤਾ ਗੁਰ ਨਰਾਇਣ ਸਿੰਘ ਜੀ ਤੇ ਮਾਤਾ ਅਨਕੰਪਾ ਕੌਰ ਨੇ ਕਾਕਾ ਗੁਰਦਿਆ ਸਿੰਘ[1] ਜੀ ਨੂੰ ਬਿਦਰ ਲੈ ਗਏ। ਨਾਨੀ ਮਾਤਾ ਮਦਨ ਕੌਰ ਆਪਣੇ ਦੋਹਤੇ ਭਾਈ ਗੁਰਲਾਲ ਸਿੰਘ[2] ਨੂੰ ਭਾਈ ਰਣਜਿੱਤ ਸਿੰਘ ਦਾ ਪਰਿਵਾਰ ਬੀਬੀ ਬਸੰਤ ਕੌਰ ਤੇ ਦੋ ਪੋਤਰਿਆਂ ਨੂੰ ਨਾਲ ਲੈ ਕੇ ਨੰਗਲ ਸ਼ਹੀਦਾਂ, (ਅੱਜਕਲ ਜ਼ਿਲ੍ਹਾ ਹੁਸ਼ਿਆਰਪੁਰ) ਆਪਣੇ ਨਗਰ ਲੈ ਗਏ। ਸਤਿਗੁਰੂ ਜੀ ਪਾਸ ਭਾਈ ਸਾਹਿਬ ਸਿੰਘ ਜੀ, ਭਾਈ ਰਣਜਿੱਤ ਸਿੰਘ ਤੇ ਭਾਈ ਤੀਰਥ ਸਿੰਘ ਜੀ ਠਹਿਰ ਗਏ।

1. ਭਾਈ ਗੁਰਦਿਆ ਸਿੰਘ ਜੀ ਦਾ ਬਿਦਰ ਨਾਨਕ ਝੀਰਾ ਸਾਹਿਬ ਜੀਵਨ ਆਰੰਭ ਹੋਇਆ। ਉਸ ਇਲਾਕੇ ਵਿਚ ਵੀ ਸਿੱਖੀ ਦਾ ਪ੍ਰਚਾਰ ਬਹੁਤ ਹੋਇਆ। ਸਮਾਂ ਪਾਕੇ ਆਪ ਦਾ ਵਿਆਹ ਭਾਈ ਮੋਹਣ ਸਿੰਘ ਦੀ ਧੀ ਬੀਬੀ ਅੰਮ੍ਰਿਤ ਕੌਰ ਨਾਲ ਹੋਇਆ। ਜਿਸ ਤੋਂ ਦੋ ਬੱਚਿਆਂ ਨੇ ਜਨਮ ਲਿਆ। ਪਹਿਲੇ ਬੱਚੇ ਦਾ ਨਾਮ ਭਾਈ ਰੱਬ ਸਿੰਘ ਰਖਿਆ ਗਿਆ। ਦੂਜੇ ਲੜਕੇ ਦਾ ਨਾਮ ਭਾਈ ਆਤਮਾ ਸਿੰਘ ਜੀ ਜੋ ਬਹੁਤ ਵਿਦਵਾਨ ਹੋਏ। ਜਿਨ੍ਹਾਂ ਬਾਰੇ ਸਿੱਖ ਇਤਿਹਾਸ ਕਹਿੰਦਾ ਭਾਈ ਆਤਮਾ ਸਿੰਘ ਜੀ ਸ੍ਰੀ ਅਨੰਦਪੁਰ ਸਾਹਿਬ ਦੇ ਹੈਡ ਗ੍ਰੰਥੀ ਥਾਪੇ ਗਏ ਸਨ। ਭਾਈ ਗੁਰਦਿਆ ਸਿੰਘ ਦੇਹਾਂਤ 13 ਦਸੰਬਰ ਸੰਨ 1762, 66 ਸਾਲ 6 ਮਹੀਨੇ 6 ਦਿਨ ਕੁਲ ਉਮਰ।
2. ਭਾਈ ਗੁਰਲਾਲ ਸਿੰਘ ਆਪ ਨੇ ਵੀ ਵਿਆਹ ਕੀਤਾ, ਆਪ ਦੀ ਸੰਤਾਨ ਹੋਈ। ਆਪ ਜੀ ਬੜੇ ਮਹਾਨ ਜੋਧੇ ਹੋਏ। ਜਕਰੀਆ ਖਾਂ ਵਰਗਿਆਂ ਨੂੰ ਵਖ਼ਤ ਪਾਈ ਰੱਖਿਆ। ਮੁਸਲਮਾਨ ਮੋਮਨ ਖਾਨ ਨਾਲ ਜੰਗ ਵਿਚ ਸ਼ਹੀਦੀ ਪਾਈ। 27 ਮਈ ਸੰਨ 1730 ਲਾਹੌਰ ਦੀ ਨਾਕਾਬੰਦੀ ਕੀਤੀ ਸੀ। ਕੁਲ ਉਮਰ 32 ਸਾਲ 3 ਮਹੀਨੇ 2 ਦਿਨ ਸੀ। ਪਿਤਾ ਗੁਰ ਨਰਾਇਣ ਸਿੰਘ ਜਨਮ 1655 ਕੁਲ ਉਮਰ 70 ਸਾਲ, ਦੇਹਾਂਤ 5 ਸਤੰਬਰ ਸੰਨ 1725 ਬਿਦਰ ਵਿਖੇ। ਮਾਤਾ ਅਨਕੰਪਾ ਕੌਰ ਜਨਮ 1658 ਕੁਲ ਉਮਰ 67 ਸਾਲ, ਦੇਹਾਂਤ 25 ਸਤੰਬਰ ਸੰਨ 1725 ਬਿਦਰ ਵਿਚ। ਸੱਸ ਮਾਤਾ ਮਦਨ ਕੌਰ ਜਨਮ 1659 ਕੁਲ ਉਮਰ 81 ਸਾਲ, ਦੇਹਾਂਤ 25 ਅਗਸਤ ਸੰਨ 1740 ਨੰਗਲ ਸਹੀਦਾ 'ਚ।

ਸ੍ਰੀ ਅਨੰਦਪੁਰ ਸਾਹਿਬ ਨੂੰ ਘੇਰਾ ਸੱਤ ਮਹੀਨੇ ਦਾ ਮੁਗ਼ਲ ਸੈਨਾ ਵਿਚ ਘਬਰਾਹਟ ਤੇ ਸਿੱਖਾਂ ਵਿਚ ਵੀ ਘਬਰਾਹਟ

ਸ੍ਰੀ ਅਨੰਦਪੁਰ ਸਾਹਿਬ ਦਾ ਆਖ਼ਰੀ ਯੁੱਧ ਇਹ ਜੰਗ 20 ਮਈ ਸੰਨ 1704 ਵਿੱਚ ੨੨ ਜੇਠ ਸੰਮਤ ੧੭੬੧ ਵਿੱਚ ਆਰੰਭ ਹੋਇਆ।

ਦੁਸ਼ਮਨ ਦੱਸ ਲੱਖ ਤੇ ਖ਼ਾਲਸਾ ਫੌਜ ਕੇਵਲ ਦੱਸ ਹਜ਼ਾਰ। ਇਸ ਥਾਂ 'ਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਬਚਨ ਕੀਤਾ ਸੀ। ਸਵਾ ਲੱਖ ਨਾਲ ਲੜਨ ਦਾ ਇਹ ਸਮਾਂ ਸੀ ਚਿੱੜੀਆਂ ਨੇ ਬਾਜ਼ਾਂ ਨੂੰ ਜ਼ਖ਼ਮੀ ਕਰਕੇ ਭਜਾ ਦੇਣਾ, ਗੁਰੂ ਸਾਹਿਬ ਨੇ ਬਾਣੀ ਵਿਚੋਂ ਉਪਦੇਸ਼ ਹੀ ਆਪਣੇ ਸਿੰਘਾਂ ਨੂੰ ਦਿੱਤਾ।

ਪਹਿਲੇ ਮਰਨ ਕਬੂਲਿ ਜੀਵਣ ਕੀ ਛਡਿ ਆਸ॥
ਹੋਹੁ ਸਭਨਾ ਕੀ ਰੇਣਕਾ ਤਉ ਆਉ ਹਮਾਰੈ ਪਾਸਿ॥

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰ ਦੀਜੈ ਕਾਣਿ ਨਾ ਕੀਜੈ॥੨੦॥

ਘਮਸਾਨ ਦਾ ਯੁੱਧ ਸ਼ੁਰੂ ਹੋਇਆ, ਵੈਰੀਆਂ ਵੱਲੋਂ ਸ੍ਰੀ ਅਨੰਦਪੁਰ ਉੱਤੇ ਹਮਲੇ ਸ਼ੁਰੂ ਹੋਏ। ਉੱਧਰ ਖ਼ਾਲਸਾ ਫ਼ੌਜ ਨਗਰ ਤੋਂ ਬਾਹਰ ਨਿਕਲ ਕੇ ਵੈਰੀਆਂ ਦਾ ਟਾਕਰਾ ਕਰਨ ਲੱਗੇ। ਦੋਹਾਂ ਧਿਰਾਂ ਤੋਂ ਤੋਪਾਂ ਦੇ ਗੋਲੇ, ਬੰਦੂਕਾਂ ਦੀਆਂ ਗੋਲੀਆਂ ਅਤੇ ਤੀਰਾਂ ਦੇ ਮੀਂਹ ਵਰ੍ਹਦੇ ਰਹੇ।

ਸ੍ਰੀ ਅਨੰਦਪੁਰ ਸਾਹਿਬ ਉਚੇ ਥਾਂ ਸੀ 'ਤੇ ਦੁਸ਼ਮਣ ਦੇ ਦੱਲ ਨੀਵੇਂ ਥਾਂ 'ਤੇ ਸਨ। ਇਸ ਲਈ ਲੜਾਈ ਵਿੱਚ ਵੈਰੀ ਦੱਲ ਦਾ ਨੁਕਸਾਨ ਜ਼ਿਆਦਾ ਹੁੰਦਾ ਸੀ। ਜਦੋਂ ਇਕ ਦੂਜੇ ਦੇ ਨੇੜੇ ਪਹੁੰਚਦੇ ਸਨ ਤਾਂ ਸਿੰਘਾਂ ਨੇ ਮਿਆਨੋ ਕਿਰਪਾਨ ਜੋ ਗੁਰੂ ਦੀ ਕਿਰਪਾ ਨਾਲ ਉਠਦੀ ਹੈ ਤੇ ਆਨ ਖ਼ਾਤਰ (ਅਣਖ ਵਾਸਤੇ) ਚਲਦੀ ਹੈ। ਉਸ

ਵੇਲੇ ਤਾਂ ਸਿੰਘ ਭੁੱਖੇ ਸ਼ੇਰ ਵਾਂਗ ਵੈਰੀ ਉੱਤੇ ਜਾ ਪੈਂਦੇ ਸਨ ਕਿਉਂਕਿ ਜੀਵਨ ਦੀ ਤਾਂ ਆਸ ਛੱਡ ਕੇ ਆਉਂਦੇ ਸਨ। ਉਹ ਕਿਸੇ ਉੱਤੇ ਵਧੀਕੀ ਤਾਂ ਨਹੀਂ ਕਰ ਰਹੇ ਸਨ। ਉਨ੍ਹਾਂ ਦੀ ਕਿਰਪਾਨ ਸ੍ਵੈ-ਰੱਖਿਆ ਵਾਸਤੇ ਮਿਆਨੋ ਨਿਕਲ ਰਹੀ ਸੀ। ਇਸ ਇਖਲਾਕੀ ਸੱਚਾਈ ਨੇ ਵੀ ਖ਼ਾਲਸਾ ਫ਼ੌਜ ਦੇ ਹੌਂਸਲੇ ਵਧਾਏ ਹੋਏ ਸਨ।

ਦੂਜੇ ਪਾਸੇ ਮੁਗ਼ਲ ਫ਼ੌਜ ਤੇ ਰਾਜਿਆਂ ਦੇ ਸਿਪਾਹੀ ਜੋ ਸਿਰਫ਼ ਤਨਖ਼ਾਹ ਦੀ ਖ਼ਾਤਰ ਲੜਨ ਤੇ ਮਜ਼ਬੂਰ ਹੁੰਦੇ ਸਨ। ਉਹ ਇਹ ਵੀ ਜਾਣਦੇ ਸਨ ਕਿ ਇਹ ਸਿੰਘ ਫ਼ਕੀਰਾਨਾ ਜ਼ਿੰਦਗੀ ਬਿਤਾਉਣ ਵਾਲਿਆਂ ਉਤੇ ਵਧੀਕੀ ਕਰ ਰਹੇ ਸਨ। ਉਸ ਵਿਚ ਵੀ ਗਰੀਬ ਸਿਪਾਹੀ ਜ਼ਿਆਦਾ ਮਰਦੇ ਸਨ। ਜਰਨੈਲ ਤੇ ਛਤਰ-ਪੱਤ ਪਿਛੋਂ ਹੱਲਾਸ਼ੇਰੀ ਹੀ ਦਿੰਦੇ ਸਨ। ਉਹ ਕਮਜ਼ੋਰ ਸੈਨਾ ਕਈ ਵਾਰੀ ਤਾਂ ਚਲਦੀ ਜੰਗ ਵਿਚ ਮੈਦਾਨ ਛੱਡ ਕੇ ਉਨ੍ਹਾਂ ਦਾ ਪੈਰ ਸਦਾ ਪਿਛਾਹਾਂ ਹੀ ਪੈਂਦਾ ਸੀ। ਇਸ ਵਾਸਤੇ ਇਹ ਜੰਗ ਲੰਬਾ ਪੈਂਦਾ ਗਿਆ ਤੇ ਕਈ ਮਹੀਨੇ ਵਿਚ ਤਬਦੀਲ ਹੋ ਗਿਆ ਸੀ।

ਰਾਜਿਆਂ ਨੇ ਤੇ ਸੂਬਿਆਂ ਨੇ ਵੇਖ ਲਿਆ ਕਿ ਰਣ ਵਿਚ ਸਿੰਘਾਂ ਦੇ ਸਾਹਮਣੇ ਉਨ੍ਹਾਂ ਦੀ ਫ਼ੌਜ ਦੀ ਕੋਈ ਪੇਸ਼ ਨਹੀਂ ਚਲਦੀ ਸੀ। ਉੱਧਰ ਕੁਦਰਤ ਵਾਲੇ ਨੇ ਇਨ੍ਹਾਂ ਫ਼ੌਜਾਂ ਨੂੰ ਤਾੜਨਾ ਸ਼ੁਰੂ ਕਰ ਦਿਤਾ ਉਤੋਂ ਵਰਖਾ ਰੁੱਤ ਵੀ ਆ ਗਈ। ਇਤਨੀ ਵੱਡੀ ਫ਼ੌਜ ਵਾਸਤੇ ਛੱਤ ਲੱਭਣੀ ਔਖੀ ਹੋਈ ਨਾਲ ਨਾਲ ਲੁੱਟ-ਖੋਹ ਕਰਨ ਵਾਲਿਆਂ ਨੇ ਚਾਰ ਚੁਫੇਰੇ ਕਈ ਕੋਹਾਂ ਤੱਕ ਪਿੰਡਾਂ ਦੇ ਪਿੰਡ ਉਜਾੜ ਦਿੱਤੇ ਸਨ। ਮੁਸਲਮਾਨ ਜਰਨੈਲ ਹਰ ਰੋਜ਼ ਸ਼ਰਾਬ ਡੋਡੇ, ਅਫ਼ੀਮ, ਭੰਗ ਆਦਿਕ ਨਸ਼ੇ ਕਰਕੇ ਰਾਤ ਨੂੰ ਪਿੰਡਾਂ ਵਿਚ ਜਾਂਦੇ। ਅਜਿਹੀ ਬਦ-ਅਮਨੀ ਦੇ ਸਮੇਂ ਇਸਤਰੀਆਂ (ਔਰਤਾਂ) ਦੀ ਬੇਪਤੀ ਹੋਣੀ ਤਾਂ ਆਮ ਜਿਹੀ ਗੱਲ ਹੈ।

ਫਸਲਾਂ ਦੀ ਤਬਾਹੀ ਇਜ਼ਤਾਂ ਦੀ ਤਬਾਹੀ ਬਦ-ਸਲੂਕੀ ਦੇ ਕਾਰਨ ਲੋਕਾਂ ਵਿਚ ਹਾਹਾਕਾਰ ਮੱਚ ਗਈ। ਨਗਰਾਂ ਦੇ ਚੌਧਰੀ ਆਪਸ ਵਿੱਚ ਲੜਨ ਲੱਗੇ ਇਕ ਦੂਜੇ ਨੂੰ ਦੋਸ਼ੀ ਠਹਿਰਾਉਣ ਲੱਗੇ, ਤੂੰ ਨਿੱਤ ਜਾਕੇ ਗੁਰੂ ਜੀ ਨਿੰਦਾ ਕਰਦਾ ਸੀ। ਕੋਈ ਆਖੇ ਨਿਤ

ਚਿੱਠੀਆਂ ਲਿਖ ਕੇ ਗੁਰੂ ਦੇ ਖ਼ਿਲਾਫ ਸੂਬਿਆਂ ਪਾਸ ਭੇਜਦਾ ਸੀ, ਕੋਈ ਆਖੇ ਆਪਾਂ ਪਿੰਡੇ ਦੇ ਚੌਧਰੀ ਇਕੱਠੇ ਹੋਏ ਔਰੰਗਜ਼ੇਬ ਨੂੰ ਪੱਤਰ ਲਿਖ ਭੇਜੀਏ ਕਿ ਸਾਨੂੰ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਖ਼ਤਰਾ ਨਹੀਂ ਹੈ, ਤੁਸੀਂ ਜਲਦੀ ਆਪਣੀਆਂ ਫ਼ੌਜਾਂ ਵਾਪਸ ਬੁਲਾ ਲਵੋ ਨਹੀਂ ਤਾਂ ਆਮ ਜਨਤਾ ਨੇ ਫੌਜਾਂ ਦੀ ਬਦਸਲੂਕੀ ਦੇ ਕਾਰਨ ਬਗ਼ਾਵਤ ਹੋ ਸਕਦੀ ਹੈ।

ਉੱਧਰ ਕੁਝ ਲੋਕਾਂ ਨੇ ਪੱਤਰ ਲਿਖ ਭੇਜੇ। ਔਰੰਗਜ਼ੇਬ ਘਬਰਾ ਗਿਆ, ਉਹ ਵੀ ਜੰਗ ਵੱਲੋਂ ਕੋਈ ਅਣਜਾਨ ਨਹੀਂ ਸੀ। ਉਸਨੇ ਵੀ ਕਈ ਵਾਰੀ ਘੇਰੇ ਪਾਏ ਸਨ। ਪਰ ਕਦੇ ਕੋਈ ਘੇਰਾ ਇਤਨਾ ਲਮਕਿਆ ਨਹੀਂ ਸੀ। ਘੇਰਾ ਜਿਨ੍ਹਾਂ ਲਮਕੇਗਾ ਉਤਨਾਂ ਹੀ ਦੁਆਲੇ ਦੇ ਲੋਕ ਦੁਖੀ ਹੋ ਕੇ ਘੇਰਾ ਪਾਣ ਵਾਲਿਆਂ ਦੇ ਵੈਰੀ ਬਣਦੇ ਜਾਣਗੇ ਅਤੇ ਘਿਰੇ ਹੋਏ ਬੰਦਿਆਂ ਨਾਲ ਹਮਦਰਦੀ ਕਰਨ ਲੱਗ ਪੈਣਗੇ।

ਉਸ ਸਮੇਂ ਵੀ ਆਮ ਲੋਕ ਗੁਰੂ ਜੀ ਦਾ ਸਾਥ ਦੇਣ ਨੂੰ ਤਿਆਰ ਹੋ ਰਹੇ ਸਨ। ਪਰ ਘੇਰੇ ਗਏ ਸਿੰਘਾਂ ਕੋਲੋਂ ਦਾਣਾ-ਪੱਠਾ ਮੁੱਕ ਗਿਆ ਸੀ। ਖ਼ੁਰਾਕ ਤੇ ਪਾਣੀ ਦੀ ਥੁੜ ਕਾਰਨ ਪ੍ਰਸਾਦੀ ਹਾਥੀ ਵਰਗੇ ਕਈ ਕੀਮਤੀ ਜਾਨਵਰ ਮਰ ਗਏ ਸਨ। ਭੁੱਖ ਦੇ ਦੁੱਖੋਂ ਬੰਦੇ ਵੀ ਮਰਨ ਲੱਗ ਪਏ।

ਉੱਧਰ ਔਰੰਗਜ਼ੇਬ ਨੂੰ ਆਪਣੇ ਨਾਜ਼ਮਾਂ ਦੀ ਨਾਲਾਇਕੀ ਉੱਤੇ ਗੁੱਸਾ ਆ ਰਿਹਾ ਸੀ। ਉਸਨੇ ਤਾੜਨਾ ਸ਼ੁਰੂ ਕਰ ਦਿੱਤਾ ਤੇ ਪੱਤਰ ਲਿਖ ਕੇ ਭੇਜਣੇ ਕੀਤੇ। ਬਾਦਸ਼ਾਹ ਦਾ ਹੁਕਮ ਲੈ ਕੇ ਖ਼ਵਾਜਾ ਮਹਿਮੂਦ ਅਲੀ ਆ ਪਹੁੰਚਾ, ਉਸ ਕੋਲ ਬਾਦਸ਼ਾਹ ਵੱਲੋਂ ਲਿਖੀ ਹੋਈ ਚਿੱਠੀ ਸੀ।

ਚਿੱਠੀ ਵਿਚ ਲਿਖਿਆ ਸੀ ਜਾਂ ਕੁਝ ਕਰੋ ਨਹੀਂ ਤਾਂ ਵਾਪਸ ਮਰੋ। ਮੈਂ ਹੋਰ ਜਰਨੈਲ ਭੇਜ ਕੇ ਨਿੱਕਾ ਜਿਹਾ ਅਨੰਦਪੁਰ ਸਰ ਕਰਾਂਗਾ, ਜਿੱਥੇ ਤੁਸੀਂ ਐਡੀ ਭਾਰੀ ਫ਼ੌਜ ਲੈ ਕੇ ਬੈਠੇ ਹੋ। ਹੁਣ ਸਾ-ਨੱਕ ਵਿੱਚ ਆਏ ਸ਼ਾਹੀ ਜਰਨੈਲਾਂ ਦੇ ਤੇ ਪਹਾੜੀ ਰਾਜਿਆਂ ਦੇ ਹੁਣ ਨਵੀਆਂ ਸਕੀਮਾਂ ਘੜਨ ਲੱਗੇ।

ਸ੍ਰੀ ਅਨੰਦਪੁਰ ਸਾਹਿਬ ਤੋਂ ਚਮਕੌਰ ਗੜ੍ਹੀ ਤੱਕ

ਸੁਲ੍ਹਾ ਕਰਨ ਵਾਸਤੇ ਰਸਤੇ ਤਾਂ ਬਹੁਤ ਅਪਨਾਏ ਪਰ ਨੀਅਤ ਖੋਟੀ ਕਿਸੇ ਨਾ ਕਿਸੇ ਤਰੀਕੇ ਗੁਰੂ ਜੀ ਨੂੰ ਪਤਾ ਲੱਗ ਜਾਂਦਾ। ਪਰ ਭੋਲੇ ਭਾਲੇ ਸਿੰਘ ਇਨ੍ਹਾਂ ਦੀਆਂ ਗੱਲਾਂ ਵਿਚ ਫਸਨ ਲੱਗੇ। ਉਨ੍ਹਾਂ ਸਿੱਖਾਂ ਨੂੰ ਮੁਗਲਾਂ ਦੀ ਬਾਹਰਲੀ ਹਾਲਤ ਪਤਲੀ ਪੈਂਦੀ ਜਾਂਦੀ ਬਾਰੇ ਨਹੀਂ ਪਤਾ ਸੀ। ਪਰ ਗੁਰੂ ਜੀ ਜਾਣੀ-ਜਾਣ ਸਨ, ਇਸ ਵਾਸਤੇ ਰੁਕਣ ਦੀ ਸਲਾਹ ਦਿੰਦੇ ਸਨ। ਸਿੱਖ ਇਤਿਹਾਸ ਲਿਖਦਾ ਹੈ ਕਿ ਗੁਰੂ ਕਲਗੀਧਰ ਜੀ ਨੇ ਕੇਵਲ ਸੱਤ ਦਿਨ ਖਾਲਸੇ ਕੋਲੋਂ ਮੰਗੇ ਸਨ ਤੇ ਉਸਦੇ ਵੱਟੇ ਸਤਿਯੁੱਗ ਦੇਣ ਨੂੰ ਤਿਆਰ ਸਨ।

ਪਰ ਹੋਣੀ ਬਲਵਾਨ ਹੋਈ ਅੰਤਿਮ ਫੈਸਲਾ ਪੰਜ ਪਿਆਰੇ ਤੇ ਹੋਰ ਮੁੱਖੀ ਜਰਨੈਲਾਂ ਨੂੰ ਬੁਲਾ ਕੇ ਫੈਸਲਾ ਕੀਤਾ। ਖ਼ਾਲਸਾ ਜੀ! ਬਹੁਗਿਣਤੀ ਸ੍ਰੀ ਅਨੰਦਪੁਰ ਸਾਹਿਬ ਛੱਡਣ ਵਾਸਤੇ ਤਿਆਰ ਹੈ ਹੁਣ ਆਖਰੀ ਫੈਸਲਾ ਕੂਚ ਕਰਨ ਦਾ। ਅੱਜ ਰਾਤ 6 ਪੋਹ ਦੀ ਰਾਤ ਅੱਧੀ ਲੰਘਣ ਤੇ ਇਥੋਂ ਕੂਚ ਕਰਨਾ ਹੈ ਤੇ ਕੀਰਤਪੁਰ ਪੁਰਾਤਨ ਅਸਥਾਨ ਤੇ ਨਮਸਕਾਰ ਕਰਕੇ ਫਿਰ ਅੱਗੇ ਜਿੱਧਰ ਵਾਹਿਗੁਰੂ ਲੈ ਜਾਵੇ, ਜਾਣਾ ਹੈ।

ਸਰਸਾ ਨਦੀ ਤੇ ਘਮਸਾਨ ਦਾ ਯੁੱਧ ਪਰਿਵਾਰ ਵਿਛੋੜਾ ਆਖਰੀ ਸ੍ਰੀ ਚਮਕੌਰ ਦੀ ਕੱਚੀ ਗੜ੍ਹੀ ਵਿਚ ਪਹੁੰਚ ਗਏ। ਚਮਕੌਰ ਨਿਵਾਸੀਆਂ ਨੇ ਪਾਤਸ਼ਾਹ ਦਾ ਸਤਿਕਾਰ ਕੀਤਾ ਤੇ ਕਈ ਦਿਨਾਂ ਦੇ ਭੁੱਖਿਆਂ ਸਿੰਘਾਂ ਨੂੰ ਪ੍ਰਸ਼ਾਦਾ ਛਕਾਇਆ। ਪਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੇਵਲ ਸਿੰਘਾਂ ਦਾ ਤੇ ਸਾਹਿਬਜ਼ਾਦਿਆਂ ਦਾ ਮਨ ਰੱਖਣ ਵਾਸਤੇ ਥੋੜਾ ਅੰਨਜਲ ਛੱਕ ਲਿਆ ਤਾਕਿ ਨਾਲ ਦੇ ਸਿੰਘ ਵੀ ਪ੍ਰਸ਼ਾਦਾ ਛੱਕ ਲੈਣ। ਫਿਰ ਕਈ ਦਿਨਾਂ ਦੇ ਥੱਕੇ ਸਿੰਘਾਂ ਨੇ ਚਮਕੌਰ ਗੜ੍ਹੀ ਵਿਚ ਅਰਾਮ ਕੀਤਾ।

ਉੱਧਰ ਸ਼ਾਹੀ ਜਰਨੈਲਾਂ ਤੇ ਰਾਜਿਆਂ ਨੂੰ ਜਦੋਂ ਪਤਾ ਲੱਗਾ ਕਿ ਐਨੀ ਵੱਡੀ ਫ਼ੌਜ ਵਿਚੋਂ ਗੁਰੂ ਜੀ ਨਿਕਲ ਗਏ ਹਨ ਤੇ ਸਰਸਾ ਦੇ ਵੈਹਣ ਵੀ ਪਾਰ ਕਰ ਗਏ ਹਨ ਤਾਂ ਭਾਰੀ ਫੌਜਾਂ ਪਿੱਛਾ ਕਰਨ

ਲਾਈਆਂ। ਜਿਨ੍ਹਾਂ ਨੇ ਆਕੇ ਚਮਕੌਰ ਦੀ ਕੱਚੀ ਗੜ੍ਹੀ ਵਿਚ ਫਿਰ ਘੇਰਾ ਪਾਲਿਆ।

੮ ਪੋਹ ਸੰਮਤ ੧੭੬੧ ਤੇ 6 ਦਸੰਬਰ, ਸੰਨ 1704[1] ਦਿਨ ਦੇ ਪਹੁਫੁਟਲੇ ਨਾਲ ਲੱਖਾਂ ਦੀ ਤਦਾਦ ਵਿਚ ਸ਼ਾਹੀ ਫ਼ੌਜਾਂ ਤੇ ਸਰਹਿੰਦ ਨਵਾਬ ਵਜ਼ੀਰ ਖਾਨ ਪਹੁੰਚ ਚੁੱਕਾ ਸੀ। ਇਸ ਦੇ ਕਿਆਸ ਦੇ ਉਲਟ ਹੋਇਆ, ਸੋਚਿਆ ਸੀ ਸਵੇਰੇ ਸਵੇਰੇ ਪਹਿਲੇ ਪਹੁੰਚ ਕੇ ਸਿੰਘਾਂ ਨੂੰ ਤੇ ਗੁਰੂ ਗੋਬਿੰਦ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਸਰਹੰਦ ਨੂੰ ਵਾਪਸ ਜਲੂਸ ਦੀ ਸ਼ਕਲ ਵਿੱਚ ਆਵਾਂਗੇ ਤੇ ਸਾਰੀ ਦੁਨੀਆ ਵੇਖੇਗੀ ਕਿ ਵਜ਼ੀਰ ਖਾਨ ਕਿਤਨਾ ਬਹਾਦਰ ਹੈ ਜਿਨ੍ਹਾਂ ਨੇ ਗੁਰੂ ਨੂੰ ਗ੍ਰਿਫ਼ਤਾਰ ਕੀਤਾ ਹੈ। ਸਾਰੀਆਂ ਬਣੀਆਂ ਆਸਾ ਤੇ ਪਾਣੀ ਫਿਰ ਗਿਆ ਜਦੋਂ ਅੱਧਾ ਦਿਨ ਨਿਕਲ ਗਿਆ ਤੇ ਬਜਾਏ ਜਿੱਤ ਦੇ ਨਾਹਰ ਖਾਂ, ਗਨੀ ਖਾਂ, ਜਮਸ਼ੇਦ ਖਾਂ ਵਰਗੇ ਜਰਨੈਲਾਂ ਨੂੰ ਜ਼ਮੀਨ ਦੇ ਹਵਾਲੇ ਹੋਏ ਪਏ ਸਨ। ਤੀਰਾਂ ਤੇ ਗੋਲੀਆਂ ਨਾਲ ਕਈ ਸਿਪਾਹੀ ਦਮ ਤੋੜ ਚੁੱਕੇ ਸਨ ਤੇ ਕਈ ਮੌਤ ਨੂੰ ਉਡੀਕ ਰਹੇ ਸਨ, ਹਾਹਾਕਾਰ ਮੱਚੀ ਪਈ ਸੀ।

ਜਦੋਂ ਵਜ਼ੀਰ ਖਾਨ ਜੰਗ ਦੇ ਅਸਥਾਨ ਤੇ ਨਜ਼ਰ ਪਾਉਂਦੇ ਤੇ ਕੀ ਵੇਖਦਾ ਕਿ ਇਕ ਸਿੰਘ ਦਾ ਸਰੀਰ ਹੈ ਤੇ ਆਸੇ ਪਾਸੇ ਸੈਕੜੇ ਸਿਪਾਹੀ ਤੇ ਜਰਨੈਲ ਪਏ ਹਨ। ਤਾਂ ਉਥੇ ਖੜੇ-ਖੜੇ ਇਕ ਪੁਰਾਣੀ ਯਾਦ ਆਈ।

ਇਕ ਵਾਰ ਸਰਹੰਦ ਵਿਚ ਆਪਣੇ ਮਿੱਤਰ ਜਬਰਦਸਤ ਖਾਨ ਨਾਲ ਬਾਹਰ ਖੁਲੀ ਥਾਂ ਤੇ ਇਕ ਬ੍ਰਿਛ ਦੇ ਛਾਵੇਂ ਪਲੰਘ ਤੇ ਬੈਠੇ ਸ਼ਤਰੰਜ ਖੇਡ ਰਿਹਾ ਸੀ ਤਾਂ ਇਕ ਤੀਰ ਪਲੰਘ ਦੇ ਪਾਵੇ ਵਿਚ ਜਾ ਧਸਿਆ। ਦੋਵੇਂ ਨਵਾਬ ਤੌਂਬਾ ਤੌਂਬਾ ਕਰਦੇ ਤ੍ਰਬਕ ਉੱਠੇ ਤੇ ਮੱਥੇ ਤੇ ਪਸੀਨਾ ਪੂੰਝਦੇ ਕਹਿੰਦੇ ਸਾਡਾ ਭਾਰੀ ਬਚਾਅ ਹੋਇਆ ਹੈ। ਕਿਸੇ ਨੇ ਸਾਡੇ ਸਿਰ ਤੇ ਬੰਨ ਕੇ ਕਰਾਮਾਤ (ਜਾਦੂਸਤਾਨ ਹੱਥ) ਤੀਰ ਭੇਜਿਆ ਸੀ ਪਰ ਪਲੰਘ ਦੇ ਪਾਵੇ

1. ਅੱਜਕਲ 6 ਦਸੰਬਰ ਦੀ ਥਾਂ 22 ਦਸੰਬਰ ਆਉਂਦਾ ਹੈ। ਇਸ ਬਾਰੇ ਲੇਖਕ ਦੀ ਕਿਤਾਬ 'ਰੰਬੀਆਂ ਨਾਲ ਖੋਪਰ ਲਹਿੰਦੇ ਜਾਂ.....? ਵਿਚ ਪੜੋ ਲੇਖ ਭਰਮਗੜ੍ਹ ਤੋੜ ਖਾਲਸਾ।

ਉੱਚੇ ਹੋਣ ਕਾਰਨ ਸਾਡਾ ਬਚਾਅ ਹੋ ਗਿਆ।

ਤਾਂ ਨਾਲ ਹੀ ਦੂਜਾ ਤੀਰ ਪਲੰਘ ਦੇ ਦੂਜੇ ਪਾਵੇ ਵਿਚ ਆ ਧਸਿਆ। ਉਸ ਨਾਲ ਇਕ ਚਿੱਠੀ ਵੀ ਸੀ, ਜੋ ਫ਼ਾਰਸੀ ਵਿਚ ਲਿਖਿਆ ਸੀ ਇਹ ਕੋਈ ਕਰਾਮਾਤ ਨਹੀਂ ਹੈ ਨਾ ਹੀ ਕਿਸੇ ਸ਼ੈਤਾਨ ਕੋਲ ਭੇਜਿਆ ਤੀਰ ਹੈ, ਇਹ ਤਾਂ ਅਭਿਆਸ ਹੈ। ਤੁਸੀ ਉੱਚੇ ਪਾਵੇ ਕਰਕੇ ਜਾਂ ਤੁਹਾਡੀ ਕਿਸਮਤ ਚੰਗੀ ਸੀ ਤੇ ਤੁਸੀਂ ਬੱਚ ਗਏ ਨਹੀਂ ਅਸੀਂ ਤੁਹਾਨੂੰ ਮਾਰਨਾ ਹੀ ਨਹੀਂ ਸੀ ਚਾਹੁੰਦੇ। ਅਸੀਂ ਤਾਂ ਕੇਵਲ ਯੁੱਧ ਵਿਚ ਲੜ੍ਹ ਰਹੇ ਦੁਸ਼ਮਣ ਉੱਤੇ ਵਾਰ ਕਰਦੇ ਹਾਂ, ਕਿਸੇ ਸ਼ਸੱਤਰਹੀਣ ਉੱਤੇ ਨਹੀਂ। ਨਹੀਂ ਤਾਂ ਜਿਹੜਾ ਆਦਮੀ ਪਾਵੇ ਵਿਚ ਨਿਸ਼ਾਨਾ ਮਾਰ ਸਕਦਾ ਹੈ, ਉਹ ਚਾਹੁੰਦਾ ਤਾਂ ਤੁਹਾਡੇ ਵਿਚੋਂ ਕਿਸੇ ਦੇ ਸਿਰ ਵਿੱਚ ਦੀ ਕੱਢ ਸਕਦਾ ਸੀ। ਥੱਲੇ ਦਸਤਖ਼ਤ ਹੋਏ, ਹੋਏ ਸਨ। ਫ਼ਕੀਰ ਨਾਨਕ ਦੇਵ ਦੀ ਗੱਦੀ ਦਾ ਵਾਰਿਸ ਗੁਰੂ ਗੋਬਿੰਦ ਸਿੰਘ ਜੀ।

ਹੁਣ ਵਜ਼ੀਰ ਖਾਨ ਨੂੰ ਉਹ ਸਭ ਕੁਝ ਅੱਖਾਂ ਸਾਹਮਣੇ ਦਿਸ ਰਿਹਾ ਸੀ ਤੇ ਅੰਦਰੋਂ ਜਰਕ ਗਿਆ ਤੇ ਗੜ੍ਹੀ ਤੋਂ ਦੂਰ ਜਾਕੇ ਸਿਰਫ ਹੱਲਾਸ਼ੇਰੀ ਤੇ ਲੱਕ ਬੰਨ ਲਿਆ। ਫਿਰ ਉਹ ਚਮਕੌਰ ਗੜ੍ਹੀ ਦੇ ਕੋਲ ਨਹੀਂ ਰੁਕਿਆ। ਜੇ ਵੈਰੀ ਦਲ ਦਾ ਇੱਕ ਸੌ ਬੰਦਾ ਹੀ ਸਿਰਫ ਕਹੀਆਂ ਲੈ ਕੇ ਉਸ ਹਵੇਲੀ ਦੀ ਕੰਧ ਨੂੰ ਢਾਹੁਣ ਲੱਗ ਪੈਂਦਾ ਤਾਂ ਦੋ ਘੰਟੇ ਵਿਚ ਕੰਧ ਹੇਠਾਂ ਆ ਪੈਂਦੀ। ਪਰ ਜਿਨ੍ਹਾਂ ਸੂਰੇ ਮਰਦਾਂ ਨੇ ਜਾਨਾਂ ਤਲੀ ਉੱਤੇ ਰੱਖੀਆਂ ਹੋਈਆਂ ਸਨ ਤੇ ਯੁੱਧ ਅਭਿਆਸ ਗੁਰੂ ਗੋਬਿੰਦ ਸਿੰਘ ਮਹਾਨ ਯੋਧਿਆਂ ਕੋਲੋਂ ਕੀਤੇ ਹੋਣ ਉਨ੍ਹਾਂ ਦੇ ਨੇੜੇ ਢੁੱਕਣ ਦੀ ਕਿਸੇ ਨੂੰ ਹਿੰਮਤ ਨਹੀਂ ਸੀ ਪੈਂਦੀ। ਦੁਸ਼ਮਣ ਦੇ ਜਰਨੈਲ ਤਾਂ ਉਂਗਲਾਂ ਮੂੰਹ ਵਿਚ ਪਾ ਰਹੇ ਸਨ ਕਿ ਗੁਰੂ ਨੇ ਆਪਣੇ ਸਿੱਖਾਂ ਵਿਚ ਇਤਨੀ ਮਰਦਾਨਗੀ ਤੇ ਸ਼ਸੱਤਰ ਵਿੱਦਿਆ ਕਿਵੇਂ ਸਿਖਾਈ ਹੋਵੇਗੀ।

ਬਾਬਾ ਜੁਝਾਰ ਸਿੰਘ ਦੀ ਸ਼ਹੀਦੀ

੮ ਪੋਹ ਸੰਮਤ ੧੭੬੧ ਦਾ ਦਿਨ ਪੰਜ ਸੱਤ ਸਿੰਘ ਦੇ ਜੱਥੇ ਬਣ ਕੇ ਗੜ੍ਹੀ ਦੇ ਕੋਲ ਕਿਸੇ ਨੂੰ ਢੁੱਕਣ ਨਹੀਂ ਦਿਤਾ। ਬਾਬਾ ਅਜੀਤ ਸਿੰਘ ਦੇ ਜੱਥੇ ਮਗਰੋਂ ਬਾਬਾ ਜੁਝਾਰ ਸਿੰਘ ਦਾ ਜੱਥਾ ਰਣਤੱਤੇ ਵਿਚ ਜੂਝਣ ਵਾਸਤੇ ਆਗਿਆ ਮੰਗੀ। ਚਾਰ ਪੁੱਤਰਾਂ ਦੇ ਪਿਤਾ ਦੀਆਂ ਅੱਖਾਂ ਸਾਹਮਣੇ ਉਸ ਵੇਲੇ ਇੱਕੋ ਹੀ ਪੱਤਰ ਰਹਿ ਗਿਆ ਸੀ। ਉਹ ਵੀ ਮੈਦਾਨ ਵਿਚ ਸ਼ਹੀਦ ਹੋਣ ਦੀ ਆਗਿਆ ਮੰਗ ਰਿਹਾ ਸੀ। ਧੰਨ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਸੱਤਰਾਂ ਨਾਲ ਸਜੇ ਹੋਏ ਪੁੱਤਰ ਨੂੰ ਪਹਿਲੇ ਛਾਤੀ ਨਾਲ ਲਾਇਆ ਤੇ ਘੁੱਟ ਕੇ ਪਿਆਰ ਕੀਤਾ। ਫਿਰ ਪੂਰੇ ਉਤਸ਼ਾਹ ਨਾਲ ਕਿਹਾ, "ਮੇਰੇ ਪਿਆਰੇ ਲਾਲ, ਬਾਬਾ ਜੁਝਾਰ ਸਿੰਘ, ਅੱਜ ਤੂੰ ਆਪਣੇ ਦਾਦੇ ਗੁਰੂ ਤੇਗ਼ ਬਹਾਦਰ ਸਾਹਿਬ ਦਾ ਸਿਰ ਉੱਚਾ ਕੀਤਾ ਹੈ। ਅਪਣੀ ਵੰਸ਼ ਦੇ ਨਾਮ ਦੀ ਰੱਖਿਆ ਕੀਤੀ ਹੈ। ਤੂੰ ਸਿੱਖੀ ਨੂੰ ਉਹ ਕੁਝ ਦੇਣ ਵਾਸਤੇ ਆਇਆ ਹੈਂ ਜੋ ਕਿਸੇ ਕੌਮ ਦੇ ਉਸਾਰੂ ਵੀ ਉਸਨੂੰ ਨਹੀਂ ਦੇ ਸਕੇ।"

ਬਾਬਾ ਜੁਝਾਰ ਸਿੰਘ ਕਹਿਣ ਲੱਗੇ ਮੈਂ ਆਪਣੇ ਵੱਡੇ ਵੀਰ ਤੋਂ ਕਦੇ ਜੁਦਾ ਨਹੀਂ ਹੋਇਆ, ਜਲਦੀ ਆਗਿਆ ਦੇਵੋ, ਵੀਰ ਅਜੀਤ ਸਿੰਘ ਉਡੀਕ ਰਿਹਾ ਹੈ। ਪਾਤਸ਼ਾਹ ਨੇ ਖਿੜ੍ਹੇ ਮੱਥੇ ਆਗਿਆ ਦਿੱਤੀ ਨਾਲ ਪੰਜ ਸਿੰਘ ਜੋ ਯੁੱਧ ਵਿੱਦਿਆ ਵਿਚ ਪਰਵੀਨ ਸਨ ਦਿਤੇ। ਵਿਚਕਾਰ ਘੋੜਾ ਬਾਬਾ ਜੁਝਾਰ ਸਿੰਘ ਦੇ ਦੋਨੋਂ ਪਾਸੇ ਭਾਈ ਬੁੱਧ ਸਿੰਘ ਤੇ ਭਾਈ ਬਿਨੋਦ ਸਿੰਘ ਸਨ। ਅਗਲੀ ਕਤਾਰ ਵਿਚ ਭਾਈ ਵੀਰ ਸਿੰਘ, ਭਾਈ ਮੰਗਲ ਸਿੰਘ ਤੇ ਤੀਰਾਂ ਦੇ ਧਨੀ ਭਾਈ ਕਪੂਰ ਸਿੰਘ ਨੇ ਜੌਹਰ ਦਿਖਾਏ ਤਾਂ ਅੱਗੇ ਤੋਂ ਮੁਸਲਮਾਨ ਜਰਨੈਲ ਮਕਤੂਲ ਅਰਸ਼ੀ ਨੇ ਆਖਿਆ ਮੈਨੂੰ ਅੱਗੇ ਜਾਣ ਦੇਵੋ ਤੇ ਮੈਂ ਇਸ 14 ਸਾਲ ਦੇ ਮੁੰਡੇ ਦਾ ਸਿਰ ਨੇਜੇ ਤੇ ਲੈਕੇ ਆਵਾਂਗਾ ਤੇ ਸੂਬੇ ਸਰਹਿੰਦ ਤੋਂ ਇਨਾਮ ਪਾਵਾਂਗਾ। ਆਪਣੀ ਫ਼ੌਜ ਲੈ ਕੇ ਅੱਗੇ ਵੱਧ ਗਿਆ ਤਾਂ ਪੂਰੇ ਹਰਖ ਨਾਲ ਵਾਰ ਕੀਤੇ। ਬੜਾ ਗਰੂਰ ਸੀ ਇਸ ਜਰਨੈਲ ਨੂੰ ਪਰ ਭਾਈ ਬੁੱਧ ਸਿੰਘ ਵਾਰ-ਵਾਰ ਇਸ ਨੂੰ ਪਿੱਛੇ ਹਟਾਵੇ। ਪਰ ਫਿਰ ਇਹ ਬਾਬਾ ਜੁਝਾਰ ਸਿੰਘ ਵੱਲ ਆਵੇ, ਫਿਰ

ਧੋਖੇ ਨਾਲ ਪਿੱਛੇ ਦੀ ਆਇਆ ਤਾਂ ਭਾਈ ਬਿਨੋਦ ਸਿੰਘ ਦੀ ਨਜ਼ਰ ਪਈ ਕਿ ਸਾਹਿਬਜ਼ਾਦੇ ਉੱਪਰ ਵਾਰ ਕਰੇਗਾ। ਤੁਰੰਤ ਭਾਈ ਬਿਨੋਦ ਸਿੰਘ ਨੇ ਉਸ ਦੇ ਪਿੱਛੇ ਘੋੜਾ ਕੀਤਾ। ਉੱਧਰ ਪਾਪੀ ਮਕਤੂਲਾ ਅਰਸੀ ਤਲਵਾਰ ਦਾ ਵਾਰ ਕਰਨ ਲੱਗਾ ਤਾਂ ਭਾਈ ਬਿਨੋਦ ਸਿੰਘ ਨੇ ਤਲਵਾਰ ਵਾਲੇ ਹੱਥ ਉਤੇ ਵਾਰ ਕੀਤਾ ਤਾਂ ਤਲਵਾਰ ਸਮੇਤ ਆਕਾਸ਼ ਵਿਚ ਉੱਡ ਗਿਆ ਤਾਂ ਬਾਬਾ ਜੁਝਾਰ ਸਿੰਘ ਨੇ ਉਸ ਦੀ ਛਾਤੀ ਵਿਚ ਬਰਛੀ ਫੇਰਨੀ ਕੀਤੀ ਤਾਂ ਤੌਬਾ ਤੌਬਾ ਕਰਦਾ ਧਰਤੀ ਤੇ ਜਾ ਡਿੱਗਾ ਤੇ ਕਹਿੰਦਾ ਉਈ ਮਾਂ (ਉਈ ਅੰਮਾ), ਤਾਂ ਬਾਬਾ ਜੁਝਾਰ ਸਿੰਘ ਕਹਿੰਦੇ ਹੁਣ ਅੰਮਾਂ ਦਾ ਸਮਾਂ ਨਹੀਂ ਅੱਲ੍ਹਾ ਤਾਲਾ ਨੂੰ ਯਾਦ ਕਰ। ਇਸ ਮਕਤੂਲਾ ਅਰਛੀ ਦੇ ਮਰਨ ਦੀ ਦੇਰ ਸੀ ਉਸ ਦੀ ਸਾਰੀ ਫ਼ੌਜ ਭੇਡਾਂ-ਬਕਰੀਆਂ ਵਾਂਗ ਪਿਛੇ ਨੂੰ ਭੱਜਣ ਲੱਗ ਪਈ ਜਿਵੇਂ ਹਿਰਨਾਂ ਦੀ ਡਾਰ ਮਗਰ ਬੱਬਰ ਸ਼ੇਰ ਪੈਂਦੇ ਹਨ ਸਿੰਘਾਂ ਨੇ ਪਿੱਛਾ ਕੀਤਾ। ਬਾਬਾ ਜੁਝਾਰ ਸਿੰਘ ਨੇ ਜੰਗ ਵਿਚ ਖਲਬਲੀ ਮਚਾ ਦਿੱਤੀ। ਕਾਫੀ ਫਰਲਾਂਗ ਫ਼ੌਜ ਪਿੱਛੇ ਹੱਟ ਗਈ ਅਖੀਰ ਜਮਸ਼ੇਰ ਖਾਂ ਅੱਗੇ ਆਇਆ। ਇਹ ਮਕਤੂਲਾ ਦਾ ਭਾਈ ਸੀ ਇਸ ਨਾਲ ਅੱਠ ਜਰਨੈਲ ਸਨ ਤੇ ਸਾਰੇ ਪਾਸਿਆਂ ਤੋਂ ਘੇਰਾ ਪੈ ਗਿਆ ਤੇ ਪਹਿਲੇ ਭਾਈ ਬਿਨੋਦ ਸਿੰਘ ਸ਼ਹੀਦ ਹੋਏ, ਫਿਰ ਭਾਈ ਬੁੱਧ ਸਿੰਘ ਸ਼ਹੀਦ ਹੋਏ। ਉਸ ਤੋਂ ਬਾਅਦ ਭਾਈ ਮੰਗਲ ਸਿੰਘ, ਵੀਰ ਸਿੰਘ ਤੇ ਅਖੀਰ ਵਿਚ ਜਮਸ਼ੇਰ ਖਾਂ ਦੇ ਨਾਲ ਸਾਂਝੇਵਾਰ ਹੋਏ ਤੇ ਇੱਕ ਪਾਸੇ ਜਮਸ਼ੇਰ ਦਾ ਸਿਰ ਕੱਦੂ ਵਾਂਗ ਰੁੜ ਗਿਆ। ਦੂਜੇ ਪਾਸੇ ਬਾਬਾ ਜੁਝਾਰ ਸਿੰਘ ਦਾਦਾ ਗੁਰੂ ਤੇਗ਼ ਬਹਾਦਰ ਦੇ ਚਰਨਾਂ ਵਿਚ ਪਹੁੰਚ ਗਿਆ (ਭਾਵ ਸ਼ਹੀਦ ਹੋਏ)। ਬਾਬਾ ਅਜੀਤ ਸਿੰਘ ਜੀ ਉਡੀਕ ਕਰ ਰਹੇ ਸਨ, ਛੋਟਾ ਵੀਰ ਜੁਝਾਰ ਸਿੰਘ ਆਵੇ ਤਾਂ ਹੱਸਦੇ ਖੇਡਦੇ ਸੱਚਖੰਡ ਨੂੰ ਜਾਈਏ।[1]

1. ਗਿਆਨੀ ਬਿਸ਼ਨ ਸਿੰਘ ਜੀ ਲਿਖਦੇ ਹਨ ਨਾਲ ਮਹਾ ਯੋਧਿਆਂ ਦੇ ਨਾਮ
ਬਾਬਾ ਜੁਝਾਰ ਸਿੰਘ ਜਦ ਜੰਗ ਨੂੰ ਧਾਇਆ, ਸ਼ਸੱਤਰ ਧਨੀ ਪੰਜ ਸਿੰਘ ਲਿਆਇਆ।
ਬੁੱਧ ਸਿੰਘ ਬਿਨੋਦ ਸਿੰਘ ਸੀ ਯੋਧੇ ਪੂਰੇ, ਵੀਰ ਸਿੰਘ ਮੰਗਲ ਸਿੰਘ ਬਚਨਾਂ ਦੇ ਪੂਰੇ।
ਪੂਰਾ ਪੂਰ ਬਣਾਇਆ ਕਪੂਰ ਸਿੰਘਾਂ, ਚਮਕੌਰ ਗੜ੍ਹੀ ਚੋਂ ਧਾਏ ਪੰਜ ਸਿੰਘਾਂ।
ਦੁਸ਼ਮਣ ਦਲ ਤੇ ਟੁੱਟ ਕੇ ਪੈ ਗਏ, ਭੇਡ ਬੱਕਰੀ ਸ਼ੀਹ ਖਿੱਚ ਕੇ ਲੈ ਗਏ।
ਤੌਬਾ ਤੌਬਾ ਕਰੇ ਮਕਤੂਲ ਅਰਛੀ, ਬਾਬਾ ਜੁਝਾਰ ਸਿੰਘ ਫੇਰੇ ਜਦ ਬਰਛੀ।
"ਗਿਆਨੀ ਪਾਖਰ ਸਿੰਘ ਜੀ ਵੀ ਨਾਮ ਸਿੰਘਾਂ ਦੇ ਇਹੀ ਲਿਖਦੇ ਹਨ।"

ਭਾਈ ਸਾਹਿਬ ਸਿੰਘ ਦਾ ਤਿਆਰ ਹੋਣਾ

ਸ਼ਾਮ ਢੱਲ ਰਹੀ ਸੀ, ਅਖੀਰਲਾ ਜੱਥਾ ਭਾਈ ਸਾਹਿਬ ਸਿੰਘ ਜੀ ਦਾ ਤੁਰਨ ਨੂੰ ਤਿਆਰ ਸੀ। ਉਸ ਸਮੇਂ ਤਕ ਪੰਜ ਪਿਆਰਿਆਂ ਚੋਂ ਭਾਈ ਮੋਹਕਮ ਸਿੰਘ ਜੀ ਬਾਬਾ ਅਜੀਤ ਸਿੰਘ ਨਾਲ ਸ਼ਹਾਦਤ ਦੇ ਜਾਮ ਪੀ ਚੁੱਕੇ ਸਨ। ਭਾਈ ਹਿੰਮਤ ਸਿੰਘ ਜੀ ਦੀ ਵੀ ਸ਼ਹਾਦਤ ਹੋ ਚੁੱਕੀ ਸੀ। ਬਾਕੀ ਸਨ ਭਾਈ ਦਿਆ ਸਿੰਘ ਜੀ, ਭਾਈ ਧਰਮ ਸਿੰਘ ਜੀ ਤੇ ਸਭ ਛੋਟੀ ਉਮਰ ਦੇ ਭਾਈ ਸਾਹਿਬ ਸਿੰਘ ਜੀ ਜਿਨ੍ਹਾਂ ਦੀ ਉਮਰ ਉਸ ਵੇਲੇ 29 ਸਾਲ 1 ਮਹੀਨਾ 3 ਦਿਨ ਦੀ ਸੀ। ਚਾਹੇ ਭਾਈ ਦਿਆ ਸਿੰਘ ਜੀ ਵੀ ਬੇਨਤੀ ਕਰਦੇ ਸਨ ਜੰਗ ਵਿਚ ਜਾਣ ਦੀ ਤੇ ਭਾਈ ਧਰਮ ਸਿੰਘ ਜੀ ਵੀ। ਪਰ ਭਾਈ ਸਾਹਿਬ ਸਿੰਘ ਜੀ ਕਹਿੰਦੇ ਤੁਸੀਂ ਸਿਆਣੇ ਹੋ ਗੁਰੂ ਕਲਗੀਧਰ ਪਾਤਸ਼ਾਹ ਨੂੰ ਤੁਹਾਡੀ ਸਲਾਹ ਦੀ ਜ਼ਿਆਦਾ ਜ਼ਰੂਰਤ ਹੈ।

ਆਪਣੇ ਵੱਲੋਂ ਪਿਆਰ ਨਾਲ ਬੇਨਤੀ ਕੀਤੀ ਭਾਈ ਦਿਆ ਸਿੰਘ ਜੀ ਭਾਈ ਧਰਮ ਸਿੰਘ ਜੀ, ਜੇ ਕੋਈ ਢੰਗ ਵਰਤ ਕੇ ਗੁਰੂ ਜੀ ਨੂੰ ਇਸ ਗੜ੍ਹੀ ਵਿਚੋਂ ਬਾਹਰ ਭੇਜੋ ਤਾਂ ਕਿੰਨੀ ਚੰਗੀ ਗੱਲ ਹੈ।

ਇੱਕ ਜੱਥੇ ਤੋਂ ਬਾਅਦ ਕੁਝ ਸਮਾਂ ਨਿਕਲ ਜਾਂਦਾ ਸੀ, ਦੁਸ਼ਮਣ ਦਲ ਅੱਗੇ ਨਹੀਂ ਸੀ ਵਧਦਾ। ਜਦੋਂ ਸਿੰਘਾਂ ਦੇ ਕੋਲ ਆਉਣ ਦਾ ਜਤਨ ਕਰਦੇ ਸਨ ਤਾਂ ਨਵਾਂ ਜੱਥਾ ਧਾਵਾ ਬੋਲਦਾ ਸੀ। ਨਹੀਂ ਤਾਂ ਤਿਆਰ ਹੋ ਕੇ ਇੰਤਜ਼ਾਰ ਕਰਦੇ ਸਨ।

ਭਾਈ ਸਾਹਿਬ ਸਿੰਘ ਜੀ ਦੀ ਚਮਕੌਰ ਗੜ੍ਹੀ ਵਿਚ ਸ਼ਹੀਦੀ ਤੇ ਨਾਲ ਪੰਜ ਸਿੰਘ ਦੀ ਸ਼ਹੀਦੀ ਆਖਰੀ

ਹੁਣ ਵਾਰੀ ਭਾਈ ਸਾਹਿਬ ਸਿੰਘ ਦੀ ਆਈ। ਆਪ ਜੀ ਨਾਲ ਜੋ ਜੱਥੇ ਦੇ ਸਿੰਘ ਸਨ ਇੱਕ ਤਾਂ ਆਪ ਜੀ ਦੇ ਸਹੁਰਾ ਸਾਹਿਬ ਭਾਈ ਤੀਰਥ ਸਿੰਘ ਜੀ ਸਨ, ਦੂਜੇ ਭਾਈ ਰਣਜਿੱਤ ਸਿੰਘ ਜੋ ਆਪ ਜੀ ਦੇ ਰਿਸ਼ਤੇ ਵਿਚ ਬਹਿਨੋਈ ਲੱਗਦੇ ਸਨ, ਤੀਜੇ ਭਾਈ ਬਲਵੰਤ ਸਿੰਘ ਜੀ ਜਿਨ੍ਹਾਂ ਨੂੰ ਭਾਈ ਸਾਹਿਬ ਸਿੰਘ ਜੀ ਨੇ ਕਹਿਲੂਰ

ਜਾਕੇ ਅੰਮ੍ਰਿਤ ਛਕਾਇਆ ਸੀ। ਪਹਿਲਾ ਨਾਮ ਆਪ ਜੀ ਦਾ ਬਲਵੰਤ ਰਾਏ ਸੀ ਤੇ ਚੌਥੇ ਸਿੰਘ ਜੋ ਭਾਈ ਸਾਹਿਬ ਸਿੰਘ ਜੀ ਨੇ ਨਿਰਮੋਹ ਦੀ ਲੜਾਈ ਵਿੱਚ ਤਲਵਾਰ ਮੁੱਠੇ ਤੋਂ ਟੁੱਟ ਗਈ ਤੇ ਢਾਲ ਨਾਲ ਘੋੜੇ ਤੋਂ ਥੱਲੇ ਸੁੱਟਿਆ ਤੇ ਬਸ ਹੁਣ ਨੇਜੇ ਦਾ ਵਾਰ ਕਰਕੇ ਅੱਗੇ ਤੋਰਨਾ ਸੀ। ਉਸ ਵੇਲੇ ਜ਼ਮੀਨ ਉਪਰ ਡਿੱਗੇ ਦਲੀਪ ਚੰਦ ਦੇ ਹੱਥ ਜੁੱੜ ਗਏ ਤੇ ਮੁਆਫੀ ਮੰਗੀ ਚਾਹੇ ਯੁੱਧ ਵਿਚ ਮੁਆਫੀ ਦਾ ਅਸਥਾਨ ਨਹੀਂ ਹੁੰਦਾ। ਪਹਿਲੇ ਲੜ੍ਹਨਾ ਜੇ ਹਾਰ ਜਾਈਏ ਤਾਂ ਮੁਆਫ਼ੀ ਮੰਗ ਕੇ ਛੁਟ ਜਾਈਏ ਇਹ ਕਿਥੋਂ ਦਾ ਅਸੂਲ ਹੈ। ਉਸ ਸਮੇਂ ਤਾਂ ਦੁਸ਼ਮਣ ਨੂੰ ਮੌਤ ਹੀ ਯੋਗ ਹੁੰਦੀ ਹੈ। ਕਿਉਂਕਿ ਉਸ ਅੰਦਰ ਬੈਠਾ ਦੁਸ਼ਮਣ ਦਿਖਾਈ ਦੇ ਰਿਹਾ ਹੁੰਦਾ ਹੈ।

ਇਹ ਅੱਖ ਤਾਂ ਗੁਰੂ ਸਾਹਿਬ ਨੇ ਭਾਈ ਸਾਹਿਬ ਸਿੰਘ ਜੀ ਨੂੰ ਦਿੱਤੀ ਹੋਈ ਸੀ ਕਿ ਕੌਣ ਦੁਸ਼ਮਣ ਤੇ ਕੌਣ ਹੁਣ ਮਿੱਤਰ ਬਣ ਗਿਆ ਹੈ। ਭਾਈ ਸਾਹਿਬ ਸਿੰਘ ਜੀ ਨੇ ਨੇਜਾ (ਬਰਛਾ) ਦਲੀਪ ਚੰਦ ਦੇ ਮੱਥੇ ਵੱਲ ਕੀਤਾ ਤਾਂ ਵੇਖਿਆ ਅੰਦਰ ਦੁਸ਼ਮਣ ਤਾਂ ਭੱਜ ਚੁੱਕਾ ਹੈ ਇਸ ਨੂੰ ਮਾਰਨ ਵਿਚ ਕੋਈ ਫਾਇਦਾ ਨਹੀਂ ਆਪ ਜੀ ਨੇ ਹੱਸ ਕੇ ਛੱਡ ਦਿੱਤਾ ਸੀ।

ਭਾਈ ਦਲੀਪ ਚੰਦ ਨੇ ਇੱਕ ਵਾਰੀ ਪਹਿਲੇ ਵੀ ਭਾਈ ਘੱਨ੍ਹਈਆ ਵਰਗੇ ਪੂਰਨ ਗੁਰਸਿੱਖ ਦੇ ਦਰਸ਼ਨ ਕੀਤੇ ਸਨ। ਭਾਈ ਘੱਨ੍ਹਈਆ ਜੀ ਦਾ ਕੰਮ ਸੀ ਮੋਢੇ ਤੇ ਪਾਣੀ ਮਸ਼ਕ ਪਾ ਕੇ ਲੋਕਾਂ ਨੂੰ ਪਾਣੀ ਪਿਲਾਉਂਦੇ ਰਹਿਣਾ। ਕਈ ਵਾਰ ਉਹ ਵਰਦੀਆਂ ਗੋਲੀਆਂ ਵਿਚ ਵੀ ਫੱਟੜਾਂ ਨੂੰ ਪਾਣੀ ਪਿਲਾਉਂਦੇ ਸਨ। ਭਾਈ ਘੱਨ੍ਹਈਆ ਮੁਸਲਮਾਨ ਜਾਂ ਸਿੱਖ ਜਾਂ ਹਿੰਦੂ ਪਹਾੜੀ ਰਾਜੇ ਨਹੀਂ ਸਨ ਵੇਖਦੇ ਬੱਸ ਉਹ ਤਾਂ ਸਭ ਨੂੰ ਇਕ ਨਜ਼ਰ ਨਾਲ ਵੇਖਦੇ ਸਨ। ਇਕ ਦਿਨ ਕੁਝ ਸਿੱਖਾਂ ਨੇ ਗੁਰੂ ਮਹਾਰਾਜ ਪਾਸ ਭਾਈ ਘਨੱਈਆ ਦੀ ਸ਼ਿਕਾਇਤ ਵੀ ਕੀਤੀ।

ਧਰਮ ਰੱਖਿਅਕ ਸੱਚੇ ਪਾਤਸ਼ਾਹ ਨੇ ਭਾਈ ਘੱਨ੍ਹਈਆ ਨੂੰ ਬੁਲਾ ਕੇ ਪੁੱਛਿਆ। ਤਾਂ ਉਸਨੇ ਹੱਥ ਜੋੜ ਕੇ ਕਿਹਾ, ਦੀਨਾ ਬੰਧੂ ਕਿਰਪਾਲੂ ਜੀ ਮੈਨੂੰ ਤਾਂ ਹਰ ਇਨਸਾਨ ਵਿੱਚ ਤੇਰਾ ਹੀ ਰੂਪ

ਦਿਸਦਾ ਹੈ। ਨਾ ਮੈਂ ਕਿਸੇ ਆਪਣੇ ਨੂੰ, ਨਾ ਕਿਸੇ ਦੁਸ਼ਮਣ ਨੂੰ ਪਾਣੀ ਪਿਲਾਇਆ, ਮੈਂ ਤਾਂ ਜਦੋਂ ਪਿਲਾਇਆ ਹੈ ਮੇਰੇ ਪਾਤਸ਼ਾਹ! ਆਪ ਜੀ ਨੂੰ ਹੀ ਪਿਲਾਇਆ ਹੈ।

ਗੁਰੂ ਜੀ ਅਤਿ ਪ੍ਰਸੰਨ ਹੋਏ ਤੇ ਆਖਿਆ ਭਾਈ ਘੱਨ੍ਹਈਆ ਆਹ ਲੈ ਮਲ੍ਹਮ ਦੀ ਡੱਬੀ ਜਿਸ ਫੱਟੜ ਨੂੰ ਪਾਣੀ ਪਿਲਾਇਆ ਕਰ, ਉਸ ਦੇ ਜ਼ਖ਼ਮਾਂ ਉਤੇ ਮਲ੍ਹਮ ਵੀ ਲਾ ਦਿਆ ਕਰ।

ਐਸੇ ਗੁਰਸਿੱਖਾਂ ਨੇ ਚਰਨ ਸਦਕਾ ਭਾਈ ਦਲੀਪ ਚੰਦ ਤੋਂ ਭਾਈ ਦਲੀਪ ਸਿੰਘ ਸੱਜ ਗਏ ਸਨ। ਚੌਥੇ ਭਾਈ ਦਲੀਪ ਸਿੰਘ ਜੀ ਸੀ ਤੇ ਪੰਜਵੇਂ ਭਾਈ ਉਜਾਗਰ ਸਿੰਘ ਰਹਿਣ ਵਾਲੇ ਤਾਂ ਗਵਾਲੀਅਰ ਦੇ ਸਨ ਪਰ ਅੰਮ੍ਰਿਤ ਦੀ ਦਾਤ ਕਹਿਲੂਰ ਵਿਚ ਹੀ ਪਾਈ ਸੀ। ਆਪ ਜੀ ਵੀ ਫੌਜ ਦੇ ਸਿਪਾਹੀ ਸਨ, ਬਹੁਤ ਬਹਾਦੁਰ ਸਨ ਤਿੰਨ ਨੂੰ ਪ੍ਰੇਰਨਾ ਦੇਣ ਵਾਲੇ ਸਨ। ਭਾਈ ਦਲੀਪ ਸਿੰਘ ਜੀ ਇਸ ਯੋਧੇ ਦਾ ਪਹਿਲਾ ਨਾਮ ਸੀ ਗਾਜਰ ਚੰਦ ਫਿਰ ਜਦੋਂ ਅੰਮ੍ਰਿਤ ਪਾਨ ਕੀਤਾ ਤਾਂ ਭਾਈ ਸਾਹਿਬ ਜੀ ਨੇ ਨਵਾਂ ਨਾਮ ਭਾਈ ਉਜਾਗਰ ਸਿੰਘ ਰੱਖਿਆ ਸੀ।

ਇਸ ਜੱਥੇ ਦੇ ਜਰਨੈਲ ਸਨ ਭਾਈ ਸਾਹਿਬ ਸਿੰਘ ਜੀ ਨਾਲ ਪੰਜ ਸਿੰਘ ਸਨ ਭਾਈ ਤੀਰਥ ਸਿੰਘ ਜਿਨ੍ਹਾਂ ਦੀ ਉਮਰ 50 ਸਾਲ। ਫਿਰ ਉਨ੍ਹਾਂ ਦੇ ਲੜਕੇ ਭਾਈ ਰਣਜਿੱਤ ਸਿੰਘ ਜਿਨ੍ਹਾਂ ਦੀ ਉਮਰ 28 ਸਾਲ ਸੀ, ਫਿਰ ਭਾਈ ਬਲਵੰਤ ਸਿੰਘ ਜੀ, ਭਾਈ ਦਲੀਪ ਸਿੰਘ ਕਹਿਲੂਰੀਏ ਤੇ ਬਹਾਦਰ ਉਜਾਗਰ ਸਿੰਘ ਜੀ ਪੋਹ ਤੇ ਸਿਆਲੀ ਦਿਨ ਭਾਵੇਂ ਛੋਟੇ ਹੁੰਦੇ ਹਨ ਪਰ ਦੁਸ਼ਮਨ ਨੂੰ ਲੱਗਾ ਕਿ ਸ਼ਾਇਦ ਸਿੰਘ ਅੰਦਰ ਥੋੜੇ ਰਹਿਣ ਕਾਰਨ ਕੋਈ ਜੱਥਾ ਬਾਹਰ ਨਹੀਂ ਨਿਕਲਿਆ।

ਮੁਸਲਮਾਨ ਜਰਨੈਲ ਨਸੀਰ ਖਾਂ ਨੇ ਹਿੰਮਤ ਕੀਤੀ ਤੇ ਆਪਣੀ ਫੌਜ ਦੇ ਸਿਪਾਹੀਆਂ ਨੂੰ ਨਾਲ ਲੈ ਕੇ ਗੜ੍ਹੀ ਦੇ ਦਰਵਾਜੇ ਵੱਲ ਵਧਿਆ ਤਾਂ ਉਸਦੇ ਮਨ ਵਿਚ ਡਰ ਵੀ ਹੈ ਕਿ ਐਡੇ ਵੱਡੇ ਵੱਡੇ ਜਰਨੈਲ ਸਿੰਘਾਂ ਨੇ ਮਾਰ ਮੁਕਾਏ ਹਨ। ਪਤਾ ਨਹੀਂ ਕਿਤੇ ਗੜ੍ਹੀ ਵਿਚ ਹੋਰ ਕਿੰਨੇ ਸਿੰਘ ਹੋਣ। ਦੋ-ਚਿੱਤਾ ਹੋ ਕੇ ਸਿੰਘਾਂ ਦੀ ਸੀਮਾ

ਪਾਰ ਕਰਨ ਤੋਂ ਪਹਿਲੇ ਕੁਝ ਸਹਿਮ ਗਿਆ।

ਭਾਈ ਸਾਹਿਬ ਸਿੰਘ ਨੇ ਜੈਕਾਰਾ ਲਾਇਆ ਤੇ ਸਾਰੇ ਸਿੰਘਾਂ ਨੇ ਭਰਵੀਂ ਆਵਾਜ਼ ਵਿੱਚ ਜਵਾਬ ਦਿੱਤਾ। ਜੈਕਾਰਿਆਂ ਦੀ ਆਵਾਜ਼ ਨਾਲ ਸਾਰਾ ਮੈਦਾਨ ਗੂੰਜ ਉੱਠਿਆ, ਇਹ ਜੱਥਾ ਅਖੀਰਲਾ ਸੀ ਇਸ ਵਾਸਤੇ ਸਿੰਘ ਆਪਣਾ ਪੂਰਾ ਦਬ ਦਬਾ ਬਨਾਉਣਾ ਚਾਹੁੰਦੇ ਸਨ ਕਿ ਇਸ ਤੋਂ ਬਾਅਦ ਕੋਈ ਹੋਰ ਹਿੰਮਤ ਨਾ ਕਰੇ, ਗੜ੍ਹੀ ਵੱਲ ਵਧਣ ਵਾਸਤੇ। ਇਹ ਛੇ ਸਿੰਘ ਤਾਂ ਮੈਦਾਨ ਵਿਚ ਸਨ, ਬਾਕੀ ਸਿੰਘਾਂ ਨੇ ਗੜ੍ਹੀ ਵਿਚੋਂ ਤੀਰ ਗੋਲੀ ਨਾਲ ਜਰਨੈਲ ਨਸੀਰ ਖਾਂ ਨੂੰ ਭੱਜਣ ਵਾਸਤੇ ਰਸਤਾ ਨਾ ਮਿਲਿਆ। ਗੜ੍ਹੀ ਵਿਚੋਂ ਭਾਈ ਦਇਆ ਸਿੰਘ ਭਾਈ ਧਰਮ ਸਿੰਘ, ਭਾਈ ਮਾਨ ਸਿੰਘ, ਭਾਈ ਸੰਗਤ ਸਿੰਘ, ਭਾਈ ਸੰਤਾ ਸਿੰਘ, ਭਾਈ ਰਾਮ ਸਿੰਘ, ਭਾਈ ਕੇਹਰ ਸਿੰਘ, ਭਾਈ ਵੈਸਾਖਾ ਸਿੰਘ, ਭਾਈ ਸੰਤੋਖ ਸਿੰਘ, ਭਾਈ ਜੌਹਰ ਸਿੰਘ, ਭਾਈ ਦੇਵਾ ਸਿੰਘ ਆਦਿ ਸਿੰਘਾਂ ਨੇ ਤੀਰ ਤੇ ਗੋਲੀਆਂ ਨਾਲ ਦੁਸ਼ਮਨਾਂ ਦੀ ਤੋਅ ਲਗਾ ਦਿੱਤੀ।

ਭਾਈ ਸਾਹਿਬ ਸਿੰਘ ਨੇ ਨਸੀਰ ਖਾਂ ਨੂੰ ਮਾਰਿਆ ਤੇ ਭਾਈ ਤੀਰਥ ਸਿੰਘ ਨੇ ਨੂਰਖਾਨ ਨੂੰ ਚਿੱਤ ਕਰ ਦਿੱਤਾ। ਭਾਈ ਰਣਜਿੱਤ ਸਿੰਘ ਜੀ ਤੇਗ਼ ਦੇ ਧਨੀ ਸਨ, ਉਨ੍ਹਾਂ ਨੇ ਤਾਂ ਲੋਥਾਂ ਦੀਆਂ ਲੇਹਰਾਂ ਹੀ ਲਾ ਦਿੱਤੀਆਂ। ਭਾਈ ਰਣਜਿੱਤ ਸਿੰਘ ਦੇ ਘੋੜੇ ਦਾ ਨਾਮ ਸੀ ਤਾਜ, ਨੂੰ ਇਤਨਾ ਅਭਿਆਸ ਕਰਵਾਇਆ ਸੀ ਜੇ ਕਿਤੇ ਭਾਈ ਰਣਜਿੱਤ ਸਿੰਘ ਜ਼ਮੀਨ ਤੇ ਡਿੱਗ ਪੈਣ ਤਾਂ ਇਹ ਘੋੜਾ ਭੁੰਜਿਓਂ ਉਠਾ ਲੈਂਦਾ ਸੀ।

ਭਾਈ ਰਣਜਿੱਤ ਸਿੰਘ ਦਾ ਇਕ ਢੰਗ ਸੀ ਦੁਸ਼ਮਨ ਦੇ ਘੋੜੇ ਥੱਲੇ ਵੱੜ ਕੇ ਦੁਸ਼ਮਨ ਨੂੰ ਪੁੱਠਾ ਸੁੱਟ ਕੇ ਵਾਰ ਕਰਕੇ ਫਿਰ ਆਪਣੇ ਤਾਜ ਘੋੜੇ ਤੇ ਸਵਾਰ ਹੋ ਜਾਂਦੇ ਸਨ। ਭਾਈ ਰਣਜਿੱਤ ਸਿੰਘ ਨੂੰ ਪਤਾ ਸੀ ਕਿ ਜ਼ਿੰਦਗੀ ਦੀ ਅਖੀਰਲੀ ਲੜਾਈ ਹੈ। ਜਿੰਨੇ ਦਾਉ ਪੇਚ ਜੰਗ ਦੇ ਸਿੱਖੇ ਸਨ ਸਾਰੇ ਵਰਤ ਲਈਏ, ਫਿਰ ਮੌਕਾ ਨਹੀਂ ਮਿਲਣਾ ਇਸ ਵਾਸਤੇ ਹਰ ਵਾਰੀ ਬਦਲ ਕੇ ਵਾਰ ਕਰਦੇ ਸਨ ਤੇ ਦੁਸ਼ਮਣ ਨੂੰ ਸਮਝ ਨਹੀਂ ਸੀ ਆਉਂਦੀ ਕਿ ਇਸਦਾ ਕੀ ਉਪਾਅ

ਕਰੀਏ। ਭਾਈ ਰਣਜਿੱਤ ਸਿੰਘ ਨੇ ਪੰਜ ਜਰਨੈਲ ਮਾਰ ਦਿੱਤੇ ਅਹਿਮਦ ਖਾਨ, ਮੀਰ ਖਾਨ, ਰਸੂਲ ਖਾਂ, ਮੀਰ ਨਸੀਰ ਖਾਨ, ਮਕਬੂਲ ਅਲੀ, ਬੱਸ ਹੁਣ ਤਾਂ ਲਾਸ਼ਾਂ ਦੇ ਢੇਰ ਲੱਗ ਗਏ।

ਭਾਈ ਦਲੀਪ ਸਿੰਘ ਤੇ ਭਾਈ ਬਲਵੰਤ ਸਿੰਘ ਨੇ ਵੀ ਜੰਗੀ ਜਹੌਰ ਬਹੁਤ ਦਿਖਾਏ। ਭਾਈ ਉਜਾਗਰ ਸਿੰਘ ਨੇ ਵੀ ਉਜਾਗਰ ਹੋ ਕੇ ਦਿਖਾਇਆ। ਇਹ ਜੰਗ ਉਸ ਸਮੇਂ ਤਕ ਚੱਲਿਆ ਜਦੋਂ ਤਕ ਸੂਰਜ ਡੁੱਬ ਚੁੱਕਾ ਸੀ। ਠੰਡ ਨੇ ਪੂਰਾ ਜ਼ੋਰ ਪਾਇਆ, ਉੱਪਰ ਬਦਲ ਵੀ ਮੀਂਹ ਦੀ ਕੋਈ ਕੋਈ ਕਣੀ ਜ਼ਮੀਨ ਤੇ ਭੇਜ ਰਹੇ ਸਨ।

ਅਖੀਰ ਸੂਬਾ ਸਰਹੰਦ ਵਜ਼ੀਰ ਖਾ ਨੇ ਸ਼ਾਹੀ ਫੌਜ ਨੂੰ ਲਾਹਨਤਾਂ ਪਾਈਆਂ ਤਾਂ ਉਨ੍ਹਾਂ ਦੀ ਗ਼ੈਰਤ ਜਾਗੀ ਤਾਂ ਇਕ ਇਕ ਸਿੰਘ ਤੇ ਸੈਕੜੇ ਸ਼ਾਹੀ ਫੌਜੀ ਪੈ ਗਏ ਤਾਂ ਪਹਿਲੀ ਸ਼ਹੀਦੀ ਭਾਈ ਦਲੀਪ ਸਿੰਘ ਦੀ ਹੋਈ। ਫਿਰ ਬਲਵੰਤ ਸਿੰਘ ਸ਼ਹੀਦ ਹੋਏ ਫਿਰ ਉਜਾਗਰ ਸਿੰਘ ਤੀਰਥ ਸਿੰਘ, ਭਾਈ ਰਣਜਿੱਤ ਸਿੰਘ ਜੀ ਅਖੀਰ ਭਾਈ ਸਾਹਿਬ ਸਿੰਘ ਜੀ ਸ਼ਹਾਦਤ ਜਾਮ ਪੀ ਗਏ। ਉਸ ਵੇਲੇ ਭਾਈ ਸਾਹਿਬ ਸਿੰਘ ਦੀ ਉਮਰ 29 ਸਾਲ 1 ਮਹੀਨਾ 3 ਦਿਨ ਦੀ ਸੀ।

ਇਹ ਦਿਨ 8 ਪੋਹ ਸੰਮਤ 1761 ਤੇ 6 ਦਸੰਬਰ ਸੰਨ 1704 ਸੀ। ਉਸ ਵੇਲੇ ਤਕ ਸੂਰਜ ਡੁੱਬ ਚੁੱਕਾ ਸੀ ਅਤਿ ਹਨੇਰਾ ਹੋ ਗਿਆ ਸੀ। ਇਹ ਯੋਧੇ ਮਰਦਾਨਗੀ ਅਤੇ ਯੁੱਧ ਕਲਾ ਦੇ ਐਸੇ ਪੂਰਨੇ ਪਾ ਗਏ। ਜੋ ਰਹਿੰਦੀ ਦੁਨੀਆ ਤਕ ਬੇ ਮਿਸਾਲ ਕਰਾਮਾਤ ਦਿੱਸਦੇ ਰਹਿਣਗੇ।

ਰੁਪਾਲ ਛੰਦ - ਗਿ: ਪਾਖਰ ਸਿੰਘ ਜੀ

ਭਾਈ ਸਾਹਿਬ ਸਿੰਘ ਸੂਰਾ, ਜਿਹੜਾ ਬਚਨਾ ਦਾ ਪੂਰਾ,
ਸਿੱਖੀ ਸਿਦਕ ਕਮਾਲ ਦਾ ਨਿਭਾਤੇ ਹੈਂ॥੫੧॥
ਨਾਰੀ ਨਿਰੰਜਨ ਕੌਰ ਵਾਰੀ, ਧੀ ਗੁਰਨੈਨ ਸਿਧਾਰੀ,
ਸਿਦਕ ਸਿੱਖੀ ਦਾ ਸਿਖਾਤੇ ਹੈਂ॥੫੨॥
ਸੌਹਰਾ ਤੀਰਥ ਸਿੰਘ ਭਾਰਾ, ਕਰੇ ਕੰਮ ਜੋ ਨਿਆਰਾ,
ਨੰਗਲ ਸ਼ਹੀਦਾਂ ਨਾਮ ਚਮਕਾਤੇ ਹੈਂ॥੫੩॥
ਵੀਰ ਰਣਜਿੱਤ ਸਿੰਘ ਪੂਰਾ, ਕੰਮ ਕਰੇ ਨਾ ਅਧੂਰਾ,
ਦੁਸ਼ਮਨ ਮਾਰ ਚੱਠੇ ਚਿਣੀ ਜਾਤੇ ਹੈਂ॥੫੪॥
ਪੰਜ ਜਰਨੈਲ ਚੁਣ ਚੁਣ ਮਾਰੇ, ਸਿਧੇ ਕੁੰਭੀ ਨਰਕ ਸਿਧਾਰੇ,
ਰੋ ਰੋ ਕਰਿ ਵਜੀਰ ਖਾਂ ਲੋਥਾਂ ਕਬਰਾਂ ਵਿਚ ਪਾਤੇ ਹੈਂ॥੫੫॥
ਭਾਈ ਦਲੀਪ ਸਿੰਘ ਕਹਿਲੂਰੀ, ਕਹਿੰਦਾ ਜ਼ਿੰਦਗੀ ਸੀ ਅਧੂਰੀ,
ਅੱਜ ਸਿੱਖੀ ਸਿਦਕ ਨਿਭਾਤੇ ਹੈਂ॥੫੬॥
ਭਾਈ ਬਲਵੰਤ ਸਿੰਘ ਸੀਰ, ਗੜ੍ਹੀ ਚਮਕੌਰ ਵਿਚ ਕਰਤੀ ਅਖੀਰ,
ਦੁਸ਼ਮਣ ਤਾਈਂ ਭਾਜੜ੍ਹਾਂ ਪਾਈ ਜਾਤੇ ਹੈਂ॥੫੭॥
ਮੰਡੀ ਰਵਾਲਸਰ ਦਾ ਸੀ ਭਾਈ, ਚਮਕੌਰ ਵਿਚ ਤੇਗ਼ ਸੀ ਵਗਾਈ,
ਨਾਮ ਉਜਾਗਰ ਸਿੰਘ ਕਰਿ ਦਿਖ ਲਾਤੇ ਹੈਂ॥੫੮॥
ਸ਼ਾਮ ਢਲੀ ਸੂਰਜ ਦੇ ਮੁੱਖ ਉਤੇ ਲਾਲੀ, ਜੰਗ ਵਿਚ ਸਿੰਘ ਖੇਡ ਦੇ ਗੁਲਾਲੀ,
ਰਾਤ ਅੰਧੇਰੀ ਤੀਰ ਚਮਕ ਦਿਖਾਤੇ ਹੈਂ॥੫੯॥
ਸੰਮਤ 1761, ਅੱਠ ਪੋਹ ਰਾਤ ਸੀ ਅਖੀਰੀ, ਦਸ਼ਮੇਸ਼ ਬਣੇ ਦਿਲਗੀਰੀ,
ਨਵਾਬ, ਕਾਜ਼ੀ, ਮੁੱਲ੍ਹਾ, ਮੌਲਵੀ, ਸਿਰ ਨੀਵੇਂ ਕਰੀ ਤੁਰੇ ਜਾਤੇ ਹੈਂ॥੬੦॥

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

ਖਾਲਸਾ ਪੰਥ ਸਾਜਣ ਦੀ ਨੀਂਹ

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੇਖਿਆ,
"ਬਾਬਾ ਵੇਖੇ ਧਿਆਨ ਧਰ, ਜ਼ਲਤੀ ਸਭ ਪ੍ਰਿਥਵੀ ਦਿਸ ਆਈ"

(ਭਾਈ ਗੁਰਦਾਸ ਜੀ)

ਗੁਰੂ ਜੀ ਨੇ ਸਗਲ ਮਨੁੱਖਤਾ ਨੂੰ ਪਹਿਲਾ ਲੱਗਾ ਰੋਗ ਬ੍ਰਾਹਮਣਾ ਦੀ ਵਰਨ ਵੰਡ, ਨੇ ਕਰੋੜਾ ਬੰਦਿਆਂ ਨੂੰ ਸ਼ੂਦਰ ਬਣਾਇਆ ਹੋਇਆ ਸੀ। ਸ਼ੂਦਰਾਂ ਨੂੰ ਹੌਲੇ ਮੇਲ ਦੇ ਅਤੇ ਗੰਦੇ-ਮੰਦੇ ਕੰਮ ਕਰਨੇ ਪੈਂਦੇ ਸਨ। ਇਹਨਾਂ ਕੰਮਾ ਵਿੱਚੋਂ ਉਹਨਾਂ ਦੀ ਆਮਦਨ ਇੰਨੀ ਥੋੜੀ ਸੀ ਕਿ ਉਹ ਢਿੱਡ ਭਰ ਕੇ ਰੋਟੀ ਨਹੀਂ ਖਾ ਸਕਦੇ ਸਨ। ਜਿਹੜਾ ਢਿੱਡੋਂ ਹੀ ਭੁੱਖਾ ਹੈ ਉਹ ਧਰਮ ਅਤੇ ਸਮਾਜ ਦਾ ਕੀ ਸਵਾਰ ਸਕਦਾ ਹੈ? ਬ੍ਰਾਹਮਣਾਂ ਦੀ ਦੁਰਕਾਰ ਹਰ ਵੇਲੇ ਪੈਂਦੀ ਰਹਿਣੀ, ਭੁੱਖ ਤੇ ਦੁਰਕਾਰ-ਇਹ ਸੀ ਇਨ੍ਹਾਂ ਦੀ ਕਿਸਮਤ ਬਣ ਚੁੱਕੀ ਸੀ।

ਦੂਜੇ ਪਾਸੇ ਉੱਚ ਜਾੱਤੀ ਦੇ ਲੋਕ ਮੌਜਾਂ ਕਰਦੇ ਸਨ। ਪੰਡਿਤਾਂ ਬ੍ਰਾਹਮਣਾ ਦੇ ਦਿਨ-ਤਿਉਹਾਰ ਨਿੱਤ ਹੀ ਆਏ ਰਹਿੰਦੇ ਸਨ। ਦੂਜੀਆਂ ਸ਼੍ਰੇਣੀਆਂ ਦੇ ਲੋਕ ਨਾਲੇ ਤਾਂ ਇਹਨਾਂ ਨੂੰ ਨਿੱਤ ਮੱਥੇ ਟੇਕਦੇ ਤੇ ਨਾਲੇ ਅੰਨ-ਧੰਨ ਦੀਆਂ ਮੋਟੀਆਂ ਭੇਟਾਵਾਂ ਚੜ੍ਹਾਵੇ ਵਜੋਂ ਦਾਨ ਕਰਦੇ ਸਨ।

ਗੁਰੂ ਨਾਨਕ ਦੇਵ ਜੀ ਪਹਿਲੇ ਰੱਬੀ ਰਹਿਬਰ ਸਨ ਜਿਨ੍ਹਾਂ ਨੇ ਸਾਰੀ ਲੁਕਾਈ ਨਾਲ ਪਿਆਰ ਕੀਤਾ, ਕਿਸੇ ਨਾਲ ਨਫਰਤ ਨਹੀਂ ਕੀਤੀ, ਸਾਰੇ ਦੁਖੀਆਂ ਦਰਦ-ਵੰਡਾਂ ਦੇ ਦੁੱਖ ਦਾ ਅਹਿਸਾਸ ਕੀਤਾ। ਸ਼ੂਦਰ ਰੂਪ ਵਿੱਚ ਕਰੋੜਾਂ ਦੀ ਗਿਣਤੀ ਵਿੱਚ ਮਨੁੱਖਤਾ ਰੁਲ ਰਹੀ ਸੀ ਪ੍ਰਮਾਤਮਾ ਨੂੰ ਹਰ ਥਾਂ ਵੇਖਣ ਵਾਲੇ ਪਾਤਸ਼ਾਹ ਸ਼੍ਰੀ ਗੁਰੂ ਨਾਨਕ ਦੇਵ ਜੀ ਨੀਚ ਅਖਵਾਉਣ ਵਾਲੇ ਲੋਕਾਂ ਨੂੰ ਮਨੁੱਖਤਾ ਦੀ ਪੱਧਰ ਤੇ ਲਿਆਉਣ ਲਈ ਹਰ ਤਰਾਂ ਦੇ ਯਤਨ-ਸ਼ੀਲ ਹੋਏ। ਗੁਰੂ ਸਾਹਿਬ ਜੀ ਨੇ ਆਪਣੇ ਘਰ ਦੇ ਸੁੱਖ ਛੱਡੇ, ਆਪਣੇ ਪਰਿਵਾਰ ਨੂੰ ਪਰ

ਅਧੀਨ ਕੀਤਾ ਤੇ ਸਾਰੇ ਸੰਸਾਰ ਨੂੰ ਆਪਣਾ ਪਰਿਵਾਰ ਸਮਝ ਕੇ ਦੁਖੀਆਂ ਦੇ ਦਰਦ ਨੂੰ ਦੂਰ ਕਰਨ ਲਈ ਚਲ ਪਏ। ਸਾਰੇ ਭਾਰਤ ਅਤੇ ਵਿਦੇਸ਼ਾਂ ਦਾ ਹਜ਼ਾਰਾਂ ਮੀਲਾਂ ਦਾ ਸਫਰ ਉੱਤੇ ਜਾਂਦੇ ਹੋਏ ਆਪਣੇ ਨਾਲ ਦੇ ਸਾਥੀ ਭਾਈ ਬਾਲਾ ਅਤੇ ਭਾਈ ਮਰਦਾਨਾ ਵੀ ਉਹ ਲਏ ਜੋ ਸ਼ੂਦਰਾਂ ਵਿੱਚੋਂ ਨੀਵੀਆਂ ਜਾਤਾਂ ਦੇ ਸਨ।

ਜਦੋਂ ਵੀ ਕਿਸੇ ਉਚ ਜਾਤ ਦੇ ਲੋਕਾਂ ਨੇ ਪੁੱਛਣਾ ਕਿ ਇਹ ਦੋ ਮਨੁੱਖ ਤੁਹਾਡੇ ਚੇਲੇ ਹਨ ਜਾਂ ਸੇਵਕ ਹਨ ਤਾਂ ਗੁਰੂ ਜੀ ਨੇ ਆਖਣਾ ਕਿ ਨਹੀਂ ਇਹ ਤਾਂ ਮੇਰੇ ਭਾਈ ਹਨ-ਭਾਈ ਬਾਲਾ ਤੇ ਭਾਈ ਮਰਦਾਨਾ। ਅੱਗੋਂ ਫਿਰ ਸਵਾਲ ਪੈਦਾ ਹੁੰਦਾ ਕਿ ਹਿੰਦੂ ਦਾ ਭਾਈ ਹਿੰਦੂ ਹੁੰਦਾ ਅਤੇ ਮੁਸਲਮਾਨ ਦਾ ਭਾਈ ਮੁਸਲਮਾਨ ਪਰ ਤੁਸੀਂ ਕਿਸ ਤਰਾਂ ਦੇ ਇਨਸਾਨ ਹੋ ਅਤੇ ਕਿਸ ਜਾਤ ਨਾਲ ਸੰਬੰਧ ਰੱਖਦੇ ਹੋ...ਕਿਉਂਕਿ ਹਿੰਦੂ ਵੀ ਤੁਹਾਡਾ ਭਾਈ ਹੈ ਅਤੇ ਮੁਸਲਮਾਨ ਵੀ ਤੁਹਾਡਾ ਭਾਈ ਹੈ, ਤਾਂ ਗੁਰੂ ਨਾਨਕ ਦੇਵ ਜੀ ਨੇ ਜਵਾਬ ਦਿੱਤਾ,

"ਨਾ ਹਮ ਹਿੰਦੂ ਨ ਮੁਸਲਮਾਨ॥
ਅਲਹ ਰਾਮ ਕੇ ਪਿੰਡ ਪਰਾਨ।"

(ਇਹ ਸ਼ਬਦ ਗੁਰੂ ਅਰਜਨ ਦੇਵ ਜੀ ਦਾ ਹੈ ਭੈਰਉ ੫, ਅੰਗ ੧੧੩੬)

ਇਸ ਲਈ ਇਹ ਮੇਰੇ ਭਾਈ ਹਨ। ਮੈਂ ਚਾਹੁੰਦਾ ਹਾਂ ਕਿ ਮੰਦਰ ਕੋਲ ਮਸੀਤ ਆਵੇ, ਆਰਤੀ ਕੋਲ ਸਿਜਦਾ ਆਵੇ, ਬਰਤ ਕੋਲ ਰੋਜ਼ਾ ਆਵੇ, ਬਲੀ ਕੋਲ ਕੁਰਬਾਨੀ ਆਵੇ ਤਾਂ ਕਿ ਅਸੀਂ ਸਾਰੇ ਮਿਲ ਕੇ ਭਾਈ-ਭਾਈ ਬਣ ਕੇ ਜਗਤ ਜੀਵਾਂ ਤੇ ਦਯਾ ਕਰੀਏ ਤੇ ਸੱਚ ਦੀ ਪਹਿਚਾਣ ਕਰੀਏ।

ਐਸੇ ਬੋਲ ਸੁਣ ਕੇ ਉੱਚ ਜਾਤੀ ਦੇ ਲੋਕਾਂ ਦੇ ਐਸ਼ੋ ਅਰਾਮ ਨੂੰ ਸੱਟ ਵੱਜ ਰਹੀ ਸੀ। ਉਹ ਜਿਨ੍ਹਾਂ ਸ਼ੂਦਰਾਂ ਦੇ ਸਿਰ ਤੇ ਮੌਜਾਂ ਕਰਦੇ ਸਨ ਉਹਨਾਂ ਨੂੰ ਭਾਈ ਬਣਾਉਣਾ ਬਹੁਤ ਔਖਾ ਸੀ। ਇਸ ਲਈ ਇਹਨਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਭੂਤਨਾ, ਬੇਤਾਲਾ, ਕੁਰਾਹੀਆ ਤੇ ਧੁਮਾਣਾ ਕਹਿਣਾ ਸ਼ੁਰੂ ਕਰ ਦਿੱਤਾ ਤਾਂ ਕਿ ਸੁਣਨ ਵਾਲੇ ਗੁਰੂ ਨਾਨਕ ਦੀ ਗੱਲ ਵੱਲ ਧਿਆਨ ਨਾ ਦੇਣ ਅਤੇ ਇਹਨਾਂ ਬ੍ਰਾਹਮਣਾਂ ਦਾ ਕੰਮ ਇਸੇ ਤਰਾਂ ਚੱਲਦਾ ਰਹੇ।

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਪ੍ਰਚਾਰ ਪੱਕੀਆਂ ਨੀਹਾਂ 'ਤੇ ਸ਼ੁਰੂ ਕੀਤਾ ਸੀ। ਥਾਂ-ਥਾਂ ਸਾਧ ਸੰਗਤ ਅਸਥਾਪਨ ਕੀਤੇ, ਜਿੱਥੇ ਭਾਈ ਮਰਦਾਨੇ ਨੇ ਕੀਰਤਨ ਕਰਨਾ ਉੱਥੇ ਭਾਈ ਬਾਲੇ ਨੇ ਕੜਾਹ-ਪ੍ਰਸ਼ਾਦ ਅਤੇ ਲੰਗਰ ਆਦਿ ਦਾ ਇੰਤਜ਼ਾਮ ਕਰਨਾ ਤੇ ਗੁਰੂ ਜੀ ਨੇ ਛੂਆ-ਛੂਤ ਦੇ ਵਿਰੋਧ ਵਿੱਚ ਉਪਦੇਸ਼ ਦੇਣਾ, ਫਿਰ ਉੱਥੇ ਹੀ ਬੈਠ ਕੇ ਇੱਕ ਪਾਸੇ ਭਾਈ ਬਾਲਾ ਜੀ ਅਤੇ ਦੂਜੇ ਪਾਸੇ ਭਾਈ ਮਰਦਾਨਾ ਜੀ ਅਤੇ ਸਾਰੀ ਸੰਗਤ ਨੇ ਇੱਕ ਪੰਗਤ ਵਿੱਚ ਬੈਠ ਕੇ ਲੰਗਰ ਛਕਣ ਦਾ ਅਵਸਰ ਪ੍ਰਾਪਤ ਕਰਨਾ।

ਇਸ ਪ੍ਰਸਾਰ ਦੇ ਕੁਦਰਤੀ ਸਿੱਟੇ ਵਜੋਂ ਉੱਚੀ-ਨੀਵੀਂ ਜਾਤ ਦੇ ਵਿਤਕਰੇ ਮਿਟ ਕੇ ਇੱਕ ਸਾਂਝੀਵਾਲਤਾ ਭਾਈਚਾਰਕ ਜਮਾਤ ਬਣਨ ਲੱਗ ਪਈ। ਸਦੀਆਂ ਤੋਂ ਸਹਿਮੀ ਹੋਈ ਸ਼ੂਦਰ ਮਿਥੀ ਹੋਈ ਸ਼੍ਰੇਣੀ ਜਾਗ ਕੇ ਸਹੀ ਮਨੁੱਖਤਾ ਨੂੰ ਸਮਝਣ ਲੱਗ ਪਈ। ਇਹਨਾਂ ਲੋਕਾਂ ਦਾ ਵੀ ਧੌਣ ਉੱਚੀ ਕਰ ਕੇ ਤੁਰਨ ਦਾ ਹੌਂਸਲਾ ਬਣਨ ਲੱਗ ਪਿਆ। ਜਿਹੜੇ ਇੱਥੇ ਭੁੱਖ-ਨੰਗ ਤੇ ਅੱਤਿਆਚਾਰ ਹੇਠ ਦੱਬ ਕੇ ਇਸ ਜਨਮ ਨੂੰ ਨਰਕ ਸਮਝੀ ਬੈਠੇ ਸਨ ਤੇ ਇਸ ਜਨਮ ਦੀ ਬਾਜੀ ਹਾਰੀ ਹੋਈ ਜਾਣ ਕੇ ਅਗਲੇ ਜਨਮ ਦੀਆਂ ਆਸਾਂ ਤੇ ਹੀ ਜਨਮ ਕੱਟ ਰਹੇ ਸਨ ਉਹਨਾਂ ਨੂੰ ਯਕੀਨ ਬਣਨ ਲੱਗ ਪਿਆ ਕਿ ਪ੍ਰਮਾਤਮਾ ਗੁਰੂ ਨਾਨਕ ਦੇ ਰੂਪ ਵਿੱਚ ਆਇਆ ਹੈ ਜਿਨ੍ਹਾਂ ਦੇ ਉਪਦੇਸ਼ ਸਨ ਕਿ 'ਕਿਰਤ ਕਰੋ, ਨਾਮ ਜੱਪੋ, ਵੰਡ ਛਕੋ। ਬੰਦਗੀ ਤੇ ਧਰਮ ਦੀ ਕਿਰਤ ਅਤੇ ਖਲਕਤ ਨਾਲ ਪਿਆਰ ਦਾ ਸਦਕਾ ਇੱਥੇ ਹੀ ਸਵਰਗ ਭਾਵ ਬਹਿਸ਼ਤ ਬਣ ਸਕਦਾ ਹੈ।

ਸ੍ਰੀ ਗੁਰੂ ਅੰਗਦ ਦੇਵ ਜੀ

ਦੂਜੀ ਗੱਲ ਇਹ ਕਿ ਖਾਲਸੇ ਦੇ ਮਹਿਲ ਦੀ ਨੀਂਹ ਨੂੰ ਹੋਰ ਮਜ਼ਬੂਤ ਕਰਾਉਣ ਲਈ ਸਾਹਿਬ ਸ਼੍ਰੀ ਗੁਰੂ ਅੰਗਦ ਦੇਵ ਜੀ ਨੂੰ ਜੋ ਆਦਰਸ਼ ਗੁਰੂ ਨਾਨਕ ਦੇਵ ਜੀ ਨੇ ਬਖਸ਼ੇ, ਨਵ ਜੰਮੇ ਸਿੱਖ ਬੱਚੇ ਨੂੰ ਵਰਣ ਵੰਡ ਦੇ ਵਿਤਕਰੇ ਨੂੰ ਦੂਰ ਕਰਨ ਦੇ ਯਤਨ ਗੁਰੂ ਅੰਗਦ ਦੇਵ ਜੀ ਨੇ ਆਰੰਭੇ। ਜਿਹੜੇ ਮਨੁੱਖ ਹਰ ਵੇਲੇ ਦੀ

ਦੁਰਕਾਰ ਅਤੇ ਝਾੜ-ਝੰਭ ਨਾਲ ਸਹਿਮ ਹੇਠ ਹਰ ਵੇਲੇ ਦੱਬੇ ਰਹਿੰਦੇ ਸਨ, ਉਨ੍ਹਾਂ ਨੂੰ ਆਪਣੇ ਮਨੁੱਖ ਹੋਣ ਉੱਪਰ ਹੀ ਯਕੀਨ ਨਹੀਂ ਸੀ ਰਿਹਾ। ਜਿੰਦ ਹੀਣ ਚੀਜਾਂ ਅਤੇ ਪਸ਼ੂਆਂ ਵਾਂਗ ਉਹ ਆਪਣੇ ਜ਼ਾਬਰ ਮਾਲਕ ਦੀ ਕਾਰ ਕਰੀ ਜਾਣਾ ਹੀ ਆਪਣੀ ਹੋਂਦ ਸਮਝਦਾ ਸੀ।ਜਾਤਿ ਅਭਿਮਾਨੀਆਂ ਨੇ ਕਰੋੜਾਂ ਸ਼ੂਦਰ ਅਖਵਾਉਂਦੇ ਲੋਕਾਂ ਨੂੰ ਇਸ ਅਧੋਗਤੀ ਤਕ ਅਪੜਾ ਦਿੱਤਾ ਸੀ।

ਗੁਰੂ ਅੰਗਦ ਦੇਵ ਸਾਹਿਬ ਜੀ ਨੇ ਲੰਗਰ ਵਿੱਚ ਹੋ ਰਹੇ ਪਿਆਰ ਭਰੇ ਸਲੂਕ ਨਾਲ ਨੀਵੇਂ-ਮਿੱਧੇ ਗਏ ਬੰਦਿਆਂ ਅੰਦਰ ਨਵੀਂ ਜਿੰਦ ਪਾ ਦਿੱਤੀ ਸੀ। ਉਨ੍ਹਾਂ ਦੇ ਅੰਦਰ ਮਨੁੱਖਤਾ ਦਾ ਨਵਾਂ ਅਹਿਸਾਸ ਜਾਗ ਪਿਆ ਸੀ। ਅਜਿਹੇ ਹਾਲਾਤ ਬਣ ਗਏ ਸਨ ਕਿ ਸ਼ੂਦਰ ਅਖਵਾਂਉਦੇ ਬੰਦੇ-ਆਪਣੇ ਆਪ ਨੂੰ ਪੰਡਿਤ-ਬ੍ਰਾਹਮਣਾਂ ਤੋਂ ਘੱਟ ਨਹੀ ਸੀ ਸਮਝਦੇ। ਗੁਰੂ ਅੰਗਦ ਦੇਵ ਜੀ ਮਹਾਰਾਜ ਦੇ ਵਧਦੇ ਪ੍ਰਤਾਪ ਦਾ ਜ਼ਿਕਰ ਪਾਤਸ਼ਾਹ ਦੇ ਰਬਾਬੀ ਭਾਈ ਬਲਵੰਤ ਜੀ ਅਤੇ ਭਾਈ ਸੱਤਾ ਜੀ ਨੇ ਵਾਰ ਗਾਇਣ ਕਰਦੇ ਹੋਏ ਤੀਸਰੀ ਪਉੜੀ ਵਿੱਚ ਇਹ ਬਚਨ ਕੀਤੇ ਸਨ ਕਿ ਸਾਹਿਬ ਗੁਰੂ ਅੰਗਦ ਦੇਵ ਜੀ ਦੇ ਲੰਗਰ ਵਿੱਚ ਘਿਉ ਵਾਲੀ ਖੀਰ ਗੁਰੂ ਕੇ ਮਹਿਲ ਵਿੱਚ ਮਾਤਾ ਖੀਵੀ ਜੀ ਜਦੋਂ ਆਪਣੇ ਪਿਆਰੇ ਸਿੱਖਾਂ ਨੂੰ ਛਕਾਉਂਦੇ ਸਨ ਤਾਂ ਇਹ ਬਿਨਾਂ ਕਿਸੇ ਵਿਤਕਰੇ ਦੇ ਵਰਤਾਈ ਜਾਂਦੀ ਸੀ। ਗੁਰੂ ਕੇ ਸਿੱਖਾਂ ਦੇ ਮੂੰਹਾਂ ਤੇ ਲੱਾਲੀ ਚੜ੍ਹਦੀ ਸੀ, ਜਦੋਂ ਉਹ ਲੰਗਰ ਵਿੱਚ ਸਭਨਾ ਨਾਲ ਪਿਆਰ ਭਰਿਆ ਸਲੂਕ ਕਰਦੇ ਸਨ। ਪਰ ਦੂਜੇ ਪਾਸੇ ਜਾਤ-ਅਭਿਮਾਨੀ ਲੋਕਾਂ ਦੇ ਮੂੰਹਾਂ ਉੱਤੇ ਪਿਲਕਣ ਆਉਦੀ ਜਾਂਦੀ ਸੀ।

ਇੱਕ ਵਾਰੀ ਖਡੂਰ ਦੇ ਇਲਾਕੇ ਵਿੱਚ ਮੀਂਹ ਨਾ ਪਿਆ ਤਾਂ ਜਾਤਿ-ਅਭਿਮਾਨੀਆਂ ਨਾਲ ਇੱਕ ਤੱਪਾ ਸ਼ਿਵ ਨਾਥ ਵੀ ਰਲ ਗਿਆ ਅਤੇ ਉੱਥੇ ਦੇ ਜੱਟ ਜਿਮੀਂਦਾਰਾਂ ਨੂੰ ਭੜਕਾਉਣ ਲਗ ਪਿਆ ਕਿ ਜਿੱਥੇ ਸ਼ਾਸਤਰਾਂ ਦੀ ਮਰਿਯਾਦਾ ਨੂੰ ਭੰਗ ਕਰਕੇ ਸ਼ੂਦਰਾਂ ਨੂੰ ਬ੍ਰਾਹਮਣਾਂ ਨਾਲ ਬਿਠਾ ਕੇ ਭੋਜਣ ਛਕਾਏ ਜਾਣ, ਜਿੱਥੇ ਸੰਤਾਂ-ਸਾਧਾਂ ਨੂੰ ਛਡ ਕੇ ਗ੍ਰਿਹਸਥੀਆਂ ਦੇ ਅੱਗੇ ਸਿਰ ਝੁਕਾਏ

ਜਾਣ, ਉੱਥੇ ਹੁਣ ਤਾਂ ਸਿਰਫ ਮੀਂਹ ਪੈਣਾ ਹੀ ਬੰਦ ਹੋਇਆ ਹੈ, ਅੱਗੇ ਆਉਣ ਵਾਲੇ ਸਮੇਂ ਵਿੱਚ ਤਾਂ ਕਾਲ ਵੀ ਪਵੇਗਾ। ਜੇ ਆਪਣਾ ਭਲਾ ਚਾਹੁੰਦੇ ਹੋ ਤਾਂ ਇਸ ਗ੍ਰਹਿਸਥੀ ਗੁਰੂ ਦਾ ਮੰਜਾ ਚੁੱਕ ਕੇ ਪਿੰਡ ਤੋਂ ਬਾਹਰ ਕੱਢ ਦੇਵੋ।

ਜੱਟਾਂ ਨੇ ਓਵੇਂ ਹੀ ਕੀਤਾ ਪਰ ਮੀਂਹ ਫਿਰ ਵੀ ਨਾ ਪਿਆ। ਉਸ ਸਮੇਂ[1] ਬਾਬਾ ਅਮਰ ਦਾਸ ਜੀ ਦੀ ਰਸਨਾਂ ਤੋਂ ਬਚਨ ਆਇਆ ਕਿ ਜਿਸ ਤਪੇ ਨੇ ਗੁਰੂ ਨੂੰ ਪਿੰਡੋਂ ਬਾਹਰ ਕਢਵਾਇਆ ਹੈ ਉਸ ਨੂੰ ਬੈਲਾਂ (ਬਲਦਾਂ) ਪਿੱਛੇ ਪਾ ਕੇ ਜਿਹੜਾ ਵੀ ਜੱਟ ਆਪਣੇ ਖੇਤਾਂ ਵਿੱਚ ਲੈ ਜਾਵੇਗਾ, ਉੱਥੇ ਹੀ ਮੀਂਹ ਪਵੇਗਾ। ਸਾਰੇ ਖੇਤਾਂ ਵਿੱਚ ਤਪੇ ਨੂੰ ਫੇਰਨ ਵਿੱਚ ਜੇ ਦੇਰੀ ਵੀ ਹੋਵੇ ਤਾਂ ਜਿੱਥੇ ਤਪੇ ਦੀ ਇੱਕ ਹੱਡੀ ਵੀ ਚਲੀ ਜਾਵੇਗੀ, ਉੱਥੇ ਵੀ ਮੀਂਹ ਪੈ ਜਾਵੇਗਾ। ਜੱਟਾਂ ਨੇ ਉਸੇ ਤਰ੍ਹਾਂ ਹੀ ਕੀਤਾ ਅਤੇ ਫਿਰ ਮੀਂਹ ਪੈ ਗਿਆ ਅਤੇ ਸਾਰੇ ਜਿਮੀਂਦਾਰਾਂ ਨੇ ਗੁਰੂ ਅੰਗਦ ਦੇਵ ਜੀ ਪਾਸੋਂ ਮੁਆਫੀ ਮੰਗੀ ਤੇ ਫਿਰ ਆਪਣੇ ਹੱਥਾਂ ਨਾਲ ਮੰਜਾ ਚੁੱਕ ਕੇ ਖਡੂਰ ਸਾਹਿਬ ਲਿਆਂਦਾ ਸੀ।

ਇਸ ਖਾਲਸੇ ਅੰਦਰ ਇੱਕ ਹੋਰ ਤਾਕਤ ਭਰੀ ਨਿਡਰਤਾ ਵਾਲੀ ਮਿਸਾਲ ਮਿਲਦੀ ਹੈ ਕਿ ਜਦੋਂ 'ਹਮਾਯੂੰ' ਹਾਰ ਖਾ ਕੇ ਵਾਪਸ ਜਾ ਰਿਹਾ ਸੀ ਤਾਂ ਉਸ ਨੇ ਗੁਰੂ ਅੰਗਦ ਦੇਵ ਜੀ ਰੱਬੀ ਰੰਗ ਵਿਚ ਨੇਤਰ ਬੰਦ ਕਰਕੇ ਬੈਠੇ ਸਨ, ਸਭ ਲੋਕ ਹਮਾਯੂੰ ਦੇ ਆਉਣ ਤੇ ਉਠ ਕੇ ਹੱਥ ਜੋੜ ਕੇ ਖੜੇ ਹੁੰਦੇ ਸੀ ਪਰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਉਸ ਦੀ ਕੋਈ ਪ੍ਰਵਾਹ ਨਾ ਕੀਤੀ ਵੇਪ੍ਰਵਾਹ ਦੇ ਰੰਗ ਵਿੱਚ ਰੱਤੇ ਰਹੇ ਉਸਨੇ ਆਪਣੀ ਤੌਹੀਨ ਸਮਝ ਕੇ ਗੁਰੂ ਜੀ ਉੱਪਰ ਤਲਵਾਰ ਖਿੱਚ ਲਈ। ਗੁਰੂ ਜੀ ਨੇ ਬੇਧੜ੍ਹਕ ਹੋ ਕੇ ਆਖਿਆ ਕਿ ਹਮਾਯੂੰ, ਜਿੱਥੇ ਤਲਵਾਰ ਦਿਖਾਉਣੀ ਸੀ ਉੱਥੋਂ

1. "ਗੁਰੂ ਅਮਰ ਦਾਸ ਉਸ ਸਮੇਂ ਸਿੱਖ ਰੂਪ ਵਿੱਚ ਸਨ ਕਿਉਂਕਿ ਉਸ ਸਮੇਂ ਗੁਰੂ ਤਾਂ ਗੁਰੂ ਅੰਗਦ ਦੇਵ ਜੀ ਮਹਾਰਾਜ ਹੀ ਸਨ। ਇਸ ਸਿੱਖ ਕੋਲੋਂ (ਗੁਰੂ ਅਮਰ ਦਾਸ ਜੀ) ਆਪਣੇ ਗੁਰੂ ਦੀ ਬੇਅਦਬੀ ਨਹੀਂ ਝੱਲੀ ਗਈ ਸੀ। ਇਸ ਲਈ ਤਪੇ ਨੂੰ ਇਸ ਸਿੱਖ ਨੇ ਸ਼ਰਾਪ ਦੇ ਦਿੱਤਾ ਸੀ। ਇਹ ਵੀ ਗੁਣ ਆਪਣੇ ਸਿੱਖ ਵਿੱਚ ਭਰਨਾ ਸੀ ਕਿ ਸਾਡੇ ਗੁਰੂ ਜੀ ਵੱਲ ਕੋਈ ਮਾੜੀ ਅੱਖ ਨਾਲ ਨਾ ਵੇਖੇ ਨਹੀਂ ਤਾਂ ਇੰਝ ਵੀ ਕਰ ਸਕਦੇ ਹਨ"।

ਤਾਂ ਕਾਇਰਾਂ ਦੀ ਤਰ੍ਹਾਂ ਭੱਜ ਆਇਆਂ ਏ, ਤੇ ਤੂੰ ਇਥੇ ਤਲਵਾਰ ਦਿਖਾ ਕੇ ਬਹਾਦਰੀ ਦਿਖਾ ਰਿਹਾ ਹੈ। ਤਾਂ ਗੁਰੂ ਜੀ ਦੀ ਗੱਲ ਸੁਣ ਕੇ ਉਹ ਬਹੁਤ ਸ਼ਰਮਸਾਰ ਹੋਇਆ ਤੇ ਭੱਜ ਗਿਆ।

ਸਾਰੇ ਸਿੱਖਾਂ ਨੇ ਗੁਰੂ ਜੀ ਅੱਗੇ ਸੀਸ ਝੁਕਾਇਆ ਤੇ ਆਖਿਆ ਕਿ ਉਹੀ ਜੋਤ ਜਿਹੜੀ ਬਾਬਰ ਨੂੰ ਜਾਬਰ ਕਹਿੰਦੀ ਸੀ ਉਸੇ ਜੋਤ ਦੇ ਅੱਜ ਫਿਰ ਦਰਸ਼ਨ ਹੋਏ ਹਨ। ਇਹਨਾਂ ਲੋਕਾਂ ਨੇ ਗੁਰੂ ਜੀ ਦੇ ਪਾਏ ਪੂਰਨਿਆਂ ਤੇ ਚੱਲ ਕੇ ਵਰਨ-ਵੰਡ ਦਾ ਡੱਟ ਕੇ ਮੁਕਾਬਲਾ ਕੀਤਾ। ਬ੍ਰਾਹਮਣ ਦੀ ਸੁਆਰਥ ਭਰੀ ਵਰਨ-ਵੰਡ ਦੇ ਕਾਰਣ ਸ਼ੂਦਰ ਅਖਵਾਂਉਦੇ ਲੋਕ ਹਿੰਦੂ ਧਰਮ ਵਲੋਂ ਬੇ-ਦਿਲ ਹੋ ਰਹੇ ਸਨ। ਝਨਾਬ ਦਰਿਆ ਤੋਂ ਪਾਰ ਤਕ ਦੇ ਲੋਕ ਤਾਂ ਇਸ ਵਰਨ-ਵੰਡ ਤੋਂ ਮੁੱਖ ਮੋੜ ਗਏ ਸਨ ਤੇ ਇਹ ਪਾਸਾ ਹੀ ਛੱਡ ਗਏ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਪ੍ਰਚਾਰ ਆਰੰਭਿਆ। ਰਾਵੀ ਦਰਿਆ ਦੇ ਪਰਲੇ ਕੰਢੇ ਡੇਰਾ ਲਾਇਆ ਅਤੇ 18 ਸਾਲ ਤਕ ਉਸ ਇਲਾਕੇ ਦੇ ਪਿੰਡਾਂ ਅਤੇ ਨਗਰਾਂ ਦੇ ਘਬਰਾਏ ਹੋਏ ਲੋਕਾਂ ਨੂੰ ਆਪਣੇ ਪੈਰਾਂ ਤੇ ਖੜ੍ਹਾ ਹੋਣਾ ਸਿਖਾਉਂਦੇ ਰਹੇ।

ਗੁਰੂ ਨਾਨਕ ਦੇਵ ਜੀ ਇਸ ਦੌਰਾਨ ਰਾਵੀ-ਬਿਆਸ ਦੇ ਇਲਾਕੇ ਵਿੱਚ ਵੀ ਆਉਂਦੇ ਰਹੇ। ਹੁਣ ਮਾਝੇ ਵਿੱਚ ਇਸ ਪ੍ਰਚਾਰ ਨੂੰ ਜਾਰੀ ਰੱਖਣ ਦਾ ਕੰਮ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਪੁਰਦ ਹੋਇਆ ਜੋ ਗੁਰੂ ਜੀ ਨੇ ਤਕਰੀਬਨ 12-13 ਸਾਲ ਨਿਭਾਇਆ। ਲੋਕਾਂ ਨੂੰ ਵਰਨ-ਵੰਡ ਦੇ ਜੂਲੇ ਹੇਠੋਂ ਕਢਣਾ ਅਤੇ ਪੈਰਾਂ ਹੇਠ ਲਤਾੜਦੇ ਤੇ ਸ਼ੂਦਰ ਅਖਵਾਉਂਦੇ ਲੋਕਾਂ ਵਿੱਚ ਮਨੁੱਖਤਾ ਅਤੇ ਸਵੈ-ਮਾਣ ਦਾ ਅਹਿਸਾਸ ਕਰਾਉਣਾ ਹੀ ਉਸ ਸਮੇਂ ਦੀ ਸਭ ਤੋਂ ਵੱਡੀ ਲੋੜ ਸੀ। ਗੁਰੂ ਅੰਗਦ ਦੇਵ ਸਾਹਿਬ ਜੀ ਨੇ ਇਸ ਪਾਸੇ ਵੱਲ ਖਾਸ ਧਿਆਨ ਦਿੱਤਾ।

ਸ੍ਰੀ ਗੁਰੂ ਅਮਰਦਾਸ ਜੀ

ਸਾਹਿਬ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਨੇ ਚੱਲੀਆਂ ਆ ਰਹੀਆਂ ਬੋਸੀਦਾ ਰਸਮਾਂ ਨੂੰ ਇੱਕ ਸਿਰੇ ਤੋਂ ਹੀ ਨਕਾਰ ਦਿੱਤਾ।

ਵਰਨ-ਵੰਡ, ਜਾਤ-ਪਾਤ ਅਤੇ ਜਾਤ ਅਭਿਮਾਨੀਆਂ ਨੂੰ ਮੂਰਖ ਤੇ ਗਵਾਰ ਆਖਿਆ:-

ਜਾਤਿ ਕਾ ਗਰਬੁ ਨ ਕਰੀਅਹੁ ਕੋਈ॥ ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ॥੧॥
ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥ ਇਸੁ ਗਰਬ ਤੇ ਚਲਹਿ ਬਹੁਤ ਵਿਕਾਰਾ॥ ਰਹਾਉ॥

(ਰਾਗੁ ਭੈਰਉ ਮਹਲਾ ੩ ਚਉਪਦੇ ਘਰੁ ੧, ਅੰਗ ੧੧੨੭)

ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅੰਗਦ ਦੇਵ ਜੀ ਦੇ ਦਿੱਤੇ ਉਪਦੇਸ਼ ਕਿ ਵੰਡ-ਛਕਣ ਭਾਵ ਲੰਗਰ ਦੀ ਮਰਿਯਾਦਾ ਨੂੰ ਸਰਬ ਉੱਚਤਾ ਅਤੇ ਪਹਿਲ ਦਿੱਤੀ ਗਈ। ਭਾਵ ਪਹਿਲਾਂ ਪੰਗਤ ਫਿਰ ਸੰਗਤ। ਪਹਿਲਾਂ ਪੰਗਤ ਵਿੱਚ ਬੈਠ ਕੇ ਉਚ-ਨੀਚ ਦੇ ਵਿਤਕਰੇ ਨੂੰ ਛੱਡ ਦਿਉ ਫਿਰ ਗੁਰੂ ਦੀ ਸੰਗਤ ਦਾ ਫਲ ਮਨੁੱਖ ਦੀ ਝੋਲੀ ਵਿੱਚ ਜ਼ਰੂਰ ਪਵੇਗਾ। ਜੇ ਮਨੁੱਖ ਦੇ ਮਨ ਵਿੱਚ ਵਿਤਕਰੇ ਦੀ ਦੀਵਾਰ ਬਣੀ ਹੋਈ ਹੈ ਤਾਂ ਕਿੰਨਾ ਸਮਾਂ ਵੀ ਸੰਗਤ ਕਰਦਾ ਰਹੇ ਪਰ ਨਾਮ ਦਾ ਫਲ ਨਹੀਂ ਮਿਲ ਸਕਦਾ।

ਗੁਰੂ ਸਾਹਿਬ ਜੀ ਨੇ ਸਮਾਜ ਤੇ ਧਰਮ ਵਿੱਚ ਆਈਆਂ ਹੋਈਆਂ ਕੁਰੀਤੀਆਂ ਨੂੰ ਆਪਣੀ ਪ੍ਰਬਲ ਵਿਚਾਰਧਾਰਾ ਨਾਲ ਦੂਰ ਕੀਤਾ। ਜਿੱਥੇ ਮਨੁੱਖ ਦੇ ਅੰਦਰ ਸਵੈ-ਮਾਣ ਪਾਇਆ ਉਥੇ ਇਸਤ੍ਰੀ ਜਾਤ ਵਿੱਚ ਵੀ ਗੁਰੂ ਨਾਨਕ ਦੇਵ ਜੀ ਦੇ ਆਦਰਸ਼ ਪਾਏ।

ਮਹਲਾ ੧

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ, ਭੰਡਿ ਹੋਵੈ ਬੰਧਾਨ॥
ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਵਾਲੇ ਉਪਦੇਸ਼ ਦ੍ਰਿੜ ਕਰਵਾਏ ਅਤੇ ਇਹ ਵੀ ਦੱਸਿਆ ਕਿ ਇਸਤ੍ਰੀ ਕੋਈ ਵਸਤੂ ਨਹੀ ਹੈ ਪਰਦੇ ਵਿੱਚ ਢੱਕ ਕੇ ਰੱਖਿਆ ਜਾਵੇ। ਘੁੰਢ ਕੱਢਣ ਨੂੰ ਵਰਜਿਤ ਕੀਤਾ। ਇਹ ਵੀ ਦੱਸਿਆ ਕਿ ਜਿਸ ਇਸਤ੍ਰੀ ਦੀ ਅੱਖ ਵਿੱਚ ਸ਼ਰਮ ਨਹੀਂ ਉਸ ਦੀ ਵਿਚਾਰ ਧਾਰਾ ਨੂੰ ਕੋਈ ਵੀ ਘੁੰਢ ਨਹੀਂ ਬਦਲ ਸਕਦਾ। ਸੰਗਤ ਕਰਨ ਵਾਲੀਆਂ ਬੀਬੀਆਂ ਨੂੰ ਹੁਕਮ ਦਿੱਤਾ ਕਿ ਸੰਗਤ ਵਿੱਚ ਘੁੰਢ

ਨਹੀਂ ਕੱਢਣਾ ਬਲਕਿ ਜੇ ਘੁੰਢ ਕੱਢਣਾ ਹੈ ਤਾਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਕੱਢਣ ਦਾ ਹੁਕਮ ਦਿੱਤਾ।

ਇਸ ਤੋਂ ਇਲਾਵਾ ਉਸ ਸਮੇਂ ਇੱਕ ਬਹੁਤ ਵੱਡੀ ਸਮਾਜਿਕ ਬੁਰਿਆਈ ਸੀ ਜੋ ਸਤੀ-ਪ੍ਰਥਾ ਦੇ ਨਾਮ ਨਾਲ ਪ੍ਰਚਲਿਤ ਸੀ ਅਰਥਾਤ ਜਦੋਂ ਕਿਸੇ ਇਸਤ੍ਰੀ ਦਾ ਪਤੀ ਮਰ ਜਾਂਦਾ ਸੀ ਤੇ ਜਦੋਂ ਉਸ ਦੀ ਦੇਹ ਦਾ ਸੰਸਕਾਰ ਕੀਤਾ ਜਾਂਦਾ ਸੀ ਤਾਂ ਉਸ ਦੀ ਚਿਖਾ ਵਿੱਚ ਉਸ ਦੀ ਪਤਨੀ ਨੂੰ ਜਿਉਂਦਾ ਹੀ ਸਾੜ ਦਿੱਤਾ ਜਾਂਦਾ ਸੀ। ਇਸ ਪ੍ਰਥਾ ਨੂੰ ਸਮਾਜ ਨੇ ਸਤੀ ਪ੍ਰਥਾ ਦਾ ਨਾਮ ਦਿੱਤਾ ਹੋਇਆ ਸੀ ਜੋ ਇੱਕ ਬਹੁਤ ਹੀ ਦਰਦਨਾਕ ਤੇ ਭਿਆਨਕ ਸਮਾਜਿਕ ਕੁਰੀਤੀ ਸੀ। ਇਸ ਕੁਰੀਤੀ ਨੂੰ ਗੁਰੂ ਅਮਰਦਾਸ ਜੀ ਨੇ ਠੱਲ੍ਹ ਪਾਈ ਤੇ ਆਖਿਆ :-

ਸਤੀਆ ਏਹਿ ਨਾ ਆਖੀਅਨਿ ਜੋ ਮੜਿਆ ਲਗਿ ਜਲੰਨਿ॥

(ਸਲੋਕ ੩, ਅੰਗ ੭੮੭)

ਗੁਰੂ ਸਾਹਿਬ ਜੀ ਨੇ ਇਸ ਪ੍ਰਥਾ ਨੂੰ ਪੂਰੀ ਤਰਾਂ ਰੋਕ ਪਾਈ ਅਤੇ ਇਸ ਬੁਰਿਆਈ ਤੋਂ ਆਪਣੇ ਸਿੱਖਾਂ ਨੂੰ ਮੁਕਤ ਕੀਤਾ। ਇਸ ਤੋਂ ਬਿਨਾਂ ਹੋਰ ਵੀ ਕਈ ਸਮਾਜਿਕ ਬੁਰਿਆਈਆਂ ਸਨ ਜਿਵੇਂ ਕਈ ਤਰਾਂ ਦੇ ਵਹਿਮ-ਭਰਮ ਭਾਵ ਛਿੱਕ ਮਾਰਨੀ, ਬਿੱਲੀ ਦਾ ਰਸਤਾ ਕੱਟਣਾ, ਜਾਂ ਗਧੇ ਦੇ ਹਿੰਗਣ ਨੂੰ ਬਹੁਤ ਮਾੜਾ ਸਮਝਿਆ ਜਾਂਦਾ ਸੀ। ਇਹਨਾਂ ਸਾਰੀਆਂ ਨੂੰ ਬੁਰਿਆਇਆਂ ਨੂੰ ਗੁਰੂ ਅਮਰਦਾਸ ਜੀ ਮਹਾਰਾਜ ਨੇ ਦੂਰ ਕੀਤਾ ਅਤੇ ਆਪਣੇ ਸਿੱਖਾਂ ਨੂੰ ਸਮਝਾਇਆ ਕਿ ਗਧੇ ਦੇ ਹੀਂਗਣ ਨਾਲ ਜੇ ਮਨੁੱਖ ਦਾ ਕੋਈ ਕੰਮ ਨਹੀਂ ਬਣਦਾ ਤਾਂ ਇਸ ਦਾ ਭਾਵ ਇਹ ਹੈ ਕਿ ਗਧੇ ਨੂੰ ਪਹਿਲਾਂ ਹੀ ਪਤਾ ਹੈ ਕਿ ਮਨੁੱਖ ਦਾ ਕੰਮ ਨਹੀਂ ਬਣਨਾ ਭਾਵ ਗਧਾ ਮਨੁੱਖ ਤੋਂ ਜਿਆਦਾ ਸਿਆਣਾ ਹੋ ਗਿਆ। ਪ੍ਰਮਾਤਮਾ ਦੇ ਬਣਾਏ ਜੀਵ ਜੰਤੂ ਸਾਰੇ ਭਲੇ ਹਨ। ਇਹ ਸ਼ਗਨ-ਅਪਸ਼ਗਨ ਤਾਂ ਉਹਨਾਂ ਨੂੰ ਲਗਦੇ ਹਨ ਜਿਹੜੇ ਪ੍ਰਮਾਤਮਾ ਨੂੰ ਭੁੱਲ ਜਾਂਦੇ ਹਨ।

"ਸਗੁਨ ਅਪਸਗੁਨ ਤਿਸ ਕੋ ਲਗੈ ਜਿਤ ਚੀਤ ਨਾ ਆਵੈ"

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੪੦੧)

ਗੁਰੂ ਅਮਰ ਦਾਸ ਜੀ ਨੇ ਭਰਮ ਭੇਖ ਨੂੰ ਦੂਰ ਕਰਕੇ ਇਸ ਖਾਲਸੇ ਦੀ ਨੀਂਹ ਨੂੰ ਪੱਕਾ ਕੀਤਾ।

ਸ੍ਰੀ ਗੁਰੂ ਰਾਮਦਾਸ ਜੀ

ਸ੍ਰੀ ਗੁਰੂ ਰਾਮਦਾਸ ਜੀ ਪਾਤਸ਼ਾਹ ਨੇ ਵੀ ਇਹਨਾਂ ਆਦਰਸ਼ਾਂ ਨੂੰ ਲੈ ਕੇ ਜਿੱਥੇ ਲੰਗਰ ਦੀ ਪ੍ਰਥਾ ਨੂੰ ਹਰੀ ਕਾਇਮ ਰੱਖਿਆ, ਉੱਥੇ 'ਉਪਦੇਸ਼ ਚਹੁ ਬਰਨਾ ਕੋ ਸਾਂਝਾ' ਭਾਵ ਧਰਮ ਮੰਦਰ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਭਾਵ ਕਾਰ ਸੇਵਾ ਆਰੰਭ ਕੀਤੀ ਤੇ ਧਰਮਸ਼ਾਲ ਭਾਵ ਵਿਸ਼ਰਾਮ-ਘਰ ਦੀ ਉਸਾਰੀ ਦਾ ਕੰਮ ਵੀ ਆਰੰਭ ਕੀਤਾ ਜਿਥੇ ਹਰ ਜਾਤ-ਪਾਤ ਦਾ ਮਨੁੱਖ ਰਾਤ ਕੱਟਣ ਲਈ ਠਹਿਰ ਸਕਦਾ ਸੀ। ਗੁਰੂ ਜੀ ਨੇ ਆਪਣੇ ਪਿਆਰੇ ਖਾਲਸੇ ਨੂੰ ਉਪਦੇਸ਼ ਦਿੱਤੇ ਕਿ ਉਹੀ ਸੱਚਾ ਸਿੱਖ ਹੈ ਜੋ ਗੁਰੂ ਅੱਗੇ ਆਪਣਾ ਸੀਸ ਭੇਟ ਕਰਦਾ ਹੈ ਤੇ ਉਹੀ ਸਿੱਖ ਗੁਰੂ ਨੂੰ ਭਾਉਂਦਾ ਹੈ। ਬਾਣੀ ਵਿੱਚ ਦਰਜ ਹੈ-

ਤੁਖਾਰੀ ਛੰਤ ਮਹਲਾ ੪

ਗੁਰ ਪਾਰਸ ਹਮ ਲੋਹ ਮਿਲਿ ਕੰਚਨ ਹੋਇਆ ਰਾਮ॥
ਜੋਤੀ ਜੋਤਿ ਮਿਲਾਇ, ਕਾਇਆ ਗੜ੍ਹ ਸੋਹਿਆ ਰਾਮ॥
ਕਾਇਆ ਗੜ੍ਹ ਸੋਹਿਆ ਮੇਰੈ ਪ੍ਰਭਿ ਮੋਹਿਆ,
ਕਿਉ ਸਾਸਿ ਗਿਰਾਸਿ ਵਿਸਾਰੀਐ॥
ਅਦ੍ਰਿਸਟ ਅਗੋਚਰੁ ਪਕੜਿਆ ਗੁਰ ਸਬਦੀ,
ਹਉ ਸਤਿਗੁਰ ਕੈ ਬਲਿਹਾਰੀਐ॥
ਸਤਿਗੁਰ ਆਗੈ ਸੀਸ ਭੇਟ ਦੇਉ,
ਜੇ ਸਤਿਗੁਰ ਸਾਚੇ ਭਾਵੈ॥
ਆਪੇ ਦਇਆ ਕਰਹੁ ਪ੍ਰਭ ਦਾਤੇ,
ਨਾਨਕ ਅੰਕ ਸਮਾਵੈ॥੪॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੧੧੧੩)

ਇਸ ਤਰਾਂ ਗੁਰੂ ਰਾਮਦਾਸ ਜੀ ਮਹਾਰਾਜ ਨੇ ਖਾਲਸੇ ਦੀ ਨੀਂਹ ਨੂੰ ਮਜ਼ਬੂਤ ਕਰਨ ਲਈ ਬਹੁਤ ਅਨਮੋਲ ਉਪਦੇਸ਼ ਦਿੱਤਾ।

ਸ੍ਰੀ ਗੁਰੂ ਅਰਜਨ ਜੀ

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵਰਨ-ਵੰਡ ਤੋਂ ਮੁਕਤ ਕੀਤਾ ਉਥੇ ਇਸ ਖਾਲਸੇ ਵੀ ਨੀਂਹ ਵਿੱਚ ਸ਼ਾਤੀ ਦਾ ਰੰਗ ਭਰ ਦਿੱਤਾ। ਤੱਤੀ ਤਵੀ ਤੇ ਬੈਠ ਕੇ ਵੀ ਕੋਈ ਠੰਡਾ ਰਹਿ ਸਕਦਾ ਹੈ ਇਸ ਸ਼ਬਦ ਖਾਲਸੇ ਦੀ ਨੀਂਹ ਵਿੱਚ ਪਾਏ। ਸ੍ਰੀ ਹਰਿਮੰਦਰ ਸਾਹਿਬ, ਅਮ੍ਰਿਤਸਰ ਦੀ ਸੰਪੂਰਨਤਾ ਦੇ ਵਿਚ ਚਾਰ ਦਰਵਾਜੇ ਚਾਰੇ ਵਰਨਾਂ ਦੇ ਲੋਕਾਂ ਲਈ ਬਣਾਏ ਪਰ ਪ੍ਰਮਾਤਮਾ ਦੇ ਘਰ ਜਾਣ ਦਾ ਰਾਹ ਕੇਵਲ ਇੱਕ ਹੀ ਬਣਾਇਆ ਤਾਂ ਕਿ ਚਾਰੇ ਵਰਨਾਂ ਦੇ ਲੋਕਾਂ ਨੂੰ ਸਮਝ ਆ ਜਾਵੇ ਕਿ ਉਹ ਪ੍ਰਮਾਤਮਾ ਇੱਕ ਹੈ ਅਤੇ ਇਹ ਸੰਸਾਰ ਉਸ ਦਾ ਸਾਰ ਪਸਾਰਾ ਹੈ। ਜੇ ਵਰਨ-ਵੰਡ ਜਾਤ-ਪਾਤ ਛੱਡ ਕੇ ਨਾਮ ਜਲ ਅਮ੍ਰਿਤ ਸਰੋਵਰ ਵਿੱਚ ਇਸ਼ਨਾਨ ਕਰਕੇ ਵੇਖੇਂਗਾ ਤਾਂ ਮਨੁੱਖ ਨੂੰ ਰੱਬ ਦੇ ਘਰ ਦਾ ਰਸਤਾ ਇੱਕ ਹੀ ਦਿਖਾਈ ਦੇਵੇਗਾ।

ਸ੍ਰੀ ਗੁਰੂ ਹਰਿਗੋਬਿੰਦ ਜੀ

ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਖਾਲਸੇ ਦੀ ਨੀਂਹ ਨੂੰ ਮਜ਼ਬੂਤ ਕਰਨ ਲਈ ਇਹ ਬਚਨ ਕੀਤੇ ਕਿ ਕਿਤੇ ਕੋਈ ਸ਼ਾਤੀ ਨੂੰ ਬੁਜ਼ਦਿਲੀ ਜਾਂ ਕਾਇਰਤਾ ਨਾ ਸਮਝ ਲਵੇ। ਇਸ ਖਾਲਸੇ ਦੀ ਨੀਂਹ ਵਿੱਚ ਸ਼ਾਤੀ ਦਾ ਰੰਗ ਤੇ ਬੀਰ ਰਸ ਭਰ ਦਿੱਤਾ ਪਰ ਇਸ ਬੀਰ ਰਸ ਨੂੰ ਸ਼ਾਤੀ ਵਿੱਚੋਂ ਕੱਢਿਆ ਤਾਂ ਕਿ ਇਹ ਬੀਰ ਰਸ ਸੰਸਾਰ ਦੀ ਸੇਵਾ ਕਰ ਸਕੇ। ਜਿਸ ਅੰਦਰ ਬੀਰ ਰਸ ਪ੍ਰਗਟ ਹੁੰਦਾ ਹੈ ਉਹ ਧਰਮ ਦਾ ਸੇਵਕ ਹੁੰਦਾ ਹੈ, ਕੌਮ ਅਤੇ ਦੇਸ਼ ਦਾ ਰਖਵਾਲਾ ਹੁੰਦਾ ਹੈ।

ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ

ਸਾਹਿਬ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੇ ਆਪਣੇ ਖਾਲਸੇ ਦੀ ਨੀਂਹ ਵਿੱਚ ਦੁਖੀਆਂ-ਰੋਗੀਆਂ ਦੀ ਸੇਵਾ ਦਾ ਰੰਗ ਭਰਿਆ ਤੇ ਖਾਲਸੇ ਦੀਆਂ ਜੜ੍ਹਾਂ ਨੂੰ ਮਜਬੂਤ ਕੀਤਾ। ਦਿੱਲੀ ਵਿੱਚ

ਹਿੰਦੂ ਵੀ ਰੋਗੀ ਸਨ ਤੇ ਮੁਸਲਮਾਨ ਵੀ। ਦੁਵਾਈਆਂ, ਦੁਆ ਤੇ ਲੰਗਰ ਸਭ ਨੂੰ ਬਿਨਾਂ ਕਿਸੇ ਵਰਨ-ਵੰਡ ਦੇ ਇਕ ਪੰਗਤ ਵਿੱਚ ਛਕਾਣਾ ਇਹ ਦਾਤ ਖਾਲਸੇ ਦੀ ਨੀਂਹ ਵਿੱਚ ਪਾਈ।

ਸ੍ਰੀ ਗੁਰੂ ਤੇਗ਼ ਬਹਾਦਰ ਜੀ

ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਮੇਂ ਜਿਹੜੇ ਵਰਨ-ਵੰਡ ਕਰਨ ਵਾਲੇ ਪੰਡਿਤ ਸਨ ਉਹ ਆਪ ਜੀ ਦੀ ਸ਼ਰਨ ਵਿੱਚ ਆਏ। ਗੁਰੂ ਜੀ ਨੇ ਦੇਖਿਆ ਕਿ ਸਹਿਮ ਨਾਲ ਨਿਤਾਣੇ ਹੋਏ ਲੋਕ ਕੁਰਬਾਨੀ ਦੇ ਦੱਸੇ ਹੋਏ ਰਾਹ ਉੱਤੇ ਨਹੀਂ ਤੁਰ ਸਕਦੇ ਸਨ। ਪਾਤਸ਼ਾਹ ਨੇ ਇਹ ਜ਼ਰੂਰ ਸਮਝਿਆ ਕਿ ਕਮਜ਼ੋਰਾਂ ਵਿੱਚ ਜਿੰਦ ਪਾਉਣ ਲਈ ਉਹਨਾਂ ਦੀ ਖਾਤਰ ਜ਼ੁਲਮ ਅੱਗੇ ਨਿਡਰ ਹੋ ਕੇ ਆਪਣਾ ਸੀਸ ਪੇਸ਼ ਕੀਤਾ ਜਾਵੇ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਉਮਰ ਉਸ ਸਮੇਂ ਭਾਵੇਂ ਅਜੇ ਅੱਠ ਸਾਲ ਦੇ ਕਰੀਬ ਹੀ ਸੀ ਪਰ ਉਹਨਾਂ ਨੇ ਵੀ ਗੁਰ ਪਿਤਾ ਜੀ ਦੇ ਇਸ ਵਿਚਾਰ ਦੀ ਪ੍ਰਸ਼ੰਸਾ ਕੀਤੀ। ਆਖਰ-ਕਾਰ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਆਪਣੇ ਸੀਸ ਦੀ ਕੁਰਬਾਨੀ ਦੇ ਦਿੱਤੀ। ਗੁਰੂ ਸਾਹਿਬ ਜੀ ਦੀ ਸ਼ਹੀਦੀ ਨੇ ਇਤਨੀ ਵੱਡੀ ਕ੍ਰਾਂਤੀ ਲਿਆਂਦੀ ਕਿ ਕੌਮ ਪੂਰਨ ਰੂਪ ਵਿੱਚ ਜਾਗ ਪਈ। ਕੁਰਬਾਨੀ ਦਾ ਜਜ਼ਬਾ ਕੌਮ ਅੰਦਰ ਪ੍ਰਗਟ ਹੋ ਗਿਆ ਇਸ ਦਾ ਨਤੀਜਾ ਇਹ ਹੋਇਆ ਕਿ ਭਾਈ ਦਿਆਲਾ ਜੀ ਨੂੰ ਦੇਗ ਵਿੱਚ ਉਬਾਲਣਾ, ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕਰਨਾ, ਭਾਈ ਸਤੀ ਦਾਸ ਜੀ ਨੂੰ ਰੂੰ ਵਿੱਚ ਲਪੇਟ ਕੇ ਅੱਗ ਦੇ ਹਵਾਲੇ ਕਰਕੇ ਸ਼ਹੀਦ ਕਰਨਾ ਭਾਵ ਆਪਣੇ ਆਪ ਨੂੰ ਗੁਰੂ ਖਾਤਰ ਕੁਰਬਾਨ ਕਰਨਾ। ਇਸ ਤਰ੍ਹਾਂ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਵੀ ਖਾਲਸੇ ਦੀ ਨੀਂਹ ਨੂੰ ਮਜ਼ਬੂਤ ਕਰਨ ਲਈ ਸ਼ਹੀਦੀ ਦੀ ਇਕ ਮਿਸਾਲ ਪੈਦਾ ਕੀਤੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਤੋਂ ਬਾਅਦ ਪੰਥ ਦੀ ਵਾਂਗਡੋਰ ਗੁਰੂ ਹੁਕਮ ਅਨੁਸਾਰ ਸੰਭਾਲੀ। ਉਹੀ ਵੱਡੇ ਸਤਿਗੁਰੂ ਵਾਲੇ ਉਪਦੇਸ਼ ਨੂੰ ਗੁਰੂ ਸਾਹਿਬ ਜੀ ਨੇ ਦ੍ਰਿੜ ਇਰਾਦੇ ਨਾਲ ਜਾਰੀ ਰੱਖਿਆ।

ਅਸੀਂ ਵੇਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਸਾਰੇ ਗੁਰੂ ਸਾਹਿਬਾਨਾਂ ਨੇ ਆਪਣੇ ਸਾਹਮਣੇ ਮੁੱਖ ਆਦਰਸ਼ ਇਹ ਰੱਖਿਆ ਸੀ ਕਿ ਮਨੁੱਖਤਾ ਨੂੰ ਧਾਰਮਿਕ, ਸਮਾਜਿਕ ਅਤੇ ਰਾਜਸੀ ਬੰਧਨਾ ਤੋਂ ਅਜ਼ਾਦ ਕਰਵਾ ਕੇ ਉਹਨਾਂ ਨੂੰ ਇੱਕ ਮੁੱਠ ਤੇ ਇੱਕ ਜਾਨ ਕਰਕੇ ਇੱਕ ਜਿਉਂਦੀ ਜਾਗਦੀ ਉੱਨਤੀ ਲਈ ਤਾਂਘ ਭਰੀ ਅਜ਼ਾਦੀ ਦਿੱਤੀ ਜਾਵੇ ਭਾਵ ਕੌਮ ਨੂੰ ਇੱਕ ਲੜੀ ਵਿੱਚ ਪ੍ਰੋਅ ਦਿੱਤਾ ਜਾਵੇ।

ਸਾਰੇ ਗੁਰੂ ਸਾਹਿਬਾਨਾਂ ਨੇ ਅਜਿਹੀ ਕੌਮ ਦੀ ਉਸਾਰੀ ਲਈ ਸਮੇਂ-ਸਮੇਂ ਦੀ ਲੋੜ ਤੇ ਹਾਲਾਤ ਮੁਤਾਬਕ ਕੰਮ ਕੀਤੇ ਅਤੇ ਗੁਰੂ ਨਾਨਕ ਦੇਵ ਜੀ ਉਲੀਕੇ ਹੋਏ ਪ੍ਰੋਗਰਾਮ ਨੂੰ ਤੋਰ ਕੇ ਉਹਨਾਂ ਦੇ ਮਿੱਥੇ ਹੋਏ ਆਦਰਸ਼ ਦੀ ਪ੍ਰਾਪਤੀ ਲਈ ਯਤਨ ਕੀਤੇ।

ਗੁਰੂ ਪਾਤਸ਼ਾਹ ਨੇ ਲੋਕਾਂ ਨੂੰ ਸਾਂਝੇ ਤੇ ਇੱਕ ਦੂਜੇ ਦੇ ਭਲੇ ਦੀ ਖਾਤਰ ਰਲਵੇਂ ਉੱਦਮ ਤੇ ਕੁਰਬਾਨੀ ਦੇ ਰਸਤੇ ਦੀ ਜਾਂਚ ਸਿਖਾਈ। ਸਮਾਜ ਵਿੱਚੋਂ ਜਾਤ-ਪਾਤ ਅਤੇ ਵਰਨ-ਵੰਡ ਦੇ ਵਿਤਕਰਿਆਂ ਅਤੇ ਫੋਕਟ ਧਰਮ ਦੇ ਤੋਰੇ ਹੋਏ ਵਾਧੂ ਤੇ ਅਰਥਹੀਣ ਰਸਮਾਂ-ਰਿਵਾਜਾਂ ਅਤੇ ਵਹਿਮਾਂ-ਭਰਮਾਂ ਨੂੰ ਸਹਿਜੇ-ਸਹਿਜੇ ਦੂਰ ਕੀਤਾ ਸੀ। ਨਤੀਜਾ ਇਹ ਹੋਇਆ ਕਿ ਨੀਵੀਆਂ ਜਾਤਾਂ ਵਾਲੇ ਲੋਕ ਧੌਣਾਂ ਉਚੀਆਂ ਚੁੱਕ ਕੇ ਤੁਰਨ ਜੋਗੇ ਹੋ ਗਏ ਅਤੇ ਉੱਚੀਆਂ ਜਾਤਾਂ ਦਾ ਜਾਤ-ਅਭਿਮਾਨ ਕਾਫੀ ਹੱਦ ਤਕ ਦੂਰ ਹੋ ਗਿਆ। ਜਾਤ-ਪਾਤ ਦੀਆਂ ਪਈਆਂ ਤ੍ਰੇੜਾਂ-ਵਿੱਥਾਂ ਮਿਟਣ ਲੱਗ ਪਈਆਂ। ਸਫਲਤਾ ਬਹੁਤ ਵੱਡੀ ਮਿਲੀ ਪਰ ਅਜੇ ਚੋਖਾ ਕੁਝ ਕਰਨ ਦੀ ਲੋੜ ਸੀ ਤਾਂ ਹੀ ਮਨੁੱਖਤਾ ਵਿੱਚ ਕੌਮੀ ਏਕਤਾ ਦੇ ਭਾਵ ਅਤੇ

ਅਜ਼ਾਦੀ ਲਈ ਤਾਂਘ ਅਤੇ ਅਜ਼ਾਦੀ ਦੀ ਪ੍ਰਾਪਤੀ ਲਈ ਘਾਲਾਂ ਘਾਲਣ ਤੇ ਕੁਰਬਾਨੀਆਂ ਕਰਨ ਦੀ ਹਿੰਮਤ ਪੈਦਾ ਕੀਤੀ ਜਾ ਸਕਦੀ ਸੀ। ਬਹੁਤ ਸਾਰੇ ਲੋਕ ਅਜੇ ਵੀ ਅਜਿਹੇ ਸਨ ਜਿਹੜੇ ਨਿੱਜੀ ਸੁਆਰਥ ਦੇ ਲਈ ਆਪਣੇ ਭਰਾਵਾਂ ਦੇ ਵਿਰੁੱਧ ਪ੍ਰਦੇਸੀ ਜਾਬਰ-ਜ਼ੁਲਮ ਕਰਨ ਵਾਲੀ ਹਕੂਮਤ ਦਾ ਸਾਥ ਦੇਣੋਂ ਸੰਕੋਚ ਨਹੀਂ ਸਨ ਕਰਦੇ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਹਨਾਂ ਦੀ ਪ੍ਰਜਾ ਦੇ ਦਿਲਾਂ ਵਿੱਚ ਕੌਮੀ ਏਕਤਾ ਦੇ ਭਾਵ ਜਗਾਉਣ ਦੇ ਯਤਨ ਕੀਤੇ ਪਰ ਉਹ ਸੱਭੇ ਭਰਮਾਂ-ਵਹਿਮਾਂ ਦੇ ਪੁਰਾਣੇ ਖਿਆਲਾਂ ਵਿੱਚ ਅਜਿਹੇ ਫਸੇ ਹੋਏ ਸਨ ਕਿ ਉਹ ਬ੍ਰਾਹਮਣਾ ਦੇ ਜੂਲ੍ਹੇ ਹੇਠੋਂ ਨਹੀਂ ਸਨ ਨਿਕਲਣਾ ਚਾਹੁੰਦੇ। ਉਹ ਜਾਤਪਾਤ, ਨਸਲ, ਗੋਤ, ਕੁੱਲ ਤੇ ਵੰਸ਼ ਨਾਲ ਸੰਬੰਧਤ ਤੰਗ-ਦਿਲੀ ਵਾਲੇ ਖਿਆਲਾਂ ਦਾ ਤਿਆਗ ਕਰਨ ਜੋਗੇ ਨਹੀਂ ਸਨ। ਉਹ ਤਾਂ ਵੈਰੀ ਨਾਲ ਰਲ ਜਾਣ ਅਤੇ ਆਪਣੇ ਅਜ਼ਾਦੀ ਦਾਤਾ ਨਾਲ ਲੜਾਈ ਕਰਨ ਦੀ ਮੂਰਖਤਾ ਤੋਂ ਬਾਜ ਨਹੀਂ ਸਨ ਆਉਂਦੇ। ਇਸ ਕਰਕੇ ਸ੍ਰੀ ਦਸ਼ਮੇਸ਼ ਪਿਤਾ ਜੀ ਨੂੰ ਯਕੀਨ ਹੋ ਗਿਆ ਕਿ ਰਾਜਸੀ ਖੇਤਰ ਵਿੱਚ ਉੱਨਤੀ ਤਾਂ ਹੀ ਹੋ ਸਕੇਗੀ ਜੇ ਜਨਤਾ ਵਿੱਚ ਆਮ ਜਾਗ੍ਰਿਤੀ ਪੈਦਾ ਕੀਤੀ ਜਾ ਸਕੇ ਅਤੇ ਸਮਾਜਿਕ ਤੇ ਧਾਰਮਿਕ ਬੰਧਨ ਦੱਬਾ-ਸੱਟ ਤੋੜੇ ਜਾ ਸਕਣ। ਇਸ ਕਰਕੇ ਆਪ ਨੇ ਕੌਮ ਉਸਾਰੀ ਦੇ ਪ੍ਰੋਗਰਾਮ ਦੀ ਪੂਰਤੀ ਲਈ ਤੇ ਇਸ ਤਰਾਂ ਸਜੀ ਕੌਮ ਵਿੱਚ ਦੇਸ਼ ਦੀ ਰਾਜਸੀ ਅਜ਼ਾਦੀ ਲਈ ਤਨ, ਮਨ ਅਤੇ ਧਨ ਵਾਰ ਦੇਣ ਦੀ ਸ਼ਕਤੀ ਪੈਦਾ ਕਰਨ ਲਈ ਕੋਈ ਤਕੜਾ ਇਨਕਲਾਬੀ ਕਦਮ ਉਠਾਉਣ ਦਾ ਫੈਸਲਾ ਕੀਤਾ ਕਿ ਖਾਲਸੇ ਦਾ ਰੂਪ ਅਜਿਹਾ ਕਾਇਮ ਹੋਵੇ ਕਿ ਇੱਕ ਸਿੰਘ ਲੱਖਾਂ ਹੋਰਨਾਂ ਵਿੱਚ ਰਲਿਆ ਹੋਇਆ ਵੀ ਝੱਟ ਪਛਾਣਿਆ ਜਾ ਸਕੇ।

ਪਾਤਸ਼ਾਹ ਜੀ ਨੇ ਇਹ ਵੀ ਵੇਖਿਆ ਸੀ ਕਿ ਜਾਤਾਂ-ਵਰਨਾਂ ਦੇ ਸੰਗਲ ਢਿੱਲੇ ਤਾਂ ਹੋ ਗਏ ਸਨ ਪਰ ਅਜੇ ਟੁੱਟੇ ਨਹੀਂ ਸਨ। ਲੋਕ ਗੁਰੂ ਉਪਦੇਸ਼ ਨੂੰ ਮੂੰਹ-ਜ਼ਬਾਨੀ ਮੰਨਦੇ ਹੋਏ ਵੀ ਵਰਤੋਂ

ਵਿੱਚ ਕਮਜ਼ੋਰੀ ਵਿਖਾ ਰਹੇ ਸਨ ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਕਿ ਗੁਰੂ ਨਾਨਕ ਦੇਵ ਜੀ ਤੋਂ ਸਾਰੇ ਗੁਰੂ ਸਾਹਿਬਾਨ ਇੱਕ ਅਜਿਹੀ ਕੌਮ ਦੀ ਘਾੜਤ ਘੜਦੇ ਹੋਏ ਆਏ ਤੇ ਉਸਾਰੀ ਕਰਦੇ ਹੋਏ ਆਏ ਸਨ ਜਿਹੜੀ ਰਹਿਣੀ-ਬਹਿਣੀ, ਵਰਤੋਂ-ਵਿਹਾਰ, ਧਾਰਮਿਕ ਵਿਸ਼ਵਾਸ਼ ਤੇ ਜੀਵਨ ਆਦਰਸ਼ਾਂ ਵਿੱਚ ਹੋਰਨਾਂ ਨਾਲੋਂ ਵੱਖਰੀ ਹੋਵੇ, ਜਿਸ ਦੇ ਸੀਨੇ ਵਿੱਚ ਦੇਸ਼ ਤੇ ਦੇਸ਼ ਦੇ ਦੁਖੀਆਂ ਲਈ ਦਰਦ ਅਤੇ ਉਨ੍ਹਾਂ ਦੀ ਸੇਵਾ ਉਨਤੀ ਲਈ ਬੀਰ ਰਸ ਦੀ ਚਾਹ ਵਾਲਾ ਉਤਸ਼ਾਹ ਠਾਠਾਂ ਮਾਰਦਾ ਹੋਵੇ।

ਇਹ ਕੌਮ ਤਿਆਰ ਹੋ ਰਹੀ ਸੀ ਅਤੇ ਆਪਣੀ ਵੱਖਰੀ ਹਸਤੀ ਤੇ ਹੋਂਦ ਦੇ ਸਬੂਤ ਵੀ ਦੇ ਚੁੱਕੀ ਸੀ ਪਰ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਮਹਿਸੂਸ ਕੀਤਾ ਕਿ ਚਿਰਾਂ ਤੋਂ ਤਿਆਰ ਕੀਤੀ ਜਾ ਰਹੀ ਇਸ ਕੌਮ ਨੂੰ ਸੰਪੂਰਨਤਾ ਤੱਕ ਪਹੁੰਚਾਉਣ ਦੀ ਖਾਤਰ ਵੱਖਰੀ ਸ਼ਕਲ ਤੇ ਵੱਖਰਾ ਰੂਪ ਦੇਣਾ ਅਤਿ ਜ਼ਰੂਰੀ ਸੀ ਕਿਉਂਕਿ ਜੇ ਇਸ ਤਰ੍ਹਾਂ ਨਾ ਕੀਤਾ ਜਾਂਦਾ ਤਾਂ ਨਿੱਤ ਹੀ ਇੱਕ ਖ਼ਤਰਾ ਬਣਿਆ ਰਹਿਣਾ ਸੀ, ਉਹ ਖਤਰਾ ਸੀ ਕਿ ਇਹ ਕੌਮ ਫਿਰ ਉਸੇ ਸਮੁੰਦਰ ਵਿੱਚ ਡੁੱਬ ਕੇ ਗਾਇਬ ਹੋ ਜਾਵੇਗੀ ਜਿਸ ਵਿੱਚੋਂ ਇਸ ਨੂੰ ਕੱਢਣ ਅਤੇ ਵੱਖ ਕਰਨ ਲਈ ਹੁਣ ਤੱਕ ਯਤਨ ਕੀਤੇ ਜਾਂਦੇ ਰਹੇ ਸਨ। ਇਸ ਤੋਂ ਬਿਨਾ ਉੱਚੀ ਰਹਿਣੀ-ਬਹਿਣੀ, ਸੰਤਾਂ ਜਿਹੀ ਪਵਿੱਤਰਤਾ ਤੇ ਸੂਰਮਿਆਂ ਜਿਹੀ ਬੀਰਤਾ ਦੇ ਮਾਲਕਾਂ ਦਾ ਬਾਣਾ ਜੇ ਵੱਖਰਾ ਹੋਵੇਗਾ ਤਾਂ ਝੱਟ-ਪਟ ਦੂਰੋਂ ਹੀ ਪਛਾਣਿਆ ਜਾਣ ਵਾਲਾ ਹੋਵੇਗਾ। ਇਸ ਬਾਣੇ ਦੀ ਲਾਜ-ਨਮੂਜ ਖਾਤਰ ਹੀ ਉਨ੍ਹਾਂ ਨੂੰ ਆਪਣੇ ਉੱਚੇ ਅਸੂਲਾਂ ਉੱਤੇ ਚਲਣਾ ਪਵੇਗਾ। ਜੇ ਉਹ ਐਸਾ ਨਾ ਕਰਨਗੇ ਤਾਂ ਵੇਖਣ ਵਾਲੇ ਕਹਿ ਉਠਣਗੇ ਕਿ ਭਾਈ ! ਸਿੱਖ ਹੋ ਕੇ ਆਹ ਕੰਮ ! ਕਿਉਂ ਬਾਣੇ ਨੂੰ ਲਾਜ ਪਿਆ ਲਾਉਂਦਾ ਐਂ..?

ਇਹਨਾਂ ਵਿਚਾਰਾਂ ਮਗਰੋਂ ਗੁਰੂ ਜੀ ਨੇ ਖਾਲਸਾ ਪੰਥ ਨੂੰ ਸਾਜਣ ਅਤੇ ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੇ ਆਰੰਭੇ ਅਤੇ ਹੋਰ ਗੁਰੂ ਸਾਹਿਬਾਨਾਂ ਦੇ ਚਲਾਏ ਪ੍ਰੋਗਰਾਮ ਨੂੰ ਪੂਰਨ ਕਰਨ ਦਾ

ਫੈਸਲਾ ਕਰ ਲਿਆ। ਖਾਲਸੇ ਪੰਥ ਦੀਆਂ ਨੀਹਾਂ ਪੱਕੀਆਂ ਹੋ ਗਈਆਂ ਸਨ। ਬਸ ਹੁਣ ਤਾਂ ਇਹਨਾਂ ਨੀਹਾਂ ਉੱਪਰ ਮਹਿਲ ਦੀ ਉਸਾਰੀ ਹੀ ਆਰੰਭ ਕਰਨੀ ਸੀ।

ਇੱਕ ਹੋਰ ਗੱਲ ਇਹ ਕਿ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਸਿੱਖ ਮਾਈ-ਭਾਈ ਗੁਰੂ ਸਾਹਿਬ ਜੀ ਦੇ ਦਰਸ਼ਨ ਕਰਨ ਲਈ ਸ਼੍ਰੀ ਆਨੰਦਪੁਰ ਸਾਹਿਬ ਵਿੱਖੇ ਆਉਂਦੇ ਸਨ। ਆਉਦਿਆਂ ਹੋਇਆਂ ਨੂੰ ਕਈ ਵਾਰੀ ਰਸਤੇ ਵਿੱਚ ਡਾਕੂ, ਲੁਟੇਰੇ, ਧਾੜਵੀ, ਗੁੱਜਰ ਅਤੇ ਘੇਰ ਕੇ ਲੁੱਟ-ਪੁੱਟ ਲੈਂਦੇ ਸਨ। ਸਿੱਖ ਜਦੋਂ ਪਾਤਸ਼ਾਹ ਕੋਲ ਆ ਕੇ ਸ਼ਿਕਾਇਤ ਕਰਦੇ ਸਨ ਤਾਂ ਜਵਾਬ ਇਹੀ ਮਿਲਦਾ ਸੀ ਕਿ ਮਨੁੱਖਤਾ ਅਤੇ ਕਮਜ਼ੋਰੀ ਦਾ ਮੇਲ ਨਹੀਂ ਹੈ। ਦੂਜਿਆਂ ਉੱਤੇ ਵਧੀਕੀ ਕਰਨੀ ਮਨੁੱਖਤਾ ਤੋਂ ਗਿਰਾਵਟ ਹੈ ਪਰ ਆਪਣੀ ਕਮਜ਼ੋਰੀ ਦੇ ਕਾਰਣ ਦੂਜਿਆਂ ਨੂੰ ਵਧੀਕੀ ਕਰਨ ਦਾ ਮੌਕਾ ਦੇਣਾ ਵੀ ਗਿਰਾਵਟ ਹੈ। ਸ਼ਸਤਰ ਧਾਰੀ ਹੋ ਕੇ ਬਲਵਾਨ ਬਣੋ। ਵੈਰੀ ਵਧੀਕੀ ਕਰਨ ਦੀ ਥਾਂ ਸਤਿਕਾਰ ਕਰੇਗਾ।

ਅਜਿਹੇ ਇਨਸਾਨਾਂ ਦੀ ਜੱਥੇਬੰਦੀ ਜਮਾਤ ਜਦੋਂ ਸ਼ਸਤ੍ਰ ਧਾਰ ਕੇ ਕਰਾਰੇ ਹੱਥ ਵਿਖਾ ਸਕਣ ਦੇ ਸਮੱਰਥ ਹੋ ਜਾਵੇਗੀ ਤਦੋਂ ਹੀ ਜਰਵਾਣਿਆਂ ਦੀਆਂ ਅੱਖਾਂ ਖੁਲ੍ਹ ਸਕਣਗੀਆਂ ਅਤੇ ਉਹ ਮਨੁੱਖਾਂ ਵਿੱਚ ਮਨੁੱਖ ਬਣ ਕੇ ਰਹਿਣ ਦੀ ਜਾਂਚ ਸਿੱਖਣ ਲਈ ਮਜ਼ਬੂਰ ਹੁੰਦੇ ਹਨ।

ਇਸ ਤਰਾਂ ਖਾਲਸਾ ਪੰਥ ਦੀ ਨੀਂਹ ਮਜਬੂਤ ਦੇਖ ਕੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਨੂੰ ਸਾਜਣ ਦਾ ਫੈਸਲਾ ਕਰ ਕੇ ਇਸ ਕਾਰਜ ਲਈ ਸੰਮਤ 1756 ਦੀ ਵਿਸਾਖੀ ਦਾ ਦਿਨ ਨੀਅਤ ਕੀਤਾ।

ਚਾਰ-ਚੁਫ਼ੇਰੇ ਸੰਗਤਾਂ ਨੂੰ ਹੁਕਮਨਾਮੇ ਭੇਜੇ ਗਏ ਕਿ ਇਸ ਵਾਰ ਦੀ ਵਿਸਾਖੀ ਉੱਤੇ ਖਾਸ ਵੱਡਾ ਤੇ ਉਚੇਚਾ ਜੋੜ ਮੇਲਾ ਹੋਵੇਗਾ। ਇਸ ਲਈ ਸੰਗਤਾਂ ਵੱਧ ਤੋਂ ਵੱਧ ਗਿਣਤੀ ਵਿੱਚ ਸ੍ਰੀ ਆਨੰਦਪੁਰ ਸਾਹਿਬ ਪਹੁੰਚਣ ਅਤੇ ਹਾਜ਼ਰ ਹੋ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਜੀ। ਇਹ ਦਿਨ ਸੀ 30 ਮਾਰਚ ਸੰਨ 1699 ਈ: ਦਾ।

ਖਾਲਸਾ ਪੰਥ ਦੀ ਸਾਜਨਾ

ਪੰਜ ਪਿਆਰਿਆਂ ਦੀ ਚੋਣ

ਪੰਜ ਪਿਆਰਿਆਂ ਦੀ ਚੋਣ ਕਰਨ ਵਾਸਤੇ ਪਾਤਸ਼ਾਹ ਜੀ ਨੇ ਜੋ ਦਿਨ ਚੁਣਿਆ ਸੀ ਉਹ ਸੀ 30 ਮਾਰਚ, 1699 ਈ:, ਦਿਨ ਵੀਰਵਾਰ। ਭਾਵ ਚੰਦ ਦੇ ਹਿਸਾਬ ਨਾਲ ਚੇਤ ਸੁਦੀ ਦਸਵੀਂ, ਪਹਿਲੀ ਵੈਸਾਖ ਸੰਮਤ ੧੭੫੬ ਵਾਲੇ ਦਿਨ। ਇਸ ਦਿਨ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਸਾਜਿਆ ਸੀ। ਇਸ ਕਾਰਜ ਲਈ ਇਸ ਦਿਨ ਦੀਆਂ ਤਿਆਰੀਆਂ ਕਈ ਸਾਲ ਪਹਿਲਾਂ ਤੋਂ ਹੀ ਆਰੰਭੀਆਂ ਸਨ। ਕੌਮ ਵਿੱਚ ਪੂਰਨ ਤਬਦੀਲੀ ਵਾਲੇ ਦਿਨ ਦਾ ਇੰਤਜ਼ਾਰ ਕੀਤਾ ਜਾ ਰਿਹਾ ਸੀ। ਸ਼ਸਤਰ ਵਿੱਦਿਆ, ਘੋੜ-ਸਵਾਰੀ ਤੇ ਪੰਜ ਬਾਣੀਆਂ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਬਾਣੀਆਂ ਸਿੱਖਾਂ ਨੇ ਯਾਦ ਕੀਤੀਆਂ ਸਨ। ਇਹਨਾਂ ਮਹਾਨ ਯੋਧਿਆਂ ਨੇ ਬਹੁਤ ਸਾਰੀਆਂ ਜੰਗਾਂ ਵੀ ਲੜੀਆਂ ਤੇ ਜਿੱਤੀਆਂ ਸਨ। ਗੁਰੂ ਸਾਹਿਬ ਦੀ ਸ਼ਰਨ ਵਿੱਚ ਆਇਆਂ ਨੂੰ ਵੀ ਬਹੁਤ ਸਾਰਾ ਸਮਾਂ ਹੋ ਗਿਆ ਸੀ। ਸਾਰੀ ਕੌਮ ਕ੍ਰਾਂਤੀ ਵਾਲੇ ਦਿਨ ਦਾ ਇੰਤਜ਼ਾਰ ਕਰ ਰਹੀ ਸੀ। ਲੋਹਾ ਪੂਰਾ ਗਰਮ ਹੋ ਕੇ ਲਾਲ ਹੋਇਆ ਪਿਆ ਸੀ। ਬਸ ਹੁਣ ਤਾਂ ਸੱਟ ਮਾਰ ਕੇ ਅਸਲੀ ਮਨੁੱਖ ਭਾਵ ਖਾਲਸ ਮਨੁੱਖ ਦੀ ਘੜ੍ਹਤ ਹੀ ਘੜਨੀ ਸੀ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਇਸ ਖਾਲਸੇ ਦੀ ਸਾਜਨਾ ਕਈ ਹਜ਼ਾਰਾਂ ਦੀ ਸੰਗਤ ਵਿੱਚ ਕਰਨਾ ਚਾਹੁੰਦੇ ਸਨ। ਇਸ ਕਾਰਜ ਲਈ ਇਹ ਦਿਨ ਚੋਖਾ ਚਿਰ ਪਹਿਲਾਂ ਮਿਥਿਆ ਗਿਆ ਸੀ। ਗੁਰੂ ਜੀ ਦੇ ਉਚੇਚੇ ਹੁਕਮ ਦੀ ਪਾਲਣਾ ਕਰਦੇ ਹੋਏ ਹਜ਼ਾਰਾਂ ਸਿੱਖ ਸ੍ਰੀ ਅਨੰਦਪੁਰ ਸਹਿਬ ਆ ਪਹੁੰਚੇ।

ਵਿਸਾਖੀ ਵਾਲੇ ਦਿਨ ਸ਼੍ਰੀ ਕੇਸਗੜ੍ਹ ਵਾਲੇ ਸਥਾਨ ਤੇ ਦੀਵਾਨ ਸਜਿਆ। ਤੰਬੂ ਅਤੇ ਕਣਾਤਾਂ ਲੱਗੀਆਂ ਹੋਈਆਂ ਸਨ। ਅੰਮ੍ਰਿਤ ਵੇਲਾ ਹੋਇਆ। ਪਹਿਲਾਂ ਬਾਣੀਆਂ ਦੇ ਜਾਪ ਫਿਰ ਇੱਕ ਰਸ ਹੋ

ਕੇ ਵਾਹਿਗੁਰੂ[1] ਜੀ ਜਾਪ ਭਾਵ ਸਿਮਰਨ ਕੀਤੇ।

ਫਿਰ ਆਸਾ ਜੀ ਦੀ ਵਾਰ ਦੇ ਕੀਰਤਨ ਆਰੰਭ ਹੋਏ। ਗੁਰੂ ਦਸ਼ਮੇਸ ਪਿਤਾ ਅੱਜ ਕਿਸੇ ਖਾਸ ਰੰਗ ਤੇ ਮੌਜ ਵਿੱਚ ਝੂਮ ਕੇ ਕੀਰਤਨ ਸਰਵਨ ਕਰ ਰਹੇ ਸਨ ਤੇ ਵਿੱਚ ਆਪ ਵੀ ਆਸਾ ਦੀ ਵਾਰ ਦੇ ਸਲੋਕ ਬੋਲ ਕੇ ਸੰਗਤ ਨੂੰ ਸੰਬੋਧਨ ਕਰਦੇ ਤੇ ਫਿਰ ਦ੍ਵੈ ਤੋਂ ਇੱਕ ਰੂਪ ਹੋ ਜਾਂਦੇ। ਇਸ ਤਰ੍ਹਾਂ ਆਸਾ ਜੀ ਦੀ ਵਾਰ ਦੇ ਕੀਰਤਨ ਸੰਪੂਰਨ ਹੋਏ ਤੇ ਅਨੰਦ ਸਾਹਿਬ ਦੇ ਕੀਰਤਨ ਹੋਏ। ਅੱਜ ਅਰਦਾਸ ਪਾਤਸ਼ਾਹ ਨੇ ਆਪ ਕੀਤੀ।

ੴ ਵਾਹਿਗੁਰੂ ਜੀ ਕੀ ਫ਼ਤਹਿ॥
ਸ੍ਰੀ ਭਗੌਤੀ ਜੀ ਸਹਾਇ॥
ਵਾਰ ਸ੍ਰੀ ਭਗੌਤੀ ਜੀ ਕੀ ਪਾਤਿਸ਼ਾਹੀ ੧੦॥

ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈਂ ਧਿਆਇ॥
ਫਿਰ ਅੰਗਦ ਗੁਰ ਤੇ ਅਮਰਦਾਸੁ ਰਾਮਦਾਸੈ ਹੋਈਂ ਸਹਾਇ॥
ਅਰਜਨ ਹਰਿਗੋਬਿੰਦ ਨੋ ਸਿਮਰੌ ਸ੍ਰੀ ਹਰਿਰਾਇ॥
ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੇ ਸਭਿ ਦੁਖਿ ਜਾਇ॥
ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ॥
ਸਭ ਥਾਈਂ ਹੋਇ ਸਹਾਇ॥

ਸਤਿ ਸ੍ਰੀ ਅਕਾਲ ਪੁਰਖ ਜੀ ਕਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ ਜੀ......?

[2]ਹੇ ਅਕਾਲ ਪੁਰਖ ਜੀ ਮੇਰੀ ਬੇਨਤੀ ਹੈ ਕਿ ਜੋ ਮੇਰੇ ਹਿਰਦੇ ਵਿੱਚ ਆਪ ਜੀ ਦੀ ਕਿਰਪਾ ਨਾਲ ਇੱਛਾ ਪ੍ਰਗਟ ਹੋਈ ਹੈ ਉਸ ਨੂੰ ਪੂਰਾ ਕਰ ਦੇਵੋ।

---

1. ੴ ਸ੍ਰੀ ਵਾਹਿਗੁਰੂ ਜੀ॥
ਹਰਿ ਵਾਹਿਗੁਰੂ ਮੰਤਰ ਅਗੰਮ, ਜਗ ਤਾਰਨ ਹਾਰਾ॥
(ਵਾਰ ੪੧ ਪਉੜੀ ੧੮)

2. "ਹੇ ਰਵਿ ਹੇ ਸਸਿ ਹੇ ਕਰੁਣਾਨਿਧਿ ਮੇਰੀ ਅਬੈ ਬਿਨਤੀ ਸੁਨਿ ਲੀਜੈ॥
ਔਰ ਨ ਮਾਂਗਤ ਹਉ ਤੁਮ ਤੇ ਕਛੁ, ਚਾਹਤ ਹੋ ਚਿਤ ਮੈ ਸੋਈ ਕੀਜੈ॥"

[1]ਹੇ ਅਕਾਲ ਪੁਰਖ ਜੀ, ਆਗਿਆ ਦੇਵੋ ਕਿ ਪਾਵਨ-ਪਵਿੱਤਰ ਪੰਥ-ਖਾਲਸਾ ਸਾਜਿਆ ਜਾਵੇ ਜੀ।

[2]ਹੇ ਅਕਾਲ ਪੁਰਖ ਪ੍ਰਮਾਤਮਾ ਜੀਓ, ਆਪ ਜੀ ਦੀ ਮੌਜ ਨਾਲ ਇਹ ਖ਼ਾਲਸੇ ਦੀ ਫੌਜ ਤਿਆਰ ਕਰਨੀ ਹੈ। ਆਪਣੇ ਖਾਲਸੇ ਦੇ ਸਦਾ ਅੰਗ-ਸੰਗ ਰਹਿ ਕੇ ਆਪਣੀ ਰਜਾ ਵਿੱਚ ਵਿਚਰਨ ਦਾ ਬਲ ਬਖਸ਼ਿਸ਼ ਕਰੋ ਜੀ।

[3]ਹੇ ਅਕਾਲ ਪੁਰਖ ਜੀਓ, ਹੁਕਮ ਦੇਵੋ ਕਿ ਆਤਮ ਗਿਆਨ ਵਾਲਾ ਖ਼ਾਲਸਾ ਸਾਜਿਆ ਜਾ ਸਕੇ ਜੀ।

[4]ਹੇ ਅਕਾਲ ਪੁਰਖ ਜੀਓ, ਮੈਂ ਆਪ ਜੀ ਦੇ ਚਰਨਾਂ ਵਿੱਚ ਸੀਸ ਨਿਵਾ ਕੇ ਬੇਨਤੀ ਕਰਦਾ ਹਾਂ ਕਿ ਇਹ ਪੰਥ ਤਾਂ ਹੀ ਚਲ ਸਕਦਾ ਹੈ ਜੇ ਤੁਸੀਂ ਮੇਰੀ ਸਹਾਇਤਾ ਕਰੋ।

ਹੇ ਅਕਾਲ ਪੁਰਖ ਜੀ ਆਪ ਜੀ ਦੀ ਹਜ਼ੂਰੀ ਵਿੱਚ ਅਮ੍ਰਿਤ ਵੇਲੇ ਦੇ ਦੀਵਾਨ ਸਜੇ ਹਨ। ਸਰਬਤ ਸੰਗਤ ਨੇ ਮਿਲ ਕੇ ਬਾਣੀਆਂ ਦੇ ਜਾਪ ਤੇ ਵਾਹਿਗੁਰੂ ਜੀ ਦਾ ਸਿਮਰਨ, ਆਸਾ ਦੀ ਵਾਰ ਦੇ ਕੀਰਤਨ ਹੋਏ ਹਨ। ਬਾਣੀ ਪੜ੍ਹਦਿਆਂ ਸਰਬਤ ਸੰਗਤ ਕੋਲੋ ਭੁੱਲਾਂ ਦੀ ਖਿਮਾ ਬਖਸ਼ਣੀ। ਅੱਗੇ ਵਾਸਤੇ ਸ਼ੁਧ ਬਾਣੀ ਪੜ੍ਹਨ ਦਾ ਬਲ ਬਖ਼ਸ਼ਿਸ਼ ਕਰਨਾ ਜੀ।

---

1. "ਉਦੈ ਅਸਤ ਸਮੁੰਦ੍ਰ ਪ੍ਰਯੰਤੰ, ਅਬਿਚਲ ਰਾਜ ਮਿਲਿਓ ਸੁਰਪੁਰਿ ਕੋ
ਪੰਥ ਖ਼ਾਲਸਾ ਭਣੋ ਪੁਨੀਤਾ, ਪ੍ਰਭ ਆਗਿਆ ਕਰ ਉਦਤ ਭਏ॥"
(ਸਰਬ ਲੋਹ ਗ੍ਰੰਥ ਵਿੱਚੋਂ)

2. ਖ਼ਾਲਸਾ ਅਕਾਲ ਪੁਰਖ ਕੀ ਮੌਜ॥
ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ॥

3. [1]ਗੁਰਬਰ ਅਕਾਲ ਕੇ ਹੁਕਮ ਸੋਂ ਉਪਜਿਓ ਬਿਗਿਆਨਾ[2]॥
ਤਬ ਸਹਿਜੇ ਰਚਿਓ ਖ਼ਾਲਸਾ ਸਾਬਤ ਮਰਦਾਨਾ॥

4. ਠਾਢ ਭਯੋ ਮੈ ਜੋਰਿ ਕਰ, ਬਚਨ ਕਹਾ ਸਿਰ ਨਿਆਇ॥
ਪੰਥ ਚਲੈ ਤਬ ਜਗਤ ਮੈ, ਜਬ ਤੁਮ ਕਰਹੁ ਸਹਾਇ॥ (ਕਬਯੋ ਬਾਚ ਦੋਹਰਾ)

1. ਗੁਰਬਰ ਅਰਥਾਤ ਸਤਿਗੁਰ ਅਕਾਲ ਪੁਰਖ।
2. ਬਿਗਿਆਨਾ ਅਰਥਾਤ ਆਤਮ ਗਿਆਨ।

ਹੇ ਅਕਾਲ ਪੁਰਖ ਜੀਓ, ਆਪ 'ਪੋਥੀ ਪ੍ਰਮੇਸ਼ਰ ਕੇ ਥਾਨ'[1] ਵਿੱਚੋਂ ਹੁਕਮ-ਨਾਮੇ ਬਖ਼ਸ਼ਿਸ਼ ਕਰੋ। ਹੁਕਮਾਂ ਉੱਪਰ ਚਲਣ ਦਾ ਬਲ ਬਖਸ਼ੋ। ਹੇ ਅਕਾਲ ਪੁਰਖ ਜੀਓ, ਆਪ ਜੀ ਦੀ ਹਜ਼ੂਰੀ ਵਿੱਚ ਆਈਆਂ ਹੋਈਆਂ ਸੰਗਤਾਂ ਦੀਆਂ ਤਿਲ-ਫੁੱਲ ਭੇਟਾਵਾਂ ਪ੍ਰਵਾਨ ਕਰਨੀਆਂ ਤੇ ਪਵਿੱਤਰ ਕੜਾਹ ਪ੍ਰਸ਼ਾਦ ਦੀ ਦੇਗ ਹਾਜ਼ਰ ਹੈ ਜੀ। ਆਪ ਜੀ ਛਕੋ ਅਤੇ ਸੰਗਤਾਂ ਵਿੱਚ ਖੁੱਲ੍ਹੇ ਗੱਫੇ ਵਰਤਾਉਣ ਦੀ ਆਗਿਆ ਬਖਸ਼ੋ ਜੀ। ਜੋ ਜੀਅ ਆਪ ਜੀ ਦੇ ਦਰ ਆਵੇ ਸੋ ਰਾਜੀ ਜਾਵੇ, ਕਲਾ ਵਾਹਿਗੁਰੂ ਜੀ ਕੀ ਵਰਤੇ, ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ॥

ਇਸ ਤਰ੍ਹਾਂ ਗੁਰੂ ਸਾਹਿਬ ਜੀ ਅਰਦਾਸ ਕੀਤੀ ਤੇ ਫਿਰ ਪੋਥੀ ਸਾਹਿਬ ਵਿੱਚੋਂ ਹੁਕਮਨਾਮਾ ਬਾਬਾ ਬੁੱਢਾ ਸਾਹਿਬ ਦੀ ਵੰਸ਼ ਵਿੱਚੋਂ ਸਤਿਕਾਰ ਯੋਗ ਭਾਈ ਸਾਹਿਬ ਭਾਈ ਗੁਰਬਖਸ਼ ਸਿੰਘ ਜੀ ਨੇ ਲਿਆ। ਹੁਕਮਨਾਮਾ ਆਇਆ :-.

ਧਨਾਸਰੀ ਮਹਲਾ ੫

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥
ਆਤਮੁ ਜਿਣੈ ਸਗਲ ਵਸਿ ਤਾਕੈ ਜਾ ਕਾ ਸਤਿਗੁਰੁ ਪੂਰਾ॥੧॥
ਠਾਕੁਰ ਗਾਈਐ ਆਤਮ ਰੰਗਿ॥
ਸਰਣੀ ਪਾਵਨੁ ਨਾਮ ਧਿਆਵਨ ਸਹਿਜ ਸਮਾਵਨ ਸੰਗਿ॥ ਰਹਾਉ॥
ਜਨ ਕੇ ਚਰਨ ਵਸਹਿ ਮੇਰੈ ਹੀਅਰੈ ਸੰਗਿ ਪੁਨੀਤਾ ਦੇਹੀ॥
ਜਨੁ ਕੀ ਧੂਰਿ ਦੇਹੁ ਕਿਰਪਾਨਿਧਿ, ਨਾਨਕ ਕੈ ਸੁਖੁ ਏਹੀ॥੨॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ ੬੭੯-੮੦)

ਹੁਕਮਨਾਮਾ ਪੂਰਾ ਸੁਣ ਕੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ

1. ਪਾਠਕ ਵੀਰ ਜਾਣਦੇ ਹਨ ਕਿ ਸਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇ ਸੰਨ 1604 ਈ: ਵਿੱਚ ਪਹਿਲਾਂ ਪ੍ਰਕਾਸ਼ ਹੋਇਆ ਸੀ ਤੇ ਹੁਕਮਨਾਮਾ ਆਇਆ ਸੀ।
ਸੂਹੀ ਮਹਲਾ ੫ (ਅੰਗ-੭੮੩)
ਸੰਤਾ ਕੇ ਕਾਰਜਿ ਆਪਿ ਖਲੋਇਆ,ਹਰਿ ਕੰਮ ਕਰਾਵਣਿ ਆਇਆ ਰਾਮ॥
ਫਿਰ ਜਦੋਂ ਅੰਮ੍ਰਿਤ ਸਰੋਵਰ ਵਿੱਚ ਜਲ ਪਾਇਆ ਗਿਆ ਤਾਂ ਹੁਕਮਨਾਮਾ ਆਇਆ
ਸੋਰਠਿ ਮਹਲਾ ੪ (ਅੰਗ-੬੨੩)
ਵਿਚਿ ਕਰਤਾ ਪੁਰਖ ਖਲੋਆ॥ ਵਾਲੁ ਨ ਵਿੰਗਾ ਹੋਆ॥
ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਖਾਸ ਅਹਿਮ ਦਿਨਾਂ ਉੱਪਰ ਗੁਰੂ ਸਾਹਿਬਾਨ ਬਾਣੀ ਗੁਰੂ ਦਾ ਹੁਕਮਨਾਮਾ ਲੈ ਕੇ ਹੀ ਕਾਰਜ ਆਰੰਭ ਕਰਦੇ ਸਨ। ਵਿਸਥਾਰ ਲਈ ਲੇਖਕ ਦੀ 'ਸਾਂਝਾ ਗੁਰੂ' ਕਿਤਾਬ ਵੇਖੋ ਜੀ।

ਨੇ ਹਜ਼ਾਰਾਂ ਦੀ ਤਦਾਦ ਵਿੱਚ ਬੈਠੀ ਸੰਗਤ ਨੂੰ ਸੰਬੋਧਨ ਕੀਤਾ। ਅੱਜ ਸਾਹਿਬ ਸ੍ਰੀ ਗੁਰੂ ਕਲਗੀਧਰ ਪਾਤਸ਼ਾਹ ਦੇ ਚਿਹਰੇ ਦਾ ਨੂਰ ਝੱਲਿਆ ਨਹੀਂ ਸੀ ਜਾਂਦਾ। ਗੁਰੂ ਸਾਹਿਬ ਜੀ ਜੋਸ਼ ਨਾਲ ਭਰੀਆਂ ਲਾਲ ਦਗ-ਦਗ ਕਰਦੀਆਂ ਅੱਖੀਆਂ ਨਾਲ ਸੰਗਤਾਂ ਵੱਲ ਤੱਕ ਰਹੇ ਸਨ।

ਹਜ਼ੂਰ ਦੇ ਸਿਰ ਉੱਪਰ ਸੁਨਿਹਰੀ ਚੱਕਰ, ਮੱਥੇ ਤੇ ਹੀਰਿਆਂ ਜੜੀ ਕਲਗੀ, ਨੇੱਤਰ ਬੀਰ ਰਸ ਵਿੱਚ ਸੁਰਖ, ਚਿਹਰਾ ਕੁਝ ਰੋਹ ਵਿੱਚ ਤਣਿਆ ਹੋਇਆ ਅੰਗ-ਅੰਗ ਇਹੀ ਬਿਆਨ ਕਰ ਰਿਹਾ ਸੀ ਕਿ ਅੱਜ ਕੁਝ ਹੋਵੇਗਾ ਜੋ ਪਹਿਲਾਂ ਅੱਜ ਤੱਕ ਨਹੀ ਹੋਇਆ। ਫਿਰ ਜਦੋਂ ਪਾਤਸ਼ਾਹ ਨੇ ਗਾਤਰੇ ਸਜੀ ਕਿਰਪਾਨ ਦੇ ਸੁਨਿਹਰੀ ਮੁੱਠੇ ਤੇ ਹੱਥ ਰਖਿਆ ਤੇ ਸ..ਰ..ਰ..ਰ ਕਰਦੀ ਕਿਰਪਾਨ ਬਾਹਰ ਖਿੱਚੀ ਤਾਂ ਸੰਗਤਾਂ ਵਿੱਚ ਸੰਨਾਟਾ ਛਾ ਗਿਆ। ਗੁਰੂ ਜੀ ਨੇ ਕਿਰਪਾਨ ਸਿਰੋਂ ਉੱਚੀ ਹਵਾ ਵਿੱਚ ਬਿਜਲੀ ਵਾਂਗ ਘੁਮਾਈ ਅਤੇ ਸਜੀ ਹੋਈ ਸਟੇਜ ਉਪਰ ਸੱਜਿਓਂ ਖੱਬੇ ਵੱਲ ਤੁਰਨ ਲੱਗੇ ਅਤੇ ਫਿਰ ਆਪਣੇ ਆਸਣ ਕੋਲ ਖਲੋ ਕੇ ਦੋ-ਚਾਰ ਮਿੰਟ ਸੰਗਤਾਂ ਵੱਲ ਵੇਖਦੇ ਰਹੇ ਤੇ ਫਿਰ ਕਿਰਪਾਨ ਵੱਲ ਵੇਖਕੇ ਬੋਲੇ,

ਕਾਲ ਤੁਹੀ, ਕਾਲੀ ਤੁਹੀ, ਤੁਹੀ ਤੇਗ ਅਰ ਤੀਰ॥
ਤੁਹੀ ਨਿਸਾਨੀ ਜੀਤ ਕੀ, ਆਜ ਤੁਹੀ ਜਗ ਬੀਰ॥

ਫਿਰ ਮੁੱਖੋਂ ਗਰਜਵੀਂ ਆਵਾਜ਼ ਆਈ ਅਤੇ ਕਿਹਾ, "ਗੁਰੂ ਨਾਨਕ ਨਾਮ ਲੇਵਾ ਸੰਗਤ ਜੀਓ! ਸਾਨੂੰ ਇੱਕ ਸਿਰ ਦੀ ਲੋੜ ਹੈ। ਉੱਠੋ ਕੋਈ ਗੁਰੂ ਕਾ ਪਿਆਰਾ ਸਿੱਖ ਜਿਹੜਾ ਖ਼ੁਸ਼ੀ ਨਾਲ ਸੀਸ ਭੇਟ ਕਰੇ"।

ਸੀਸ ਭੇਟ...! ਇਹ ਬਹੁਤ ਹੀ ਅਨੋਖੀ ਮੰਗ ਸੀ। ਅੱਜ ਤੱਕ ਕਿਸੇ ਗੁਰੂ ਨੇ ਇਸ ਤਰ੍ਹਾਂ ਦੀ ਮੰਗ ਨਹੀਂ ਸੀ ਮੰਗੀ। ਇਹ ਝਾਕੀ ਵੇਖ ਕੇ ਅਤੇ ਇਹ ਲਲਕਾਰ ਭਰੀ ਮੰਗ ਸੁਣ ਕੇ ਬਹੁਤ ਸੰਗਤ ਵਿੱਚ ਬੈਠੇ ਬਹੁਤ ਸਾਰੇ ਸਿੱਖਾਂ ਦੇ ਹੇਠਲੇ ਸਾਹ ਹੇਠਾਂ ਤੇ ਉੱਪਰਲੇ ਸਾਹ ਉੱਪਰ ਹੀ ਰਹਿ ਗਏ। ਦੀਵਾਨ ਵਿੱਚ ਚੁੱਪ

ਵਰਤ ਗਈ। ਜਿਹੜੇ ਗੁਰੂ ਘਰ ਕੇਵਲ ਲੰਗਰ ਤੇ ਕੜਾਹ ਪ੍ਰਸ਼ਾਦ ਲਈ ਹੀ ਆਉਂਦੇ ਸਨ, ਉਹਨਾਂ ਨੇ ਆਪਣੀਆਂ ਧੌਣਾਂ ਨੂੰ ਗੋਡਿਆਂ ਵਿੱਚ ਦੇ ਲਿਆ ਤੇ ਸੋਚਣ ਲੱਗੇ ਕਿ ਹੁਣ ਕੀ ਹੋਵੇਗਾ? ਕਈ ਥੋੜ੍ਹੇ ਦਿਲ ਵਾਲੇ ਤਾਂ ਦੀਵਾਨ ਵਿੱਚੋਂ ਖਿਸਕਣ ਦੀ ਤਿਆਰੀ ਕਰਨ ਲੱਗੇ।

ਕੁਝ ਪਲਾਂ ਵਿੱਚ ਹੀ ਇਹ ਆਵਾਜ਼ ਸੁਣਦਿਆਂ ਸਾਰ ਸਿਦਕ ਤੇ ਸ਼ਰਧਾ ਭਰਿਆ ਹਿਰਦਾ ਲੈ ਕੇ ਭਾਈ ਦਿਆ ਰਾਮ ਜੀ ਉੱਠੇ ਤੇ ਅੱਗੇ ਵਧ ਕੇ ਸਤਿਗੁਰੂ ਦੇ ਚਰਨਾਂ ਵਿੱਚ ਆ ਕੇ ਸੀਸ ਭੇਂਟ ਕੀਤਾ।

ਜਦੋਂ ਭਾਈ ਦਇਆ ਰਾਮ ਜੀ ਨੇ ਗੁਰੂ ਜੀ ਦੇ ਚਰਨਾਂ ਵਿੱਚ ਸੀਸ ਨਿਵਾਇਆ ਤਾਂ ਕਲਗੀਧਰ ਪਾਤਸ਼ਾਹ ਨੇ ਭਾਈ ਦਿਆ ਰਾਮ ਜੀ ਨੂੰ ਬਾਹੋਂ ਫੜ ਕੇ ਪਿੱਛੇ ਲੱਗੇ ਹੋਏ ਇੱਕ ਛੋਟੇ ਤੰਬੂ ਵਿੱਚ ਲੈ ਗਏ। ਕੁਝ ਸਮੇਂ ਬਾਅਦ ਪਾਤਸ਼ਾਹ ਫਿਰ ਦੀਵਾਨ ਵਿੱਚ ਆਏ ਅਤੇ ਖੂਨ ਨਾਲ ਲਿਬੜੀ ਹੋਈ ਕਿਰਪਾਨ ਉੱਪਰ ਨੂੰ ਚੁੱਕ ਕੇ ਦੂਸਰੇ ਸਿਰ ਦੀ ਮੰਗ ਕੀਤੀ। ਸੁਣਦਿਆਂ ਸਾਰ ਹੀ ਭਾਈ ਧਰਮ ਚੰਦ ਨੇ ਆਪਣਾ ਸੀਸ ਭੇਂਟ ਕੀਤਾ। ਗੁਰੂ ਜੀ ਉਸਨੂੰ ਵੀ ਫੜ ਕੇ ਉਸੇ ਤੰਬੂ ਵਿੱਚ ਲੈ ਗਏ। ਕੁਝ ਸਮੇਂ ਬਾਅਦ ਗੁਰੂ ਸਾਹਿਬ ਫਿਰ ਦੀਵਾਨ ਵਿੱਚ ਆਏ ਅਤੇ ਤੀਜੇ ਸਿਰ ਦੀ ਮੰਗ ਕਰਨ ਲੱਗੇ।ਹੁਣ ਭਾਈ ਹਿੰਮਤ ਚੰਦ ਜੀ ਨੇ ਆਪਣਾ ਸੀਸ ਭੇਂਟ ਕੀਤਾ ਅਤੇ ਇਸੇ ਤਰਾਂ ਚੌਥੇ ਅਤੇ ਪੰਜਵੇਂ ਸੀਸ ਦੀ ਮੰਗ ਹੋਣ ਤੇ ਕ੍ਰਮਵਾਰ ਭਾਈ ਮੋਹਕਮ ਚੰਦ ਜੀ ਅਤੇ ਭਾਈ ਸਾਹਿਬ ਚੰਦ ਜੀ ਨੇ ਆਪਣੇ ਸੀਸ ਗੁਰੂ ਅੱਗੇ ਅਰਪਣ ਕੀਤੇ। ਇਹਨਾਂ ਨੂੰ ਵੀ ਪਾਤਸ਼ਾਹ ਇੱਕ-ਇੱਕ ਕਰਕੇ ਤੰਬੂ ਵਿੱਚ ਲੈ ਗਏ।

ਹੁਣ ਗੁਰੂ ਜੀ ਕੁਝ ਚਿਰ ਤੰਬੂ ਦੇ ਅੰਦਰ ਹੀ ਰਹੇ। ਗੁਰੂ ਜੀ ਨੇ ਆਪਣੇ ਪਿਆਰਿਆਂ ਨੂੰ ਨਵਾਂ ਜੀਵਨ ਦਿੱਤਾ। ਆਪਣੇ ਵਾਲਾ ਬਾਣਾ, ਕੇਸਰੀ ਦਸਤਾਰ, ਕੇਸਰੀ ਵਸਤਰ, ਗਾਤਰੇ ਕ੍ਰਿਪਾਨਾਂ, ਕੰਘਾ, ਕੱਛ-ਕਛਹਿਰਾ, ਪੰਜੇ ਕਕਾਰ ਤੇ ਸੋਹਣੇ ਕਮਰ-ਕੱਸੇ। ਜਦੋਂ ਗੁਰੂ ਜੀ ਨੇ ਵੇਖਿਆ ਕਿ ਹੁਣ ਮੇਰੇ ਅਤੇ ਇਹਨਾਂ ਵਿੱਚ

ਕੋਈ ਫਰਕ ਨਹੀਂ ਰਿਹਾ ਤਾਂ ਗੁਰਦੇਵ ਪਿਤਾ ਕਲਗੀਧਰ ਜੀ ਅੱਗੇ-ਅੱਗੇ ਅਤੇ ਇਹ ਪੰਜ ਗੁਰੂ ਦੇ ਪਿਆਰੇ ਗੁਰੂ ਜੀ ਦੇ ਪਿੱਛੇ-ਪਿੱਛੇ ਚੱਲ ਪਏ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਖ਼ੁਸ਼ੀ ਨਾਲ ਖਿੜ੍ਹੇ ਮੱਥੇ ਤੇ ਬੀਰ ਰਸ ਨਾਲ ਗਦਗਦ ਕਰ ਰਹੇ ਚਿਹਰੇ ਨਾਲ ਤੰਬੂ ਤੋਂ ਬਾਹਰ ਨਿਕਲੇ। ਪਿੱਛੇ ਉਹੀ ਪੰਜੇ ਗੁਰੂ ਕੇ ਪਿਆਰੇ ਸਨ ਜਿਨ੍ਹਾਂ ਨੇ ਗੁਰੂ ਜੀ ਨੂੰ ਆਪਣੇ ਸੀਸ ਭੇਂਟ ਕੀਤੇ ਸਨ। ਇਹਨਾਂ ਪੰਜਾਂ ਨੇ ਸਾਰੀ ਸੰਗਤ ਦੇ ਸਾਹਮਣੇ ਆ ਕੇ ਮੁੱਖੋਂ ਗਰਜਵੀਂ ਆਵਾਜ਼ ਨਾਲ ਆਖਿਆ;

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫ਼ਤਿਹ॥

ਹਜ਼ੂਰੀ ਵਿੱਚ ਬੈਠੀ ਸਾਰੀ ਸੰਗਤ ਨੇ ਵੀ ਪੂਰੀ ਗਰਜਵੀਂ ਆਵਾਜ਼ ਵਿੱਚ ਫ਼ਤਿਹ ਦਾ ਜਵਾਬ ਦਿੱਤਾ। ਜਿਹੜੇ ਕੱਚੇ-ਪਿੱਲੇ ਘਬਰਾ ਕੇ ਇੱਧਰ ਉਧਰ ਫਿਰ ਰਹੇ ਸਨ ਫਿਰ ਦਰਬਾਰ ਵਿੱਚ ਆ ਕੇ ਬੈਠ ਗਏ ਅਤੇ ਕਈ ਵਿਚਾਰੇ ਦਿਲ ਵਿੱਚ ਪਛਤਾਵਾ ਕਰਨ ਲੱਗੇ ਕਿ ਅਸੀਂ ਕਿਉਂ ਨਹੀ ਆਪਣਾ ਸੀਸ ਭੇਂਟ ਕੀਤਾ।

ਕੁਝ ਹਿਰਦੇ ਪ੍ਰੇਮ ਵਿੱਚ ਭਰੇ ਗੁਰੂ ਜੀ ਅੱਗੇ ਸੀਸ ਨਿਵਾ ਕੇ ਧੰਨ ਗੁਰੂ, ਧੰਨ ਗੁਰੂ ਕਹੀ ਜਾ ਰਹੇ ਸਨ।

ਤਾਂ ਫਿਰ ਪਾਤਸ਼ਾਹ ਨੇ ਵੀ ਸੰਗਤ ਵਿੱਚ ਫ਼ਤਿਹ ਗਜਾ ਕੇ ਬਚਨ ਕਰਨੇ ਸ਼ੁਰੂ ਕੀਤੇ ਤੇ ਆਖਿਆ, "ਇਹ ਮੇਰੇ ਪੰਜ ਪਿਆਰੇ ਹਨ।ਅਕਾਲ ਪੁਰਖ ਦੀ ਕਿਰਪਾ ਨਾਲ ਪੰਥ ਇਸ ਕਠਿਨ ਪ੍ਰੀਖਿਆ ਵਿੱਚੋਂ ਪੂਰਾ ਉਤਰਿਆ ਹੈ। ਇਹਨਾਂ ਪੰਜ ਪਿਆਰਿਆਂ ਨੇ ਪਹਿਲੀ ਪ੍ਰੀਖਿਆ ਪਾਸ ਕੀਤੀ ਹੈ। ਕੁਝ ਹੋਰ ਵੀ ਕਰਨੀ ਬਾਕੀ ਹੈ। ਸਾਰੀ ਸੰਗਤ ਏਸੇ ਤਰਾਂ ਸਾਰੀ ਮਰਿਯਾਦਾ ਨੂੰ ਪ੍ਰੇਮ ਨਾਲ ਬੈਠ ਕੇ ਵੇਖਣ ਦੀ ਕ੍ਰਿਪਾਲਤਾ ਕਰੋ"।

ਗੁਰੂ ਜੀ ਨੇ ਇਸ ਦਿਨ ਦੇ ਸਾਰੇ ਕਾਰਜ ਨੂੰ ਪਹਿਲਾਂ ਹੀ ਉਲੀਕਿਆ ਹੋਇਆ ਸੀ। ਜਿੱਥੇ ਪਾਤਸ਼ਾਹ ਨੇ ਪੰਜ ਸਰਬ ਲੋਹ ਦੇ ਬਾਟੇ ਪਹਿਲਾਂ ਹੀ ਤਿਆਰ ਕਰਵਾਏ ਹੋਏ ਸੀ ਉੱਥੇ ਪੰਜ

ਸੋਹਣੇ ਤੇ ਛੋਟੇ ਦੋ ਧਾਰੀ ਖੰਡੇ ਵੀ ਤਿਆਰ ਕਰਵਾਏ ਸੀ। ਇਹ ਦਿਨ ਪਾਤਸ਼ਾਹ ਨੇ ਸੰਗਰਾਂਦ ਪਹਿਲੀ ਵੈਸਾਖ ਦਾ ਚੁਣਿਆ ਸੀ ਜਿਸ ਪਿੱਛੇ ਵੀ ਇੱਕ ਡੂੰਘਾ ਰਾਜ਼ ਸੀ।

ਪੁਰਾਤਨ ਸਮੇਂ ਤੋਂ ਆਮ ਦਿਨ ਤਾਂ ਲੋਕ ਕੇਵਲ ਪਿੰਡੇ ਇਸ਼ਨਾਨ ਹੀ ਕਰਦੇ ਸਨ ਪਰ ਸੰਗਰਾਂਦ ਵਾਲੇ ਦਿਨ ਤਾਂ ਸਾਰੇ ਲੋਕ ਤੀਰਥ ਇਸ਼ਨਾਨ ਜਾਂ ਆਪਣੇ ਘਰਾਂ ਵਿੱਚ ਵੀ ਕੇਸੀ-ਇਸ਼ਨਾਨ ਕਰਦੇ ਸਨ। ਅੱਜ ਵੀ ਸੰਗਰਾਂਦ ਵਾਲੇ ਦਿਨ ਮਾਤਾਵਾਂ ਆਪਣੇ ਬੱਚਿਆਂ ਨੂੰ ਕੇਸੀ ਇਸ਼ਨਾਨ ਜ਼ਰੂਰ ਕਰਵਾ ਦਿੰਦੀਆਂ ਸਨ।

ਇੱਥੇ ਸੰਗਤਾਂ ਦਾ ਇਕੱਠ ਕੋਈ ਅੱਸੀ ਹਜ਼ਾਰ ਦਾ ਸੀ ਪਰ ਕਈ ਵਿਦਵਾਨ ਇਸ ਇਕੱਠ ਨੂੰ ਇਸ ਤੋਂ ਵੀ ਜ਼ਿਆਦਾ ਲਿਖਦੇ ਹਨ। ਵਰਨਣ ਯੋਗ ਹੈ ਕਿ ਇਹ ਸਾਰੀਆਂ ਸੰਗਤਾਂ ਕੁਝ ਦਿਨ ਪਹਿਲਾਂ ਹੀ ਗੁਰੂ ਜੀ ਪਾਸ ਪਹੁੰਚ ਚੁੱਕੀਆਂ ਸਨ। ਫਿਰ ਇਸ ਦਿਨ ਵਾਸਤੇ ਗੁਰੂ ਜੀ ਨੇ ਪਹਿਲਾ ਹੀ ਹੁਕਮ ਜਾਰੀ ਕੀਤਾ ਹੋਇਆ ਸੀ ਕਿ ਸਾਰੀਆਂ ਸੰਗਤਾਂ ਨੇ ਕੇਸੀ ਇਸ਼ਨਾਨ ਕਰਕੇ ਸਾਫ-ਸੁਥੱਰੇ ਕੱਪੜੇ ਪਹਿਨ ਕੇ ਆਉਣਾ ਹੈ।

ਇੱਥੇ ਇਹ ਵੀ ਵਰਨਣ ਯੋਗ ਹੈ ਕਿ ਇਸ ਦਿਨ ਵਾਸਤੇ ਗੁਰੂ ਜੀ ਨੇ ਗੁੱਜਰ ਸਿੱਖਾਂ ਤੇ ਲੁਹਾਰ-ਤਰਖਾਣ ਸਿੱਖਾਂ ਨੂੰ ਅਤੇ ਦਰਜੀ ਸਿੱਖਾਂ ਨੂੰ ਪਹਿਲਾਂ ਹੁਕਮ ਦੇ ਕੇ ਕਿਰਪਾਨਾਂ, ਕੰਘੇ, ਕੜੇ ਤੇ ਕਛਹਿਰੇ ਤਿਆਰ ਕਰਵਾਏ ਸਨ। ਪਾਤਸ਼ਾਹ ਕੋਲ ਰਹਿਣ ਵਾਲੇ ਸਿੱਖ ਤਾਂ ਪਹਿਲਾਂ ਹੀ ਸ਼ਸਤਰਧਾਰੀ ਸਨ।

ਹੁਣ ਸਾਹਿਬ ਕਿਰਪਾਲੂ ਜੀ ਨੇ ਸਿੱਖਾਂ ਨੂੰ ਹੁਕਮ ਦਿੱਤਾ ਕਿ ਸਰਬ ਲੋਹ ਦਾ ਬਾਟਾ ਤੇ ਇੱਕ ਖੰਡਾ ਤੇ ਬਦਾਮਾਂ ਦੀ ਪਿਸਾਈ ਵਾਲਾ ਇੱਕ ਕੁੰਡਾ ਹਾਜ਼ਰ ਕੀਤਾ ਜਾਵੇ। ਸਿੱਖਾਂ ਨੇ ਹੁਕਮ ਅਨੁਸਾਰ ਸਾਰਾ ਸਮਾਨ ਹਾਜ਼ਰ ਕਰ ਦਿੱਤਾ। ਸੋਹਣੀ ਚੌਂਕੀ ਉੱਪਰ ਕੁੰਡਾ ਰੱਖ ਕੇ ਉੱਪਰ ਸਰਬ ਲੋਹ ਦਾ ਬਾਟਾ ਰੱਖਿਆ ਗਿਆ। ਉਸ ਵਿੱਚ ਸਤਲੁਜ ਦਾ ਨਿਰਮਲ ਜਲ ਪਾਇਆ ਗਿਆ। ਉਸ ਜਲ ਵਿੱਚ ਖੰਡਾ ਰੱਖ ਕੇ ਫੇਰਨ ਤੋਂ ਪਹਿਲਾਂ ਗੁਰੂ ਜੀ ਨੇ ਸੰਬੋਧਨ ਕੀਤਾ, "ਗੁਰੂ ਪਿਆਰਿਓਂ, ਤੁਹਾਡੇ ਸਾਹਮਣੇ

ਇਸ ਜਲ ਤੋਂ ਅੰਮ੍ਰਿਤ ਤਿਆਰ ਕਰਨਾ ਹੈ। ਇੱਕ ਵਾਰੀ ਮਿਥਿਹਾਸ ਵਿੱਚ ਸਮੁੰਦਰ ਨੂੰ ਰਿੜਕ ਕੇ ਵੀ ਅੰਮ੍ਰਿਤ ਕੱਢਿਆ ਗਿਆ ਸੀ। ਉਹ ਅੰਮ੍ਰਿਤ ਕੇਵਲ ਦੇਵਤਿਆਂ ਨੂੰ ਹੀ ਮਿਲਿਆ ਸੀ, ਦੈਂਤਾ ਨੂੰ ਨਹੀਂ ਮਿਲਿਆ ਸੀ। ਅੱਜ ਫਿਰ ਇਸ ਰੂਹੇ ਜ਼ਮੀਨ ਦੇ ਉੱਪਰ ਸਰਬ-ਏ-ਕਾਇਨਾਤ ਦੇ ਵਾਸਤੇ ਇਸ ਜਲ ਦਾ ਅੰਮ੍ਰਿਤ ਬਣਾਉਣਾ ਹੈ। ਪਰ ਇਸ ਨੂੰ ਵੀ ਦੇਵ ਬੁੱਧੀ ਵਾਲੇ ਹੀ ਛਕਣਗੇ। ਦੈਂਤ ਬੁੱਧੀ ਵਾਲੇ ਇਸ ਨੂੰ ਨਹੀਂ ਛਕਣਗੇ। ਪ੍ਰਗਟ ਹੋਣ ਵਾਲੇ ਇਸ ਅੰਮ੍ਰਿਤ ਨੂੰ ਜੋ ਵੀ ਛਕੇਗਾ ਉਹ ਅਮਰ ਹੋ ਜਾਵੇਗਾ।"

ਕਲਗੀਧਰ ਜੀ ਅੰਮ੍ਰਿਤ ਦੀ ਉਸਤਤ ਕਰ ਰਹੇ ਸਨ ਤਾਂ ਸਤਿਕਾਰ ਯੋਗ ਮਾਤਾ ਜੀਤੋ ਜੀ ਪਤਾਸਿਆਂ ਦੀ ਝੋਲੀ ਭਰੀ ਆ ਹਾਜ਼ਰ ਹੋਏ।ਹਜ਼ੂਰ ਨੇ ਫੁਰਮਾਇਆ, "ਠੀਕ ਹੈ, ਭਲਾ ਹੈ, ਪਿਤਾ ਪੁੱਤਰ ਨੂੰ ਤੇਜ ਦੇ ਸਕਦਾ ਹੈ ਪਰ ਮਿਠਾਸ ਪਿਆਰ ਤੇ ਮਮਤਾ ਤਾਂ ਮਾਂ ਹੀ ਦੇ ਸਕਦੀ ਹੈ। ਗੁਰੂ ਜੀ ਨੇ ਆਪਣੇ ਮਹਿਲ ਬੀਬੀ ਜੀਤੋ ਜੀ ਦੀ ਝੋਲੀ ਵਿੱਚੋਂ ਇੱਕ ਵੱਡੀ ਮੁੱਠੀ ਭਰ ਕੇ ਪੰਜਾਂ ਪਿਆਰਿਆਂ ਅਤੇ ਸੰਗਤਾਂ ਨੂੰ ਦੱਸਣਾ ਕੀਤਾ, "ਐ ਗੁਰੂ ਪਿਆਰਿਓ, ਵੇਖੋ ਇਹਨਾਂ ਪੱਤਾਸਿਆਂ ਨੂੰ, ਇਹ ਕੋਈ ਨੀਵਾਂ ਹੈ ਤੇ ਕੋਈ ਉਚਾ ਹੈ, ਕੋਈ ਵੱਡਾ ਹੈ ਤੇ ਕੋਈ ਛੋਟਾ, ਕੋਈ ਲੰਬਾ ਹੈ ਤੇ ਕੋਈ ਚਪਟਾ।"

ਫਿਰ ਪਾਤਸ਼ਾਹ ਨੇ ਇਹਨਾਂ ਨੂੰ ਜਲ ਵਿੱਚ ਪਾ ਕੇ ਹਿਲਾਇਆ ਤੇ ਆਖਿਆ, "ਹੁਣ ਵੇਖੋ ਕਿ ਇਹਨਾਂ ਦਾ ਰੂਪ ਕੀ ਹੋ ਗਿਆ ਹੈ।" ਤਾਂ ਭਾਈ ਦਇਆ ਸਿੰਘ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ, "ਪਾਤਸ਼ਾਹ ਜੀਓ, ਇਹ ਜਲ ਵਿੱਚ ਘੁਲ ਕੇ ਇਕ ਰੂਪ ਹੋ ਗਏ ਹਨ।"

ਗੁਰੂ ਜੀ ਨੇ ਫੁਰਮਾਇਆ, "ਜਿਹੜਾ ਇਸ ਅੰਮ੍ਰਿਤ ਨੂੰ ਛਕੇਗਾ ਉਹਨਾਂ ਦੇ ਅੰਦਰੋਂ ਵੀ ਉਚ ਨੀਚ, ਕਰਮ ਕਾਂਡ ਵਰਨ-ਵੰਡ ਤੇ ਸਾਰੇ ਭਰਮ ਭੇਖ ਮਿਟ ਜਾਣਗੇ ਤੇ ਉਹ ਨਿਆਰੇ ਹੋ ਜਾਣਗੇ।"

ਫਿਰ ਗੁਰੂ ਜੀ ਨੇ ਬੀਬੀ ਜੀਤੋ ਜੀ[1] ਵੱਲ ਇਸ਼ਾਰਾ ਕੀਤਾ ਤਾਂ ਮਾਤਾ ਜੀਤੋ ਜੀ ਨੇ ਪੱਤਾਸੇ ਜਲ ਵਿੱਚ ਪਾ ਕੇ ਮਾਂ ਦਾ ਫ਼ਰਜ ਨਿਭਾਇਆ।

ਇੱਥੇ ਇਕ ਗੱਲ ਵਰਨਣ ਯੋਗ ਹੈ ਕਿ ਇਹ ਪਹਿਲਾ ਧਰਮ ਹੈ ਜਿਸ ਦੀ ਦੀਖਿਆ ਵਿੱਚ ਮਾਤਾ ਨੇ (ਇਸਤਰੀ ਜਾਤੀ) ਨੇ ਵੀ ਹਿੱਸਾ ਪਾਇਆ ਹੈ।

ਗੁਰੂ ਕਲਗੀਧਰ ਪਿਤਾ ਜੀ ਨੇ ਸਰਬ ਲੋਹ ਦੇ ਬਾਟੇ ਵਿੱਚ ਦੋ ਧਾਰਾ ਖੰਡਾ ਸੱਜੇ ਹੱਥ ਵਿੱਚ ਫੜ ਲਿਆ ਅਤੇ ਆਪਣਾ ਖੱਬਾ ਹੱਥ ਬਾਟੇ ਦੇ ਕਿਨਾਰੇ ਤੇ ਰੱਖ ਕੇ ਖੰਡਾ ਫੇਰਨਾ ਆਰੰਭ ਕੀਤਾ ਤੇ ਨਾਲ ਹੀ ਜਪੁਜੀ ਸਾਹਿਬ ਜੀ ਦੀ ਬਾਣੀ ਪੜ੍ਹਨੀ ਆਰੰਭ ਕੀਤੀ। ਫਿਰ ਸਹਿਜੇ-ਸਹਿਜੇ ਜਾਪੁ ਸਾਹਿਬ, ਦਸ ਸਵੱਯੇ (ਸ੍ਰਾਵਗ ਸ਼ੁਧ ਵਾਲੇ) ਬੇਨਤੀ ਚੌਪਈ ਸਾਹਿਬ ਤੇ ਸ੍ਰੀ ਅਨੰਦ ਸਾਹਿਬ ਜੀ ਦੇ ਪਾਠ ਸੰਪੂਰਨ ਕਰਕੇ ਜੋ ਸ਼ਕਤੀ ਇਸ ਜਲ ਵਿੱਚ ਪਾ ਕੇ ਅਮ੍ਰਿਤ ਤਿਆਰ ਕੀਤਾ ਤਾਂ ਇਸ ਨੂੰ ਇੱਕ ਸੁੱਚੇ ਕੱਪੜੇ ਨਾਲ ਢੱਕ ਦਿੱਤਾ ਗਿਆ। ਹੁਣ ਪਾਤਸ਼ਾਹ ਜੀ ਨੇ ਆਪ ਅਰਦਾਸ ਕੀਤੀ। ਇਸ ਸਾਰੀ ਮਰਿਯਾਦਾ ਨੂੰ ਕੋਲ ਖਲੋਤੇ ਪੰਜ ਪਿਆਰੇ ਵੇਖ ਰਹੇ ਸਨ।

ਉਪਰੰਤ ਪਾਤਸ਼ਾਹ ਨੇ ਆਪ ਉਸ ਅੰਮ੍ਰਿਤ ਦੇ ਬਾਟੇ ਵਿਚ ਸ੍ਰੀ ਸਾਹਿਬ ਭੇਟ ਕੀਤੀ ਫਿਰ ਪਵਿੱਤਰ ਕੜਾਹ ਪ੍ਰਸਾਦਿ ਵਿਚ ਸ੍ਰੀ ਸਾਹਿਬ ਭੇਟ ਕਰਦੇ ਹੌਲੀ ਮਿੱਠੀ ਆਵਾਜ਼ ਵਿੱਚ ਕਿਹਾ "ਤੁਓ ਪ੍ਰਸਾਦ ਭਰਮ ਦਾ ਨਾਸ।" ਫਿਰ ਗੁਰੂ ਜੀ ਨੇ ਪਹਿਲੇ ਭਾਈ ਦਇਆ ਸਿੰਘ ਜੀ ਨੂੰ ਬੀਰ ਆਸਣ ਬਿਠਾ ਕੇ ਸੱਜਾ ਹੱਥ ਖੱਬੇ ਉਤੇ ਰੱਖਣ ਦਾ ਹੁਕਮ ਕੀਤਾ।

---

1. ਸੂਰਜ ਪ੍ਰਕਾਸ਼, ਰੁੱਤ ਤੀਸਰੀ ਅੰਸੂ ੧੯ (19) ਤਵਰੀਖ ਗੁਰਖਾਲਸਾ ਗਿਆਨੀ ਗਿਆਨ ਸਿੰਘ ਪੰਨਾ ੧੦੯੨ (1092) ਮੈਕਾਲਿਫ ਪੰਜਵੀ ੯੫ (95)।

ਨੋਟ : ਸਿਖ ਇਤਿਹਾਸ ਨੇ ਅਰੰਭ ਵਿਚ ਹੀ ਇਸਤਰੀ ਨੂੰ ਬਰਾਬਰ ਦਾ ਅਧਿਕਾਰ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਆਖਿਆ 'ਸੋ ਕਿਉ ਮੰਦ ਆਖੀਐ ਜਿਤ ਜੰਮੈ ਰਾਜਾਨੁ'। ਸ਼ਰਧਾ ਭਾਵਨਾ, ਸਿਦਕ ਨਾਲ ਹਿਰਦਾ ਭਰਿਆ ਸੀ। ਬੇਬੇ ਨਾਨਕੀ ਜੀ ਦਾ ਗੁਰੂ ਅੰਗਦ ਦੇਵ ਜੀ ਦੇ ਮਹਿਲ ਮਾਤਾ ਖੀਵੀ ਜੀ ਦਾ ਨਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਣਾ ਇਸਤਰੀ ਜਾਤ ਨੂੰ ਪੂਰਨ ਸਤਿਕਾਰ ਹੈ। ਬੀਬੀ ਅਮਰੋ ਜੀ ਨੇ ਗੁਰੂ ਅਮਰਦਾਸ ਜੀ ਨੂੰ ਗੁਰੂ ਅੰਗਦ ਦੇਵ ਜੀ ਦੇ ਚਰਨੀ ਲਾਉਣਾ ਸੁਨਿਹਰੀ ਇਤਿਹਾਸ ਹੈ ਬਾਕੀ ਬੀਬੀ ਜੀ ਬਾਰੇ ਕਿਤੇ ਫਿਰ ਸਹੀ।

ਗੁਰੂ ਜੀ ਨੇ ਸੱਜੇ ਹੱਥ ਨਾਲ ਚੂਲਾ ਭਰ ਕੇ ਭਾਈ ਦਇਆ ਸਿੰਘ ਦੇ ਹੱਥਾਂ ਉਪਰ ਪਾਇਆ ਨਾਲ ਛਕਣ ਦਾ ਹੁਕਮ ਦਿਤਾ ਤੇ ਆਪ ਜੀ ਰਸਨਾ ਤੋਂ ਬੋਲੇ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ। ਅੰਮ੍ਰਿਤ ਛੱਕ ਕੇ ਭਾਈ ਦਿਆ ਸਿੰਘ ਜੀ ਨੇ[1] ਜਵਾਬ ਦਿੱਤਾ ਇਸੇ ਤਰ੍ਹਾਂ ਪੰਜ ਚੂਲੇ ਛਕਾਏ ਫਿਰ ਪਾਤਸ਼ਾਹ ਨੇ ਨੇਤਰਾਂ (ਅੱਖਾਂ) ਉਤੇ ਛਿੱਟੇ ਮਾਰੇ ਫਿਰ ਗੁਰੂ ਜੀ ਪਹਿਲੇ ਆਪ ਫ਼ਤਹਿ ਬੁਲਾਉਂਦੇ ਅਗੋਂ ਭਾਈ ਦਇਆ ਸਿੰਘ ਬੋਲਦੇ ਫਿਰ ਆਪ ਜੀ ਦਸਤਾਰ ਦੇ ਉਪਰੋਂ ਕੇਸਾਂ ਵਿਚ ਪਾਏ ਗਏ। ਹਰ ਛਿੱਟੇ ਨਾਲ ਪਹਿਲੇ ਵਾਂਗ ਫ਼ਤਹਿ ਬੁਲਾਈ ਗਈ।

ਫਿਰ ਸਤਿਗੁਰੂ ਜੀ ਨੇ ਭਾਈ ਧਰਮ ਸਿੰਘ ਜੀ ਨਾਲ ਵੀ ਇਸ ਮਰਿਯਾਦਾ ਨੂੰ ਪੂਰਨ ਕੀਤਾ। ਫਿਰ ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ ਜੀ ਤੇ ਆਖਿਰ 'ਚ ਭਾਈ ਸਾਹਿਬ ਸਿੰਘ ਜੀ ਨੂੰ ਅੰਮ੍ਰਿਤ ਦੀ ਦਾਤ ਬਖਸ਼ੀ। ਅੰਮ੍ਰਿਤ ਛਕਣ ਸਮੇਂ ਜੋ ਇਕ ਬਾਟਾ ਖਾਲੀ ਜ਼ਮੀਨ ਤੇ ਰੱਖਿਆ ਸੀ ਉਸ ਬਾਟੇ ਵਿਚ ਪੰਜ ਹੀ ਪਿਆਰਿਆਂ ਦੇ ਹੱਥਾਂ ਵਿਚ ਗਿਰਿਆ ਅੰਮ੍ਰਿਤ ਨੂੰ ਉਪਰਲੇ ਬਾਟੇ ਵਿਚ ਪਾਇਆ, ਪਾਕੇ ਫਿਰ ਸਤਿਗੁਰੂ ਜੀ ਨੇ ਆਪਣੇ ਹੱਥੀ ਬਾਕੀ ਦਾ ਸਾਰਾ ਅੰਮ੍ਰਿਤ ਪੰਜ ਪਿਆਰਿਆਂ ਨੂੰ ਪਿਲਾ ਦਿੱਤਾ।

ਸਤਿਗੁਰੂ ਜੀ ਸੰਪੂਰਨ ਮੂਲ ਮੰਤਰ ਅੱਗੇ-ਅੱਗੇ ਜਪੀ ਗਏ।

---

1. ਇਥੇ ਪਾਠਕ ਵੀਰਾਂ ਨੇ ਜਿਨ੍ਹਾਂ ਨੇ ਅੰਮ੍ਰਿਤ ਛਕਿਆ ਹੋਵੇਗਾ ਉਹ ਸਾਰੇ ਤਾਂ ਇਸ ਮਰਯਾਦਾ ਨੂੰ ਜਾਣਦੇ ਹੋਣਗੇ। ਬਾਕੀ ਬੇ ਅੰਮ੍ਰਿਤੀ ਵੀਰਾਂ ਨੂੰ ਬੇਨਤੀ ਹੈ ਤੁਸੀ ਇਕ ਝੂਠੀ ਕਹਾਣੀ ਵੀ ਸੁਣੀ ਹੋਵੇਗੀ ਤੇ ਇਕ ਭੋਲੇ-ਭਾਲੇ ਵੀਰ ਨੇ ਉਸ ਦੀ ਫੋਟੋ ਵੀ ਬਣਾ ਦਿੱਤੀ ਹੈ। ਬਹੁਤਿਆਂ ਨੇ ਉਸ ਫੋਟੋ ਨੂੰ ਵੀ ਵੇਖਿਆ ਹੋਵੇਗਾ। ਉਹ ਮਿਥਿਹਾਸ ਇਉ ਹੈ ਕਿ ਗੁਰੂ ਜੀ ਨੇ ਇਕ ਕੌਲੀ ਵਿਚ ਅੰਮ੍ਰਿਤ ਪਾਕੇ ਥੋੜੀ ਦੂਰ ਰੱਖ ਦਿਤਾ ਤੇ ਦੋ ਚਿੜੀਆਂ ਨੇ ਛੱਕ ਲਿਆ ਤੇ ਇਕ ਦੂਜੇ ਨਾਲ ਲੜ ਲੜ ਕੇ ਲਹੂ ਲੁਹਾਣ ਹੋਏ। ਫਿਰ ਮਾਤਾ ਜੀ ਨੇ ਬੇਨਤੀ ਕੀਤੀ ਗੁਰੂ ਜੀ ਤੁਸੀਂ ਇਹ ਕੀ ਤਿਆਰ ਕੀਤਾ ਸਿੱਖ ਤਾਂ ਆਪਸ ਵਿਚ ਲੜ ਲੜ ਕੇ ਮਰ ਜਾਣਗੇ।ਮਾਤਾ ਜੀ ਗਏ ਤੇ ਭੱਜ ਕੇ ਪਤਾਸੇ ਲੈ ਕੇ ਆਏ ਇਸ ਕੌੜੇ ਅੰਮ੍ਰਿਤ ਨੂੰ ਮਿੱਠਾ ਪਾਕੇ ਠੀਕ ਕੀਤਾ। ਫਿਰ ਗੁਰੂ ਜੀ ਨੇ ਮਾਤਾ ਸਾਹਿਬ ਦੇਵਾਂ ਦਾ ਧੰਨਵਾਦ ਕੀਤਾ ਕਿ ਤੁਸੀ ਅੱਜ ਬਹੁਤ ਵੱਡੀ ਮੁਸੀਬਤ ਤੋਂ ਬਚਾ ਲਿਆ। ਇਹ ਨਿਰਮੂਲ ਹੈ। ਇਥੇ ਤੁਸੀਂ ਵੇਖਿਆ ਹੈ ਅੰਮ੍ਰਿਤ ਨੂੰ ਜ਼ਮੀਨ ਤੇ ਵੀ ਡਿੱਗਣ ਨਹੀਂ ਦਿੱਤਾ ਜਾਂਦਾ, ਪੂਰਨ ਸਤਿਕਾਰ ਕੀਤਾ ਜਾਂਦਾ ਹੈ। ਚਿੱੜੀਆਂ ਸਨ ਨੀਵੀਆਂ ਜਾਤਾਂ ਵਾਲੇ ਬਾਜ ਸਨ ਉਚੀ ਜਾਤਾਂ ਵਾਲੇ ਬਾਈਧਰ ਦੇ ਰਾਜੇ, ਉਨ੍ਹਾਂ ਨੂੰ ਅੰਮ੍ਰਿਤ ਛੱਕ ਕੇ ਬਾਜਾਂ ਨੂੰ ਮਾਰਿਆ ਸੀ।

ਪਿੱਛੇ ਪਿੱਛੇ ਪੰਜ ਪਿਆਰਿਆਂ ਨੇ ਜਪਿਆ। ਮੂਲ ਮੰਤਰ ਫਿਰ ਗੁਰਮੰਤਰ 'ਵਾਹਿਗੁਰੂ' ਦ੍ਰਿੜ੍ਹ ਕਰਵਾਇਆ ਗਿਆ।

ਪਾਤਸ਼ਾਹ ਜੀ ਨੇ ਫਿਰ ਪਵਿੱਤ੍ਰ ਦੇਗ ਇਕ ਥਾਲੀ ਵਿਚ ਪਾਕੇ ਪੰਜ ਪਿਆਰਿਆਂ ਨੂੰ ਇਕੱਠੇ ਬਿਠਾ ਕੇ ਰੱਜ ਰੱਜ ਕੇ ਦੇਗ ਪ੍ਰਸਾਦਿ ਛਕਾਇਆ ਗਿਆ। ਮਰਯਾਦਾ ਸੰਪੂਰਨ ਕਰਕੇ ਫਿਰ ਗੁਰੂ ਜੀ ਨੇ ਪੰਜ ਪਿਆਰਿਆਂ ਨੂੰ ਸੰਬੋਧਨ ਕੀਤਾ।

ਤੁਸੀ ਅੱਜ ਤੋਂ ਵਾਹਿਗੁਰੂ ਜੀ ਕਾ ਖਾਲਸਾ ਬਣ ਗਏ ਹੋ ਹੁਣ ਤੁਸੀਂ ਇਕ ਦੂਜੇ ਨੂੰ ਪੂਰੇ ਨਾਮ ਨਾਲ ਹੀ ਬੁਲਾਉਣਾ ਹੈ। ਤੁਹਾਡੇ ਅੱਜ ਤੋਂ ਸੰਪੂਰਨ ਨਾਮ ਹਨ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ ਜੀ ਜੋ ਤੁਸੀ ਅੱਜ ਤੋਂ ਪਹਿਲੇ ਰਾਮ ਚੰਦ ਦਾਸ ਆਦਿ ਲਗਾਉਂਦੇ ਸੀ ਹੁਣ ਨਹੀਂ ਲਗਾਉਣਾ।

ਆਪਣੇ ਨਾਮ ਨਾਲ ਸਿੰਘ ਹੀ ਲਗਾਉਣਾ ਹੈ। ਪੰਜ ਕਕਾਰਾਂ ਦੇ ਧਾਰਨੀ ਰਹਿਣਾ ਹੈ (ਕੰਘਾ, ਕੜਾ, ਕਿਰਪਾਨ ਤੇ ਕਛਹਿਰਾ ਹਰ ਵੇਲੇ ਧਾਰਨ ਕਰਕੇ ਰੱਖਣਾ ਹੈ)।

ਚਾਰ ਬਜਰ ਕੁਰਹਿਤਾਂ ਤੋਂ ਸਦਾ ਲਈ ਬਚਣਾ ਹੈ। ਭਾਵ ਕੇਸ ਨਹੀਂ ਕਟਾਉਣੇ ਨਾ ਹੀ ਆਪ ਕੱਟਣੇ, ਕੱਠੇ ਦਾ ਅਸਲ ਅਰਥ ਹੈ - ਮਾਸ (ਕੋਹ ਕੇ ਪ੍ਰਾਪਤ ਕੀਤਾ ਹੋਇਆ ਮਾਸ), ਤੰਬਾਕੂ ਨਹੀਂ ਵਰਤਣਾ, ਪਰ ਇਸਤਰੀ ਗਾਮੀ ਨਹੀਂ ਹੋਣਾ।

ਇਸ ਤਰ੍ਹਾਂ ਪਾਤਸ਼ਾਹ ਨੇ ਹੋਰ ਵੀ ਬਹੁਤ ਸਾਰੀਆਂ ਹਿਦਾਇਤਾਂ ਦਿੱਤੀਆਂ। ਇਹ ਸ਼ਰਤਾਂ ਪੰਜ ਪਿਆਰਿਆਂ ਨੇ ਵੀ ਸਰਵਨ ਕੀਤੀਆਂ ਅਤੇ ਬਾਕੀ ਸੰਗਤ ਨੇ ਵੀ ਧਿਆਨ ਨਾਲ ਸਰਵਨ ਕੀਤੀਆਂ।

ਪੰਜ ਪਿਆਰਿਆਂ ਨੇ ਗੁਰੂ ਜੀ ਦੇ ਚਰਨਾਂ ਤੇ ਸੀਸ ਨਿਵਾਇਆ ਤੇ ਹੁਣ ਗੁਰੂ ਜੀ ਨੇ ਫਿਰ ਵਰਜਿਆ ਤੇ ਸੁਮੱਤ ਦਿੱਤੀ, ਐ ਪਿਆਰਿਓ, ਤੁਹਾਡਾ ਸੀਸ ਹੁਣ ਆਮ ਸਿਰ ਨਹੀਂ ਰਿਹਾ ਜੋ ਹਰ ਥਾਂ ਤੇ ਨਿਵਦਾ ਫਿਰੇ, ਇਹ ਸੀਸ ਅਕਾਲ ਪੁਰਖ ਤੋਂ ਬਿਨਾਂ ਕਿਸੇ ਦੇ ਅੱਗੇ ਨਹੀਂ ਝੁਕਾਉਣਾ। ਆਦਰ-ਮਾਨ ਸਭ ਦਾ ਕਰਨਾ ਹੈ ਜੋ ਤੁਹਾਡੇ ਅੱਗੇ ਆਵੇ ਉਸ ਨੂੰ ਗਜ-ਬਜ ਕੇ

ਫਤਹਿ[1] ਬੁਲਾਉਣੀ ਹੈ।

ਬਾਕੀ ਦਾ ਸਾਰਾ ਜੀਵਨ ਅਕਾਲ ਪੁਰਖ ਦੀ ਅਮਾਨਤ ਸਮਝ ਕੇ ਜੀਣਾ ਹੈ। ਜਦੋਂ ਐਸੇ ਬੀਰ ਰਸ ਦੀ ਤਾਕਤ ਆਪਣੇ ਖਾਲਸੇ ਅੰਦਰ ਦੇਖੀ ਪੰਜ ਪਿਆਰਿਆਂ ਦੇ ਚਿਹਰੇ ਅਕਾਲ ਪੁਰਖ ਦੀ ਕਿਰਪਾ ਨਾਲ ਦਗ ਦਗ ਕਰ ਰਹੇ ਸਨ ਤਾਂ ਫਿਰ ਸਹੀ ਸਮਾਂ ਜਾਣਕੇ ਆਪ ਜੀ ਨੇ ਬੇਨਤੀ ਕੀਤੀ।

ਐ ਅਕਾਲ ਪੁਰਖ ਦੀ ਫੌਜ ਗੁਰੂ ਖ਼ਾਲਸਾ ਜੀਓ ਜਿਸ ਮਰਯਾਦਾ ਨਾਲ ਅਸੀਂ ਆਪ ਜੀ ਨੂੰ ਅੰਮ੍ਰਿਤ ਦੀ ਦਾਤ ਦੇ ਕੇ ਦਾਸ ਰਾਮ ਚੰਦ, ਤੋ ਸਿੰਘ ਸਜਾਇਆ ਹੈ ਹੁਣ ਮੇਰੇ ਤੇ ਵੀ ਕਿਰਪਾ ਕਰੋ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਸਜਾਵੋ ਮੈਨੂੰ ਵੀ ਇਹ ਅੰਮ੍ਰਿਤ ਦੀ ਦਾਤ ਦੇਵੋ।

ਭਾਈ ਦਇਆ ਸਿੰਘ ਜੀ ਨੇ ਬੇਨਤੀ ਕੀਤੀ ਸਤਿਗੁਰੁ ਜੀ ਆਪ ਜੀ ਤਾਂ ਅੰਮ੍ਰਿਤ ਦੇ ਦਾਤੇ ਹੋ ਸਾਨੂੰ ਅੰਮ੍ਰਿਤ ਦੀ ਦਾਤ ਦਿੱਤੀ ਹੈ। ਫਿਰ ਆਪ ਜੀ ਨੂੰ ਅੰਮ੍ਰਿਤ ਦੀ ਕੀ ਲੋੜ ਹੈ।

ਫਿਰ ਪਾਤਸ਼ਾਹ ਜੀ ਨੇ ਗੁਰੂ ਖਾਲਸੇ ਅੱਗੇ ਬੇਨਤੀ ਕੀਤੀ। ਹੇ ਅਕਾਲ ਪੁਰਖ ਦੀ ਮੌਜ ਤੋਂ ਪ੍ਰਗਟ ਹੋਏ ਖਾਲਸੇ ਮੈਨੂੰ ਅਕਾਲ ਪੁਰਖ ਨੇ ਆਪਣਾ ਪੁੱਤਰ[2] ਬਣਾ ਕੇ ਪੰਥ ਖਾਲਸਾ ਸਾਜਣ ਵਾਸਤੇ ਤੇ ਇਸ ਦਾ ਪ੍ਰਚਾਰ ਕਰਨ ਵਾਸਤੇ ਹੀ ਸੰਸਾਰ ਵਿੱਚ ਭੇਜਿਆ ਹੈ। ਜਿਮ ਤਿਨ[3] ਕਹਿਆ ਹੈ ਉਸੇ ਤਰ੍ਹਾਂ ਕਰਨਾ ਹੈ, ਜੇ ਕੋਈ ਮੈਨੂੰ ਪ੍ਰਮੇਸ਼ਰ[4] ਆਖੇਗਾ ਤਾਂ ਨਰਕਾਂ ਦਾ ਭਾਗੀ ਹੋਵੇਗਾ। ਅੰਮ੍ਰਿਤ ਦਾ ਦਾਤਾ ਆਪ ਨਿਰੰਕਾਰ ਅਕਾਲ ਪੁਰਖ ਹੈ। ਜੋ ਮਰਯਾਦਾ ਪਿਆਰਿਓ ਆਪ ਜੀ ਨੂੰ ਦ੍ਰਿੜ ਕਰਵਾਈ ਹੈ ਉਹ ਵੀ ਅਕਾਲ ਪੁਰਖ ਦੀ ਹੈ। ਤੁਸੀ ਤਾਂ ਅਕਾਲ ਪੁਰਖ ਅੱਗੇ ਸੀਸ ਭੇਂਟ ਕੀਤੇ ਹਨ। ਮੈਂ ਇਸ ਖਾਲਸਾ ਪੰਥ ਅੱਗੇ ਪੂਰਨ ਸਰਬੰਸ ਭੇਂਟਾ ਕਰਦਾ

1. ਆਗੇ ਆਵਤ ਸਿੰਘ ਜੁ ਪਾਵੈ। ਵਾਹਿਗੁਰੂ ਕੀ ਫਤੇ ਬੁਲਾਵੈ॥
ਨੋਟ : ਇਤਿਹਾਸ ਗਵਾਹ ਹੈ, ਪੰਥ ਸਾਜਨਾ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਸਿੰਘਾਂ ਕੋਲੋਂ ਚਰਨੀ ਹੱਥ ਨਹੀਂ ਲਗਵਾਏ ਸਿਰਫ ਫਤਹਿ ਦਾ ਹੁਕਮ ਸੀ।
2. ਮੈ ਅਪਨਾ ਸੁਤ ਤੁਹਿ ਨਿਵਾਜਾ। ਪੰਥ ਪ੍ਰਚੁਰ ਕਰਬੇ ਕਉ ਸਾਜਾ।
3. ਜਿਮ ਤਿਨ ਕਹੀ ਤਿਨੈ ਤਿਮ ਕਹਿ ਹੋਂ। ਅਉਤ ਕਿਸੂ ਤੇ ਬੈਰ ਨ ਗਹਿ ਹੋ।
4. ਜੋ ਹਮ ਕੋ ਪਰਮੇਸਰ ਉਚਰਿ ਹੈਂ। ਤੇ ਸਭ ਨਰਕ ਕੁੰਡ ਮਹਿ ਪਰਿ ਹੈਂ।

ਹਾਂ। ਮੈਨੂੰ ਤਾਂ ਅਕਾਲ ਪੁਰਖ[1] ਦਾ ਦਾਸ ਜਾਨੋ, ਇਸ ਵਿਚ ਰੰਚਕ (ਰੱਤੀ ਵੀ) ਵੀ ਭੇਦ ਨਹੀਂ ਹੈ ਮੈਂ ਤਾਂ ਉਸ ਪਰਮ ਪੁਰਖ ਦਾ ਦਾਸ ਹਾਂ ਤੇ ਇਸ ਸੰਸਾਰ ਤੇ ਉਸ ਦੀ ਰਚੀ ਹੋਈ ਸ੍ਰਿਸ਼ਟੀ ਦਾ ਤਮਾਸ਼ਾ ਵੇਖਣ ਆਇਆ ਹਾਂ।

ਮੈਨੂੰ ਵੀ ਅਕਾਲ ਪੁਰਖ ਦੀ ਫੌਜ ਵਿਚ ਦਾਖਲ ਕਰ ਲਵੋ। ਅਕਾਲ ਪੁਰਖ ਦਾ ਬਖ਼ਸ਼ੀ ਅੰਮ੍ਰਿਤ ਦੀ ਦਾਤ ਮੇਰੀ ਝੋਲੀ ਵਿਚ ਪਾਵੋ। ਐ ਖਾਲਸਾ ਜੀ ਉਸ ਅੰਮ੍ਰਿਤ ਦੀ ਮਰਿਯਾਦਾ ਵਿਚ ਮੈਨੂੰ ਵੀ ਲਿਆਵੋ।

ਹੁਣ ਤਕ ਮਹਾਰਾਜ ਗੁਰੂ ਬਣੇ ਰਹੇ? ਤੇ ਹੁਣ ਆਪ ਜੀ ਦੀ ਸਿੱਖ ਬਣਨ ਦੀ ਵਾਰੀ ਆ ਗਈ। ਆਪ ਦੋਵੇਂ ਹੱਥ ਜੋੜ ਕੇ ਬੜੀ ਨਿਮਰਤਾ ਨਾਲ ਬੋਲੇ, ਹੇ ਅਕਾਲ ਪੁਰਖ ਦੇ ਸਾਜੇ ਹੋਏ ਖ਼ਾਲਸਾ ਜੀਓ ਤੁਸੀਂ ਸਾਰੇ ਸਿੱਖ ਕੌਮ ਸਾਰੀ ਸੰਗਤ ਨੂੰ ਅੰਮ੍ਰਿਤ ਦੀ ਦਾਤ ਬਖਸ਼ਣੀ ਹੈ। ਸਭ ਤੋਂ ਪਹਿਲੇ ਇਹ ਦਾਤ ਸੇਵਕ ਗੋਬਿੰਦ ਰਾਏ ਨੂੰ ਬਖਸ਼ੋ। ਅੰਮ੍ਰਿਤ ਦੀ ਦਾਤ ਛਕਾ ਕੇ ਮੈਨੂੰ ਵੀ ਅੱਜ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਬਣਾ ਦੇਵੋ। ਅੰਮ੍ਰਿਤ ਦੀ ਮਰਿਯਾਦਾ ਦ੍ਰਿੜ੍ਹ ਕਰਵਾ ਦੇਵੋ। ਸਿੰਘ ਸਜਾ ਕੇ ਮੈਨੂੰ ਆਪਣੇ ਵਿਚ ਅਭੇਦ ਕਰ ਦੇਵੋ ਮੇਰੇ ਵਿਚ ਤੇ ਖਾਲਸੇ ਵਿਚ ਕੋਈ ਭੇਦ ਨਾ ਹੋਵੇ।

ਪਿਛਲੀਆਂ ਕਈ ਸਦੀਆ ਤਕ ਨਜ਼ਰ ਪਾ ਕੇ ਵੇਖੋ ਧਾਰਮਿਕ ਇਤਿਹਾਸ ਵਿਚ ਪਹਿਲੀ ਅਨੋਖੀ ਘਟਨਾ ਹੈ। ਗੁਰੂ ਚੇਲਿਆਂ ਪਾਸੋਂ ਦੀਖਿਆ ਲੈਣ ਵਾਸਤੇ ਬੇਨਤੀ ਕਰ ਰਿਹਾ ਹੈ।

ਬੇਨਤੀ ਕੀਤੀ ਜਿਸ ਤਰ੍ਹਾਂ ਮੈਂ ਅੰਮ੍ਰਿਤ ਤਿਆਰ ਕੀਤਾ ਤੇ ਤੁਹਾਨੂੰ ਛਕਾਇਆ ਹੈ, ਤੁਸੀ ਉਸੇ ਤਰ੍ਹਾਂ ਅੰਮ੍ਰਿਤ ਮੈਨੂੰ ਛਕਾਉ। ਪੰਜ ਪਿਆਰੇ ਹੈਰਾਨ ਹੋ ਕੇ ਇਕ ਦੂਜੇ ਵੱਲ ਵੇਖਣ ਲੱਗੇ ਗੁਰੂ ਜੀ ਕੀ ਕਹਿ ਰਹੇ ਹਨ। ਦੀਵਾਨ ਵਿਚ ਬੈਠੀ ਸਾਰੀ ਸੰਗਤ ਵੀ ਹੈਰਾਨ ਹੋਣ ਲੱਗੀ ਇਹ ਪੰਜ ਪਿਆਰੇ ਹੁਣ ਕਿਵੇਂ ਕਰਨਗੇ।

ਫਿਰ ਗੁਰੂ ਜੀ ਬੋਲੇ ਝਿਜਕਦੇ ਕਿਉਂ ਹੋ ਮੇਰੇ ਪਿਆਰਿਓ? ਮੈਂ ਤੁਹਾਨੂੰ ਪੰਜਾਂ ਇਕੱਠਿਆਂ ਨੂੰ ਆਪਣਾ ਰੂਪ ਤੇ ਆਪਣਾ ਤੇਜ

1. ਮੋ ਕੋ ਦਾਸ ਤਵਨ ਕਾ ਜਾਨੋ। ਯਾ ਮੈ ਭੇਦ ਨਾ ਰੰਚ ਪਛਾਨੋ।

ਦਿਤਾ ਹੈ। ਹੁਣ ਤੁਸੀ ਖਾਸ ਰੂਪ ਖਾਲਸਾ ਹੋ। ਖਾਲਸਾ ਗੁਰੂ ਹੈ ਤੇ ਗੁਰੂ ਖ਼ਾਲਸਾ ਹੈ। ਮੈਂ ਤੁਹਾਡਾ ਗੁਰੂ ਹਾਂ, ਤੇ ਪੰਥ ਖਾਲਸਾ ਪੰਜਾਂ ਵਿਚ ਮੇਰਾ ਗੁਰੂ ਹੈ। ਮੈਨੂੰ ਵੀ ਆਪਣੇ ਵਿਚ ਅਭੇਦ ਕਰੋ ਤੁਸੀਂ ਤੇ ਮੈਂ ਹੁਣ ਸਦਾ ਲਈ ਇਕ ਹਾਂ। ਤੁਹਾਡੇ ਵਿਚ ਤੇ ਮੇਰੇ ਵਿਚ ਕੋਈ ਭਿੰਨ ਭੇਦ ਨਹੀਂ ਰਿਹਾ। ਇਸ ਸਮੇਂ ਮੈਂ ਤੁਹਾਡਾ ਚੇਲਾ ਹਾਂ ਮੈਂ ਅੰਮ੍ਰਿਤ ਅਭਿਲਾਖੀ ਹਾਂ ਮੈਨੂੰ ਅੰਮ੍ਰਿਤ ਦੀ ਦਾਤ ਬਖਸ਼ੋ ਜੀ।

ਪੰਜ ਪਿਆਰਿਆਂ ਨੇ ਗੁਰ-ਮਤਾ ਸਾਧ ਕੇ ਆਪਸ ਵਿਚ ਕੀਤੀ ਜੋ ਅੱਜ ਪਾਤਸ਼ਾਹ ਸਾਨੂੰ ਹੁਕਮ ਦੇ ਰਹੇ ਹਨ ਉਸ ਹੁਕਮ ਦੀ ਪਾਲਣਾ ਕਰਨਾ ਹੀ ਸਾਡਾ ਧਰਮ ਹੈ। ਇਸ ਹੁਕਮ ਨੂੰ ਪੰਥ ਨੇ ਖਿੜ੍ਹੇ ਮੱਥੇ ਕਬੂਲਿਆ।

ਪੰਜਾਂ ਪਿਆਰਿਆ ਨੇ ਹੁਕਮ ਦੀ ਪਾਲਣਾ ਕਰਦਿਆਂ ਹੋਇਆਂ ਅੰਮ੍ਰਿਤ ਤਿਆਰ ਕਰਨਾ ਆਰੰਭ ਕੀਤਾ। ਗੁਰੂ ਜੀ ਨੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਵਾਲੇ ਬਾਟੇ ਦੇ ਆਸੇ ਪਾਸੇ ਬੀਰ ਆਸਣ ਵਿਚ ਬਿਠਾਇਆ ਫਿਰ ਸਰਬ ਲੋਹ ਦੇ ਬਾਟੇ ਦੇ ਸਾਰੇ ਪਾਸੇ ਹੱਥ ਰਖਾਏ। ਪਹਿਲਾਂ ਸੱਜੇ ਹੱਥ ਖੰਡਾ ਭਾਈ ਦਿਆ ਸਿੰਘ ਦੇ ਹੱਥ ਦਿਤਾ ਤੇ ਖੱਬੇ ਹੱਥ ਨਾਲ ਬਾਟਾ ਫੜ੍ਹਨ ਵਾਸਤੇ ਕਹਿਆ। ਪੰਜ ਪਿਆਰਿਆਂ ਦੇ ਨੌ ਹੱਥ ਬਾਟੇ ਨੂੰ ਪਵਾਏ ਤੇ ਦੱਸਵੇਂ ਹੱਥ ਵਿਚ ਖੰਡਾ ਸੀ।

ਗੁਰੂ ਜੀ ਜੋ ਵੀ ਅੰਮ੍ਰਿਤ ਤਿਆਰ ਕਰਨ ਵਿਚ ਪੰਜ ਪਿਆਰਿਆਂ ਨੂੰ ਸੁਮੱਤ ਬਖਸ਼ ਰਹੇ ਸਨ ਉਸ ਪਿਛੇ ਵੀ ਬਹੁਤ ਵੱਡੀ ਫਿਲਾਸਫ਼ੀ ਛੁਪੀ ਬੈਠੀ ਸੀ। ਨੌ ਹੱਥਾਂ ਵਿਚ ਬਾਟਾ ਦੇਣਾ ਭਾਵ ਨੌ ਪਾਤਸ਼ਾਹੀ ਇਸ ਅੰਮ੍ਰਿਤ ਨੂੰ ਤਿਆਰ ਕਰਨ ਵਿਚ ਸ਼ਾਮਿਲ ਸੀ ਅਤੇ ਦੱਸਵੇਂ ਹੱਥ ਖੰਡਾ ਦੇਣਾ ਭਾਵ ਦਸਵੇਂ ਪਾਤਸ਼ਾਹ ਆਪ ਅੰਮ੍ਰਿਤ ਤਿਆਰ ਕਰ ਰਹੇ ਹਨ।

ਜਦੋਂ ਵੀ ਪੰਥ ਖਾਲਸਾ ਅੰਮ੍ਰਿਤ ਤਿਆਰ ਕਰੇਗਾ ਤਾਂ ਦੱਸ ਪਾਤਸ਼ਾਹੀ ਹਾਜ਼ਰ-ਨਾਜਰ ਹੋ ਕੇ ਇਹ ਅੰਮ੍ਰਿਤ ਤਿਆਰ ਕਰਨਗੀਆਂ।

ਪਹਿਲੇ ਪਿਆਰੇ ਭਾਈ ਦਇਆ ਸਿੰਘ ਜੀ ਨੇ ਸ੍ਰੀ ਜਪੁਜੀ

ਸਾਹਿਬ ਦੀ ਬਾਣੀ ਸੰਪੂਰਨ ਕੀਤੀ ਤਾਂ ਨਾਲ ਹੀ ਭਾਈ ਧਰਮ ਸਿੰਘ ਜੀ ਨੇ ਜਾਪ ਸਾਹਿਬ ਦੀ ਬਾਣੀ ਆਰੰਭ ਕੀਤੀ। ਫਿਰ ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ ਅਖ਼ੀਰ ਭਾਈ ਸਾਹਿਬ ਸਿੰਘ ਜੀ ਦੇ ਹਿੱਸੇ ਅਨੰਦ ਸਾਹਿਬ ਦੀ ਬਾਣੀ ਸੰਪੂਰਨ ਕੀਤੀ। ਜਿਵੇਂ ਜਿਵੇਂ ਗੁਰੂ ਜੀ ਨੇ ਅੰਮ੍ਰਿਤ ਤਿਆਰ ਕੀਤਾ ਸੀ ਉਸੇ ਤਰ੍ਹਾਂ ਸੰਪੂਰਨ ਅੰਮ੍ਰਿਤ ਤਿਆਰ ਕੀਤਾ।

ਅਰਦਾਸ ਦੀ ਸੇਵਾ ਭਾਈ ਦਇਆ ਸਿੰਘ ਨੇ ਨਿਭਾਈ। ਗੁਰੂ ਜੀ ਨੇ ਉਨ੍ਹਾਂ ਪੰਜਾ ਪਾਸੋਂ ਉਵੇਂ ਹੀ ਅੰਮ੍ਰਿਤ ਛਕਿਆ, ਜਿਵੇਂ ਉਨ੍ਹਾਂ ਪੰਜਾਂ ਪਿਆਰਿਆਂ ਨੇ ਪਹਿਲਾਂ ਆਪ ਜੀ ਪਾਸੋਂ ਛਕਿਆ ਸੀ। ਇਹ ਸਭ ਕੁਝ ਜਿਵੇਂ ਸਾਰੀ ਸੰਗਤ ਵੇਖ ਰਹੇ ਸੀ ਤਾਂ ਸਤਿਕਾਰ ਯੋਗ ਦੂਜੇ ਭਾਈ ਗੁਰਦਾਸ ਜੀ ਸੰਗਤ ਵਿਚ ਉਠ ਕੇ ਖਲੋ ਗਏ ਤੇ ਉੱਚੀ ਆਵਾਜ਼ ਵਿਚ ਗਾਉਣਾ ਸ਼ੁਰੂ ਕਰ ਦਿੱਤਾ।

"ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ।"

ਫਿਰ ਪੰਜ ਪਿਆਰਿਆਂ ਨੇ ਪੰਜ ਵਾਰੀ ਗਰਜਵੀਂ ਆਵਾਜ਼ ਵਿੱਚ ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ ਬੁਲਾਈ। ਦੂਜੇ ਪਾਸੇ ਸਤਿਗੁਰੂ ਜੀ ਨੇ ਜਵਾਬ ਦੇ ਕੇ ਫਿਰ[1] ਪਹਿਲਾ ਜੈਕਾਰਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗਰਜਵੀਂ ਆਵਾਜ਼ ਵਿਚ ਆਖਿਆ। ਬੋਲੇ ਸੋ ਨਿਹਾਲ, ਪਿਛੇ ਪੰਜ ਪਿਆਰੇ ਅਤੇ ਸਾਰੀ ਸੰਗਤ ਨੇ ਜਵਾਬ ਦਿੱਤਾ ਸਤਿ ਸ੍ਰੀ ਅਕਾਲ। ਫਿਰ ਇੱਕ-ਇੱਕ ਪਿਆਰੇ ਨੇ ਜੈਕਾਰੇ ਗਜਾਏ। ਕੇਸਗੜ੍ਹ ਦੇ ਅਸਥਾਨ ਤੋਂ ਕਈ ਮੀਲ ਦੀ ਦੂਰੀ ਤਕ ਆ ਰਹੀਆਂ ਆਵਾਜ਼ਾਂ ਪਹੁੰਚੀਆਂ ਸਾਰਾ ਬ੍ਰਹਿਮੰਡ ਜੈਕਾਰਿਆਂ ਦੀ ਆਵਾਜ਼ ਨਾਲ ਗੂੰਜ ਉਠਿਆ।

ਫਿਰ ਭਾਈ ਦਇਆ ਸਿੰਘ ਨੇ ਅੱਗੇ ਵੱਧ ਕੇ ਭਰੀ ਸੰਗਤ ਵਿਚ ਸੰਬੋਧਨ ਕੀਤਾ ਕਿ ਭਾਈ ਅੱਜ ਤੋਂ ਸਤਿਗੁਰੂ ਜੀ ਦਾ ਨਾਮ

---

1. ਗਿਆਨੀ ਪਾਖਰ ਸਿੰਘ ਲਿਖਦੇ ਹਨ ਸੰਗਤ ਦਾ ਭਾਰੀ ਇਕੱਠ ਸੀ ਸਤਿਗੁਰੂ ਜੀ ਨੇ ਇਕ ਲੰਗਰ ਵੱਡਾ ਤੇ ਸੈਕੜੇ ਲੰਗਰ ਛੋਟੇ ਛੋਟੇ ਥਾਂ-ਥਾਂ ਤੇ ਲਾਏ ਸਨ ਤਾਂਕਿ ਸਰੀਰਕ ਭੁੱਖ ਕਰਕੇ ਕਿਸੇ ਨੂੰ ਤੰਗੀ ਨਾ ਆਵੇ। ਲੋੜਵੰਦ ਸੰਗਤਾਂ ਲੰਗਰ ਛੱਕ ਕੇ ਫਿਰ ਦੀਵਾਨ ਵਿਚ ਬੈਠਦੀਆਂ ਸਨ। ਜਦੋਂ ਜੈਕਾਰਿਆ ਦੀ ਗੁੰਜਾਰ ਦੂਰ-ਦੂਰ ਤਕ ਗਈ ਤਾਂ ਸਾਰੀਆਂ ਸੰਗਤਾਂ ਦੀਵਾਨ ਹਾਲ ਵਿਚ ਹਾਜਰ ਹੋ ਗਈਆਂ।

ਗੁਰੂ ਗੋਬਿੰਦ ਰਾਏ ਤੋਂ ਗੁਰੂ ਗੋਬਿੰਦ ਸਿੰਘ ਦੇ ਦਿੱਤਾ ਗਿਆ ਹੈ। ਫਿਰ ਜੈਕਾਰਿਆਂ ਦੀ ਗੂੰਜ ਪੈ ਗਈ।

ਗੁਰੂ ਕਲਗੀਧਰ ਪਾਤਸ਼ਾਹ ਸੰਗਤਾਂ ਦੇ ਸਨਮੁਖ ਹੋਏ ਤੇ ਸੰਬੋਧਨ ਕਰਕੇ ਕਿਹਾ, ਖਾਲਸਾ ਜੀ! ਗੁਰੂ ਨਾਨਕ ਦੇਵ ਜੀ ਦਾ ਚਲਾਇਆ ਹੋਇਆ ਨਿਰਮਲ ਪੰਥ[1] ਅੱਜ ਸੰਪੂਰਨ ਹੋਇਆ ਹੈ। ਅੱਜ ਤੋਂ ਚਰਨ ਪਹੁਲ ਦੀ ਥਾਂ ਖੰਡੇ ਦਾ ਅੰਮ੍ਰਿਤ ਪਰਵਾਨ ਹੋਵੇਗਾ। ਇਹ ਪੰਥ ਅਕਾਲ ਪੁਰਖ ਦੀ ਮੌਜ ਨਾਲ ਹੀ ਸੰਪੂਰਨ ਭਏ ਹਨ।

ਇਹ ਦੀਵਾਨ ਰਾਤ ਦੇ ਤੀਜੇ ਪਹਿਰੇ ਆਰੰਭ ਕੀਤਾ ਸੀ ਭਾਵ ਸਵੇਰੇ ਤਿੰਨ ਵਜੇ ਤੇ ਦਿਨ ਪਹਿਲੇ ਪਹਿਰ ਤੋਂ ਵੀ ਅੱਗੇ ਲੰਘ ਚੁੱਕਾ ਸੀ ਪਰ ਸੰਗਤਾਂ ਦੇ ਹਿਰਦੇ ਵਿਚ ਇਹ ਚਾਹ ਸੀ ਸ਼ਾਇਦ ਪਹਿਲੇ ਦੀ ਤਰ੍ਹਾਂ ਗੁਰੂ ਜੀ ਫਿਰ ਇੱਕ-ਇੱਕ ਸਿਰ ਦੀ ਮੰਗ ਕਰਨਗੇ ਤੇ ਫਿਰ ਅੰਮ੍ਰਿਤ ਦੀ ਦਾਤ ਬਖਸ਼ਣਗੇ। ਹੁਣ ਤਾਂ ਸਾਰੀਆਂ ਸੰਗਤਾਂ ਪੂਰੀ ਤਿਆਰੀ ਨਾਲ ਬੈਠੀਆਂ ਸਨ। ਸਾਰੇ ਬੈਠੇ ਸੋਚ ਰਹੇ ਸਨ ਕਿ ਪਹਿਲੇ ਮੈਂ ਉਠਾਂਗਾ, ਪਰ ਹੋਇਆ ਕੁਝ ਹੋਰ ਹੀ। ਸਾਹਿਬ ਨੇ ਚੱਲਦੇ ਦੀਵਾਨ ਦੀ ਸਮਾਪਤੀ ਭਾਵ ਪਵਿਤ੍ਰ ਕੜਾਹ ਪ੍ਰਸਾਦ ਵਰਤਾਉਣ ਦਾ ਹੁਕਮ ਦਿੱਤਾ ਤਾਂ ਸਾਰੀਆਂ ਸੰਗਤਾਂ ਵਿੱਚੋਂ ਕਈ ਆਵਾਜ਼ਾਂ ਆਈਆਂ।

ਪਾਤਸ਼ਾਹ ਅਸੀਂ ਵੀ ਆਪ ਜੀ ਦੇ ਹੀ ਹਾਂ। ਭੁੱਲ ਗਏ ਤਾਂ ਪਹਿਲੇ ਪਿਆਰੇ ਪ੍ਰਵਾਨ ਨਹੀਂ ਹੋ ਸਕੇ। ਸਾਨੂੰ ਚਰਨਾਂ ਨਾਲੋਂ ਵਿਛੋੜਨਾ ਨਾ। ਇਕ ਤਰਲਾ ਪਾ ਕੇ ਸਾਰੇ ਸ਼ਰਧਾਲੂਆਂ ਨੇ ਬੇਨਤੀ ਕੀਤੀ।

ਗੁਰੂ ਜੀ ਸਭ ਨੂੰ ਪਿਆਰ ਨਾਲ ਦਿਲਾਸਾ ਦੇ ਰਹੇ ਸਨ, ਘਬਰਾਉ ਨਹੀਂ। ਧੀਰਜ ਦੇਂਦਿਆ ਕਿਹਾ ਤੁਸੀ ਵੀ ਮੇਰੇ ਹੋ, ਤੁਹਾਨੂੰ ਵਿਛੋੜਿਆ ਨਹੀਂ ਗਿਆ ਜਗਾਇਆ ਗਿਆ ਹੈ। ਅਕਾਲ ਪੁਰਖ ਦੀ ਆਗਿਆ ਕੇਵਲ ਪੰਜਾਂ ਨੂੰ ਚੁਣਨ ਦੀ ਸੀ। ਪਰਮੇਸ਼ਰ ਦਾ ਹੁਕਮ ਪੂਰਾ ਕੀਤਾ ਹੈ। ਅੰਮ੍ਰਿਤ ਵੇਲੇ ਦੇ ਦੀਵਾਨਾਂ ਦੀ

1. ਮਾਰੀਆ ਸੱਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ।
(ਭਾ. ਗੁਰਦਾਸ ਜੀ 1)

ਸਮਾਪਤੀ ਹੋਈ ਹੈ ਦਿਨ ਦੇ ਦੂਜੇ ਪਹਿਰ ਦੀਵਾਨ ਫਿਰ ਆਰੰਭ ਕੀਤੇ ਜਾਣਗੇ ਉਸ ਵਿਚ ਤੁਹਾਨੂੰ ਵੀ ਅੰਮ੍ਰਿਤ ਦੀ ਦਾਤ ਦਿੱਤੀ ਜਾਵੇਗੀ। ਫਿਰ ਸੰਗਤਾਂ ਦੇ ਹਿਰਦੇ ਦਾ ਚਾਹ ਵੇਖ ਕੇ ਅੰਮ੍ਰਿਤ ਦੀ ਭੁੱਖ ਵੇਖ ਕੇ ਸਤਿਗੁਰੂ ਜੀ ਨੇ ਪੰਜ ਪਿਆਰਿਆਂ ਨੂੰ ਹੁਕਮ ਦਿੱਤਾ ਜਲਦੀ ਤੋਂ ਜਲਦੀ ਅੰਨ-ਜਲ ਛੱਕ ਕੇ ਅਗਲੇ ਦੀਵਾਨ ਸਜਾਏ ਜਾਣ। ਜੋ ਇਕ ਸਭ ਤੋਂ ਵੱਡਾ ਸਰਬ ਲੋਹ ਦਾ ਕੜਾਹਾ ਤਿਆਰ ਕਰਵਾਇਆ ਹੈ ਉਸ ਵਿਚ ਅੰਮ੍ਰਿਤ ਤਿਆਰ ਕੀਤਾ ਜਾਵੇ। ਫਿਰ ਛੋਟੇ ਪੰਜ ਬਾਟੇ ਵਿਚ ਪਾਕੇ ਪਹਿਲੇ ਪੰਜਾਂ ਨੂੰ ਅੰਮ੍ਰਿਤ ਦਾ ਇਕ ਬਾਟਾ ਦੇ ਕੇ ਅੰਮ੍ਰਿਤ ਸੰਚਾਰ ਦੀ ਸੇਵਾ ਆਰੰਭ ਕੀਤੀ ਜਾਵੇ।

ਦਿਨ ਦੇ ਦੀਵਾਨ ਸਜਣੇ ਆਰੰਭ ਹੋਏ ਭਾਰੀ ਸੰਗਤ ਦਾ ਇਕੱਠ ਜੈਕਾਰਿਆਂ ਦੀ ਗੂੰਜ਼ਾਰ ਵਿਚ ਪਾਤਸ਼ਾਹ ਤਖ਼ਤ ਤੇ ਹਾਜ਼ਰ ਹੋਏ। ਦੂਜੇ ਪਾਸੇ ਪੰਜ ਪਿਆਰਿਆਂ ਨੇ ਸ਼੍ਰੋਮਣੀ ਗੁਰਸਿੱਖਾਂ ਦੇ ਪੰਜ ਜੱਥੇ ਤਿਆਰ ਕੀਤੇ ਜਿਨ੍ਹਾਂ ਨੂੰ ਪੰਜ ਬਾਣੀਆਂ ਨਹੀਂ ਹੋਰ ਵੀ ਬਹੁਤ ਸਾਰੀ ਬਾਣੀ ਯਾਦ ਸੀ ਤੇ ਗੁਰਸਿੱਖੀ ਨੂੰ ਕੋਲੇ ਹੋਕੇ ਵੇਖਣ ਦਾ ਸਮਾਂ ਮਿਲਿਆ। ਇਨ੍ਹਾਂ ਗੁਰਸਿੱਖਾਂ ਦੇ ਨਾਮ ਗਿਆਨੀ ਪਾਖਰ ਸਿੰਘ ਜੀ ਇੰਝ ਵਰਨਣ ਕਰਦੇ ਹਨ।

ਪਹਿਲਾ ਜੱਥਾ - ਭਾਈ ਰਾਮ ਸਿੰਘ, ਭਾਈ ਦੇਵਾ ਸਿੰਘ, ਭਾਈ ਟਹਿਲ ਸਿੰਘ, ਭਾਈ ਈਸ਼ਰ ਸਿੰਘ, ਭਾਈ ਫ਼ਤਹਿ ਸਿੰਘ।[1]

ਦੂਜਾ ਜੱਥਾ - ਬਾਬਾ ਅਜੀਤ ਸਿੰਘ ਜੀ, ਬਾਬਾ ਦੀਪ ਸਿੰਘ, ਬਾਬਾ ਹੀਰਾ ਸਿੰਘ, ਭਾਈ ਮਨੀ ਸਿੰਘ, ਭਾਈ ਦੇਸਾ ਸਿੰਘ।[2]

---

1. ਇਸ ਪਹਿਲੇ ਜੱਥੇ ਦਾ ਵੇਰਵਾ ਭਾਈ ਸੰਤੋਖ ਸਿੰਘ ਸੂਰਜ ਪ੍ਰਕਾਸ਼ ਰੁੱਤ ਤੀਸਰੀ ਫਿਰ ਗਿ:ਗਿਆਨ ਸਿੰਘ ਤਵਾਰੀਖ ਗੁਰੂ ਖਾਲਸਾ ਵਿਚ ਪੰਨਾ 1094 ਤੇ ਹੈ। ਇਹ ਫਤਹਿ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੇ ਸਪੁੱਤਰ ਨਹੀਂ ਹੈ। ਕਿਉਂਕਿ ਬਾਬਾ ਫਤਹਿ ਸਿੰਘ ਸਾਹਿਬਜਾਦੇ ਦਾ ਜਨਮ ਹੀ 1699 ਵਿੱਚ ਹੋਇਆ।
2. ਬਾਬਾ ਅਜੀਤ ਸਿੰਘ ਦੀ ਉਮਰ ਉਦੋਂ 12 ਸਾਲ ਦੀ ਸੀ। ਬਾਬਾ ਦੀਪ ਸਿੰਘ ਦੀ ਉਮਰ ਉਦੋਂ 19 ਸਾਲ ਦੀ ਸੀ ਬਾਬਾ ਹੀਰਾ ਸਿੰਘ ਦੀ ਉਮਰ 17 ਸਾਲ ਸੀ। ਚੌਥੇ ਭਾਈ ਮਨੀ ਸਿੰਘ ਤੇ ਉਨ੍ਹਾਂ ਦੇ ਸਪੁੱਤਰ ਸਨ ਭਾਈ ਦੇਸਾ ਸਿੰਘ ਜੀ ਜਿਨ੍ਹਾਂ ਨੇ ਰਹਿਤਨਾਮੇ ਵਿਚ ਬਹੁਤ ਸੇਵਾ ਨਿਭਾਹੀ ਹੈ।

ਤੀਜਾ ਜੱਥਾ – ਭਾਈ ਜੀਵਨ ਸਿੰਘ, ਭਾਈ ਧਿਆਨ ਸਿੰਘ, ਭਾਈ ਧੰਨਾ ਸਿੰਘ, ਭਾਈ ਮਾਨ ਸਿੰਘ, ਭਾਈ ਮਾਲਾ ਸਿੰਘ ਜੀ।[1]

ਚੌਥਾ ਜੱਥਾ – ਭਾਈ ਸੰਤਾ ਸਿੰਘ, ਭਾਈ ਸੁੱਖਾ ਸਿੰਘ, ਭਾਈ ਟਹਿਲ ਸਿੰਘ, ਭਾਈ ਨੰਦ ਸਿੰਘ, ਭਾਈ ਲੱਖਾ ਸਿੰਘ ਜੀ।[2]

ਪੰਜਵਾ ਜੱਥਾ – ਭਾਈ ਮਾਨ ਸਿੰਘ, ਭਾਈ ਮੋਤਾ ਸਿੰਘ, ਭਾਈ ਮਦਨ ਸਿੰਘ, ਭਾਈ ਮੱਲ ਸਿੰਘ, ਭਾਈ ਆਸਾ ਸਿੰਘ ਜੀ।

ਇਹ ਪੰਜ ਜੱਥਿਆਂ ਨੂੰ ਇੱਕ-ਇੱਕ ਪਿਆਰੇ ਨੇ ਪੂਰਨ ਮਰਿਯਾਦਾ ਸਮਝਾਈ। ਪਹਿਲਾਂ ਵੱਡਾ ਬਾਟਾ (ਕੜਾਹਾ) ਅੰਮ੍ਰਿਤ ਤਿਆਰ ਕੀਤਾ। ਉਸ ਵਿਚ ਤੀਹ ਸਿੰਘਾਂ ਨੇ ਮਿਲ ਕੇ ਤਿਆਰ ਕੀਤਾ। ਇਨ੍ਹਾਂ ਵਿਚ ਪੰਜ ਪਿਆਰਿਆਂ ਨੇ ਪੰਜ ਬਾਣੀਆਂ ਦੇ ਜਾਪ ਕੀਤੇ। ਬਾਕੀ ਪੱਚੀ ਸਿੰਘਾਂ ਨੇ ਕੋਲ ਬੈਠ ਵੀਰ ਆਸਣ ਵਿੱਚ ਇਸ ਮਰਿਯਾਦਾ ਨੂੰ ਦ੍ਰਿੜ ਕੀਤਾ ਕਿਉਂਕਿ ਬਾਅਦ ਵਿਚ ਇਨ੍ਹਾਂ ਸਿੰਘਾਂ ਨੇ ਅੰਮ੍ਰਿਤ ਤਿਆਰ ਕਰਨਾ ਸੀ ਇਨ੍ਹਾਂ ਨੂੰ ਪੂਰਨ ਸਿਖਲਾਈ ਦੇਣੀ ਅਤਿ ਜ਼ਰੂਰੀ ਸੀ।

ਪੰਜ ਪਿਆਰਿਆਂ ਨੇ ਅੰਮ੍ਰਿਤ ਦਾ ਬਾਟਾ ਤਿਆਰ ਕਰਨਾ ਆਰੰਭ ਕੀਤਾ, ਇੱਧਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤਖ਼ਤ ਕੇਸਗੜ੍ਹ ਤੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਅੰਮ੍ਰਿਤ ਅਭਲਾਖੀ ਸਿੱਖ ਸੰਗਤਾਂ ਨੂੰ ਸੰਬੋਧਨ ਕੀਤਾ।

"ਗੁਰੂ ਪਿਆਰਿਓ! ਅੱਜ ਦੇ ਦੀਵਾਨ ਵਿੱਚ ਜੋੜੇ ਹੋਏ ਸਿੱਖ ਤੇ ਸਤਿਕਾਰਯੋਗ ਬੀਬੀਆਂ, ਮਾਤਾਵਾਂ ਤੁਸੀ ਸਭ ਨੇ ਸਿੱਖੀ ਦਾ ਪ੍ਰਚਾਰ ਕਰਨਾ ਹੈ। ਤੁਹਾਡੇ ਉਪਰ ਮੈਨੂੰ ਬਹੁਤ ਮਾਣ ਹੈ। ਅੱਜ ਖ਼ਾਲਸਾ ਪੰਥ ਦੀ ਨੀਂਹ ਭਰਨੀ ਹੈ ਜਿਹੜੀਆਂ ਕੌਮਾਂ ਦੀ ਨੀਂਹ ਮਜਬੂਤ ਹੋਵੇ ਉਨ੍ਹਾਂ ਕੌਮਾਂ ਦੇ ਮਹਿਲ ਵੀ ਉੱਚੇ ਉਸਰਦੇ ਹਨ।"

"ਜਿਹੜੀਆਂ ਕੌਮਾਂ ਅਮਨ ਸਮੇਂ ਪਸੀਨਾ ਬਹਾਉਂਦੀਆਂ ਹਨ ਉਨ੍ਹਾਂ ਦਾ ਜੰਗ ਸਮੇਂ ਖ਼ੂਨ ਘੱਟ ਡੁੱਲ੍ਹਦਾ ਹੈ। ਜਿਹੜੇ ਅਮਨ ਸਮੇਂ ਆਰਾਮ ਕਰਦੇ ਹਨ ਉਨ੍ਹਾਂ ਦੇ ਸ਼ਸਤਰ ਨੂੰ ਜੰਗ (ਜੰਗਾਲ) ਲੱਗ

1. ਇਹ ਭਾਈ ਜੀਵਨ ਸਿੰਘ ਬਹੁਤ ਸਤਿਕਾਰ ਯੋਗ ਸਨ ਜਿਨ੍ਹਾਂ ਨੂੰ ਗੁਰੂ ਜੀ ਨੇ ਚਮਕੌਰ ਦੀ ਗੜ੍ਹੀ ਵਿਚ ਆਪਣੇ ਸੀਸ ਦੀ ਕਲਗੀ ਸਜਾਈ ਸੀ।
2. ਬਾਕੀ ਦੇ ਸਿੰਘ ਵੀ ਬਹੁਤ ਸਤਿਕਾਰਯੋਗ ਸਨ, ਕੁਰਬਾਨੀ ਅੱਗੇ ਲਿਖਾਂਗੇ।

ਜਾਂਦਾ ਹੈ ਫਿਰ ਉਹ ਜੰਗ (ਲੜਨ) ਸਮੇਂ ਕੰਮ ਨਹੀਂ ਆਉਂਦੇ।"

"ਅੱਜ ਇਨ੍ਹਾਂ ਸਿੱਖਾਂ ਦੇ ਅਸੂਲਾਂ ਉੱਪਰ ਪਹਿਰਾ ਦੇਣਾ ਹੈ। ਗੁਰੂ ਨਾਨਕ ਦੇਵ ਦੇ ਆਦਰਸ਼ਾਂ ਤੇ ਮਿਸ਼ਨ ਨੂੰ ਪੂਰਾ ਕਰਨਾ ਹੈ। ਤੁਸੀਂ ਵੀ ਅੰਮ੍ਰਿਤ ਛੱਕੋ ਅਤੇ ਸਿੰਘ ਸੱਜ ਜਾਉ। ਅੱਜ ਤੋਂ ਤੁਸੀ ਸੂਰਬੀਰਾਂ ਯੋਧੇ ਬਣ ਕੇ ਖਾਲਸਾ ਪੰਥ ਦੀ ਸੇਵਾ ਕਰਨੀ ਹੈ, ਤੁਹਾਡਾ ਜਨਮ ਅੱਜ ਤੋਂ ਮੇਰੇ ਘਰ ਸ੍ਰੀ ਅਨੰਦਪੁਰ ਸਾਹਿਬ ਹੋਇਆ ਹੈ। ਤੁਸੀ ਮੇਰੇ ਪੁੱਤਰ ਹੋ, ਜਨਮ ਤੋਂ ਜਿਹੜੀਆਂ ਜਾਤਾਂ ਤੁਹਾਡੀਆਂ ਸਨ ਉਹ ਅੱਜ ਸਭ ਮਿਟ ਗਈਆਂ ਹਨ। ਤੁਸੀ ਸਭ ਖਾਲਸੇ ਹੋ ਸੰਤ-ਸੂਰਬੀਰਾਂ ਦੀ ਕੌਮ ਹੋ। ਖਾਲਸਾ ਤੁਹਾਡੀ ਜਾਤ ਹੈ। ਇਹ ਹੀ ਤੁਹਾਡੀ ਬਹਾਦਰੀ ਹੈ। ਸਭ ਜਾਤ-ਪਾਤ ਮਜ਼ਬ ਦੇ ਝਗੜੇ ਛੱਡ ਕੇ ਖਾਲਸਾ ਕੌਮ ਬਣੀ ਹੈ। ਤੁਸਾਂ ਸੰਤਾਂ ਜਿਹੇ ਪਵਿੱਤਰ, ਪਰਮ ਭਜਨੀਕ, ਪਰਉਪਕਾਰੀ ਤੇ ਈਸ਼ਵਰ ਭਗਤ ਬਣਨਾ ਹੈ ਅਤੇ ਨਾਲ ਹੀ ਸੂਰਬੀਰਾਂ ਜਿਹੇ ਦਲੇਰ, ਨਿਰਭੈ, ਬਲਵਾਨ ਤੇ ਯੋਧੇ ਬਣਨਾ ਹੈ।"

"ਕਮਜ਼ੋਰਾਂ, ਅਨਾਥਾਂ, ਦੁਖੀਆਂ ਨਿਤਾਣਿਆਂ, ਨਿਮਾਣਿਆਂ, ਨਿਆਸਰਿਆਂ ਦੀ ਤੁਸਾਂ ਬਾਂਹ ਫੜਨੀ ਹੀ ਅਤੇ ਕਿਸੇ ਉਤੇ ਜਬਰ ਨਹੀਂ ਕਰਨਾ, ਕਿਸੇ ਨੂੰ ਡਰਾਉਣਾ ਨਹੀਂ, ਪਰ ਨਾਲ ਹੀ ਕਿਸੇ ਦਾ ਜਬਰ ਸਹਿਣਾ ਨਹੀਂ, ਜਬਰ ਹੁੰਦਾ ਵੇਖਕੇ ਦੜਵੱਟ ਕੇ ਬਹਿਣਾ ਨਹੀਂ, ਸਗੋਂ ਜਬਰ ਨੂੰ ਰੋਕਣਾ ਹੈ। ਕਿਸੇ ਦਾ ਡਰ ਮੰਨਣਾ ਨਹੀਂ, ਆਪਣਾ ਧਰਮ ਛੱਡਣਾ ਨਹੀਂ ਭਾਵੇ ਕਿੰਨੇ ਕਸ਼ਟ ਝੱਲਣੇ ਪੈਣ, ਧਰਮ ਤੋਂ ਡੋਲ੍ਹਣਾ ਨਹੀਂ। ਹੱਕ ਕਿਸੇ ਦਾ ਮਾਰਨਾ ਨਹੀਂ, ਕਿਸੇ ਨੂੰ ਹੱਕ ਮਾਰਨ ਨਹੀਂ ਦੇਣਾ। ਕਿਰਤ ਵਿਰਤ ਧਰਮ ਦੀ ਕਰਨੀ ਹੈ ਅਤੇ ਵੰਡ ਕੇ ਛਕਣਾ ਹੈ। ਗਰੀਬਾਂ ਅਨਾਥਾਂ, ਮੁਥਾਜਾਂ ਦੀ ਰੱਖਿਆ ਤੇ ਸੰਭਾਲ ਕਰਨੀ ਹੈ। ਤੁਸਾਂ ਅਕਾਲ ਪੁਰਖ ਵਾਹਿਗੁਰੂ ਤੋਂ ਬਿਨਾਂ ਹੋਰ ਕਿਸੇ ਦੀ ਪੂਜਾ ਨਹੀਂ ਕਰਨੀ, ਦੇਵੀਆਂ, ਦੇਵਤਿਆਂ, ਪੱਥਰਾਂ, ਮੂਰਤੀਆਂ, ਕਬਰਾਂ, ਮੜ੍ਹੀਆਂ, ਰੁੱਖਾਂ, ਪਸ਼ੂਆਂ, ਜਾਨਵਰਾਂ ਆਦਿ ਦੀ ਪੂਜਾ ਨਹੀਂ ਕਰਨੀ ਉਨ੍ਹਾਂ ਅੱਗੇ ਮੱਥੇ ਨਹੀਂ ਟੇਕਣੇ।"

"ਸਾਡਾ ਗੁਰੂ ਗੁਰਬਾਣੀ ਹੈ। ਬਾਣੀ ਦੁਆਰਾ ਅੰਮ੍ਰਿਤ ਤਿਆਰ ਕਰਦੇ ਹਾਂ ਤੇ ਬਾਣੀ ਦੇ ਵਿੱਚ ਅੰਮ੍ਰਿਤ ਹੈ। ਸੁੱਖ ਵੇਲੇ ਵੀ ਬਾਣੀ

ਪੜ੍ਹਨੀ ਹੈ ਦੁਖ ਤਕਲੀਫ਼ ਸਮੇਂ ਵੀ ਬਾਣੀ ਦਾ ਸਿਮਰਨ ਦਾ ਸਹਾਰਾ ਲੈਣਾ ਹੈ ਤੇ ਹਰ ਰੋਜ਼ ਪੰਜ ਬਾਣੀਆਂ ਦਾ ਪਾਠ ਕਰਨਾ ਫਿਰ ਵਾਹਿਗੁਰੂ ਮੰਤਰ ਨੂੰ ਦ੍ਰਿੜ੍ਹ ਕਰਨਾ ਫਿਰ ਆਪਣੇ ਕਾਰੋਬਾਰ ਤੇ ਜਾਣਾ ਹੈ। ਫਿਰ ਸ਼ਾਮ ਵੇਲੇ ਰਹਿਰਾਸ ਕਰਨਾ ਜਾਂ ਬੈਠ ਕੇ ਸੁਣਨਾ ਫਿਰ ਕੀਰਤਨ ਸੋਹਿਲਾ ਪੜ੍ਹ ਕੇ ਅਰਾਮ ਕਰਨਾ ਹੈ। ਪੰਜ ਕਕਾਰ[1] ਹਰ ਵੇਲੇ ਤੁਹਾਡੇ ਅੰਗ ਦੇ ਸੰਗ ਹੋਣੇ ਔਖੇ ਵੇਲੇ ਸਹਾਈ ਹੋਣਗੇ। ਇਹ ਤੁਹਾਡੀ ਸਰੀਰਕ ਰਹਿਤ ਹੋਵੇਗੀ। ਪਰ ਇਸ ਵਰਦੀ ਤੇ ਸਰੀਰਕ ਰਹਿਤ ਦੇ ਨਾਲ ਨਾਲ ਹੀ ਧਰਮ ਤੇ ਆਚਰਨ ਦੀ ਰਹਿਤ ਵੀ ਜ਼ਰੂਰੀ ਹੈ।"

"ਤੁਹਾਡੇ ਖਿਆਲ, ਤੁਹਾਡੇ ਬਚਨ, ਤੁਹਾਡੇ ਕੰਮ ਸਭ ਗੁਰਸਿੱਖੀ ਦੇ ਰੰਗ ਵਾਲੇ ਸੱਚੇ ਸੁੱਚੇ ਧਰਮੀ ਬੰਦਿਆਂ ਵਾਲੇ, ਹੋਣੇ ਜ਼ਰੂਰੀ ਹਨ। ਆਤਮਿਕ ਤੌਰ ਤੇ ਪ੍ਰਫੁੱਲਿਤ, ਮਾਨਸਿਕ ਤੌਰ ਤੇ ਸ਼ਾਂਤ ਚਿਤ ਸਦਾਚਾਰਕ ਤੌਰ ਦੇ ਸੁਦ੍ਰਿੜ ਇਨਸਾਨ ਬਣ ਕੇ ਰਹਿਣਾ ਹੈ। ਸੱਚ, ਪ੍ਰਮਾਤਮਾ ਦਾ ਆਪਣਾ ਗੁਣ ਹੈ, ਇਸ ਲਈ ਸੱਚ ਤੇ ਅਧਾਰਤ ਜੀਵਨ ਨੂੰ ਪ੍ਰਵਾਨ ਕੀਤਾ ਗਿਆ ਹੈ।"

"ਪਰ ਉਸ ਤੋਂ ਵੀ ਉੱਤੇ ਸੱਚ ਆਚਾਰ[2] ਰੱਖਣ ਵਾਲੇ ਨੂੰ ਸਮਝਿਆ ਜਾਂਦਾ ਹੈ। ਸੱਚ ਆਚਾਰ ਧਾਰਨਾ, ਪਰਉਪਕਾਰ ਕਰਨ ਵਿਚ ਖੁਸ਼ੀ ਤੇ ਜੀਵਨ ਦੀ ਸਫਲਤਾ ਮਹਿਸੂਸ ਕਰਨੀ ਹੈ। ਚੰਗਾ ਸਦਾਚਾਰੀ ਜੀਵਨ ਜੀਣ ਲਈ ਜਿਸ ਵਿਅਕਤੀ ਨੇ ਪਰਾਈ ਇਸਤਰੀ ਅਤੇ ਪਰਾਏ ਧਨ[3] ਦਾ ਤਿਆਗ ਕੀਤਾ ਹੈ ਅਤੇ ਉਸ ਵੱਲ ਮਾੜੀ ਨੀਅਤ ਨਹੀਂ ਰੱਖੀ, ਵਾਹਿਗੁਰੂ ਨੂੰ ਉਹ ਭਾਉਂਦਾ ਹੈ। ਪ੍ਰਮਾਤਮਾ ਅਜਿਹੇ ਮਨੁੱਖ ਦੇ ਅੰਗ ਸੰਗ ਵਸਦਾ ਹੈ। ਪਰਾਈ ਇਸਤਰੀ ਦਾ ਸੰਗ ਨਹੀਂ ਕਰਨਾ, ਕਿਸੇ ਦਾ ਹੱਕ ਨਹੀਂ ਖੋਹਣਾ (ਮਾਰਨਾ) ਮੰਦੇ ਕੰਮਾਂ ਤੋਂ ਬਚਣਾ ਤੇ ਸ਼ੁੱਭ ਕੰਮ ਕਰਨ ਲਈ ਉਤਸ਼ਾਹਿਤ ਰਹਿਣਾ।"

1. ਪੰਜ ਕਕਾਰ - ਕੇਸ, ਕੰਘਾ, ਕੜਾ, ਕੱਛਾ (ਕਛਹਿਰਾ), ਕਿਰਪਾਨ ਹੈ।
2. ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥ (ਅੰਗ ੬੨)
3. ਪਰ ਧਨ ਪਰ ਦਾਰਾ ਪਰਹਰੀ, ਤਾ ਕੈ ਨਿਕਟਿ ਬਸੈ ਨਰਹਰੀ। (ਅੰਗ ੧੧੬੩)

"ਇੱਕ ਅਕਾਲ ਪੁਰਖ ਨੂੰ ਮੰਨਣ ਵਾਲਾ ਮਨੁੱਖ ਕਿਸੇ ਨਸ਼ੇ[1] ਦਾ ਵੀ ਸੇਵਨ ਨਹੀਂ ਕਰਦਾ, ਕਿਉਂਕਿ ਉਹ ਜਾਣਦਾ ਹੈ ਕਿ ਨਸ਼ੇ ਜ਼ਿੰਦਗੀ ਵਿਚ ਹਰ ਪ੍ਰਕਾਰ ਦਾ ਵਿਕਾਰ ਪੈਦਾ ਕਰਦੇ ਹਨ ਅਤੇ ਜ਼ਿੰਦਗੀ ਨੂੰ ਦੁਖਦਾਈ ਬਣਾਉਂਦੇ ਹਨ।"

"ਮਾੜੇ ਨਸ਼ੇ ਜਗਤ, ਜੂਠ, ਤਮਾਕੂ, ਸ਼ਰਾਬ, ਅਫ਼ੀਮ, ਪੋਸਤ, ਭੰਗ ਆਦਿ ਸਭ ਨਸ਼ਿਆਂ ਤੋਂ ਤੇ ਖਾਸ ਕਰਕੇ ਤਮਾਕੂ ਤੋਂ ਦੂਰ ਰਹਿਣਾ। ਕੁੱਠਾ,[2] ਹੁੱਕਾ, ਚਰਸ ਏਨਾ ਤੋਂ ਦੂਰ ਰਹਿਣਾ ਖਾਲਸੇ ਲਈ ਸਿੱਖੀ ਰਹਿਣ ਮਰਿਯਾਦਾ ਦੇ ਪੱਕੇ ਧਾਰਨੀ ਬਣਨਾ[3] ਪੰਜ ਕਕਾਰ ਧਾਰਨ ਕਰਨੇ ਚਾਰ ਬੱਜਰ ਕੁਰਹਿਤਾਂ[4] ਤੋਂ ਦੂਰ ਰਹਿਣਾ।"

ਦੂਜੇ ਪਾਸੇ ਭਾਈ ਹਿੰਮਤ ਸਿੰਘ ਜੀ ਨੇ ਆਕੇ ਬੇਨਤੀ ਕੀਤੀ, "ਪਾਤਸ਼ਾਹ ਆਪ ਦੀ ਦੱਸੀ ਮਰਿਯਾਦਾ ਨਾਲ ਅੰਮ੍ਰਿਤ ਤਿਆਰ ਹੈ ਨਾਲ ਕੜਾਹ ਪ੍ਰਸਾਦ ਦਾ ਵੱਡਾ ਕੜਾਹਾ ਵੀ ਤਿਆਰ ਹੈ।"

ਫਿਰ ਗੁਰੂ ਜੀ ਨੇ ਹੁਕਮ ਕੀਤਾ ਪੰਜ ਪਿਆਰਿਆਂ ਨੂੰ ਕਿ ਤੁਸੀਂ ਸੰਗਤ ਦੇ ਸਨਮੁਖ ਖੜੇ ਹੋਵੋ। ਖੜੇ ਕਰਕੇ ਫਿਰ ਸਾਰੀ ਸੰਗਤ ਨੂੰ ਹੁਕਮ ਕੀਤਾ, "ਤੁਹਾਡੇ ਅੱਗੇ ਗੁਰੂ ਪੰਥ ਖਾਲਸਾ ਖੜ੍ਹਾ ਹੈ ਜੋ ਤੁਹਾਨੂੰ ਰਹਿਤ ਤੇ ਕੁਰਹਿਤ ਤੋਂ ਵਰਜਦਾ ਹੈ ਜੇ ਇਹ ਸਾਰੇ ਬਚਨ ਪ੍ਰਵਾਨ ਹਨ ਤਾਂ ਪੰਥ ਖਾਲਸਾ ਦੇ ਸਾਹਮਣੇ ਸੀਸ ਝੁਕਾਕੇ ਪ੍ਰਣ ਲਵੋ ਅਸੀਂ ਗੁਰੂ ਪੰਥ ਖਾਲਸਾ ਵਾਸਤੇ ਜਾਂ ਕੋਈ ਕੌਮ ਤੇ ਭੀੜ ਪਵੇ ਤਾਂ ਅਸੀਂ ਆਪਣੀਆਂ ਜਾਨ ਕੁਰਬਾਨ ਕਰ ਦੇਵਾਂਗੇ। ਆਪਣੇ ਧਰਮ ਤੋਂ ਪਿੱਛੇ ਨਹੀਂ ਹੱਟਾਂਗੇ? ਇਹ ਇੱਕ ਤਰ੍ਹਾਂ ਦੀ ਕਸਮ ਲਈ

---

1. ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥
ਜਿਤੁ ਪੀਤੇ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥
ਝੂਠਾ ਮਦੁ ਮੂਲਿ ਨਾ ਪੀਚਈ ਜੇ ਕਾ ਪਾਰਿ ਵਸਾਇ॥ (ਅੰਗ ੫੫੪)
2. ਕੁੱਠਾ ਹੁੱਕਾ ਚਰਸ ਤਮਾਕੂ। ਗਾਂਜਾ ਟੋਪੀ ਤਾੜੀ ਖਾਕੂ।
ਟੋਪੀ ਦਾ ਅਰਥ ਹੈ ਚਿਲਮ, ਤਾੜੀ - ਤੜ ਦੀ ਸ਼ਰਾਬ, ਖਾਕੂ - ਚੰਡੂ, ਅਫੀਮ ਦਾ ਧੂੰਆ, ਤਮਾਕੂ ਵਾਂਗ ਪੀਣਾ।
3. ਚਾਰ ਕਕਾਰ - ਕੰਘਾ, ਕੜਾ, ਕਛਹਿਰਾ, ਕਿਰਪਾਨ।
4. ਚਾਰ ਕੁਰਹਿਤਾਂ - ਕੇਸ ਕਤਲ ਕਰਨੇ, ਮਾਸ ਖਾਣਾ, ਪਰ ਇਸਤਰੀ ਜਾਂ ਪਰ ਪੁਰਸ਼ ਦਾ ਭੋਗਣਾ ਤੇ ਤਮਾਕੂ ਦਾ ਵਰਤੋਂ ਕਰਨਾ।

ਗਈ। ਸਾਰੀ ਸੰਗਤ ਨੇ ਗੁਰੂ ਪੰਥ ਖ਼ਾਲਸਾ ਅੱਗੇ ਸੀਸ ਝੁਕਾਇਆ। ਫਿਰ ਗੁਰੂ ਜੀ ਨੇ ਭਾਈ ਦਇਆ ਸਿੰਘ ਨੂੰ ਹੁਕਮ ਕੀਤਾ ਭਾਈ ਸਾਹਿਬ ਅਰਦਾਸ ਸੋਧੋ।

ਅਰਦਾਸ ਕਰਕੇ ਫਿਰ ਅੰਮ੍ਰਿਤ ਦੀ ਦਾਤ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਆਰੰਭ ਕੀਤੀ ਤੇ ਆਖਿਆ ਆਓ ਅੰਮ੍ਰਿਤ ਛਕੋ ਸਿੰਘ ਸਜੋ। ਪਹਿਲੇ ਜੱਥੇ ਨੇ ਅੰਮ੍ਰਿਤ ਛਕਿਆ, ਉਨ੍ਹਾਂ ਦੇ ਨਾਮ ਸਨ ਭਾਈ ਰਾਮ ਸਿੰਘ, ਦੇਵਾ ਸਿੰਘ, ਟਹਿਲ ਸਿੰਘ, ਈਸ਼ਰ ਸਿੰਘ ਤੇ ਫਤਹਿ ਸਿੰਘ ਜੀ ਇਨ੍ਹਾਂ ਪੰਜ ਸਿੰਘਾਂ ਨੂੰ ਗੁਰੂ ਜੀ ਨੇ ਮੁਕਤਿਆਂ ਦਾ ਖਿਤਾਬ ਦਿੱਤਾ।

ਬਾਕੀ ਪੰਜ ਪਿਆਰਿਆਂ ਦੇ ਜਿਹੜੇ ਚਾਰ ਜੱਥੇ ਬਚੇ ਉਨ੍ਹਾਂ ਨੂੰ ਅੰਮ੍ਰਿਤ ਦੀ ਦਾਤ ਦਿੱਤੀ, ਇਨ੍ਹਾਂ ਨੂੰ ਸਤਿਗੁਰੂ ਜੀ ਨੇ ਦੀਦਾਰੀ ਸਿੰਘ ਦਾ ਖਿਤਾਬ ਦਿੱਤਾ। ਫਿਰ ਪਾਤਸ਼ਾਹ ਨੇ ਪੰਜ ਛੋਟੇ ਬਾਟੇ ਮੰਗਵਾਏ, ਪੰਜਾਂ ਜੱਥਿਆ ਨੂੰ ਇੱਕ-ਇੱਕ ਬਾਟਾ ਦੇ ਕੇ ਅਲੱਗ ਅਲੱਗ ਸਥਾਨ ਦਿੱਤਾ। ਛੇਵੇਂ ਵੱਡੇ ਬਾਟੇ ਦੀ ਸੇਵਾ ਪੰਜ ਪਿਆਰਿਆਂ ਨੂੰ ਬਖਸ਼ਿਸ਼ ਕੀਤੀ, ਫਿਰ ਸੰਗਤਾਂ ਨੂੰ ਬੇਨਤੀ ਕੀਤੀ ਕਿ ਭਾਈ ਇੱਕ-ਇੱਕ ਜੱਥੇ ਕੋਲ ਪੰਜ ਪੰਜ ਲਾਇਨਾਂ ਲਾਵੋ ਤੇ ਅੰਮ੍ਰਿਤ ਦੀ ਦਾਤ ਲੈਣੀ ਆਰੰਭ ਕਰੋ। ਇਨ੍ਹਾਂ ਤੋਂ ਬਾਅਦ ਜਿਹੜੇ ਸਿੰਘ ਅੰਮ੍ਰਿਤ ਛੱਕਦੇ ਗਏ ਉਨ੍ਹਾਂ ਦੀਆਂ ਸੇਵਾਵਾਂ ਗੁਰੂ ਆਪ ਲਗਾਉਂਦੇ ਗਏ।

(ਕਿਸ ਦੀ ਸੇਵਾ ਲਾਈ ਭਾਈ ਤੁਸੀ ਬਾਲਟੀ ਲੈ ਕੇ ਛੋਟੇ ਬਾਟੇ ਚੋਂ ਅੰਮ੍ਰਿਤ ਮੁੱਕਣ ਨਹੀਂ ਦੇਣਾ?) ਬਾਕੀ ਸਿੰਘਾਂ ਦੀ ਸੇਵਾ ਲਾਈ ਭਾਈ ਸਭ ਦੇ ਕਕਾਰ ਵੇਖੋ ਪੂਰੇ ਹਨ ਜਿਨ੍ਹਾਂ ਨੂੰ ਕਕਾਰਾਂ ਦੀ ਲੋੜ ਹੈ ਜਾਂ ਘਟ ਹਨ ਪੂਰੇ ਕੀਤੇ ਜਾਣ। ਇਸ ਤਰ੍ਹਾਂ ਕਰਦਿਆਂ ਰਾਤ ਦੇ ਦੀਵਾਨ ਤੋਂ ਪਹਿਲੇ ਪਹਿਲੇ 20 ਹਜ਼ਾਰ ਸੰਗਤ ਨੇ ਅੰਮ੍ਰਿਤਪਾਨ ਕੀਤਾ। ਇਕ ਬਹੁਤ ਵੱਡੀ ਕ੍ਰਾਂਤੀ ਵਾਲਾ ਦਿਨ ਸੀ। 30 ਮਾਰਚ ਦਿਨ ਵੀਰਵਾਰ ਸੰਨ 1699 ਪਹਿਲੀ ਵਿਸਾਖ ਸੰਮਤ ੧੭੫੬।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਕ ਨਵਾਂ ਪੰਥ ਖ਼ਾਲਸਾ ਸਾਜ ਦਿੱਤਾ, ਇਕ ਨਵੀਂ ਕੌਮ, ਨਵਾਂ ਭਾਈਚਾਰਾ, ਹਰ ਇੱਕ ਸਿੱਖ ਨੂੰ ਕਲਗੀਧਰ ਪਾਤਸ਼ਾਹ ਨੇ ਸੰਤ ਸਿਪਾਹੀ ਬਣਾ ਦਿੱਤਾ।

ਪੁਰਾਤਨ ਸਾਰੇ ਸਮਾਜਿਕ ਢਾਂਚੇ ਨੂੰ ਨਵਾਂ ਰੂਪ ਦੇ ਦਿੱਤਾ, ਰਹਿਣੀ ਬਦਲੀ, ਬਹਿਣੀ ਬਦਲੀ, ਲਿਬਾਸ ਬਦਲਿਆ, ਖ਼ੁਰਾਕ ਬਦਲੀ, ਨਾਮ ਬਦਲੇ, ਸੁਭਾਉ ਬਦਲਿਆ, ਨਿਸ਼ਾਨਾ ਬਦਲਿਆ, ਗਿਆਨ ਬਦਲਿਆ, ਧਿਆਨ ਬਦਲਿਆ ਇਕ ਸੋਚ ਸੇਧ ਜੀਵਨ ਦੀ ਨਵੀਂ ਦੇ ਦਿੱਤੀ, ਸਭ ਇਨਸਾਨਾਂ ਨੂੰ ਬਰਾਬਰ ਦਾ ਅਧਿਕਾਰ ਦਿੱਤਾ।

ਮਨੁੱਖਤਾ ਵਿਚ ਇਸਤਰੀ ਨੂੰ ਵੀ ਅੰਮ੍ਰਿਤ ਦੀ ਦਾਤ ਦਿੱਤੀ, ਮਨੁੱਖ ਦੇ ਬਰਾਬਰ ਦਾ ਸਤਿਕਾਰ ਦਿੱਤਾ। ਇਤਿਹਾਸ ਗਵਾਹ ਹੈ ਪਹਿਲੇ ਦਿਨ ਹੀ ਬੰਦਿਆਂ ਨਾਲੋਂ ਬੀਬੀਆਂ ਨੇ ਜ਼ਿਆਦਾ ਗਿਣਤੀ ਵਿਚ ਅੰਮ੍ਰਿਤਪਾਨ ਕੀਤਾ। ਫਿਰ ਹਰ ਰੋਜ਼ ਸੰਗਤਾਂ ਦੂਰੋਂ ਦੂਰੋਂ ਆਉਂਦੀਆਂ ਤੇ ਅੰਮ੍ਰਿਤ ਦੀ ਦਾਤ ਲੈ ਕੇ ਜਾਂਦੀਆਂ।

ਫਿਰ ਸਤਿਗੁਰੂ ਜੀ ਨੇ ਇਹ ਵੀ ਹੁਕਮ ਦਿੱਤਾ ਕਿ ਕੋਈ ਪੰਜ ਅੰਮ੍ਰਿਤਧਾਰੀ ਸਿੱਖ, ਭਾਵੇਂ ਉਹ ਕਿਸੇ ਵੀ ਜਾਤ ਵਰਨ ਦੇ ਹੋਣ, ਜੋ ਰਹਿਤ ਵਿਚ ਪੂਰੇ ਤੇ ਸਿੱਖੀ ਅਸੂਲਾਂ ਦੇ ਪੱਕੇ ਧਾਰਨੀ ਹੋਣ ਉਹ ਹੋਰਨਾਂ ਨੂੰ ਵੀ ਅੰਮ੍ਰਿਤ ਛਕਾ ਸਕਦੇ ਹਨ। ਪਾਤਸ਼ਾਹ ਨੇ ਇਹ ਅੰਮ੍ਰਿਤ ਛਕਾਉਣ ਦਾ ਹੱਕ ਕਿਸੇ ਖਾਸ ਜਾਤ ਜਾਂ ਜਮਾਤ ਦੇ ਲੋਕਾਂ ਨੂੰ ਨਹੀਂ ਦਿੱਤਾ, ਸਗੋਂ ਸਭ ਸਿੰਘਾਂ ਨੂੰ ਇਕੋ ਜਿਹਾ ਦੇ ਦਿੱਤਾ। ਇਸ ਨਾਲ ਲੱਖਾਂ ਦੀ ਤਦਾਦ ਵਿੱਚ ਅੰਮ੍ਰਿਤਧਾਰੀ ਬਣ ਗਏ। ਜਦੋਂ ਨੀਵੀਆਂ ਜਾਤਾਂ ਵਾਲਿਆਂ ਨੂੰ ਪਤਾ ਲੱਗਾ ਕਿ ਸਾਨੂੰ ਬਰਾਬਰ ਦਾ ਅਧਿਕਾਰ ਦਿੱਤਾ ਜਾਵੇਗਾ ਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤਕ ਸਾਡੇ ਹੱਥੋਂ ਅੰਨਜਲ ਛੱਕ ਸਕਦੇ ਹਨ ਤਾਂ ਵਹੀਰਾਂ ਘੱਤ ਕੇ ਸਾਰੇ ਹੀ ਆ ਗਏ। ਇਤਿਹਾਸ ਗਵਾਹ ਹੈ ਮੁਸਲਮਾਨ ਜਨਤਾ ਪੀਰ ਬੁੱਧੂ ਸ਼ਾਹ ਤੇ ਉਸ ਦੇ ਮੁਰੀਦਾਂ ਨੇ ਵੀ ਅੰਮ੍ਰਿਤ ਦੀ ਦਾਤ ਦੀ ਮੰਗ ਕੀਤੀ ਉਨ੍ਹਾਂ ਨੂੰ ਵੀ ਅੰਮ੍ਰਿਤ ਦਿੱਤਾ ਗਿਆ। ਫਿਰ ਪਾਤਸ਼ਾਹ ਨੇ ਪਹਾੜੀ ਰਾਜਿਆਂ ਨੂੰ ਵੀ ਹੁਕਮਨਾਮੇ ਭੇਜ ਦਿੱਤੇ ਤੇ ਸਿੱਖ ਰਾਜਵਾੜੇ ਵਿੱਚ ਵੀ ਹੁਕਮਨਾਮੇ ਭੇਜ ਦਿੱਤੇ ਕਿ ਹਰ ਸਿੱਖ ਨੂੰ ਅੰਮ੍ਰਿਤ ਛਕਣਾ ਜ਼ਰੂਰੀ ਹੈ।

ਪਹਾੜੀ ਰਾਜਿਆਂ ਦੇ ਕੰਨਾਂ ਤਕ ਵੀ ਇਸ ਨਵੇਂ ਸਾਜੇ ਪੰਥ

ਬਾਰੇ ਖਬਰਾਂ ਪਹੁੰਚੀਆਂ। ਗੁਰਦੇਵ ਜੀ ਨੇ ਰਾਜਾ ਅਜਮੇਰ ਚੰਦ ਤੇ ਹੋਰ ਰਾਜਿਆਂ ਨੂੰ ਵੀ ਲਿਖਿਆ। ਬਿਲਾਸਪੁਰ ਦਾ ਰਾਜਾ ਉਸ ਵੇਲੇ ਭੀਮ ਚੰਦ ਤੇ ਹੋਰ ਰਾਜਿਆਂ ਨੂੰ ਵੀ ਲਿਖਿਆ। ਬਿਲਾਸਪੁਰ ਦਾ ਰਾਜਾ ਉਸ ਵੇਲੇ ਭੀਮ ਚੰਦ ਗੁਜ਼ਰ ਚੁੱਕਾ ਸੀ। ਅਜਮੇਰ ਚੰਦ ਦੀ ਅਗਵਾਈ ਵਿਚ ਕੁਝ ਰਾਜੇ ਅਨੰਦਪੁਰ ਆਏ। ਗੁਰਦੇਵ ਨੇ ਉਨ੍ਹਾਂ ਨੂੰ ਸਿੰਘ ਸੱਜਣ ਵਾਸਤੇ ਬੜਾ ਪ੍ਰੇਰਿਆ। ਪਰ ਰਾਜੇ ਸਿਰਫ ਦੋ ਸ਼ਰਤਾਂ ਉੱਤੇ ਅੰਮ੍ਰਿਤ ਛਕਣ ਵਾਸਤੇ ਤਿਆਰ ਸਨ। ਇਕ ਤਾਂ ਉਨ੍ਹਾਂ ਨੂੰ ਹੋਰ ਸਿੱਖਾਂ ਨਾਲੋਂ ਵੱਖਰਾ ਅੰਮ੍ਰਿਤ ਛਕਾਇਆ ਜਾਏ ਤਾਂ ਕਿ ਉਨ੍ਹਾਂ ਨੂੰ ਸਿੰਘ ਸੱਜ ਕੇ ਵੀ ਦੇਵੀ ਦੇਵਤਿਆਂ ਦੀ ਪੂਜਾ ਕਰਨ ਦੀ ਆਗਿਆ ਹੋਵੇ। ਇਹ ਦੋਵੇਂ ਸ਼ਰਤਾਂ ਸਿੱਖੀ ਦੇ ਮੁੱਢਲੇ ਅਸੂਲਾਂ ਦੇ ਉਲਟ ਸਨ। ਸੋ ਗੁਰਦੇਵ ਨੇ ਰਾਜਿਆਂ ਦੀਆਂ ਸ਼ਰਤਾਂ ਨਾ ਮੰਨੀਆਂ। ਰਾਜੇ ਕੁਝ ਉਦਾਸ ਤੇ ਕੁਝ ਕੁਝ ਦਿਲੋਂ ਨਾਰਾਜ਼ ਹੋ ਕੇ ਵਾਪਸ ਚਲੇ ਗਏ।

ਗੁਰੂ ਪਿਆਰਿਓ ਆਪ ਜੀ ਨੇ ਪੜ੍ਹਿਆ ਹੈ ਕਿ ਭਾਈ ਦਇਆ ਸਿੰਘ ਜੀ 1681 ਵਿਚ ਗੁਰੂ ਘਰ ਵਿਚ ਆਏ ਤੇ 1699 ਤਕ 18 ਸਾਲ ਗੁਰਮਤਿ ਦੀ ਪੜ੍ਹਾਈ ਕੀਤੀ ਹੈ। ਇਸੇ ਤਰ੍ਹਾਂ ਭਾਈ ਧਰਮ ਸਿੰਘ ਜੀ 1695 ਵਿਚ ਆਏ ਤੇ 1699 ਤਕ 4 ਸਾਲ ਗੁਰਮਤਿ ਦੀ ਪੜ੍ਹਾਈ ਕੀਤੀ। ਠੀਕ ਇਸੇ ਤਰ੍ਹਾਂ ਭਾਈ ਹਿੰਮਤ ਸਿੰਘ ਜੀ 1678 ਵਿੱਚ ਆਏ ਉਸ ਸਮੇਂ ਭਾਈ ਹਿੰਮਤ ਸਿੰਘ ਦੀ ਉਮਰ 14 ਸਾਲ ਦੀ ਸੀ ਤੇ 1699 ਤਕ 21 ਸਾਲ ਗੁਰਮਤਿ ਦੀ ਪੜ੍ਹਾਈ ਕੀਤੀ। ਭਾਈ ਹਿੰਮਤ ਸਿੰਘ ਜੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨਾਲੋਂ ਦੋ ਸਾਲ ਵੱਡੇ ਸਨ।

ਭਾਈ ਮੋਹਕਮ ਸਿੰਘ ਜੀ 1694 ਵਿਚ ਗੁਰੂ ਦਰਬਾਰ ਵਿੱਚ ਆਏ ਤੇ 1699 ਤਕ 5 ਸਾਲ ਗੁਰਮਤਿ ਵਿੱਦਿਆ ਪੜੀ। ਭਾਈ ਸਾਹਿਬ ਸਿੰਘ ਜੀ 1686 ਵਿਚ ਪਉਂਟਾ ਸਾਹਿਬ ਦੀ ਧਰਤੀ ਤੇ ਭੰਗਾਣੀ ਯੁੱਧ ਦੀ ਸਮਾਪਤੀ ਤੇ ਆਏ ਸਨ 1699 ਤਕ 13 ਸਾਲ ਗੁਰਮਤਿ ਵਿੱਦਿਆ ਪੜੀ।

ਇੱਥੇ ਦਾਸ ਪਾਠਕ ਵੀਰਾਂ ਨੂੰ ਸੁੱਚੇਤ ਕਰਨ ਦਾ ਯਤਨ ਕਰ

ਰਿਹਾ ਹਾਂ, ਇਕ ਪਿਆਰੇ ਨੇ 18, ਦੂਜੇ ਨੇ 4, ਤੀਜੇ ਨੇ 21 ਤੇ ਚੌਥੇ ਨੇ 5 ਸਾਲ ਤੇ ਪੰਜਵੇਂ ਨੇ 13 ਸਾਲ ਤੱਕ ਗੁਰੂ ਘਰ ਵਿੱਚ ਬਤੀਤ ਕੀਤੇ। ਗੁਰੂ ਤੇ ਭਰੋਸਾ, ਯਕੀਨ, ਵਿਸ਼ਵਾਸ ਤੇ ਬਾਣੀ ਬਾਣਾ, ਸ਼ਸਤਰ ਵਿੱਦਿਆ, ਘੋੜ ਸਵਾਰੀ ਇਕ ਰਣਤੱਤੇ ਵਿਚ ਜੂਝਣ ਵਾਲੀ ਸ਼ਕਤੀ ਤਾਂ ਪਹਿਲੇ ਹੀ ਪ੍ਰਾਪਤ ਕਰ ਲਈ ਸੀ। ਆਪ ਜੀ ਨੂੰ ਯਾਦ ਹੋਵੇਗਾ ਭੰਗਾਣੀ ਯੁੱਧ 1686-87 ਵਿਚ ਹੋਇਆ ਤੇ ਨੰਦੋਣ ਯੁੱਧ 1688 ਤੇ ਹਸੈਨੀ ਯੁੱਧ 1689 ਵਿਚ ਤੇ ਸ੍ਰੀ ਅਨੰਦਪੁਰ ਸਾਹਿਬ ਵਿਚ ਵੀ ਛੋਟੇ-ਛੋਟੇ ਕਈ ਯੁੱਧ ਹੋਏ ਹਨ। ਇਨ੍ਹਾਂ ਯੁੱਧਾਂ ਦੀ ਸਫਲਤਾ ਦੇ ਪਿੱਛੇ ਸਿੱਖਾਂ ਦੀ ਮਹਾਨ ਕੁਰਬਾਨੀ ਇੱਕ ਸੰਪੂਰਨ ਜੰਗ ਦੀ ਫ਼ੌਜ ਨਜ਼ਰ ਆਉਂਦੀ ਹੈ। ਇੱਕ ਘਟਨਾ ਆਪ ਜੀ ਨੇ ਭਾਈ ਹਿੰਮਤ ਸਿੰਘ ਦੇ ਜੀਵਨ ਵਿਚ ਵੀ ਪੜ੍ਹੀ ਹੋਵੇਗੀ ਕਿ ਪਠਾਨ ਯਾਹੂ ਖਾਂ ਦੀ ਇਸਤ੍ਰੀ ਫਰੀਦਾ ਜਲਾਲ ਜੋ ਸਿੱਖਾਂ ਦੇ ਹੱਥ ਚੜ੍ਹ ਗਈ ਤੇ ਸਿੱਖਾਂ ਨੇ ਵਿਚਾਰ ਕੀਤੀ ਕਿ ਇਹ ਪਠਾਨ ਹਿੰਦੂ ਇਸਤ੍ਰੀਆਂ ਨੂੰ ਚੁੱਕ ਕੇ ਲੈ ਜਾਂਦੇ ਹਨ। ਉਸ ਨਾਲ ਮਾੜੇ ਵਿਕਾਰ ਕਰਦੇ ਹਨ ਇਸ ਦੁੱਖ ਦਾ ਅਹਿਸਾਸ ਤਾਂ ਹੀ ਹੋਵੇਗਾ ਜੋ ਇਹ ਪਠਾਨ ਹਿੰਦੂ ਇਸਤ੍ਰੀਆਂ ਨਾਲ ਕਰਦੇ ਹਨ। ਉਹ ਹੀ ਮੁਸਲਮਾਨ ਇਸਤ੍ਰੀਆਂ ਨਾਲ ਹੋਵੇ ਤਾਂ ਹੀ ਇਨ੍ਹਾਂ ਨੂੰ ਸਮਝ ਆਵੇਗੀ। ਇਸ ਗੱਲ ਦਾ ਭਾਈ ਹਿੰਮਤ ਸਿੰਘ ਨੂੰ ਪਤਾ ਲੱਗਦਾ ਹੈ ਤਾਂ ਭਾਈ ਸਾਹਿਬ ਇਨ੍ਹਾਂ ਸਿੱਖਾਂ ਨੂੰ ਤੇ ਫਰੀਦਾ ਜਲਾਲ ਨੂੰ ਸਤਿਗੁਰੂ ਪਾਸ ਹਾਜ਼ਰ ਕਰਦੇ ਹਨ ਤਾਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬੜੇ ਤਾੜ੍ਹਨਾ ਭਰੇ ਲਫ਼ਜਾਂ ਵਿੱਚ ਸਿੱਖਾਂ ਨੂੰ ਵਰਜਿਆ ਤੇ ਉਹ ਔਰਤ ਫਰੀਦਾ ਜਲਾਲ ਨੂੰ ਪੂਰੇ ਆਦਰ ਸਤਿਕਾਰ ਨਾਲ ਉਸਦੇ ਘਰ ਪਹੁੰਚਾਉਣ ਦਾ ਹੁਕਮ ਦਿੱਤਾ।

ਮੁਸਲਮਾਨੀ ਫਰੀਦਾ ਜਲਾਲ ਨੇ ਸਾਹਿਬ ਦੇ ਸਤਿਕਾਰ ਵਿਚ ਸਿਰ ਨੀਵਾਂ ਕਰਕੇ ਸਿਜਦਾ ਕੀਤਾ ਤੇ ਕਿਹਾ ਪਾਤਸ਼ਾਹ ਆਪ ਦੀ ਸੋਭਾ ਤਾਂ ਬਹੁਤ ਵਾਰੀ ਸੁਣੀ ਹੈ ਪਰ ਅੱਜ ਅੱਖੀ ਡਿੱਠੀਂ ਹੈ।

"ਸੁਣ ਸਤਿਗੁਰ ਬੋਲੇ ਤਿਸ ਬੇਰੇ ਹਮਲੇ ਜਾਨੋ ਪੰਥ ਉਚੇਰੇ
ਨਾਹਿ ਅਧੋਗਤਿ ਬਿਖੈ ਪੁਚਾਵੈਂ ਤਾਂ ਤੇ ਕਲਮਲ ਕਰਨ ਹਟਾਵੈਂ।"

ਇਹ ਘਟਨਾ ਦਾ ਜ਼ਿਕਰ ਸੰਨ 1698-99 ਦਾ ਹੈ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ 1699 ਵਿਸਾਖੀ ਵਾਲੇ ਦਿਨ ਤੋਂ ਪਹਿਲੇ ਹੀ ਆਪਣੇ ਸਿੱਖ ਦਾ ਉੱਚਾ ਆਚਰਨ ਕੀਤਾ ਸੀ। ਫਿਰ ਸਿੱਖ ਇਤਿਹਾਸ ਲਿਖਣ ਵਾਲੇ ਵੀ ਪੰਥ ਸਾਜਣਾ ਪ੍ਰਸੰਗ ਵਿਚ ਐਸੀ ਕਮਜ਼ੋਰੀ ਵਾਲੀਆਂ ਗੱਲਾਂ ਲਿਖ ਦੇਂਦੇ ਹਨ ਜਿਨ੍ਹਾਂ ਨੂੰ ਪੜ ਕੇ ਮਨ ਸ਼ੰਕੇ ਨਾਲ ਭਰ ਜਾਂਦਾ ਹੈ।

ਉਸ ਸਮੇਂ ਦੇ ਬੋਲ ਇੰਝ ਲਗਦੇ ਹਨ ਜਿਵੇਂ ਸਾਰੇ ਹੀ ਸਿੱਖ ਪਹਿਲੇ ਦਿਨ ਆਏ ਹੁੰਦੇ ਹਨ ਤੇ ਪਹਿਲੀ ਵਾਰੀ ਸ੍ਰੀ ਸਾਹਿਬ ਦੇ ਦਰਸ਼ਨ ਕਰਦੇ ਹੋਣ, ਡਰਪੋਕ ਸਿੱਖ ਨੂੰ ਸਾਹਮਣੇ ਬੈਠਾ ਕੇ ਪਹਿਲੀ ਆਵਾਜ਼ ਨਾਲ ਅੱਧੀ ਸੰਗਤ ਨੂੰ ਭਜਾਉਂਦੇ ਹਨ।

ਫਿਰ ਦੂਜੀ ਅਵਾਜ਼ ਨਾਲ ਅੱਧੀ ਸੰਗਤ ਭਜਾ ਦੇਂਦੇ ਹਨ, ਤੀਜੀ ਅਵਾਜ਼ ਨਾਲ ਫਿਰ ਇੱਕ ਸਿੱਖ ਨੂੰ ਉਠਾਉਂਦੇ ਹਨ ਉਹ ਵੀ ਡਰ-ਡਰਦਾ ਉੱਠਦਾ ਹੈ ਤੇ ਫਿਰ ਆਪਣਾ ਸੀਸ ਭੇਟ ਕਰਦਾ ਹੈ। ਜਿਹੜੇ ਸਿੱਖ ਸੰਗਤ ਛੱਡਕੇ ਭੱਜੇ ਹੁੰਦੇ ਹਨ। ਉਹ ਮਾਤਾ ਗੁਜਰੀ ਜੀ ਪਾਸ ਜਾਕੇ ਸਤਿਗੁਰੂ ਦਾ ਸਤਿਕਾਰ ਭੁਲ ਕੇ ਹਾਸੋ-ਹੀਣੀਆਂ ਗੱਲਾਂ ਕਰਦੇ ਹਨ ਤੇ ਮਾਤਾ ਜੀ ਆਪਣੇ ਸਪੁੱਤਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਨਿੰਦਾ ਸੁਣਦੇ ਹਨ। ਇੱਕ ਸਿੱਖ ਵਿਦਵਾਨ ਸੋਹਣ ਸਿੰਘ ਸੀਤਲ ਨੇ ਤਾਂ ਪੁਰਾਤਨ ਕਈ ਇਤਿਹਾਸ ਦਲੀਲਾਂ ਦੇ ਕੇ ਉਸ ਤੰਬੂ ਅੰਦਰ ਬੱਕਰੇ ਬੰਨ੍ਹ[1] ਦਿੱਤੇ। ਐਸਾ ਹਾਸੋ-ਹੀਣਾ

1. ਇੱਕ ਵਾਰੀ ਮੇਰੇ ਸਤਿਕਾਰਯੋਗ ਪਿਤਾ ਗਿਆਨ ਹਜਾਰਾ ਸਿੰਘ ਵੈਦ ਗਿਆਨੀ ਸੋਹਣ ਸਿੰਘ ਸੀਤਲ ਨੂੰ ਮਿਲੇ ਤਾਂ ਹਾਸ-ਵਿੰਅਗ ਵਿਚ ਬੇਨਤੀ ਕੀਤੀ, ਸੀਤਲ ਸਾਹਿਬ ਕਦੇ ਦੋ ਬੱਕਰੇ ਲੜਦੇ ਵੇਖੇ ਹਨ? ਕਦੇ ਨਹੀਂ। ਫਿਰ ਕਦੇ ਚਾਰ ਬੱਕਰੇ ਅਗੇ ਇਕ ਬੱਕਰੇ ਨੂੰ ਕੋਈ ਮਾਰ ਦੇਵੇ ਤਾਂ ਚਾਰ ਬੱਕਰੇ ਚੁਪ ਕਰਕੇ ਖੜ੍ਹੇ ਰਹਿ ਸਕਦੇ ਹਨ। ਫਿਰ ਪੰਜ ਬੱਕਰੇ ਮਰੇ ਹੋਏ ਗੁਰੂ ਜੀ ਕਿੱਥੇ ਲੈ ਗਏ? ਪੰਜ ਪਿਆਰਿਆਂ ਦਾ ਪੂਰਨ ਇਤਿਹਾਸ ਪੜ੍ਹ ਲਵੋ ਕਿਸੇ ਪਿਆਰੇ ਨੇ ਇਹ ਨਹੀਂ ਦੱਸਿਆ ਕਿ ਅੰਦਰ ਕੀ ਹੋਇਆ। ਆਪਾਂ ਨਿੱਤ ਬਾਣੀ ਪੜ੍ਹਦੇ ਹਾਂ।

ਸਤਿਗੁਰ ਮੇਰਾ ਸਰਬ ਪ੍ਰਤਿਪਾਲੇ, ਸਤਿਗੁਰੂ ਮੇਰਾ ਮਾਰ ਜੀਵਾਲੇ॥

ਇਨ੍ਹਾਂ ਪੰਕਤੀਆਂ ਦਾ ਅਰਥ ਕੀ ਕਰੋਗੇ। ਇਸ ਤਰ੍ਹਾਂ ਦੇ ਹੋਰ ਵੀ ਬਹੁਤ ਸੁਆਲ ਕੀਤੇ ਤੇ ਅਖੀਰ ਸੀਤਲ ਸਾਹਿਬ ਨੇ ਇਹ ਗੱਲ ਮੰਨੀ ਕਿ ਪਿੱਛੇ ਵਿਦਵਾਨਾਂ ਨੇ ਲਿਖਿਆ ਸੀ ਇਸ ਲਈ ਮੈਂ ਵੀ ਲਿਖ ਦਿੱਤਾ ਹੈ ਤੁਸੀ ਜਿਹੜੀ ਸੋਧ ਕਰਨੀ ਹੈ ਉਹ ਦੱਸੋ ਕਰ ਦੇਵਾਂਗੇ।

ਇਤਿਹਾਸ ਪੜ੍ਹ ਕੇ ਗੁਰੂ ਤੇ ਪਿਆਰ ਆਵੇਗਾ ਜਾਂ ਤਕਰਾਰ ਆਵੇਗਾ। ਐਸੇ ਇਤਿਹਾਸ ਲਿਖਣ ਨਾਲ ਕਿਤਾਬਾਂ ਤਾਂ ਮੋਟੀਆਂ ਹੋ ਜਾਣਗੀਆਂ ਤੇ ਤਕੜੀਆਂ ਹੋਣਗੀਆਂ ਪਰ ਇਤਿਹਾਸ ਕਮਜ਼ੋਰ ਤੇ ਪਤਲਾ ਪੈ ਜਾਵੇਗਾ।

ਆਵੋ ਗੁਰੂ ਪਿਆਰਿਓ, ਸੱਚਾ ਤੇ ਸੁੱਚਾ ਗੁਰਮਤਿ ਨਾਲ ਮੇਲ ਤੇ ਗੁਰਬਾਣੀ ਨਾਲ ਚੱਲਣ ਵਾਲਾ ਹੀ ਇਤਿਹਾਸ ਲਿਖੀਏ ਤੇ ਬੋਲੀਏ ਜਿਸ ਨਾਲ ਗੁਰੂ ਤੇ ਸ਼ਰਧਾ ਪਿਆਰ ਸਤਿਕਾਰ ਵੱਧ ਜਾਵੇ।

ਸਾਡੇ ਗੁਰੂ ਸਾਹਿਬਾਨ ਆਮ ਅਧਿਆਪਕ ਨਹੀਂ ਸਨ। ਕੀ ਪ੍ਰੀਖਿਆ ਲੈਣ ਵੇਲੇ ਪੇਪਰ ਹੀ ਬਦਲ ਦੇਣ ਇਹ ਤਾਂ ਸੰਸਾਰਕ ਅਧਿਆਪਕ ਕਰਦੇ ਹਨ ਪੇਪਰ ਲੀਕ ਹੋਣ ਤੇ ਪੇਪਰ ਬਦਲ ਦਿੰਦੇ ਹਨ। ਗੁਰੂ ਆਪਣੇ ਸਿੱਖਾਂ ਸਾਹਮਣੇ ਜਾਂ ਪਿੱਛੇ ਝੂਠ ਦਾ ਸਹਾਰਾ ਨਹੀਂ ਲਵੇਗਾ। ਗੁਰੂ ਦੀ ਤਾਂ ਗੱਲ ਛੱਡੋ ਸਿੱਖਾਂ ਨੇ ਆਪਣੇ ਆਪ ਨੂੰ ਕੁਰਬਾਨ ਕਰਵਾ ਦਿੱਤਾ ਪਰ ਝੂਠ ਦਾ ਸਹਾਰਾ ਨਹੀਂ ਲਿਆ। ਤੇ ਸਾਡਾ ਗੁਰੂ ਆਪਣੇ ਸਿੱਖਾਂ ਅੱਗੇ ਕੋਈ ਗ਼ਲਤ ਰੋਲ ਨਹੀਂ ਕਰ ਸਕਦਾ। ਤੁਸੀਂ ਆਪਣੇ ਅੰਦਰ ਇੱਕ ਨਜ਼ਰ ਪਾਕੇ ਵੇਖੋ ਤੁਹਾਨੂੰ ਕੋਈ ਆਖੇ ਆਵੋ ਤੁਹਾਨੂੰ ਅੰਦਰ ਸ਼ੇਰ ਵਿਖਾਵਾਂ ਤੇ ਅੰਦਰ ਬੈਠੀਆਂ ਹੋਣ ਬਿੱਲੀਆਂ ਤੁਹਾਡਾ ਉਸ ਮਨੁੱਖ ਪ੍ਰਤੀ ਕਿਤਨਾ ਸਤਿਕਾਰ ਹੋਵੇਗਾ?

ਨਾਲੇ ਪੰਥ ਸਾਜਨਾ ਖਾਲਸੇ ਦਾ ਜਨਮ ਦਿਨ ਹੈ ਜਨਮ ਮਾਂ ਹਮੇਸ਼ਾ ਪਰਦੇ ਵਿਚ ਹੀ ਦਿੰਦੀ ਹੈ। ਪਹਿਲੀ ਪਾਤਸ਼ਾਹੀ ਤੋਂ ਲੈ ਕੇ ਨੌਵੀਂ ਪਾਤਸ਼ਾਹੀ ਨੇ ਜੋ ਵੀ ਕੀਤਾ ਸੰਗਤਾਂ ਦੇ ਸਾਹਮਣੇ ਕੀਤਾ ਹੈ। ਇਨ੍ਹਾਂ ਖਾਲਸੇ ਨੂੰ ਜਨਮ ਦਿੱਤਾ ਹੈ ਇਸ ਲਈ ਪਰਦੇ ਦੀ ਜ਼ਰੂਰਤ ਹੈ, ਗੁਰੂ ਨੇ ਪਰਦੇ ਵਿੱਚ ਕੀਤਾ ਹੈ। ਸਾਡੇ ਵਿੱਚ ਕੀ ਹਿੰਮਤ ਅਸੀ ਗੁਰੂ ਦਾ ਕੀਤਾ ਪਰਦਾ ਚੁੱਕੀਏ।

ਪਿੱਛੇ ਜੇ ਕਿਸੇ ਵੀਰ ਨੇ ਔਰੰਗਜ਼ੇਬ ਦੇ ਸੂਹੀਏ ਦੀ ਰੀਪੋਰਟ ਲਿਖਕੇ ਸਿਰ ਸੰਗਤ ਦੇ ਵਿਚ ਹੀ ਉਤਾਰੇ ਗਏ। ਬੜ੍ਹੇ ਲੋਕਾਂ ਨੇ

ਇਸ ਨੂੰ ਸੇਵਾ ਸਮਝ ਕੇ ਉਸ ਦੀਆਂ ਫੋਟੋ-ਸਟੇਟ ਕਰਵਾ ਕੇ ਸੰਗਤਾਂ ਵਿੱਚ ਵੰਡੀਆਂ।

ਇੱਕ ਦਾਨਸ਼ਮੰਦ ਵੀਰ ਨੇ ਦਲੀਲ ਦਿੱਤੀ ਸੀ ਕਿ ਬੱਚਾ ਆਪਣੀ ਮਾਂ ਨੂੰ ਪੁੱਛੇ, "ਦੱਸ ਮਾਂ ਤੂੰ ਮੈਨੂੰ ਕਿਵੇਂ ਬਣਾਇਆ ਹੈ?" ਉਸ ਬੱਚੇ ਨੂੰ ਅਸੀਂ ਸਭ ਨਲਾਇਕ ਬੱਚਾ ਆਖਾਂਗੇ ਜਿਹੜਾ ਆਪਣੀ ਮਾਂ ਨੂੰ ਬੇਹੂਦਾ ਸੁਆਲ ਕਰੇਗਾ।

ਆਓ ਖਾਲਸਾ ਜੀ, ਲਾਇਕ ਬੱਚੇ ਬਣੀਏ ਜੋ ਸਾਨੂੰ ਸਾਡੇ ਗੁਰੂ ਨੇ ਤੰਬੂ 'ਚੋਂ ਬਾਹਰ ਆਕੇ ਦਿੱਤਾ ਹੈ। ਅੰਮ੍ਰਿਤ ਬਾਣੀ, ਬਾਣਾ ਤੇ ਰਹਿਤ ਮਰਿਯਾਦ ਉਸਨੂੰ ਆਪ ਵੀ ਧਾਰਨ ਕਰੀਏ ਤੇ ਆਪਣੇ ਬੱਚੇ ਨੂੰ ਵੀ ਗੁਰੂ ਦੇ ਦੱਸੇ ਮਾਰਗ ਤੇ ਚਲਾਈਏ। ਅੰਮ੍ਰਿਤ ਛੱਕ ਕੇ ਸਿੰਘ ਸੱਜ ਜਾਈਏ ਤਾਂ ਹੀ ਅਸੀ ਸੱਚੇ ਤੇ ਸੁੱਚੇ ਸਿੱਖ ਅਖਵਾ ਸਕਾਂਗੇ।

ਕੁਝ ਪਾਠਕਾਂ ਦਾ ਸੁਆਲ ਹੁੰਦਾ ਹੈ? ਜਿਸਨੇ ਆਪ ਅੰਮ੍ਰਿਤ ਨਾ ਛਕਿਆ ਹੋਵੇ, ਉਹ ਦੂਜੇ ਨੂੰ ਅੰਮ੍ਰਿਤ ਛਕਾ ਸਕਦਾ ਹੈ?

ਅਗੋਂ ਹਰ ਗੁਰਸਿੱਖ ਦਾ ਜਵਾਬ ਹੈ ਨਹੀਂ, ਜਿਸਨੇ ਆਪ ਅੰਮ੍ਰਿਤ ਨਹੀਂ ਛਕਿਆ ਕਿਸੇ ਨੂੰ ਅੰਮ੍ਰਿਤ ਨਹੀਂ ਛਕਾ ਸਕਦਾ।

ਫਿਰ ਸੁਆਲ ਕਰਨ ਵਾਲਾ ਕਹਿੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਕਿਵੇਂ ਛਕਾ ਦਿੱਤਾ? ਜੇ ਤੁਸੀ ਆਖੋ ਉਹ ਗੁਰੂ ਸਨ, ਪੀਰ ਸਨ, ਪੈਗੰਬਰ ਸਨ ਉਨ੍ਹਾਂ ਕੋਲ ਅੰਮ੍ਰਿਤ ਸੀ। ਜੇ ਅੰਮ੍ਰਿਤ ਸੀ ਤਾਂ ਮੰਗਿਆ ਕਿਉਂ? ਇਸ ਦਾ ਭਾਵ ਹੈ ਉਨ੍ਹਾਂ ਕੋਲ ਅੰਮ੍ਰਿਤ ਨਹੀਂ ਸੀ।

ਜਿਸ ਤਰ੍ਹਾਂ ਦੇਸ਼ ਦੇ ਵਿਚ ਵੋਟਾਂ ਪਾ ਕੇ ਪ੍ਰਧਾਨ ਮੰਤਰੀ ਦੀ ਚੋਣ ਹੁੰਦੀ ਹੈ। ਜਦੋਂ ਉਹ ਪ੍ਰਧਾਨ ਮੰਤਰੀ ਬਣ ਜਾਂਦਾ ਹੈ ਫਿਰ ਉਸ ਨੂੰ ਸਹੁੰ ਚੁਕਾਈ ਜਾਂਦੀ ਹੈ। ਪ੍ਰਧਾਨ ਮੰਤਰੀ ਸਾਰੀ ਦੁਨੀਆਂ ਦੇ ਸਾਹਮਣੇ ਹਿੰਦੁਸਤਾਨ ਕਾਨੂੰਨੀ ਧਾਰਾ ਅਨੁਸਾਰ ਦੇਸ਼ ਦਾ ਸੰਵਿਧਾਨ ਵਿੱਚ ਰਹਿਣ ਦੀ ਸਹੁੰ ਚੁੱਕਦਾ ਹੈ ਤੇ ਆਖਦਾ ਹੈ ਜੋ ਕਾਨੂੰਨ ਇਕ ਸਿਪਾਹੀ ਵਾਸਤੇ ਹੈ ਉਹੀ ਕਾਨੂੰਨ ਮੇਰੇ ਵਾਸਤੇ

ਹੈ। ਮੈਂ ਜੋ ਵੀ ਕਰਾਂਗਾ ਉਹ ਕਾਨੂੰਨ ਦੇ ਸੰਵਿਧਾਨ ਦੀ ਧਾਰਾ ਥੱਲੇ ਰਹਿ ਕੇ ਕਰਾਂਗਾ। ਮੈਂ ਦੇਸ਼ ਦੇ ਸੰਵਿਧਾਨ ਦੀ ਕਦੀ ਉਲੰਘਣਾ ਨਹੀਂ ਕਰਾਂਗਾ। ਅਗਰ ਦੇਸ਼ ਦੇ ਕਾਨੂੰਨ, ਸੰਵਿਧਾਨ ਦੀ ਮੈਂ ਉਲੰਘਣਾ ਕਰਾਂਗਾ ਤਾਂ ਜੋ ਸਜਾ ਇੱਕ ਸਿਪਾਹੀ ਵਾਸਤੇ ਹੈ ਉਹੀ ਮੇਰੇ ਵਾਸਤੇ ਹੈ। ਜੇ ਉਹ ਸਹੁੰ ਨਹੀਂ ਚੁੱਕਦਾ ਤਾਂ ਦੇਸ਼ ਦਾ ਪ੍ਰਧਾਨ ਮੰਤਰੀ ਨਹੀਂ ਬਣ ਸਕਦਾ।

ਇਥੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਵੀ ਇਸ ਬਚਨ ਨੂੰ ਦ੍ਰਿੜ ਕਰਵਾਇਆ ਹੈ। ਖਾਲਸਾ ਅਕਾਲ ਪੁਰਖ ਕੀ ਫੌਜ ਹੈ। ਉਸ ਫੌਜ ਦੇ ਵੀ ਕੁਝ ਕਾਨੂੰਨ ਹਨ। ਉਸਦਾ ਵੀ ਕੋਈ ਸੰਵਿਧਾਨ ਹੈ ਜੋ ਉਸ ਦਿਨ ਤੋਂ ਪਹਿਲੇ ਚਰਨ ਪਹੁਲ ਸਿੱਖਾਂ ਨੂੰ ਪਿਲਾਈ ਜਾਂਦੀ ਸੀ। ਉਸ ਚਰਨ ਪਾਹੁਲ ਦੀ ਮਰਿਯਾਦਾ ਬੰਦ ਕਰਕੇ ਖੰਡੇ ਦੀ ਪਾਹੁਲ ਅਰੰਭ ਕੀਤੀ ਗਈ। ਸਿੱਖ ਇਤਿਹਾਸ ਨੂੰ ਅਗਰ ਤੁਸੀਂ ਸਹੀ ਪੜ੍ਹਨਾ ਚਾਹੁੰਦੇ ਹੋ ਜਾਂ ਸਹੀ ਲਿਖਣ ਦੀ ਇੱਛਾ ਕਰਦੇ ਹੋ ਤਾਂ ਸਤਿਗੁਰੂ ਦੀ ਬਾਣੀ ਦੀ ਰੌਸ਼ਨੀ ਥੱਲੇ ਪੜ੍ਹੋ ਤੇ ਲਿਖੋ ਹਮੇਸ਼ਾ ਸਫਲ ਹੋਵੋਗੇ। ਇੱਥੇ ਜਿਸ ਤਰ੍ਹਾਂ ਕੋਈ ਵੈਦ ਜਾਂ ਡਾਕਟਰ ਕਿਸੇ ਦਵਾਈ ਦਾ ਫਾਰਮੂਲਾ (ਬਨਾਉਣ ਦਾ ਤਰੀਕਾ) ਵੱਡੇ ਡਾਕਟਰ ਤੋਂ ਸਿੱਖ ਕੇ ਆਵੇ ਫਿਰ ਦਵਾਈ ਤਿਆਰ ਕਰੇ ਪੂਰੀ ਦੁਆਈ ਤਿਆਰ ਕਰਕੇ ਮਰੀਜ਼ਾਂ ਨੂੰ ਛਕਾਵੇ ਤੇ ਫਿਰ ਉਸ ਦਵਾਈ ਦੀ ਉਸਤਤ ਕਰਦਾ ਕਰਦਾ ਸਾਰਿਆਂ ਦੇ ਸਾਹਮਣੇ ਇਕ ਪੁੜੀ ਆਪ ਖਾਕੇ ਮਰੀਜ਼ਾਂ ਨੂੰ ਦੱਸੇ ਕਿ ਮੇਰੀ ਤੰਦਰੁਸਤੀ ਦਾ ਰਾਜ ਵੀ ਇਹ ਹੈ।

ਗੁਰੂ ਜੀ ਨਿਰੰਕਾਰ ਦੇ ਘਰੋਂ ਅੰਮ੍ਰਿਤ ਦੀ ਦਾਤ ਦਾ ਫਾਰਮੂਲਾ ਲੈ ਕੇ ਸੰਸਾਰ ਵਿੱਚ ਆਏ ਤੇ ਆਪਣੇ ਪੁੱਤਰ ਖਾਲਸੇ ਦੀ ਝੋਲੀ ਵਿਚ ਇਹ ਅੰਮ੍ਰਿਤ ਹੀ ਨਹੀਂ ਪਾਇਆ, ਅੰਮ੍ਰਿਤ ਤਿਆਰ ਕਰਨ ਦਾ ਤਰੀਕਾ ਵੀ ਖਾਲਸੇ ਦੀ ਝੋਲੀ ਵਿਚ ਪਾਇਆ। ਅੰਮ੍ਰਿਤ ਦੀ ਹੋਰ ਮਹਾਨਤਾ ਕਰਨ ਵਾਸਤੇ ਪਾਤਸ਼ਾਹ ਨੇ ਆਪ ਵੀ ਛਕਿਆ।

ਕਈ ਵੀਰ ਕਹਿੰਦੇ ਹਨ ਜੀ! ਦਿਲ (ਮਨ) ਸਾਫ਼ ਹੋਣਾ

ਚਾਹੀਦਾ ਹੈ ਅੰਮ੍ਰਿਤ ਦੀ ਕੀ ਲੋੜ ਹੈ? ਫਿਰ ਪੁੱਛਣਾ ਪੈਂਦਾ ਹੈ ਕੀ ਤੁਹਾਡਾ ਦਿਲ (ਮਨ) ਗੁਰੂ ਗੋਬਿੰਦ ਸਿੰਘ ਜੀ ਨਾਲੋਂ ਵੱਧ ਸਾਫ ਹੈ। ਜੇ ਨਹੀਂ ਤਾਂ ਭਾਈ ਸਭ ਵਾਸਤੇ ਅੰਮ੍ਰਿਤ ਦੀ ਦਾਤ ਜ਼ਰੂਰੀ ਹੈ।

ਪਾਤਸ਼ਾਹ ਜੀ ਨੇ ਇਸ ਵਾਸਤੇ ਅੰਮ੍ਰਿਤ ਦੀ ਮੰਗ ਕੀਤੀ ਕਿਉਂਕਿ ਜਿਸ ਮਾਰਗ ਉੱਤੇ ਪਾਤਸ਼ਾਹ ਜੀ ਚਲ ਰਹੇ ਸਨ, ਤੁਸੀ ਵੀ ਉਸ ਮਾਰਗ ਤੇ ਚੱਲੋ ਜਿਸ ਤਰ੍ਹਾਂ ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪ ਅੱਗੇ ਚਲਕੇ ਸਿੱਖਾਂ ਨੂੰ ਸ਼ਹੀਦੀ ਦਾ ਮਾਰਗ ਦੱਸਿਆ। ਇਸੇ ਤਰ੍ਹਾਂ ਅੰਮ੍ਰਿਤ ਦੀ ਮਰਿਯਾਦਾ ਆਪ ਨੇ ਨਿਭਾਕੇ ਦਿਖਾਈ।

ਇੱਥੇ ਹੀ ਬਸ ਨਹੀਂ ਆਪਣੇ ਖ਼ਾਲਸੇ ਦੀ ਪਰਖ ਵੀ ਕੀਤੀ, ਦਾਦੂ ਦੀ ਕਬਰ ਅਗੇ ਤੀਰ ਝੁਕਾਇਆ ਤਾਂ ਖਾਲਸਾ ਆਪ ਦੀ ਪ੍ਰੀਖਿਆ ਵਿਚ ਸੌ 'ਚੋਂ ਸੌ ਨੰਬਰ ਲੈ ਕੇ ਪਾਸ ਹੋਇਆ। ਅੰਮ੍ਰਿਤ ਦੀ ਦਾਤ ਲੈਣ ਬਿਨਾਂ ਕੋਈ ਕੇਸ ਰੱਖੀ ਫਿਰੇ ਉਸ ਨੂੰ ਮੂਰਖ ਭੇਖੀ ਸਿੱਖ ਵੀ ਆਖਿਆ ਹੈ। ਤਾਂ ਹੀ ਪਾਤਸ਼ਾਹ ਨੇ ਅੰਮ੍ਰਿਤ ਦੀ ਮੰਗ ਕੀਤੀ ਹੈ ਕਿ ਇਹ ਅੰਮ੍ਰਿਤ ਹਰ ਵਸ਼ਰ ਵਾਸਤੇ ਜ਼ਰੂਰੀ ਹੈ।

ਭਾਈ ਡੱਲੇ ਚੌਧਰੀ ਨੇ ਗੁਰੂ ਗੋਬਿੰਦ ਸਿੰਘ ਜੀ ਅਤੇ ਨਾਲ ਸਿੰਘ ਦੀ ਫੌਜ ਨੂੰ ਆਪਣੇ ਘਰ ਰੱਖ ਕੇ ਬਹੁਤ ਭਾਰੀ ਸੇਵਾ ਕੀਤੀ ਸੀ। ਜਦੋਂ ਸੂਬਾ ਸਰਹੰਦ ਨੂੰ ਖ਼ਬਰ ਮਿਲੀ ਕਿ ਗੁਰੂ ਗੋਬਿੰਦ ਸਿੰਘ ਚੌਧਰੀ ਡੱਲੇ ਕੋਲ ਹਨ ਤਾਂ ਉਸਨੇ ਪਰਵਾਨਾ ਲਿਖ ਭੇਜਿਆ ਪ੍ਰੇਰਨਾ ਕੀਤੀ ਕਿ ਮੁਗ਼ਲ ਹਕੂਮਤ ਦੇ ਬਾਗੀ ਗੁਰੂ ਨੂੰ ਮੇਰੇ ਹਵਾਲੇ ਕਰ ਦੇ। ਔਰੰਗਜ਼ੇਬ ਪਾਸੋਂ ਇਨਾਮ ਦਵਾਉਣ ਦੇ ਵੀ ਲਾਲਚ ਦਿੱਤੇ। ਨਾਲੇ ਆਖਿਆ "ਮੈਂ ਤੇਰਾ ਘਰ ਧਨ ਨਾਲ ਭਰ ਦੇਵਾਂਗਾ।"

ਜਦੋਂ ਡੱਲਾ ਚੌਧਰੀ ਦੇ ਇਨਕਾਰੀ ਹੋਣ ਤੇ ਡਰਾਵੇ ਵੀ ਦਿੱਤੇ। ਪਰ ਚੌਧਰੀ ਡੱਲਾ ਨਾ ਲਾਲਚ ਵਿਚ ਆਇਆ, ਨਾ ਡਰਾਵਿਆਂ ਤੋਂ ਡਰਿਆ, ਆਪਣੇ ਵੱਲੋਂ ਪ੍ਰਵਾਨਾ ਲਿਖ ਭੇਜਿਆ, "ਗੁਰੂ ਦੀ ਸੇਵਾ ਖਾਤਰ ਧਨ-ਦੌਲਤ ਪਰਿਵਾਰ ਸਭ ਕੁਰਬਾਨ ਕਰ ਦੇਵਾਂਗਾ ਪਰ ਗੁਰੂ ਤੋਂ ਬੇਮੁੱਖ ਨਹੀਂ ਹੋਵਾਂਗਾ। ਬਾਕੀ ਤੇਰੀਆਂ ਗਿੱਦੜ

ਧਮਕੀਆਂ ਤੋਂ ਮੈਂ ਨਹੀਂ ਡਰਦਾ, ਖਿਆਲ ਕਰਕੇ ਇੱਧਰ ਨੂੰ ਮੂੰਹ ਕਰਕੇ ਜੇ ਤੂੰ ਮੁੜ ਹਮਲਾ ਕਰਨ ਦੀ ਮੂਰਖਤਾ ਕੀਤੀ ਤਾਂ ਐਂਤਕੀ ਗੁਰੂ ਜੀ ਮੇਰੇ ਨਾਲ ਹਨ ਅੱਗੇ ਨਾਲੋਂ ਵੀ ਵਧੀਕ ਦੁਰਗਤੀ ਕਰਾਂਗਾ। ਇਸ ਪਾਣੀ ਹੀਣ ਧਰਤੀ ਤੋਂ ਬਚ ਕੇ ਜਾਣਾ ਤੇਰੇ ਲਈ ਸੌਖੀ ਖੇਡ ਨਹੀਂ ਹੋਵੇਗੀ।"

ਭਾਈ ਡੱਲੇ ਚੌਧਰੀ ਨੇ ਪੂਰੇ ਸਿਦਕ ਨਾਲ ਗੁਰੂ ਦੀ ਸੇਵਾ ਕੀਤੀ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਜਦੋਂ ਇਸ ਕੋਲੋਂ ਅੱਗੇ ਚਾਲੇ ਪਾਣੇ ਸਨ ਤਾਂ ਪਾਤਸ਼ਾਹ ਨੇ ਡੱਲੇ ਨੂੰ ਬੁਲਾਇਆ ਤੇ ਕਿਹਾ ਭਾਈ ਡੱਲਿਆ ਤੂੰ ਸਿਦਕ ਨਾਲ ਸੇਵਾ ਕੀਤੀ ਹੈ। ਗੁਰੂ ਨਾਨਕ ਤੇਰੇ ਤੇ ਤੁੱਠੇ ਹਨ ਜੋ ਮੰਗਣਾ ਚਾਹੁੰਦਾ ਹੈ ਉਹ ਮੰਗ ਲੈ। ਭਾਈ ਡੱਲੇ ਨੇ ਹੱਥ ਜੋੜਕੇ ਬੇਨਤੀ ਕੀਤੀ ਪਾਤਸ਼ਾਹ ਇਸ ਲੋਕ ਦੇ ਸੁੱਖ ਤਾਂ ਆਪ ਦੀ ਕਿਰਪਾ ਨਾਲ ਸਭ ਹਨ। ਜਦੋਂ ਪਰਲੋਕ ਵਿੱਚ ਆਈਏ ਤਾਂ ਆਪਣੇ ਚਰਨਾਂ ਵਿਚ ਥਾਂ ਦੇਣੀ। ਚਾਹੇ ਪੀਹੜੀ ਜਿੰਨੀ ਦੇ ਦੇਣੀ ਜੀ।

ਗੁਰੂ ਗੋਬਿੰਦ ਸਿੰਘ ਜੀ ਕਹਿਣ ਲੱਗੇ, "ਭਾਈ ਡੱਲਿਆ! ਦੁਨੀਆਂ ਦੇ ਸੁੱਖ ਚਾਹੁੰਦਾ ਹੈ ਤਾਂ ਮਿਲ ਸਕਦੇ ਹਨ ਪਰ ਸਾਡੇ ਸਵਰਗ ਧਾਮ ਵਿੱਚ (ਸਾਡੇ ਚਰਨਾਂ ਵਿਚ) ਪੀਹੜੀ ਤਾਂ ਬਹੁਤ ਵੱਡੀ ਹੈ ਸੂਈ ਦੇ ਨੱਕੇ ਜਿੰਨੀ ਵੀ ਥਾਂ ਨਹੀਂ ਮਿਲ ਸਕਦੀ।" ਡੱਲੇ ਨੇ ਹੱਥ ਜੋੜੇ ਤੇ ਬੇਨਤੀ ਕੀਤੀ, "ਪਾਤਸ਼ਾਹ ਇਹ ਕਿਉਂ?"

ਗੁਰੂ ਜੀ ਕਹਿਣ ਲੱਗੇ, "ਸਾਡੇ ਕੋਲ ਤਾਂ ਕੇਵਲ ਅੰਮ੍ਰਿਤਧਾਰੀ ਵਾਸਤੇ ਥਾਂ ਹੈ ਬਾਕੀ ਕਿਸੇ ਵਾਸਤੇ ਨਹੀਂ।" ਭਾਈ ਡੱਲੇ ਚੌਧਰੀ ਨੇ ਪਰਿਵਾਰ ਸਮੇਤ ਅੰਮ੍ਰਿਤਪਾਨ ਕੀਤਾ।

ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਪ੍ਰਸੰਨ ਹੋਕੇ ਕਹਿਣ ਲੱਗੇ, "ਭਾਈ ਡੱਲਾ ਸਿੰਘ ਜੀ, ਹੁਣ ਤੇਰੇ ਵਾਸਤੇ ਸਾਡੇ ਦਿਲ ਵਿਚ ਵੀ ਥਾਂ ਹੈ ਤੇ ਪੀਹੜੀ ਨੂੰ ਛੱਡ ਭਾਵੇਂ ਪਲੰਗ ਲਗਾ ਕੇ ਬੈਠ ਜਾਵੀਂ।"

ਇਹ ਸਭ ਕੁਝ ਅੰਮ੍ਰਿਤ ਦੀ ਮਹਾਨਤਾ ਵਾਸਤੇ ਕੀਤਾ ਹੈ, ਜੇ ਗੁਰੂ ਜੀ ਨੇ ਆਪ ਅੰਮ੍ਰਿਤ ਨਾ ਛਕਿਆ ਹੁੰਦਾ ਤਾਂ ਇਤਨਾ

ਸਤਿਕਾਰ ਕਰਨ ਵਿਚ ਕਈ ਰੁਕਾਵਟਾਂ ਆਉਣੀਆਂ ਸਨ। ਇਸ ਵਾਸਤੇ ਅੰਮ੍ਰਿਤ ਦੀ ਦਾਤ ਆਪ ਮੰਗੀ ਕਿ ਇਹ ਅੰਮ੍ਰਿਤ ਸਭ ਵਾਸਤੇ ਜ਼ਰੂਰੀ ਹੈ।

ਇਹ ਸਭ ਕੁਝ ਅੰਮ੍ਰਿਤ ਦੀ ਮਹਾਨਤਾ ਵਾਸਤੇ ਕੀਤਾ ਹੈ ਜੇ ਗੁਰੂ ਜੀ ਨੇ ਆਪ ਅੰਮ੍ਰਿਤ ਨਾ ਛਕਿਆ ਹੁੰਦਾ ਤਾਂ ਇਤਨਾ ਸਤਿਕਾਰ ਕਰਨ ਵਿਚ ਕਈ ਰੁਕਾਵਟਾਂ ਆਉਣੀਆਂ ਸਨ। ਇਸ ਵਾਸਤੇ ਅੰਮ੍ਰਿਤ ਦੀ ਦਾਤ ਆਪ ਮੰਗੀ ਕਿ ਇਹ ਅੰਮ੍ਰਿਤ ਸਭ ਵਾਸਤੇ ਜ਼ਰੂਰੀ ਹੈ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

ਬਾਣੀ ਸ੍ਰੀ ਅਨੰਦ ਸਾਹਿਬ ਦਾ ਇਤਿਹਾਸ ਕੀ ਹੈ?

ਭਾਈ ਸਾਹਿਬ ਸਿੰਘ ਜੀ ਜਿਨ੍ਹਾਂ ਦੇ ਹਿਸੇ ਪੰਜ ਬਾਣੀਆਂ 'ਚੋਂ ਪੰਜਵੀਂ ਬਾਣੀ ਸ੍ਰੀ ਅਨੰਦ ਸਾਹਿਬ ਆਈ ਹੈ। ਜਿਸ ਬਾਣੀ ਦੇ ਉੱਚਾਰਣ ਕਰਤਾ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਹਨ। ਜਿਨ੍ਹਾਂ ਬਾਰੇ ਗੁਰ-ਇਤਿਹਾਸ[1] ਇਸ ਤਰ੍ਹਾਂ ਲਿਖਦਾ ਹੈ।

ਸ੍ਰੀ ਗੁਰੂ ਅਮਰਦਾਸ ਜੀ ਦੇ ਸਪੁੱਤਰ ਬਾਬਾ ਮੋਹਰੀ ਜੀ ਜੋ ਬਹੁਤ ਲਾਇਕ ਤੇ ਸਤਿ-ਬਚਨ ਦੇ ਅਧਿਕਾਰੀ ਸਨ। ਐਸੇ ਮਹਾਨ ਪੁਰਸ਼ ਦੇ ਘਰ ਪੁੱਤਰ ਨੇ ਜਨਮ ਲਿਆ। ਇਹ ਬਾਲਕ ਕਈ ਜਨਮਾਂ ਦੀ ਤਪਸਿਆ ਕਰਕੇ ਸੰਸਾਰ ਵਿੱਚ ਆਇਆ ਸੀ। ਨਗਰ ਬਾਸਰਕੇ ਵਿਚ ਭਾਰੀ ਖੁਸ਼ੀਆਂ ਮਨਾਇਆਂ ਗਈਆਂ। ਬਾਲਕ ਦੇ ਦਾਦਾ ਸ੍ਰੀ ਗੁਰੂ ਅਮਰਦਾਸ ਜੀ ਨੇ ਇਸ ਬਾਲਕ ਦਾ ਨਾਮ ਬਾਬਾ ਅਨੰਦ ਜੀ ਰੱਖਣਾ ਕੀਤਾ। ਫਿਰ ਆਪ ਜੀ ਨੇ ਅਤੀ ਪ੍ਰਸੰਨਤਾ ਦੇ ਘਰ ਵਿਚ ਆਕੇ ਪਾਵਨ-ਬਾਣੀ ਸ੍ਰੀ ਅਨੰਦ ਸਾਹਿਬ ਦਾ ਉਚਾਰਨ ਕੀਤਾ। ਇਸ ਬਾਲਕ ਭਾਈ ਅਨੰਦ ਜੀ ਦਾ ਜਨਮ 9 ਭਾਦਰੋਂ ਸਾਵਣ ਸੁਦੀ ਪੂਰਨਮਾਸ਼ੀ ਸੰਮਤ 1611 ਵਿਚ ਨਗਰ ਬਾਸਰਕੇ ਵਿਚ ਹੋਇਆ।

ਪਾਵਨ ਬਾਣੀ ਸ੍ਰੀ ਅਨੰਦ ਸਾਹਿਬ ਦੀ ਨੂੰ ਗੁਰੂ ਜੀ ਨੇ ਇਤਨਾ ਸਤਿਕਾਰ ਦਿੱਤਾ ਕਿ ਹਰ ਵੇਲੇ ਦੀਵਾਨ ਦੀ ਸਮਾਪਤੀ ਤੇ ਇਸ ਬਾਣੀ ਦਾ ਪਾਠ ਜਾਂ ਕੀਰਤਨ ਕਰਕੇ ਹੀ ਸਮਾਪਤੀ ਕੀਤੀ ਜਾਂਦੀ ਹੈ। ਜਿਸ ਸਮੇਂ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗ੍ਰਿਹ ਵਿਖੇ ਤੇ ਮਾਤਾ ਗੰਗਾ ਜੀ ਦੀ ਕੁੱਖੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਹੋਇਆ ਤਾਂ ਪਾਵਨ ਬਾਣੀ ਅਨੰਦ ਦੀ ਗਾਈ ਗਈ ਤਾਂ ਗੁਰੂ ਅਰਜਨ ਦੇਵ ਜੀ ਨੇ ਬਚਨ ਕੀਤਾ।

ਗੁਰੁ ਬਾਣੀ ਸਖੀ ਅਨੰਦ ਗਾਵੈ॥ ਆਸਾ ਮਹਲਾ ੫

1. ਭਾਈ ਕਾਨ੍ਹ ਸਿੰਘ ਜੀ ਨਾਭਾ, ਮਹਾਨ ਕੋਸ਼, ਪੇਜ ਨੰਬਰ 64 ਤੇ ਇਸ ਦਾ ਜ਼ਿਕਰ ਮਿਲਦਾ ਹੈ।

ਭਾਵ ਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਹੀ ਇਹ ਬਾਣੀ ਨੂੰ ਖੁਸ਼ੀ ਗਮੀ ਹਰ ਵੇਲੇ ਗਾਉਣ ਦਾ ਹੁਕਮ ਮਿਲਿਆ ਸੀ।

ਜਿਸ ਤਰ੍ਹਾਂ ਵੱਡੇ ਸਤਿਗੁਰੂ ਜੀ ਨੇ ਪੂਰਨ ਸਤਿਕਾਰ ਕੀਤਾ ਬਾਣੀ ਦਾ ਫਿਰ ਦਸ਼ਮੇਸ਼ ਪਿਤਾ ਜੀ ਨੇ ਖਾਲਸਾ ਪੰਥ ਸਾਜਨਾ ਸਮੇਂ, ਪੰਜਵੀਂ ਬਾਣੀ ਸ੍ਰੀ ਅਨੰਦ ਸਾਹਿਬ ਨੂੰ ਸਤਿਕਾਰ ਦੇ ਕੇ ਪੰਥ ਦੀ ਝੋਲੀ ਵਿਚ ਜਿਥੇ ਚਾਰ ਬਾਣੀਆਂ ਪ੍ਰਵਾਨ ਹੋਈਆਂ ਸਨ ਉਥੇ ਪੰਜਵੀਂ ਬਾਣੀ ਅਨੰਦ ਸਾਹਿਬ ਦੀ ਖਾਲਸਾ ਪੰਥ ਦੀ ਝੋਲੀ ਵਿਚ ਪਾਈ।

ਜੋ ਵੀ ਗੁਰੂ ਕਾ ਖਾਲਸਾ ਇਸ ਬਾਣੀ ਦਾ ਜਾਪ ਸਿਮਰਨ ਕਰੇਗਾ, ਉਸਦੇ ਜੀਵਨ ਵਿਚ ਅਨੰਦ ਹੀ ਅਨੰਦ ਆ ਜਾਵੇਗਾ। ਆਵੋ ਹੁਣ ਇਹ

ਮਿਟਿਆ ਸੋਗ ਮਹਾ ਅਨੰਦ ਥੀਆ॥ ਆਸਾ ਮ: ੫

ਬਾਣੀ ਨੂੰ ਅਰਥਾਂ ਸਮੇਤ ਪੜ੍ਹਨਾ ਕਰੀਏ ਤਾਕਿ ਸਤਿਗੁਰੂ ਜੀ ਨਾਲ ਬਚਨ ਹੋਣ ਜੀ।

ਨੋਟ: ਇਹ ਪਾਵਨ ਬਾਣੀ ਦੇ ਟੀਕਾਕਾਰ ਗਿਆਨੀ ਹਰਬੰਸ ਸਿੰਘ ਪਟਿਆਲਾ ਹਨ। ਡਾ. ਕੰਵਲਜੀਤ ਸਿੰਘ ਤੇ ਸ. ਜਸਵੀਰ ਸਿੰਘ ਰਾਹੀਂ ਪ੍ਰਵਾਨਗੀ ਮਿਲੀ।

ਰਾਮਕਲੀ ਮਹਲਾ ੩ ਅਨੰਦੁ

ੴ ਸਤਿਗੁਰ ਪ੍ਰਸਾਦਿ ॥

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥
ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ॥
ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ॥
ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ॥
ਕਹੈ ਨਾਨਕੁ ਅਨੰਦੁ ਹੋਆ ਸਤਿਗੁਰੂ ਮੈ ਪਾਇਆ॥੧॥
ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ॥
ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ॥
ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ॥
ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ॥
ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ॥੨॥
ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ॥
ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ॥
ਸਦਾ ਸਿਫਤਿ ਸਲਾਹ ਤੇਰੀ ਨਾਮੁ ਮਨਿ ਵਸਾਵਏ॥
ਨਾਮੁ ਜਿਨ ਕੈ ਮਨਿ ਵਸਿਆ ਵਾਜੇ ਸਬਦ ਘਨੇਰੇ॥
ਕਹੈ ਨਾਨਕੁ ਸਚੇ ਸਾਹਿਬ ਕਿਆ ਨਾਹੀ ਘਰਿ ਤੇਰੈ॥੩॥
ਸਾਚਾ ਨਾਮੁ ਮੇਰਾ ਆਧਾਰੋ॥
ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ॥
ਕਰਿ ਸਾਂਤਿ ਸੁਖ ਮਨਿ ਆਇ ਵਸਿਆ ਜਿਨਿ ਇਛਾ ਸਭਿ ਪੁਜਾਈਆ॥ ਸਦਾ ਕੁਰਬਾਣੁ ਕੀਤਾ ਗੁਰੂ ਵਿਟਹੁ ਜਿਸ ਦੀਆ ਏਹਿ ਵਡਿਆਈਆ॥
ਕਹੈ ਨਾਨਕੁ ਸੁਣਹੁ ਸੰਤਹੁ ਸਬਦਿ ਧਰਹੁ ਪਿਆਰੋ॥
ਸਾਚਾ ਨਾਮੁ ਮੇਰਾ ਆਧਾਰੋ॥੪॥

ਬਿੰਦੀ ਸਹਿਤ : ਮੈਂ, ਵਜੀਆਂ, ਵਾਧਾਈਆਂ, ਪਰੀਆਂ, ਆਈਆਂ, ਜਿਨ੍ਹੀਂ, ਗੱਲਾਂ, ਨਾਹੀਂ, ਕਿਉਂ, ਮਨਹੁੰ, ਵਿਸਾਰੇਂ, ਨਾਹੀਂ, ਭੁੱਖਾਂ, ਗਵਾਈਆਂ, ਇੱਛਾਂ, ਪੁਜਾਈਆਂ, ਵਿਟਹੁੰ, ਦੀਆਂ, ਵਡਿਆਈਆਂ।

ਰਾਮਕਲੀ ਰਾਗ ਦਾ ਨਾਉਂ ਹੈ। 'ਮਹਲਾ ੩' ਇਸ ਬਾਣੀ ਦੇ ਰਚਨਹਾਰ ਸ੍ਰੀ ਗੁਰੂ ਅਮਰਦਾਸ ਜੀ ਦਾ ਲਖਾਇਕ ਹੈ। 'ਅਨੰਦੁ' ਇਸ ਬਾਣੀ ਦਾ ਨਾਉਂ ਹੈ।

ਏਕ ਓਅੰਕਾਰ (ਇਕ ਰਸ ਵਿਆਪਕ ਪਰਮਾਤਮਾ ਦਾ ਮਿਲਾਪ), ਸੱਚੇ ਗੁਰੂ ਦੀ ਕਿਰਪਾ ਦੁਆਰਾ ਹੁੰਦਾ ਹੈ।

ਹੇ ਮੇਰੀ ਮਾਂ! (ਮੇਰੇ ਹਿਰਦੇ ਅੰਦਰ) ਆਤਮਿਕ-ਖੇੜਾ ਆ ਗਿਆ ਹੈ (ਕਿਉਂਕਿ) ਮੈਂ ਸਤਿਗੁਰੂ ਨੂੰ ਪਾ ਲਿਆ ਹੈ। (ਮੈਂ) ਤਾਂ ਸਤਿਗੁਰੂ ਨੂੰ (ਹਠ ਕਰਮਾਂ ਤੋਂ ਰਹਿਤ) ਗਿਆਨ ਨਾਲ ਸੁਤੇ ਸਹਜ ਹੀ ਪਾਇਆ ਹੈ (ਜਿਸ ਕਰਕੇ ਮੇਰੇ) ਮਨ ਵਿੱਚ ਖੁਸ਼ੀਆਂ ਪ੍ਰਗਟ ਹੋ ਗਈਆਂ ਹਨ। (ਇਹਨਾਂ ਖੁਸ਼ੀਆਂ ਵਿੱਚ ਸ਼ਾਮਲ ਹੋ ਲਈ) ਅਮੋਲਕ ਰਾਗ, (ਕੀਰਤਨ) ਗਾਉਣ ਆਈਆਂ ਹਨ। (ਹੇ ਰਾਗੀਓ!) ਹਰੀ ਦਾ ਸ਼ਬਦ (ਕੀਰਤਨ) ਗਾਉ (ਪਰ ਉਨ੍ਹਾਂ ਨਾਲ ਮਿਲ ਕੇ ਗਾਉ) ਜਿਨ੍ਹਾਂ ਨੇ (ਹਰੀ ਨੂੰ ਆਪਣੇ) ਮਨ ਵਿੱਚ ਵਸਾਇਆ ਹੈ। ਨਾਨਕ ਆਖਦਾ ਹੈ ਕਿ (ਹੁਣ ਮੈਨੂੰ) ਆਤਮਿਕ-ਖੇੜਾ ਪ੍ਰਾਪਤ ਹੋ ਗਿਆ ਹੈ (ਕਿਉਂਕਿ) ਮੈਂ ਸਤਿਗੁਰੂ ਨੂੰ ਪਾ ਲਿਆ ਹੈ।੧।

ਹੇ ਮੇਰੇ ਮਨ! ਤੂੰ ਹਮੇਸ਼ਾਂ ਹੀ ਹਰੀ ਦੇ ਨਾਲ ਹੀ ਰਹੁ (ਭਾਵ ਉਸ ਹਰੀ ਦੀ ਹਜ਼ੂਰੀ ਵਿੱਚ) ਰਹਿਆ ਕਰ (ਨਾਮ ਸਿਮਰਨ ਵਿੱਚ ਜੁੜਿਆ ਰਹੁ)। ਹੇ ਮੇਰੇ ਮਨ! ਤੂੰ ਹਰੀ ਨਾਲ (ਜੁੜਿਆ) ਰਹੁ, (ਉਹ ਹਰੀ) ਸਾਰੇ ਦੁੱਖਾਂ ਨੂੰ (ਵਿਸਾਰਣ ਭਾਵ) ਦੂਰ ਕਰਨ ਵਾਲਾ ਹੈ। ਉਹ (ਹਰੀ) ਤੇਰਾ ਪੱਖ (ਭਾਵ ਸਹਾਇਤਾ) ਕਰਨ ਵਾਲਾ (ਅਤੇ) ਸਾਰੇ ਕੰਮਾਂ ਨੂੰ ਸਵਾਰਨ ਵਾਲਾ ਹੈ। (ਜਿਹੜਾ) ਸੁਆਮੀ ਸਾਰੀਆਂ ਗੱਲਾਂ (ਭਾਵ ਸਭ ਕੁਝ) ਕਰਨ ਦੇ ਸਮਰਥ ਹੈ, (ਤੂੰ) ਉਸ ਨੂੰ (ਆਪਣੇ) ਮਨ ਤੋਂ ਕਿਉਂ ਵਿਸਾਰ ਰਿਹਾ ਹੈਂ? ਨਾਨਕ ਆਖਦਾ ਹੈ-ਹੇ ਮੇਰੇ ਮਨ! (ਤੂੰ ਨਾਮ-ਸਿਮਰਨ ਦੁਆਰਾ) ਸਦਾ ਹਰੀ ਨਾਲ (ਜੁੜਿਆ) ਰਹੁ।੨।

ਹੇ ਸੱਚੇ ਮਾਲਕਾ! ਤੇਰੇ ਘਰ ਵਿੱਚ ਕਿਹੜੀ (ਵਸਤੂ ਭਾਵ ਦਾਤਿ ਅਤੇ ਕਰਾਮਾਤ) ਨਹੀਂ ਹੈ? ਤੇਰੇ ਘਰ ਵਿਚ ਤਾਂ ਹਰੇਕ (ਵਸਤੂ) ਹੈ (ਪਰ) ਜਿਸ ਨੂੰ (ਤੂੰ ਕੋਈ ਦਾਤਿ) ਦੇਂਦਾ ਹੈਂ, ਉਹ (ਉਸਨੂੰ) ਪ੍ਰਾਪਤ ਕਰਦਾ ਹੈ।(ਉਹੀ ਜੀਵ) ਸਦੀਵ-ਕਾਲ ਤੇਰੀ ਸਿਫਤ ਸ਼ਲਾਘਾ (ਵਿੱਚ ਜੁੜਿਆ ਰਹਿੰਦਾ ਹੈ, ਤੇਰੇ) ਨਾਮ ਨੂੰ (ਆਪਣੇ) ਮਨ ਵਿੱਚ ਵਸਾਂਦਾ ਹੈ। ਜਿਨ੍ਹਾਂ ਦੇ ਮਨ ਵਿਚ (ਤੇਰਾ ਪਵਿੱਤਰ) ਨਾਮ ਵਸ ਗਿਆ (ਉਨ੍ਹਾਂ ਦੇ ਹਿਰਦੇ ਰੂਪੀ) ਘਰ ਵਿੱਚ (ਆਤਮਿਕ ਸ਼ਬਦ ਦੇ) ਬਹੁਤ (ਵਾਜੇ) ਵਜ ਰਹੇ ਹਨ। ਨਾਨਕ ਆਖਦਾ ਹੈ ਕਿ ਹੇ ਸੱਚੇ ਮਾਲਕ! ਤੇਰੇ ਘਰ ਵਿਚ ਕਿਹੜੀ (ਵਸਤੂ) ਨਹੀਂ? (ਭਾਵ ਸਭ ਕੁਝ ਹੈ)।੩।

(ਹੇ ਗੁਰੂ ਪਿਆਰਿਓ! ਪਰਮੇਸ਼ਰ ਦਾ) ਸੱਚਾ ਨਾਮ ਮੇਰਾ ਜੀਵਨ-ਆਸਰਾ ਹੈ। ਸੱਚਾ ਨਾਮ ਮੇਰਾ (ਜੀਵਨ) ਆਸਰਾ ਹੈ ਜਿਸ ਨੇ (ਮੇਰੇ ਮਨ ਤਨ) ਦੀਆਂ (ਸਭ) ਭੁੱਖਾਂ ਦੂਰ ਕਰ ਦਿੱਤੀਆਂ ਹਨ। ਜਿਸ (ਨਾਮ) ਨੇ (ਮਾਨਸਿਕ) ਸ਼ਾਂਤੀ ਅਤੇ (ਆਤਮਿਕ) ਸੁਖ (ਪੈਦਾ) ਕਰਕੇ ਮੇਰੀਆਂ ਸਮੂਹ ਇਛਾਵਾਂ ਪੂਰਨ ਕਰ ਦਿੱਤੀਆਂ ਹਨ (ਉਹ ਨਾਮ ਮੇਰੇ) ਮਨ ਵਿਚ ਆ ਕੇ ਵੱਸ ਗਿਆ ਹੈ। ਜਿਸ (ਗੁਰੂ) ਦੀਆਂ ਇਤਨੀਆਂ (ਵੱਡੀਆਂ) ਵਡਿਆਈਆਂ ਹਨ, (ਮੈਂ ਉਸ) ਗੁਰੂ ਤੋਂ ਸਦਾ ਲਈ (ਆਪਣਾ ਆਪ) ਨਿਛਾਵਰ ਕਰ ਦਿੱਤਾ ਹੈ। ਨਾਨਕ ਆਖਦਾ ਹੈ ਕਿ ਹੇ ਸੰਤਹੁ! (ਸਤਿਸੰਗੀ ਜਨੋ! ਸੁਣੋ (ਤੁਸੀਂ) ਸੱਚੇ ਸ਼ਬਦ ਨਾਲ ਪਿਆਰ ਕਰੋ। (ਹੇ ਗੁਰੂ ਪਿਆਰਿਓ! ਸਹੀ ਅਰਥਾਂ ਵਿੱਚ) ਸੱਚਾ ਨਾਮ ਹੀ ਮੇਰਾ ਜੀਵਨ-ਆਸਰਾ ਹੈ।੪।

ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ॥
ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ॥
ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ॥
ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ॥
ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ॥੫॥
ਸਾਚੀ ਲਿਵੈ ਬਿਨੁ ਦੇਹ ਨਿਮਾਣੀ॥
ਦੇਹ ਨਿਮਾਣੀ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ॥
ਤੁਧੁ ਬਾਝੁ ਸਮਰਥ ਕੋਇ ਨਾਹੀ ਕ੍ਰਿਪਾ ਕਰਿ ਬਨਵਾਰੀਆ॥
ਏਸ ਨਉ ਹੋਰੁ ਥਾਉ ਨਾਹੀ ਸਬਦਿ ਲਾਗਿ ਸਵਾਰੀਆ॥
ਕਹੈ ਨਾਨਕੁ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ॥੬॥
ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ॥
ਜਾਣਿਆ ਆਨੰਦੁ ਸਦਾ ਗੁਰ ਤੇ ਕ੍ਰਿਪਾ ਕਰੇ ਪਿਆਰਿਆ॥
ਕਰਿ ਕਿਰਪਾ ਕਿਲਵਿਖ ਕਟੇ ਗਿਆਨ ਅੰਜਨੁ ਸਾਰਿਆ॥
ਅੰਦਰਹੁ ਜਿਨ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ॥
ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ॥੭॥
ਬਾਬਾ ਜਿਸੁ ਤੂ ਦੇਹਿ ਸੋਈ ਜਨੁ ਪਾਵੈ॥
ਪਾਵੈ ਤ ਸੋ ਜਨੁ ਦੇਹਿ ਜਿਸ ਨੋ ਹੋਰਿ ਕਿਆ ਕਰਹਿ ਵੇਚਾਰਿਆ॥
ਇਕਿ ਭਰਮਿ ਭੂਲੇ ਫਿਰਹਿ ਦਹ ਦਿਸਿ ਇਕਿ ਨਾਮਿ ਲਾਗਿ ਸਵਾਰਿਆ॥
ਗੁਰ ਪਰਸਾਦੀ ਮਨੁ ਭਇਆ ਨਿਰਮਲੁ ਜਿਨਾ ਭਾਣਾ ਭਾਵਏ॥
ਕਹੈ ਨਾਨਕੁ ਜਿਸੁ ਦੇਹਿ ਪਿਆਰੇ ਸੋਈ ਜਨੁ ਪਾਵਏ॥੮॥

ਬਿੰਦੀ ਸਹਿਤ : ਤਹਂ, ਨਾਹੀਂ, ਨਉਂ, ਥਾਉਂ, ਨਾਹੀਂ, ਬਾਝਹੁਂ, ਅੰਦਰਹੁਂ, ਦੇਂਹਿ, ਕਰਹਿਂ, ਫਿਰਹਿਂ, ਦੇਹਿਂ।

(ਹੇ ਸਾਹਿਬ ਜੀ! ਤੇਰੇ) ਪੰਚ (ਪ੍ਰਕਾਰ ਦੇ) ਸ਼ਬਦ ਉਸ ਭਾਗਾਂ ਵਾਲੇ ਹਿਰਦੇ ਵਿੱਚ ਵੱਜੇ ਹਨ, (ਕੇਵਲ) ਉਸ ਭਾਗਾਂ ਵਾਲੇ ਹਿਰਦੇ ਵਿਚ ਹੀ ਵਜੇ ਹਨ ਜਿਸ ਦੇ (ਹਿਰਦੇ ਰੂਪੀ) ਘਰ ਵਿੱਚ (ਤੁਸਾਂ ਆਪਣੀ ਨਾਮ) ਸ਼ਕਤੀ ਟਿਕਾਅ ਕੇ ਰਖੀ ਹੈ। (ਹੇ ਸਾਹਿਬ ਜੀਓ! ਤੁਸਾਂ ਉਸ ਮਨੁੱਖ ਦੇ ਅੰਦਰੋਂ) ਪੰਚ ਦੂਤ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਵਸ ਵਿੱਚ ਕਰ ਦਿੱਤੇ ਅਤੇ ਕੰਡੇ ਵਾਂਗ ਚੁਭਣ ਵਾਲਾ ਦੁਖਦਾਈ ਕਾਲ ਵੀ ਮਾਰ ਦਿੱਤਾ। ਹੇ ਦਾਤਾ ਜੀਓ!) ਤੁਸਾਂ ਧੁਰ ਤੋਂ ਜਿਨ੍ਹਾਂ (ਜਗਿਆਸੂਆਂ) ਦੇ ਭਾਗਾਂ ਵਿੱਚ (ਨਾਮ) ਪਾ ਦਿੱਤਾ, ਉਹੀ (ਜੀਵ, ਆਪ) ਹਰੀ ਦੇ ਨਾਮ ਵਿੱਚ ਲੱਗ ਗਏ (ਭਾਵ ਲੀਨ ਹੋ ਗਏ)। ਨਾਨਕ ਆਖਦਾ ਹੈ ਕਿ ਉਥੇ ਹੀ (ਅਮਰ) ਸੁੱਖ ਹੋਇਆ ਹੈ (ਅਤੇ) ਉਸ (ਹਿਰਦੇ ਰੂਪੀ) ਘਰ ਵਿਚ ਹੀ ਇਕ ਰਸ ਵਜਣ ਵਾਲੇ (ਅਨਹਦ ਸ਼ਬਦ ਦੇ ਵਾਜੇ) ਵਜੇ ਹਨ।੫।

(ਹੇ ਪ੍ਰਭੂ! ਆਪ ਜੀ ਦੀ ਬਖ਼ਸ਼ੀ ਹੋਈ) ਸੱਚੀ ਲਿਵਲੀਨਤਾ ਤੋਂ ਬਿਨਾਂ (ਇਹ) ਦੇਹ (ਕਾਂਇਆ) ਨਿਮਾਣੀ ਹੈ। ਲਿਵਲੀਨਤਾ ਤੋਂ ਬਿਨਾਂ, ਦੇਹੀ ਨਿਮਾਣੀ ਹੈ, (ਇਹ) ਵਿਚਾਰੀ (ਆਪਣੇ ਆਪ) ਕੀ ਕਰੇ? (ਭਾਵ ਕੁਝ ਨਹੀਂ ਕਰ ਸਕਦੀ)। (ਹੇ ਦਾਤਾ!) ਤੇਰੇ ਬਿਨਾਂ ਇਸ ਦੇਹੀ ਨੂੰ (ਮਾਣ ਦੇਣ ਵਾਲਾ) ਕੋਈ ਸਮਰਥ ਪੁਰਖ ਨਹੀਂ ਹੈ, (ਇਸ ਲਈ) ਹੇ (ਸੰਸਾਰ ਰੂਪੀ) ਬਨ ਦੇ ਮਾਲਕ! (ਇਸ ਉਤੇ) ਆਪਣੀ ਕਿਰਪਾ ਕਰ। ਇਸ (ਦੇਹੀ) ਨੂੰ (ਤੇਰੇ ਬਿਨਾਂ) ਹੋਰ (ਕੋਈ) ਥਾਂ (ਟਿਕਾਣਾ) ਨਹੀਂ, (ਇਹ ਤਾਂ ਕੇਵਲ) ਸ਼ਬਦ ਨਾਲ ਲਗ ਕੇ ਸਵਾਰੀ ਜਾ ਸਕਦੀ ਹੈ। ਨਾਨਕ ਆਖਦਾ ਹੈ-(ਹੇ ਪ੍ਰਭੂ! ਤੇਰੀ) ਸੱਚੀ ਲਿਵਲੀਨਤਾ ਤੋਂ ਬਿਨਾਂ (ਇਹ ਦੇਹੀ) ਵਿਚਾਰੀ ਕੀ ਕਰੇ? (ਭਾਵ ਕੁਝ ਨਹੀਂ ਕਰ ਸਕਦੀ)।੬।

(ਹੇ ਪਿਆਰਿਓ!) ਹਰੇਕ (ਜੀਵ ਮੂੰਹ ਜ਼ਬਾਨੀ) ਅਨੰਦੁ, ਅਨੰਦੁ ਕਹਿੰਦਾ ਹੈ (ਪਰ ਸੱਚਾ) ਅਨੰਦੁ ਗੁਰੂ ਪਾਸੋਂ ਹੀ ਸਮਝਿਆ ਜਾ ਸਕਦਾ ਹੈ। ਹੇ ਪਿਆਰਿਆ! (ਜਿਨ੍ਹਾਂ ਉਤੇ ਗੁਰੂ ਨੇ ਆਪਣੀ) ਕਿਰਪਾ ਕਰ ਦਿਤੀ ਹੋਵੇ (ਉਨ੍ਹਾਂ ਸਿੱਖਾਂ ਨੇ ਹੀ) ਗੁਰੂ ਪਾਸੋਂ ਸਦੀਵੀ ਅਨੰਦੁ ਨੂੰ ਜਾਣਿਆ (ਸਮਝਿਆ) ਹੈ। (ਗੁਰੂ ਜੀ ਨੇ ਆਪਣੀ) ਕ੍ਰਿਪਾ ਕਰਕੇ (ਉਨ੍ਹਾਂ ਸਿੱਖਾਂ ਦੇ ਸਾਰੇ) ਪਾਪ ਨਾਸ਼ ਕਰ ਦਿੱਤੇ (ਅਤੇ) ਗਿਆਨ ਰੂਪੀ ਸੁਰਮਾ (ਉਨ੍ਹਾਂ ਸਿੱਖਾਂ ਦੀਆਂ ਅੱਖਾਂ ਵਿੱਚ) ਪਾ ਦਿੱਤਾ। ਜਿਨ੍ਹਾਂ (ਸਿੱਖਾਂ ਦੇ) ਅੰਦਰੋਂ (ਸੰਸਾਰਕ) ਮੋਹ ਛੁੱਟ ਗਿਆ, ਉਨ੍ਹਾਂ ਦਾ ਸ਼ਬਦ (ਭਾਵ ਆਤਮਿਕ ਜੀਵਨ ਵਾਲਾ ਬੋਲ) ਸੱਚੇ ਪਰਮਾਤਮਾ ਨੇ ਸਵਾਰ ਦਿੱਤਾ। ਨਾਨਕ (ਗੁਰੂ ਜੀ) ਫੁਰਮਾਉਂਦੇ ਹਨ ਕਿ (ਸਹੀ ਅਰਥਾਂ ਵਿੱਚ) ਇਹ ਅਨੰਦੁ ਹੈ, (ਜਿਹੜਾ) ਅਨੰਦ ਗੁਰੂ ਪਾਸੋਂ ਸਮਝਿਆ ਜਾਂਦਾ ਹੈ।੭।

ਹੇ ਸਾਹਿਬਾ! ਜਿਸ (ਸਿੱਖ) ਨੂੰ ਤੂੰ (ਆਪ ਇਹ ਅਨੰਦ ਬਖ਼ਸ਼) ਦੇਵੇਂ, ਉਹੀ (ਤੇਰਾ) ਸੇਵਕ ਇਸ (ਅਨੰਦ ਨੂੰ) ਪ੍ਰਾਪਤ ਕਰ ਸਕਦਾ ਹੈ। (ਕੇਵਲ) ਉਹੀ ਸੇਵਕ (ਇਸ ਅਨੰਦ ਨੂੰ) ਪਾ ਸਕਦਾ ਹੈ ਜਿਸ ਨੂੰ (ਤੂੰ ਆਪ ਬਖ਼ਸ਼ਿਸ਼ ਕਰ) ਦੇਵੇਂ, ਹੋਰ (ਬਾਕੀ ਰਹਿੰਦੇ ਜੀਵ) ਵਿਚਾਰੇ ਕੀ ਕਰਨ? (ਭਾਵ ਕੁਝ ਨਹੀਂ ਕਰ ਸਕਦੇ) ਕਈ (ਜੀਵ) ਭਰਮ ਵਿੱਚ ਭੁਲੇ ਹੋਏ ਦਸਾਂ ਦਿਸ਼ਾਂ ਵਿੱਚ ਫਿਰਦੇ ਪਏ ਹਨ, (ਪਰ) ਕਈ (ਗੁਰਮੁਖ ਜੀਊੜਿਆਂ ਨੇ) ਨਾਮ ਵਿੱਚ ਲੀਨ ਹੋ ਕੇ (ਆਪਣਾ ਜਨਮ) ਸਵਾਰ ਲਿਆ ਹੈ। ਗੁਰੂ ਦੀ ਕਿਰਪਾ ਨਾਲ (ਉਨ੍ਹਾਂ ਦਾ) ਮਨ ਪਵਿੱਤਰ ਹੋ ਗਿਆ, ਜਿਨ੍ਹਾਂ ਨੂੰ (ਤੇਰਾ ਹੁਕਮ) ਭਾਣਾ ਚੰਗਾ ਲਗ ਗਿਆ ਹੈ। ਨਾਨਕ ਆਖਦਾ ਹੈ ਕਿ ਹੇ ਪਿਆਰੇ (ਸਾਹਿਬ!) ਜਿਸ ਨੂੰ (ਤੂੰ ਆਪ ਅਨੰਦੁ ਬਖ਼ਸ਼ਿਸ਼ ਕਰ) ਦੇਵੇਂ ਓਹੀ ਸੇਵਕ (ਪਰਮਾਰਥਕ ਰਹੱਸ ਵਾਲਾ ਅਨੰਦ) ਪ੍ਰਾਪਤ ਕਰਦਾ ਹੈ।੮।

ਆਵਹੁ ਸੰਤ ਪਿਆਰਿਹੋ ਅਕਥ ਕੀ ਕਰਹ ਕਹਾਣੀ॥
ਕਰਹ ਕਹਾਣੀ ਅਕਥ ਕੇਰੀ ਕਿਤੁ ਦੁਆਰੈ ਪਾਈਐ॥
ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥
ਹੁਕਮੁ ਮੰਨਿਹੁ ਗੁਰੂ ਕੇਰਾ ਗਾਵਹੁ ਸਚੀ ਬਾਣੀ॥
ਕਹੈ ਨਾਨਕੁ ਸੁਣਹੁ ਸੰਤਹੁ ਕਥਿਹੁ ਅਕਥ ਕਹਾਣੀ॥੯॥
ਏ ਮਨ ਚੰਚਲਾ ਚਤੁਰਾਈ ਕਿਨੈ ਨ ਪਾਇਆ॥
ਚਤੁਰਾਈ ਨ ਪਾਇਆ ਕਿਨੈ ਤੂ ਸੁਣਿ ਮੰਨ ਮੇਰਿਆ॥
ਏਹ ਮਾਇਆ ਮੋਹਣੀ ਜਿਨਿ ਏਤੁ ਭਰਮਿ ਭੁਲਾਇਆ॥
ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ॥
ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ॥
ਕਹੈ ਨਾਨਕੁ ਮਨ ਚੰਚਲ ਚਤੁਰਾਈ ਕਿਨੈ ਨ ਪਾਇਆ॥੧੦॥
ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ॥
ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ॥
ਸਾਥਿ ਤੇਰੈ ਚਲੈ ਨਾਹੀ ਤਿਸੁ ਨਾਲਿ ਕਿਉ ਚਿਤੁ ਲਾਈਐ॥
ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥
ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ॥
ਕਹੈ ਨਾਨਕੁ ਮਨ ਪਿਆਰੇ ਤੂ ਸਦਾ ਸਚੁ ਸਮਾਲੇ॥੧੧॥
ਅਗਮ ਅਗੋਚਰਾ ਤੇਰਾ ਅੰਤੁ ਨ ਪਾਇਆ॥
ਅੰਤੋ ਨ ਪਾਇਆ ਕਿਨੈ ਤੇਰਾ ਆਪਣਾ ਆਪੁ ਤੂ ਜਾਣਹੇ॥
ਜੀਅ ਜੰਤ ਸਭਿ ਖੇਲੁ ਤੇਰਾ ਕਿਆ ਕੋ ਆਖਿ ਵਖਾਣਏ॥
ਆਖਹਿ ਤ ਵੇਖਹਿ ਸਭੁ ਤੂਹੈ ਜਿਨਿ ਜਗਤੁ ਉਪਾਇਆ॥
ਕਹੈ ਨਾਨਕੁ ਤੂ ਸਦਾ ਅਗੰਮੁ ਹੈ ਤੇਰਾ ਅੰਤੁ ਨ ਪਾਇਆ॥੧੨॥

ਬਿੰਦੀ ਸਹਿਤ : ਕਰਹਂ, ਸਉਂਪਿ, ਮੰਨਿਐਂ, ਵਿਟਹੁਂ, ਨਾਹੀਂ, ਜਾਣਹੇਂ, ਆਖਹਿਂ, ਵੇਖਹਿਂ, ਤੂਹੈਂ।

ਹੇ ਪਿਆਰੇ ਸੰਤ ਜਨੋ! (ਆਉ ਸਾਰੇ ਰਲਮਿਲ ਕੇ) ਕਥਨ ਤੋਂ ਰਹਿਤ ਪ੍ਰਭੂ ਦੀ (ਕਥਾ) ਕਹਾਣੀ ਕਰੀਏ। ਅਕਥ (ਪ੍ਰਭੂ) ਦੀ ਕਹਾਣੀ (ਕਰਨ ਦੇ ਨਾਲ ਨਾਲ ਇਹ ਉਦਮ ਤੇ ਵੀਚਾਰ ਵੀ) ਕਰੀਏ (ਕਿ ਉਹ ਪ੍ਰਭੂ) ਕਿਸ ਜੁਗਤੀ ਨਾਲ ਪਾਇਆ ਜਾ ਸਕਦਾ ਹੈ। (ਹਾਂ, ਜੁਗਤੀ ਇਹ ਹੈ ਕਿ ਆਪਣਾ) ਸਰੀਰ, ਮਨ ਅਤੇ ਮਾਇਆ ਸਭ ਕੁਝ ਗੁਰੂ ਨੂੰ ਅਰਪਣ ਕਰਕੇ, (ਗੁਰੂ ਦਾ) ਹੁਕਮ ਮੰਨਣ ਨਾਲ (ਉਸ ਪ੍ਰਭੂ) ਨੂੰ ਪਾਈਦਾ ਹੈ। (ਇਸ ਲਈ, ਹੇ ਗੁਰਸਿੱਖ ਸੰਤ ਜਨੋ! ਤੁਸੀਂ) ਗੁਰੂ ਦਾ ਹੁਕਮ ਮੰਨੋ ਅਤੇ ਸੱਚੀ ਬਾਣੀ ਦਾ (ਸ਼ਬਦ-ਕੀਰਤਨ) ਗਾਇਨ ਕਰੋ। ਨਾਨਕ ਆਖਦਾ ਹੈ ਕਿ ਹੇ ਸੰਤ ਜਨਹੁ! ਸੁਣੋ (ਤੁਸੀਂ ਇਸ ਜੁਗਤੀ ਨਾਲ ਉਸ) ਅਕੱਥ (ਪ੍ਰਭੂ) ਦੀ ਕਹਾਣੀ ਕਰਦੇ ਰਹਿਓ।੯।

ਹੇ ਭਉਂਦੂ ਮਨਾ! ਚਲਾਕੀਆਂ ਨਾਲ (ਹੁਣ ਤੱਕ) ਕਿਸੇ (ਜੀਵ) ਨੇ (ਅਕਥ ਪ੍ਰਭੂ ਨੂੰ) ਪ੍ਰਾਪਤ ਨਹੀਂ ਕੀਤਾ। ਹੇ ਮੇਰੇ ਮਨ! ਤੂੰ ਸੁਣ, ਚਤੁਰਾਈ ਨਾਲ ਕਿਸੇ ਨੇ (ਵੀ ਪ੍ਰਭੂ ਨੂੰ) ਨਹੀਂ ਪਾਇਆ। ਇਹ ਮਾਇਆ (ਸਭ ਜੀਆਂ ਨੂੰ) ਮੋਹਣ ਵਾਲੀ ਹੈ, ਜਿਸਨੇ (ਸਭ ਜੀਆਂ ਨੂੰ) ਭਰਮ ਵਿੱਚ ਭੁਲਾਇਆ ਹੋਇਆ ਹੈ। (ਇਹ) ਮੋਹ ਲੈਣ ਵਾਲੀ ਮਾਇਆ ਵੀ ਤਾਂ ਉਸ (ਪ੍ਰਭੂ) ਨੇ ਹੀ ਪੈਦਾ ਕੀਤੀ ਹੈ, ਜਿਸ (ਪ੍ਰਭੂ) ਨੇ (ਜੀਆਂ ਅੱਗੇ ਇਹ) ਠਗਬੂਟੀ ਪਾਈ ਹੈ। ਉਸ (ਪ੍ਰਭੂ) ਤੋਂ ਸਦਕੇ ਜਾਈਏ ਜਿਸ ਨੇ (ਸੰਸਾਰੀ ਜੀਵਾਂ ਨੂੰ) ਇਹ (ਮਾਇਆ ਦਾ) ਮੋਹ ਮਿੱਠਾ (ਕਰਕੇ) ਲਾਇਆ ਹੈ। ਨਾਨਕ ਆਖਦਾ ਹੈ ਕਿ ਹੇ ਚੰਚਲ ਮਨ! ਚਤੁਰਾਈਆਂ (ਚਲਾਕੀਆਂ) ਨਾਲ ਕਿਸੇ ਨੇ ਵੀ ਉਸ ਪ੍ਰਭੂ ਨੂੰ ਪ੍ਰਾਪਤ ਨਹੀਂ ਕੀਤਾ।੧੦।

(ਗੁਰਦੇਵ ਪਿਤਾ ਪਿਆਰ ਨਾਲ ਸਮਝਾਉਂਦੇ ਹਨ) ਹੇ ਪਿਆਰੇ ਮਨ! ਤੂੰ ਸਦਾ ਸਤਿ ਸਰੂਪ (ਮਾਲਕ) ਨੂੰ ਯਾਦ ਰਖ। ਇਹ ਪਰਵਾਰ ਜਿਹੜਾ ਤੂੰ ਵੇਖ ਰਿਹਾ ਹੈਂ (ਇਨ੍ਹਾਂ ਵਿਚੋਂ ਅੰਤ ਸਮੇਂ) ਤੇਰੇ ਨਾਲ (ਸਾਥੀ ਬਣ ਕੇ ਕੋਈ) ਨਹੀਂ ਚਲੇਗਾ। (ਜਿਸ ਪਰਿਵਾਰ ਨੇ) ਤੇਰੇ ਨਾਲ ਚਲਣਾ ਹੀ ਨਹੀਂ ਤਾਂ ਤੂੰ ਉਸ (ਪਰਵਾਰ) ਨਾਲ ਆਪਣੀ ਚਿਤ ਬ੍ਰਿਤੀ ਕਿਉਂ ਲਾਉਂਦਾ ਹੈਂ? (ਹੇ ਮਨ!) ਅਜਿਹਾ ਕੰਮ ਬਿਲਕੁਲ ਨਹੀਂ ਕਰਨਾ ਚਾਹੀਦਾ ਜਿਸ ਕਰਕੇ ਅੰਤ ਸਮੇਂ ਪਛਤਾਉਣਾ ਪਵੇ। (ਇਸ ਲਈ ਟੱਬਰ ਤੋਂ ਨਿਰਲੇਪ ਹੋ ਕੇ) ਤੂੰ ਸੱਚੇ ਗੁਰੂ ਦਾ ਉਪਦੇਸ਼ ਸੁਣ ਜਿਹੜਾ ਤੇਰੇ ਨਾਲ (ਅੰਗ ਸੰਗ) ਹੋਵੇ। ਨਾਨਕ ਆਖਦਾ ਹੈ ਹੇ ਪਿਆਰੇ ਮਨ! ਤੂੰ ਹਮੇਸ਼ਾ ਸਚੁ (ਸਦਾ ਥਿਰ ਸਾਹਿਬ) ਨੂੰ ਚੇਤੇ ਰਖ।੧੧।

ਹੇ ਅਪਹੁੰਚ ਅਤੇ ਅਦ੍ਰਿਸ਼ਟ (ਪ੍ਰਭੂ)! ਤੇਰਾ (ਅੰਤ ਅੱਜ ਤੱਕ ਕਿਸੇ ਪਾਸੋਂ) ਨਹੀਂ ਪਾਇਆ ਗਿਆ। ਤੇਰਾ ਅੰਤ ਕਿਸੇ ਨੇ (ਵੀ) ਨਹੀਂ ਪਾਇਆ, (ਅਸਲ ਵਿੱਚ) ਆਪਣਾ ਆਪ (ਜੋ ਕੁਝ ਤੂੰ ਹੈਂ, ਉਹ) ਤੂੰ ਹੀ ਜਾਣਦਾ ਹੈਂ। (ਹੇ ਪ੍ਰਭੂ!) ਜੀਵ ਜੰਤੂ (ਇਹ ਰਚਨਾ) ਸਭ ਤੇਰਾ (ਅਸਚਰਜ) ਤਮਾਸ਼ਾ ਹੈ (ਇਸ ਖੇਲ ਪਸਾਰੇ ਨੂੰ) ਕੀ ਕੋਈ ਆਖ ਕੇ ਬਿਆਨ ਕਰ ਸਕਦਾ ਹੈ? (ਜੋ) ਆਖਦਾ ਅਤੇ ਵੇਖਦਾ ਹੈਂ (ਉਹ) ਸਭ ਕੁਝ ਤੂੰ ਆਪ ਹੀ ਹੈਂ, ਜਿਸ ਨੇ (ਸਾਰਾ) ਸੰਸਾਰ ਪੈਦਾ ਕੀਤਾ ਹੈ। ਨਾਨਕ ਆਖਦਾ ਹੈ ਕਿ (ਹੇ ਪ੍ਰਭੂ!) ਤੂੰ ਸਦਾ ਅਪਹੁੰਚ ਹੈਂ, ਤੇਰਾ ਅੰਤ (ਕਿਸੇ ਨੇ) ਨਹੀਂ ਪਾਇਆ।੧੨।

ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ॥
ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ ਸਚਾ ਮਨਿ ਵਸਾਇਆ॥
ਜੀਅ ਜੰਤ ਸਭਿ ਤੁਧੁ ਉਪਾਏ ਇਕਿ ਵੇਖਿ ਪਰਸਣਿ ਆਇਆ॥
ਲਬੁ ਲੋਭੁ ਅਹੰਕਾਰੁ ਚੂਕਾ ਸਤਿਗੁਰੂ ਭਲਾ ਭਾਇਆ॥
ਕਹੈ ਨਾਨਕੁ ਜਿਸ ਨੋ ਆਪਿ ਤੁਠਾ ਤਿਨਿ ਅੰਮ੍ਰਿਤੁ ਗੁਰ ਤੇ ਪਾਇਆ॥੧੩॥
ਭਗਤਾ ਕੀ ਚਾਲ ਨਿਰਾਲੀ॥
ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ॥
ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥
ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ॥
ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ॥੧੪॥
ਜਿਉ ਤੂ ਚਲਾਇਹਿ ਤਿਵ ਚਲਹ ਸੁਆਮੀ ਹੋਰੁ ਕਿਆ ਜਾਣਾ ਗੁਣ ਤੇਰੇ॥
ਜਿਵ ਤੂ ਚਲਾਇਹਿ ਤਿਵੈ ਚਲਹ ਜਿਨਾ ਮਾਰਗਿ ਪਾਵਹੇ॥
ਕਰਿ ਕਿਰਪਾ ਜਿਨ ਨਾਮਿ ਲਾਇਹਿ ਸਿ ਹਰਿ ਹਰਿ ਸਦਾ ਧਿਆਵਹੇ॥
ਜਿਸ ਨੋ ਕਥਾ ਸੁਣਾਇਹਿ ਆਪਣੀ ਸਿ ਗੁਰਦੁਆਰੈ ਸੁਖੁ ਪਾਵਹੇ॥
ਕਹੈ ਨਾਨਕੁ ਸਚੇ ਸਾਹਿਬ ਜਿਉ ਭਾਵੈ ਤਿਵੈ ਚਲਾਵਹੇ॥੧੫॥
ਏਹੁ ਸੋਹਿਲਾ ਸਬਦੁ ਸੁਹਾਵਾ॥
ਸਬਦੋ ਸੁਹਾਵਾ ਸਦਾ ਸੋਹਿਲਾ ਸਤਿਗੁਰੂ ਸੁਣਾਇਆ॥
ਏਹੁ ਤਿਨ ਕੈ ਮੰਨਿ ਵਸਿਆ ਜਿਨ ਧੁਰਹੁ ਲਿਖਿਆ ਆਇਆ॥
ਇਕਿ ਫਿਰਹਿ ਘਨੇਰੇ ਕਰਹਿ ਗਲਾ ਗਲੀ ਕਿਨੈ ਨ ਪਾਇਆ॥
ਕਹੈ ਨਾਨਕੁ ਸਬਦੁ ਸੋਹਿਲਾ ਸਤਿਗੁਰੂ ਸੁਣਾਇਆ॥੧੬॥

ਬਿੰਦੀ ਸਹਿਤ : ਭਗਤਾਂ, ਭਗਤਾਂਹ, ਨਾਹੀਂ, ਖੰਨਿਅਹੁੰ, ਵਾਲਹੁੰ, ਭਗਤਾਂ, ਚਲਾਇਹਿੰ, ਚਲਹੰ, ਪਾਵਹੇਂ, ਲਾਇਹਿੰ, ਧਿਆਵਹੇਂ, ਸੁਣਾਇਹਿੰ, ਪਾਵਹੇਂ, ਚਲਾਵਹੇਂ, ਧੁਰਹੁੰ, ਫਿਰਹਿੰ, ਕਰਹਿੰ, ਗੱਲਾਂ, ਗੱਲੀਂ।

(ਜਿਸ ਅੰਮ੍ਰਿਤ ਨੂੰ) ਦੈਵੀ ਗੁਣਾਂ ਵਾਲੇ ਸ੍ਰੇਸ਼ਟ ਮਨੁੱਖ, ਮੁਨੀਸ਼ਰ ਲੋਕ ਲਭਦੇ ਫਿਰਦੇ ਹਨ, (ਅਸਾਂ) ਉਹ ਅੰਮ੍ਰਿਤ ਗੁਰੂ (ਨਾਨਕ ਰੂਪ ਅੰਗਦ) ਜੀ ਪਾਸੋਂ ਪ੍ਰਾਪਤ ਕਰ ਲਿਆ ਹੈ। (ਸਾਡੇ ਉਤੇ) ਗੁਰੂ ਜੀ ਨੇ ਕਿਰਪਾ ਕੀਤੀ (ਤਾਂ ਅਸਾਂ ਇਹ ਅੰਮ੍ਰਿਤ ਪ੍ਰਾਪਤ ਕੀਤਾ ਹੈ ਅਤੇ ਸੱਚਾ ਨਾਮ ਆਪਣੇ) ਮਨ ਵਿੱਚ ਵਸਾਅ ਲਿਆ ਹੈ। (ਹੇ ਪ੍ਰਭੂ !) ਸਾਰੇ ਜੀਅ ਜੰਤ ਤੂੰ ਹੀ ਪੈਦਾ ਕੀਤੇ (ਪਰ ਉਨ੍ਹਾਂ) ਕਈਆਂ (ਵਿਚੋਂ) ਕੋਈ (ਵਿਰਲਾ ਹੀ ਪਰਤੱਖ ਗੁਰੂ) ਵੇਖ ਕੇ (ਚਰਨ) ਪਰਸਣ ਲਈ ਆਇਆ। (ਗੁਰੂ ਨੂੰ ਪਰਸਣ ਵਾਲੇ ਸਿੱਖ ਦੀ) ਲਾਲਸਾ, ਲਾਲਚ, ਹੰਕਾਰ (ਸਭ) ਕੁਝ ਦੂਰ ਹੋ ਗਿਆ, ਅਤੇ ਸਤਿਗੁਰੂ (ਉਸ ਸਿੱਖ ਨੂੰ) ਚੰਗਾ ਲਗ ਗਿਆ। ਨਾਨਕ ਆਖਦਾ ਹੈ ਜਿਸ ਤੇ ਪ੍ਰਭੂ ਆਪ ਪ੍ਰਸੰਨ ਹੋਇਆ ਉਸ ਨੇ ਹੀ ਗੁਰੂ ਪਾਸੋਂ ਅੰਮ੍ਰਿਤ (ਨਾਮ) ਪ੍ਰਾਪਤ ਕੀਤਾ।੧੩।

ਭਗਤਾਂ (ਭਾਵ ਪ੍ਰਭੂ ਦੇ ਪਿਆਰਿਆਂ) ਦੀ ਚਾਲ (ਜੀਵਨ ਮਰਯਾਦਾ ਸੰਸਾਰੀ ਲੋਕਾਂ ਨਾਲੋਂ) ਵਖਰੀ ਹੈ। ਭਗਤਾਂ ਦੀ (ਜੀਵਨ) ਮਰਯਾਦਾ ਵਖਰੀ ਹੈ (ਕਿਉਂਕਿ ਉਨ੍ਹਾਂ ਨੇ) ਔਖੇ ਰਸਤੇ ਉਤੇ ਚਲਣਾ ਹੁੰਦਾ ਹੈ (ਜਿਹੜਾ ਕਿ ਹਰੇਕ ਜੀਵ ਲਈ ਸੰਭਵ ਨਹੀਂ)। (ਉਹ) ਲਬ, ਲੋਭ, ਹਉਮੈ ਅਤੇ ਤ੍ਰਿਸ਼ਨਾ ਨੂੰ ਤਿਆਗ ਕੇ ਬਹੁਤਾ ਬੋਲਣਾ (ਭਾਵ ਵਾਦ ਵਿਵਾਦ ਪਸੰਦ) ਨਹੀਂ ਕਰਦੇ। (ਭਗਤੀ) ਖੰਡੇ ਨਾਲੋਂ ਤੇਜ਼ ਧਾਰ ਵਾਲੀ ਅਤੇ ਵਾਲ ਤੋਂ ਬਾਰੀਕ (ਭਾਵ ਬਹੁਤ ਔਖੀ ਘਾਟੀ ਹੈ) ਇਸ ਰਸਤੇ ਉਤੇ (ਭਗਤਾਂ ਨੇ) ਚਲਣਾ ਹੁੰਦਾ ਹੈ। ਗੁਰੂ ਦੀ ਕਿਰਪਾ, ਨਾਲ ਜਿਨ੍ਹਾਂ ਨੇ ਆਪਣਾ-ਆਪੁ (ਭਾਵ ਹੰਕਾਰ) ਛੱਡ ਦਿੱਤਾ, (ਸੁਤੇ ਹੀ) ਹਰਿ ਨਾਮ ਦੀ ਸੁਗੰਧੀ ਉਨ੍ਹਾਂ (ਦੇ ਹਿਰਦੇ) ਅੰਦਰ ਸਮਾਅ ਗਈ। ਨਾਨਕ ਆਖਦਾ ਹੈ ਕਿ ਭਗਤਾਂ ਦੀ ਜੀਵਨ ਮਰਯਾਦਾ ਜੁੱਗਾਂ, ਜੁੱਗਾਂ ਤੋਂ ਵੱਖਰੀ (ਭਾਵ ਆਪਣੇ ਕਿਸਮ ਦੀ ਚਲੀ ਆ ਰਹੀ) ਹੈ।੧੪।

ਹੇ ਸੁਆਮੀ! ਜਿਸ ਤਰ੍ਹਾਂ ਤੂੰ ਚਲਾਉਂਦਾ ਹੈਂ ਉਸੇ ਤਰ੍ਹਾਂ (ਅਸੀਂ) ਚਲਦੇ ਹਾਂ, (ਇਸ ਤੋਂ ਵੱਧ) ਹੋਰ ਤੇਰੇ ਗੁਣਾਂ ਨੂੰ ਕੀ ਜਾਣੀਏ। ਜਿਵੇਂ ਤੂੰ ਚਲਾਉਂਦਾ ਹੈਂ ਉਸੇ ਤਰ੍ਹਾਂ (ਅਸੀਂ ਅਲਪਗ ਜੀਵ) ਚਲਦੇ ਹਾਂ, ਜਿਨ੍ਹਾਂ (ਜੀਆਂ) ਨੂੰ (ਤੂੰ ਪਰਮਾਰਥ ਦੇ) ਰਸਤੇ ਉਤੇ ਪਾਉਂਦਾ ਹੈਂ (ਓਹ ਉਸੇ ਤਰ੍ਹਾਂ ਚਲਦੇ ਹਨ)। ਜਿਨ੍ਹਾਂ (ਜੀਆਂ) ਨੂੰ (ਤੂੰ ਆਪਣੀ) ਕਿਰਪਾ ਕਰਕੇ ਨਾਮ (ਵਿੱਚ) ਲਾ ਦੇਵੇਂ, ਉਹ ਸਦਾ ਹਰੀ ਹਰੀ (ਨਾਮ) ਧਿਆਉਂਦੇ ਰਹਿੰਦੇ ਹਨ। (ਹੇ ਪ੍ਰਭੂ ! ਜਿਸ ਨੂੰ (ਭਾਵ ਜਿਨ੍ਹਾਂ ਨੂੰ) ਤੂੰ ਆਪਣੀ ਕਥਾ ਸੁਣਾਉਂਦਾ ਹੈਂ ਓਹ ਗੁਰੂ ਦੇ ਦਰ ਉਤੇ ਪਏ (ਆਤਮਿਕ) ਸੁਖ ਪ੍ਰਾਪਤ ਕਰਦੇ ਰਹਿੰਦੇ ਹਨ। ਨਾਨਕ ਆਖਦਾ ਹੈ, ਹੇ ਸੱਚੇ ਸਾਹਿਬ ! ਜਿਸ ਤਰ੍ਹਾਂ (ਤੈਨੂੰ) ਚੰਗਾ ਲਗਦਾ ਹੈ ਉਸੇ ਤਰ੍ਹਾਂ (ਤੂੰ ਅਸਮਾਦਕ ਜੀਆਂ ਨੂੰ) ਚਲਾਉਂਦਾ ਹੈ।੧੫।

ਇਹ ਸੋਹਿਲਾ (ਆਤਮਿਕ ਖੇੜੇ ਦਾ ਗੀਤ ਭਾਵ ਗੁਰ) ਸ਼ਬਦ (ਬਹੁਤ ਹੀ) ਸੋਹਣਾ ਹੈ। ਸ਼ਬਦ ਕਰਕੇ (ਇਹ) ਸੋਹਿਲਾ ਸਦਾ ਹੀ ਸੁਹਾਵਣਾ ਹੈ (ਕਿਉਂਕਿ ਇਹ ਸੋਹਿਲਾ ਸਾਨੂੰ) ਸਤਿਗੁਰੂ ਜੀ ਨੇ (ਆਪ) ਸੁਣਾਇਆ ਹੈ। ਇਹ (ਸੋਹਿਲਾ) ਉਨ੍ਹਾਂ (ਵਡਭਾਗੀ ਸਿੱਖਾਂ) ਦੇ ਮਨ ਵਿੱਚ ਵਸਿਆ ਹੈ ਜਿਨ੍ਹਾਂ ਦੇ ਮੱਥੇ ਉਤੇ ਧੁਰ ਦਰਗਾਹ ਤੋਂ (ਲੇਖ) ਲਿਖਿਆ ਹੋਇਆ ਆਇਆ। ਕਈ (ਮਨੁੱਖ) ਬਹੁਤ ਹੀ ਭਟਕਦੇ ਫਿਰਦੇ ਰਹਿੰਦੇ ਹਨ (ਓਹ ਵਿਹਲੀਆਂ) ਗੱਪਾਂ ਮਾਰਦੇ ਰਹਿੰਦੇ ਹਨ (ਪਰ) ਗੱਲਾਂ ਨਾਲ (ਇਹ ਸੋਹਿਲਾ) ਕਿਸੇ ਨੇ ਪ੍ਰਾਪਤ ਨਹੀਂ ਕੀਤਾ। ਨਾਨਕ ਆਖਦਾ ਹੈ (ਕਿ ਇਹ) ਸ਼ਬਦ ਰੂਪੀ ਸੋਹਿਲਾ (ਸੁੰਦਰ ਗੀਤ) ਸਤਿਗੁਰੂ (ਜੀ ਨੇ ਆਪ) ਸੁਣਾਇਆ ਹੈ।੧੬।

ਪਵਿਤੁ ਹੋਏ ਸੇ ਜਨਾ ਜਿਨੀ ਹਰਿ ਧਿਆਇਆ॥
ਹਰਿ ਧਿਆਇਆ ਪਵਿਤੁ ਹੋਏ ਗੁਰਮੁਖਿ ਜਿਨੀ ਧਿਆਇਆ॥
ਪਵਿਤੁ ਮਾਤਾ ਪਿਤਾ ਕੁਟੰਬ ਸਹਿਤ ਸਿਉ ਪਵਿਤੁ ਸੰਗਤਿ ਸਬਾਈਆ॥
ਕਹਦੇ ਪਵਿਤੁ ਸੁਣਦੇ ਪਵਿਤੁ ਸੇ ਪਵਿਤੁ ਜਿਨੀ ਮੰਨਿ ਵਸਾਇਆ॥
ਕਹੈ ਨਾਨਕੁ ਸੇ ਪਵਿਤੁ ਜਿਨੀ ਗੁਰਮੁਖਿ ਹਰਿ ਹਰਿ ਧਿਆਇਆ॥੧੭॥
ਕਰਮੀ ਸਹਜੁ ਨ ਊਪਜੈ ਵਿਣੁ ਸਹਜੈ ਸਹਸਾ ਨ ਜਾਇ॥
ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ॥
ਸਹਸੈ ਜੀਉ ਮਲੀਣੁ ਹੈ ਕਿਤੁ ਸੰਜਮਿ ਧੋਤਾ ਜਾਏ॥
ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ॥
ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ॥੧੮॥
ਜੀਅਹੁ ਮੈਲੇ ਬਾਹਰਹੁ ਨਿਰਮਲ॥
ਬਾਹਰਹੁ ਨਿਰਮਲ ਜੀਅਹੁ ਤ ਮੈਲੇ ਤਿਨੀ ਜਨਮੁ ਜੂਐ ਹਾਰਿਆ॥
ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ॥
ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ॥
ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ॥੧੯॥
ਜੀਅਹੁ ਨਿਰਮਲ ਬਾਹਰਹੁ ਨਿਰਮਲ॥
ਬਾਹਰਹੁ ਤ ਨਿਰਮਲ ਜੀਅਹੁ ਨਿਰਮਲ ਸਤਿਗੁਰ ਤੇ ਕਰਣੀ ਕਮਾਣੀ॥
ਕੂੜ ਕੀ ਸੋਇ ਪਹੁਚੈ ਨਾਹੀ ਮਨਸਾ ਸਚਿ ਸਮਾਣੀ॥
ਜਨਮੁ ਰਤਨੁ ਜਿਨੀ ਖਟਿਆ ਭਲੇ ਸੇ ਵਣਜਾਰੇ॥
ਕਹੈ ਨਾਨਕੁ ਜਿਨ ਮੰਨੁ ਨਿਰਮਲੁ ਸਦਾ ਰਹਹਿ ਗੁਰ ਨਾਲੇ॥੨੦॥

ਬਿੰਦੀ ਸਹਿਤ : ਜਿਨ੍ਹੀਂ, ਸਿਉਂ, ਕਹੰਦੇ, ਜਿਨ੍ਹੀਂ, ਨਹੰ, ਸਿਉਂ, ਜੀਅਹੁੰ, ਬਾਹਰਹੁੰ, ਜੀਅਹੁੰ, ਤਿਨ੍ਹੀਂ, ਮਨਹੁੰ, ਵੇਦਾਂ, ਮਹਿਂ, ਸੁਣਹਿਂ, ਨਾਹੀਂ, ਫਿਰਹਿਂ, ਜਿਨ੍ਹੀਂ, ਰਹਹਿਂ।

ਜਿਨ੍ਹਾਂ (ਜਗਿਆਸੂਆਂ) ਨੇ (ਇਕ ਮਨ ਹੋ ਕੇ) ਹਰੀ ਦਾ (ਨਾਮ) ਧਿਆਇਆ, ਉਹ (ਤਨ ਮਨ ਕਰਕੇ) ਪਵਿੱਤਰ ਹੋ ਗਏ। ਜਿਨ੍ਹਾਂ ਨੇ ਗੁਰੂ ਦੁਆਰਾ ਹਰੀ ਨੂੰ ਧਿਆਇਆ, (ਸਚ ਜਾਣੋ ਓਹ ਸੋਲਾਂ ਆਨੇ ਤਨ ਮਨ ਕਰਕੇ) ਪਵਿੱਤਰ ਹੋਏ। (ਓਹ ਸਾਰੇ ਜਨ) ਮਾਤਾ ਪਿਤਾ, ਪਰਿਵਾਰ ਸਮੇਤ ਪਵਿੱਤਰ ਹੋ ਗਏ (ਕੇਵਲ ਇਹੋ ਹੀ ਨਹੀਂ, ਉਨ੍ਹਾਂ ਦੀ) ਸਾਰੀ ਸੰਗਤ ਹੀ ਪਵਿੱਤਰ (ਹੋ ਗਈ)। (ਨਾਮ) ਉਚਾਰਨ ਵਾਲੇ ਵੀ ਪਵਿੱਤਰ, (ਨਾਮ) ਸੁਣਨ ਵਾਲੇ ਵੀ ਪਵਿੱਤਰ ਉਹ (ਸਾਰੇ ਹੀ) ਪਵਿੱਤਰ ਹੋ ਗਏ, ਜਿਨ੍ਹਾਂ ਨੇ (ਸਚਾ ਨਾਮ ਆਪਣੇ) ਮਨ ਵਿਚ ਵਸਾਅ ਲਿਆ। ਨਾਨਕ ਆਖਦਾ ਹੈ ਕਿ ਉਹ (ਸਾਰੇ ਹੀ) ਪਵਿੱਤਰ ਹੋ ਗਏ ਜਿਨ੍ਹਾਂ ਨੇ ਗੁਰੂ ਦੁਆਰਾ 'ਹਰੀ, ਹਰੀ' (ਨਾਮ) ਧਿਆਇਆ।੧੭।

(ਹੇ ਭਾਈ!) ਕਰਮ (ਕਾਂਡਾਂ) ਨਾਲ ਆਤਮਿਕ ਗਿਆਨ ਪੈਦਾ (ਪ੍ਰਾਪਤ) ਨਹੀਂ ਹੋ ਸਕਦਾ ਅਤੇ ਗੁਰੂ ਦੇ ਸਹਜ (ਗਿਆਨ) ਤੋਂ ਬਿਨਾ (ਮਨ ਦਾ) ਸੰਸਾ ਵੀ ਦੂਰ ਨਹੀਂ ਹੋ ਸਕਦਾ। (ਹੋਰ ਕਿਸੇ) ਤਰੀਕੇ ਨਾਲ (ਵੀ ਇਹ) ਸੰਸਾ ਦੂਰ ਨਹੀਂ ਹੋ ਸਕਦਾ, (ਬਹੁਤ ਲੋਕ) ਕਰਮ ਕਾਂਡ (ਕਰ ਕਰਕੇ ਰਹਿ ਗਏ ਭਾਵ ਥਕ ਗਏ)। (ਪ੍ਰਸ਼ਨ)–ਭਰਮ ਕਰਕੇ ਹੀ ਜੀਓ (ਮਨ) ਮੈਲਾ ਹੈ, (ਦਸੋ?) ਕਿਸ ਤਰੀਕੇ ਨਾਲ (ਇਸ ਮਨ ਨੂੰ) ਧੋਤਾ ਜਾਏ? (ਉਤਰ)–ਸ਼ਬਦ ਨਾਲ ਲਗ ਕੇ (ਭਾਵ ਗੁਰਮੰਤਰ ਦੇ ਅਭਿਆਸ ਦੁਆਰਾ) ਮਨ ਨੂੰ ਧੋਵੋ ਅਤੇ ਹਰੀ ਨਾਲ ਚਿਤ ਲਾ ਕੇ ਜੁੜੇ ਰਹੁ। ਨਾਨਕ ਆਖਦਾ ਹੈ ਕਿ ਗੁਰੂ ਕਿਰਪਾ ਸਦਕਾ (ਹਿਰਦੇ ਅੰਦਰ) ਸਹਜ ਰੂਪ ਗਿਆਨ ਪੈਦਾ ਹੁੰਦਾ ਹੈ, ਇਸ ਤਰ੍ਹਾਂ ਇਹ ਸੰਸਾ (ਭਰਮ) ਦੂਰ ਹੋ ਜਾਂਦਾ ਹੈ।੧੮।

(ਜਿਹੜੇ ਜੀਵ) ਦਿਲੋਂ ਮੈਲੇ (ਮਲੀਨ ਹਨ ਅਤੇ) ਬਾਹਰੋਂ (ਸਰੀਰ ਕਰਕੇ) ਚਿੱਟੇ ਹਨ। (ਜਿਹੜੇ ਜੀਵ) ਬਾਹਰੋਂ ਚਿੱਟੇ ਤੇ ਦਿਲੋਂ (ਅੰਦਰੋਂ) ਮੈਲੇ (ਭਾਵ ਕਾਲੇ) ਹਨ, ਉਨ੍ਹਾਂ ਨੇ (ਆਪਣਾ ਮਨੁੱਖ) ਜਨਮ (ਮਾਨੋ) ਜੂਏ ਵਿੱਚ ਹਾਰ ਦਿੱਤਾ ਹੈ। (ਉਨ੍ਹਾਂ ਨੂੰ) ਇਹ (ਜੀਵਨ) ਤ੍ਰਿਸ਼ਨਾ (ਦਾ ਇਕ) ਭਾਰੀ ਦੁੱਖ ਲੱਗਾ ਹੋਇਆ ਹੈ (ਜਿਸ ਕਰਕੇ ਉਨ੍ਹਾਂ ਨੇ) ਮੌਤ ਨੂੰ ਮਨ ਤੋਂ ਭੁਲਾਇਆ ਹੋਇਆ ਹੈ। ਵੇਦਾਂ (ਧਰਮ ਗ੍ਰੰਥਾਂ) ਵਿੱਚ (ਸੱਭ ਤੋਂ) ਉਤਮ (ਵਸਤੂ) ਨਾਮੁ ਹੈ, ਉਸ (ਨਾਮ) ਨੂੰ (ਓਹ ਮਲੀਨ ਹਿਰਦੇ ਵਾਲੇ) ਸੁਣਦੇ ਹੀ ਨਹੀਂ, (ਉਹ ਇਸ ਤਰ੍ਹਾਂ) ਫਿਰਦੇ ਰਹਿੰਦੇ ਹਨ ਜਿਵੇਂ ਭੂਤਨੇ (ਹੁੰਦੇ ਹਨ)। ਨਾਨਕ ਆਖਦਾ ਹੈ ਕਿ ਜਿਨ੍ਹਾਂ (ਮਨੁੱਖਾਂ) ਨੇ ਸੱਚੇ (ਪਰਮਾਤਮਾ) ਨੂੰ ਤਿਆਗ ਦਿੱਤਾ ਹੈ ਅਤੇ ਕੂੜ (ਮਾਇਆ) ਵਿੱਚ ਫਸੇ ਪਏ ਹਨ (ਸੱਚ ਜਾਣੋ ਕਿ) ਉਨ੍ਹਾਂ ਨੇ ਆਪਣਾ (ਮਨੁੱਖਾ) ਜਨਮ ਜੂਏ ਵਿਚ ਹਾਰ ਦਿਤਾ ਹੈ (ਭਾਵ ਵਿਅਰਥ ਗਵਾ ਦਿੱਤਾ ਹੈ)।੧੯।

(ਜਿਹੜੇ ਆਦਮੀ) ਹਿਰਦੇ ਅੰਦਰੋਂ ਪਵਿੱਤਰ ਹਨ (ਅਤੇ) ਬਾਹਰ ਤੋਂ (ਭਾਵ ਬਿਉਹਾਰਕ ਕਿਰਿਆ ਵਿਚ ਵੀ) ਪਵਿੱਤਰ ਹਨ, (ਜਿਹੜੇ ਬਾਹਰੋਂ ਸੋਹਣੇ ਅਤੇ ਦਿਲੋਂ ਵੀ ਸੋਹਣੇ ਹਨ (ਉਨ੍ਹਾਂ ਨੇ) ਸਤਿਗੁਰੂ ਪਾਸੋਂ (ਜੀਵਨ ਘਾਲ ਵਾਲੀ) ਕਮਾਈ ਕਰਨੀ (ਸਿੱਖੀ ਹੈ)। (ਉਨ੍ਹਾਂ ਤੱਕ) ਕੂੜ ਦੀ ਕੰਨਸੋ (ਉਕੀ) ਨਹੀਂ ਪਹੁੰਚਦੀ, (ਕਿਉਂਕਿ ਉਨ੍ਹਾਂ ਦੀ (ਮਾਨਸਿਕ) ਵਾਸ਼ਨਾ (ਨਿਰੋਲ) ਸੱਚ ਵਿੱਚ ਸਮਾਅ ਕੇ ਇਕ ਮਿਕ ਹੋ ਗਈ ਹੈ। ਜਿਨ੍ਹਾਂ (ਗੁਰੂ ਪਿਆਰਿਆਂ) ਨੇ (ਆਪਣਾ ਕੀਮਤੀ) ਹੀਰਾ ਜਨਮ ਖੱਟ ਲਿਆ ਹੈ) ਉਹ (ਗੁਰਸਿੱਖ) ਚੰਗੇ ਵਪਾਰੀ ਹਨ। ਨਾਨਕ ਆਖਦਾ ਹੈ, ਜਿਨ੍ਹਾਂ (ਸਿੱਖਾਂ) ਦੇ ਮਨ ਪਵਿੱਤਰ ਹਨ (ਸੱਚ ਜਾਣੋ, ਓਹ ਅੰਤਰ ਆਤਮੇ) ਸਦਾ ਹੀ (ਆਪਣੇ) ਗੁਰਦੇਵ ਜੀ ਨਾਲ (ਜੁੜੇ) ਰਹਿੰਦੇ ਹਨ।੨੦।

ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ॥
ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੇ॥
ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ॥
ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ॥
ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ॥੨੧॥

ਜੇ ਕੋ ਗੁਰ ਤੇ ਵੇਮੁਖੁ ਹੋਵੈ ਬਿਨੁ ਸਤਿਗੁਰ ਮੁਕਤਿ ਨ ਪਾਵੈ॥
ਪਾਵੈ ਮੁਕਤਿ ਨ ਹੋਰ ਥੈ ਕੋਈ ਪੁਛਹੁ ਬਿਬੇਕੀਆ ਜਾਏ॥
ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ॥
ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ॥
ਕਹੈ ਨਾਨਕੁ ਵੀਚਾਰਿ ਦੇਖਹੁ ਵਿਣੁ ਸਤਿਗੁਰ ਮੁਕਤਿ ਨ ਪਾਏ॥੨੨॥

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ॥
ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ॥
ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗਪਾਣੀ॥
ਕਹੈ ਨਾਨਕੁ ਸਦਾ ਗਾਵਹੁ ਏਹ ਸਚੀ ਬਾਣੀ॥੨੩॥

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥
ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥
ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ॥
ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ॥
ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ॥
ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥੨੪॥

ਬਿੰਦੀ ਸਹਿਤ : ਜੀਅਹੁਂ, ਬਿਬੇਕੀਆਂ, ਬਾਣੀਆਂ, ਤਿਨ੍ਹਾਂ, ਬਾਝਹੁਂ।

(ਹੇ ਭਾਈ!) ਜੇ ਕੋਈ ਸਿੱਖ ਗੁਰੂ ਦੇ ਨਾਲ (ਭਾਵ ਗੁਰੂ ਦੇ) ਸਨਮੁਖ (ਰਹਿਣਾ ਲੋੜਦਾ) ਹੋਵੇ, (ਅਜਿਹਾ) ਕੋਈ ਸਿੱਖ ਤਾਂ ਹੀ ਸਨਮੁਖ ਹੋ ਸਕਦਾ ਹੈ (ਜੇਕਰ ਉਹ) ਹਿਰਦੇ ਕਰਕੇ ਗੁਰੂ ਦੇ ਨਾਲ (ਜੁੜਿਆ) ਰਹੇ। (ਓਹ) ਗੁਰੂ ਦੇ ਚਰਨ (ਭਾਵ ਗੁਰ-ਸ਼ਬਦ ਆਪਣੇ) ਹਿਰਦੇ ਵਿੱਚ ਵਸਾਏ ਅਤੇ ਅੰਤਰ-ਆਤਮੇ (ਗੁਰੂ ਨੂੰ) ਚੇਤੇ ਰਖੇ, ਹਉਮੈ ਛੱਡ ਕੇ ਸਦਾ ਹੀ (ਗੁਰੂ ਦੇ) ਆਸਰੇ-ਪਰਣੇ ਰਹੇ ਅਤੇ ਗੁਰੂ ਤੋਂ ਬਿਨਾਂ ਹੋਰ ਕੋਈ (ਭਾਵ ਕਿਸੇ ਮਨੁੱਖ ਨੂੰ ਕੁਝ) ਨਾ ਸਮੱਝੇ (ਅਥਵਾ ਸਭ ਪਾਸੇ ਗੁਰੂ ਜੋਤਿ ਦਾ ਦਰਸ਼ਨ ਕਰੇ), ਨਾਨਕ ਆਖਦਾ ਹੈ ਕਿ ਹੇ ਸੰਤਹੁ! ਸੁਣੋ, ਉਹ ਸਿੱਖ (ਸਤਿਗੁਰੂ ਜੀ ਦੇ) ਸਨਮੁਖ ਹੁੰਦਾ ਹੈ।੨੧।

ਜੇ ਕੋਈ (ਸਿੱਖ ਆਪਣੇ) ਗੁਰੂ ਤੋਂ ਬੇਮੁੱਖ ਹੋ ਜਾਵੇ ਤਾਂ ਉਹ ਆਪਣੇ) ਸਤਿਗੁਰੂ ਤੋਂ ਬਿਨਾਂ (ਹੋਰ ਕਿਤੋਂ ਵੀ) ਮੁਕਤੀ ਪ੍ਰਾਪਤ ਨਹੀਂ ਕਰ ਸਕਦਾ। (ਇਸ ਬਾਰੇ ਬੇਸ਼ਕ ਤੁਸੀਂ) ਵਿਚਾਰਵਾਨਾਂ ਕੋਲੋਂ ਜਾ ਕੇ ਪੁਛ ਲਵੋ ਕਿ (ਉਹ ਬੇ-ਮੁਖ ਬੰਦਾ) ਹੋਰ ਕਿਸੇ ਥਾਂ ਤੋਂ ਵੀ ਮੁਕਤੀ ਨਹੀਂ ਪਾ ਸਕਦਾ। (ਬੇ-ਮੁਖ ਜੀਵ) ਅਨਗਿਣਤ ਜੂਨੀਆਂ ਵਿਚੋਂ ਫਿਰ ਫਿਰ ਕੇ ਆਉਂਦਾ ਹੈ, (ਪਰ) ਸਤਿਗੁਰੂ ਤੋਂ ਬਿਨਾਂ (ਹੋਰ ਕਿਤੋਂ ਵੀ) ਮੁਕਤੀ ਪ੍ਰਾਪਤ ਨਹੀਂ ਕਰ ਸਕਦਾ। ਫਿਰ (ਭਾਵ ਮੁੜ ਕੇ) ਸਤਿਗੁਰੂ ਦੀ ਚਰਨੀ ਲਗ ਕੇ (ਓਦੋਂ ਮੁਕਤੀ ਪ੍ਰਾਪਤ) ਕਰਦਾ ਹੈ (ਜਦੋਂ ਉਸ ਬੇ-ਮੁਖ ਨੂੰ) ਸਤਿਗੁਰੂ (ਦੀਖਿਆ ਰੂਪ) ਸ਼ਬਦ ਸੁਣਾਉਂਦਾ ਹੈ। ਨਾਨਕ ਆਖਦਾ ਹੈ (ਕਿ ਹੇ ਜਗਿਆਸੂ ਜਨੋ! ਤੁਸੀਂ) ਵਿਚਾਰ ਕੇ ਵੇਖ ਲਉ, (ਬੇ-ਮੁਖ ਜੀਵ) ਸਤਿਗੁਰੂ ਤੋਂ ਬਿਨਾਂ (ਬਿਲਕੁਲ) ਮੁਕਤੀ ਪ੍ਰਾਪਤ ਨਹੀਂ ਕਰ ਸਕਦਾ।੨੨।

ਸਤਿਗੁਰੂ ਦੇ ਪਿਆਰੇ ਸਿੱਖੋ ਆਓ, (ਆ ਕੇ) ਸੱਚੀ ਬਾਣੀ ਦਾ ਸ਼ਬਦ-ਕੀਰਤਨ ਕਰੋ। ਬਾਣੀ ਤਾਂ (ਜ਼ਰੂਰ) ਗਾਇਨ ਕਰੋ (ਪਰ ਕੇਵਲ) ਗੁਰੂ ਦੀ ਬਾਣੀ (ਹੋਵੇ, ਜਿਹੜੀ ਸਭ) ਬਾਣੀਆਂ ਵਿਚੋਂ ਸ਼੍ਰੋਮਣੀ ਬਾਣੀ ਹੈ। ਜਿਨ੍ਹਾਂ (ਉਤੇ) ਪ੍ਰਭੂ ਦੀ ਨਜ਼ਰ ਅਤੇ ਬਖ਼ਸ਼ਿਸ਼ ਹੋਵੇ ਉਨ੍ਹਾਂ ਦੇ ਹਿਰਦੇ ਵਿੱਚ (ਇਹ ਬਾਣੀ) ਸਮਾਉਂਦੀ ਹੈ। (ਹੇ ਗੁਰਸਿੱਖੋ! ਤੁਸੀਂ) ਅੰਮ੍ਰਿਤ (ਰੂਪ ਬਾਣੀ) ਨੂੰ ਪੀਵੋ, ਸਦਾ ਹਰੀ ਦੇ ਪਿਆਰ ਵਿੱਚ (ਮਸਤ ਹੋਏ) ਰਹੁ (ਅਤੇ) ਸਾਰੰਗਪਾਣੀ (ਅਕਾਲ ਪੁਰਖ) ਨੂੰ ਜਪਦੇ ਰਹੋ। ਨਾਨਕ ਆਖਦਾ ਹੈ ਕਿ (ਹੇ ਗੁਰਸਿੱਖੋ! ਤੁਸੀਂ ਸਦਾ ਹੀ (ਇਸ ਪਵਿੱਤਰ ਬਾਣੀ ਦਾ ਸ਼ਬਦ-ਕੀਰਤਨ) ਗਾਇਨ ਕਰੋ, (ਕਿਉਂਕਿ) ਇਹ ਸੱਚੀ ਬਾਣੀ ਹੈ।੨੩।

(ਹੇ ਗੁਰਸਿੱਖੋ!) ਸਤਿਗੁਰੂ ਤੋਂ ਬਿਨਾਂ ਹੋਰ (ਲੋਕਾਂ ਦੀ ਰਚੀ ਹੋਈ ਜਿਤਨੀ ਬਾਣੀ ਹੈ, ਸਭ) ਕੱਚੀ ਹੈ। ਸਤਿਗੁਰੂ ਤੋਂ ਬਿਨਾਂ (ਜੋ ਵੀ) ਬਾਣੀ ਹੈ (ਸਭ) ਕੱਚੀ ਹੈ, ਹੋਰ ਕੱਚੇ ਮਨੁੱਖਾਂ ਦੀ ਬਣਾਈ ਹੋਈ (ਸਾਰੀ) ਬਾਣੀ ਹੀ ਕੱਚੀ ਹੈ। (ਕੱਚੀ ਬਾਣੀ ਨੂੰ) ਪੜ੍ਹਨ ਵਾਲੇ ਕੱਚੇ ਅਤੇ ਸੁਣਨ ਵਾਲੇ ਵੀ ਕੱਚੇ ਹਨ (ਕਿਉਂਕਿ ਉਹ ਬਾਣੀ) ਕੱਚਿਆਂ (ਪਿੱਲਿਆਂ) ਨੇ ਆਖ ਕੇ ਉਚਾਰਨ ਕੀਤੀ ਹੁੰਦੀ ਹੈ। (ਕੱਚੇ ਮਨੁੱਖ) ਰਸਨਾ ਦੁਆਰਾ ਹਰੀ ਹਰੀ ਕਰਦੇ ਹਨ ਪਰ (ਉਹ ਬੇਸਮਝ ਆਪਣਾ) ਆਖਿਆ ਹੋਇਆ (ਆਪ ਹੀ) ਕੁਝ ਨਹੀਂ ਸਮਝਦੇ। ਜਿਨ੍ਹਾਂ (ਮਨੁੱਖਾਂ ਦਾ) ਚਿੱਤ ਮਾਇਆ ਨੇ ਚੁਰਾ ਲਿਆ ਹੈ, (ਉਹ ਜੋ ਕੁਝ ਵੀ) ਬੋਲਣ ਪਏ (ਉਹ ਸਭ) ਮੂੰਹ ਜ਼ਬਾਨੀ (ਭਾਵ ਜ਼ਬਾਨੀ ਜਮਾਂ-ਖਰਚ ਅਰਥਾਤ ਵਿਅਰਥ ਰਟਨ ਹੁੰਦਾ ਹੈ। ਨਾਨਕ ਆਖਦਾ ਹੈ ਕਿ ਸਤਿਗੁਰੂ ਤੋਂ ਬਿਨਾਂ ਹੋਰ (ਸਾਰੀ ਕ੍ਰਿਤ) ਕੱਚੀ (ਅਪ੍ਰਵਾਨ) ਬਾਣੀ ਹੈ।੨੪।

ਗੁਰ ਕਾ ਸਬਦੁ ਰਤੰਨੁ ਹੈ ਹੀਰੇ ਜਿਤੁ ਜੜਾਉ॥
ਸਬਦੁ ਰਤਨੁ ਜਿਤੁ ਮੰਨੁ ਲਾਗਾ ਏਹੁ ਹੋਆ ਸਮਾਉ॥
ਸਬਦ ਸੇਤੀ ਮਨੁ ਮਿਲਿਆ ਸਚੈ ਲਾਇਆ ਭਾਉ॥
ਆਪੇ ਹੀਰਾ ਰਤਨੁ ਆਪੇ ਜਿਸ ਨੋ ਦੇਇ ਬੁਝਾਇ॥
ਕਹੈ ਨਾਨਕੁ ਸਬਦੁ ਰਤਨੁ ਹੈ ਹੀਰਾ ਜਿਤੁ ਜੜਾਉ॥੨੫॥
ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ॥
ਹੁਕਮੁ ਵਰਤਾਏ ਆਪਿ ਵੇਖੈ ਗੁਰਮੁਖਿ ਕਿਸੈ ਬੁਝਾਏ॥
ਤੋੜੇ ਬੰਧਨ ਹੋਵੈ ਮੁਕਤੁ ਸਬਦੁ ਮੰਨਿ ਵਸਾਏ॥
ਗੁਰਮੁਖਿ ਜਿਸ ਨੋ ਆਪਿ ਕਰੇ ਸੁ ਹੋਵੈ ਏਕਸ ਸਿਉ ਲਿਵ ਲਾਏ॥
ਕਹੈ ਨਾਨਕੁ ਆਪਿ ਕਰਤਾ ਆਪੇ ਹੁਕਮੁ ਬੁਝਾਏ॥੨੬॥
ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ॥
ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ॥
ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ॥
ਗੁਰ ਕਿਰਪਾ ਤੇ ਸੇ ਜਨ ਜਾਗੇ
ਜਿਨਾ ਹਰਿ ਮਨਿ ਵਸਿਆ ਬੋਲਹਿ ਅੰਮ੍ਰਿਤ ਬਾਣੀ॥
ਕਹੈ ਨਾਨਕੁ ਸੋ ਤਤੁ ਪਾਏ ਜਿਸ ਨੋ ਅਨਦਿਨੁ
ਹਰਿ ਲਿਵ ਲਾਗੈ ਜਾਗਤ ਰੈਣਿ ਵਿਹਾਣੀ॥੨੭॥
ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ ਸੋ ਕਿਉ ਮਨਹੁ ਵਿਸਾਰੀਐ॥
ਮਨਹੁ ਕਿਉ ਵਿਸਾਰੀਐ ਏਵਡੁ ਦਾਤਾ ਜਿ ਅਗਨਿ ਮਹਿ ਆਹਾਰੁ ਪਹੁਚਾਵਏ॥
ਓਸ ਨੋ ਕਿਹੁ ਪੋਹਿ ਨ ਸਕੀ ਜਿਸ ਨਉ ਆਪਣੀ ਲਿਵ ਲਾਵਏ॥
ਆਪਣੀ ਲਿਵ ਆਪੇ ਲਾਏ ਗੁਰਮੁਖਿ ਸਦਾ ਸਮਾਲੀਐ॥
ਕਹੈ ਨਾਨਕੁ ਏਵਡੁ ਦਾਤਾ ਸੋ ਕਿਉ ਮਨਹੁ ਵਿਸਾਰੀਐ॥੨੮॥

ਫੁਟਕਲ : 'ਰਤੰਨ' ਦਾ ਉਚਾਰਨ 'ਰਤਨ' ਨਹੀਂ ਕਰਨਾ। ਬਿੰਦੀ ਸਹਿਤ : ਸਿਉਂ, ਬਾਝਹੁਂ, ਸੁਤਿਆਂ, ਜਿਨ੍ਹਾਂ, ਬੋਲਹਿਂ, ਮਹਿਂ, ਕਿਉਂ, ਮਨਹੁਂ, ਨਉਂ, ਮਨਹੁਂ।

ਗੁਰੂ ਦਾ ਸ਼ਬਦ ਰਤਨ (ਸਭ ਤੋਂ ਵੱਧ ਅਮੋਲਕ ਤੇ ਅਸਚਰਜ ਵਸਤੂ ਹੈ), ਜਿਸਨੂੰ (ਸਿਫਤ ਰੂਪੀ) ਹੀਰੇ ਪੰਨੇ ਜੜ੍ਹੇ ਹੋਏ ਹਨ (ਸ਼ੁੱਧ ਹਿਰਦੇ ਵਿਚ ਟਿਕਾਉਣਾ ਚਾਹੀਦਾ ਹੈ), (ਇਹ) ਸ਼ਬਦ ਰਤਨ ਜਿਸ (ਸਿੱਖ ਦੇ) ਮਨ ਨੂੰ (ਚੰਗਾ) ਲੱਗ ਗਿਆ (ਮਾਨੋ ਉਸਦੇ ਹਿਰਦੇ ਵਿੱਚ) ਸਮਾਅ ਗਿਆ ਹੈ। (ਜਿਸਦਾ) ਮਨ ਸ਼ਬਦ ਨਾਲ ਇਕ ਮਿੱਕ ਹੋ ਗਿਆ (ਮਾਨੋ) ਸੱਚੇ (ਪਰਮਾਤਮਾ) ਨੇ (ਉਸਦੇ ਅੰਦਰ ਇਹ) ਪ੍ਰੇਮ ਲਾਇਆ ਹੈ। (ਉਹ ਵਾਹਿਗੁਰੂ) ਆਪ ਹੀ ਹੀਰਾ ਹੈ, ਆਪ ਹੀ ਰਤਨ ਹੈ, ਜਿਸ (ਜੀਵ) ਨੂੰ (ਉਹ ਆਪ) ਸਮਝਾ ਦੇਵੇ (ਉਸਨੂੰ ਸ਼ਬਦ ਰਤਨ ਦੀ ਸੋਝੀ ਆਉਂਦੀ ਹੈ)। ਨਾਨਕ ਕਹਿੰਦਾ ਹੈ ਕਿ ਸ਼ਬਦ (ਮਾਨੋ ਅਮੋਲਕ) ਰਤਨ ਹੈ, ਜਿਸ ਨੂੰ (ਸਿਫਤ ਰੂਪੀ ਗੁਣਾਂ) ਦੇ ਹੀਰੇ (ਦਾ ਜੜਾਵਾ) ਜੜ੍ਹਿਆ ਹੋਇਆ ਹੈ।੨੫।

ਆਤਮਿਕ ਚੇਤਨਤਾ ਅਤੇ (ਪ੍ਰਾਕਿਰਤਕ) ਸ਼ਕਤੀ (ਮਾਇਆ) ਨੂੰ ਅਕਾਲ ਪੁਰਖ ਆਪ ਹੀ ਪੈਦਾ ਕਰਕੇ, ਆਪ ਹੀ (ਉਨ੍ਹਾਂ ਉਤੇ ਆਪਣਾ) ਹੁਕਮ ਚਲ ਰਿਹਾ ਹੈ। (ਪ੍ਰਭੂ ਆਪਣਾ) ਹੁਕਮ ਵਰਤਾਅ ਕੇ ਆਪ ਹੀ ਵੇਖਦਾ ਹੈ (ਪਰ ਇਹ ਤੱਤ ਗਿਆਨ) ਗੁਰੂ ਦੁਆਰਾ ਕਿਸੇ (ਵਿਰਲੇ ਜਿਗਿਆਸੂ) ਨੂੰ ਹੀ ਸਮਝਾਉਂਦਾ ਹੈ। (ਅਜਿਹਾ ਜੀਵ ਮਾਇਆ ਮੋਹ ਦੇ) ਬੰਧਨ ਤੋੜ ਕੇ ਮੁਕਤ ਹੋ ਜਾਂਦਾ ਹੈ ਅਤੇ (ਗੁਰੂ) ਸ਼ਬਦ ਨੂੰ (ਆਪਣੇ) ਮਨ ਵਿਚ ਵਸਾਉਂਦਾ ਹੈ। (ਪਰਮਾਤਮਾ) ਜਿਸ ਨੂੰ ਆਪ ਗੁਰੂ ਅਨੁਸਾਰੀ ਬਣਾ ਦੇਵੇ, ਉਹੋ ਹੀ (ਗੁਰਮੁਖ) ਹੋ ਸਕਦਾ ਹੈ (ਤੇ ਉਹ ਇਕ ਪਰਮਾਤਮਾ) ਨਾਲ ਲਿਵ ਲਾਈ (ਜੋੜੀ) ਰਖਦਾ ਹੈ। ਨਾਨਕ ਆਖਦਾ ਹੈ ਕਿ (ਸਾਰੀ ਰਚਨਾ ਕਰਨ ਵਾਲਾ) ਕਰਤਾ ਪੁਰਖ ਆਪ ਹੀ (ਸਭ ਕੁਝ ਹੈ ਅਤੇ) ਆਪ ਹੀ (ਆਪਣੇ) ਹੁਕਮ ਤੋਂ ਜਾਣੂੰ ਕਰਾਉਂਦਾ (ਭਾਵ ਸਮਝਾਉਂਦਾ) ਹੈ।੨੬।

(ਹੇ ਗੁਰਸਿੱਖੋ! ਹਿੰਦੂ ਧਰਮ ਦੇ ਅਨੁਆਈ) ਸਿਮਰਤੀਆਂ, ਸ਼ਾਸਤਰ, ਪੁੰਨ ਅਤੇ ਪਾਪ (ਕਰਮਾਂ ਦਾ) ਵਿਚਾਰ ਦਸਦੇ ਹਨ (ਉਨ੍ਹਾਂ ਨੇ) ਤੱਤ (ਵਸਤੂ) ਦੀ ਖ਼ਬਰ ਨਹੀਂ ਜਾਣੀ। ਗੁਰੂ ਤੋਂ ਬਿਨਾਂ (ਉਨ੍ਹਾਂ ਨੇ) ਤੱਤ (ਵਸਤੂ) ਦੀ ਖ਼ਬਰ ਨਹੀਂ ਜਾਣੀ। ਤੱਤ (ਵਸਤੂ) ਦੀ ਸਾਰ (ਬਿਲਕੁਲ ਹੀ) ਨਹੀਂ ਜਾਣੀ। ਤਿੰਨਾਂ ਗੁਣਾਂ (ਰਜੋ, ਤਮੋ, ਸਤੋ) ਦੇ ਭਰਮ ਵਿਚ (ਸਾਰਾ) ਸੰਸਾਰ ਸੁੱਤਾ ਪਿਆ ਹੈ। (ਇਨ੍ਹਾਂ ਭਰਮਾਂ ਵਿਚ) ਸੁਤਿਆਂ ਹੀ ਉਮਰ ਰੂਪੀ ਰਾਤਿ ਲੰਘ ਗਈ। ਗੁਰੂ ਦੀ ਕਿਰਪਾ ਨਾਲ ਉਹ ਜਨ ਹੀ (ਤਿੰਨਾਂ ਗੁਣਾਂ ਦੀ ਨੀਂਦ ਵਿਚੋਂ), ਜਾਗੇ ਹਨ, ਜਿਨ੍ਹਾਂ ਦੇ ਮਨ ਵਿਚ ਵਾਹਿਗੁਰੂ ਵੱਸਿਆ ਹੋਇਆ ਹੈ ਅਤੇ (ਨਾਮ ਰੂਪੀ) ਅੰਮ੍ਰਿਤ ਬਾਣੀ ਬੋਲਦੇ ਹਨ। ਨਾਨਕ ਆਖਦਾ ਹੈ (ਕਿ ਕੇਵਲ) ਉਹ ਜਗਿਆਸੂ ਤੱਤ ਵਸਤੂ ਨੂੰ ਪ੍ਰਾਪਤ ਕਰਦਾ ਹੈ ਜਿਸ ਨੂੰ ਰਾਤ-ਦਿਨ ਹਰੀ (ਪਰਮਾਤਮਾ) ਦੀ ਲਿਵ ਲੱਗੀ ਰਹਿੰਦੀ ਹੈ ਅਤੇ ਉਸ ਦੀ (ਉਮਰ ਰੂਪੀ) ਰਾਤ, ਜਾਗਦਿਆਂ (ਪ੍ਰਭੂ ਦੀ ਚਿੰਤਨ ਕਰਦਿਆਂ) ਬਤੀਤ ਹੁੰਦੀ ਹੈ।੨੭।

(ਜਿਹੜਾ ਵਾਹਿਗੁਰੂ) ਮਾਤਾ ਦੇ ਪੇਟ ਵਿੱਚ (ਜੀਵ ਦੀ) ਪਾਲਣ ਪੋਸਣ ਕਰਦਾ ਹੋਵੇ ਉਸ (ਦਾਤੇ) ਨੂੰ ਮਨ ਤੋਂ ਕਿਉਂ ਭੁਲਾਈਏ? ਮਨ ਤੋਂ ਅਜਿਹੇ ਵੱਡੇ ਦਾਤੇ ਨੂੰ ਕਿਉਂ ਭੁਲਾਈਏ (ਜਿਹੜਾ ਕਿ) ਮਾਤਾ ਦੇ ਪੇਟ ਦੀ ਅੱਗ ਵਿਚ (ਸਾਨੂੰ) ਭੋਜਨ ਪਹੁੰਚਾਉਂਦਾ ਹੈ। ਉਸ (ਜੀਵ) ਨੂੰ ਕੁਝ (ਕੋਈ), ਚੀਜ਼ ਵੀ ਨਹੀਂ ਪੋਹ ਸਕਦੀ ਜਿਸ ਨੂੰ (ਉਹ ਦਾਤਾ) ਆਪਣੀ ਲਿਵ ਲਾ ਦੇਂਦਾ ਹੈ। ਆਪਣੀ ਲਿਵ ਵੀ (ਉਹ) ਆਪ ਹੀ ਲਾਉਂਦਾ ਹੈ, (ਪਰ) ਗੁਰੂ ਦੁਆਰਾ (ਉਸ ਦਾਤੇ ਨੂੰ) ਸਦਾ ਸਿਮਰਨਾ ਚਾਹੀਦਾ ਹੈ। ਨਾਨਕ ਆਖਦਾ ਹੈ ਕਿ (ਜਿਹੜਾ) ਇਤਨਾ ਵੱਡਾ ਦਾਤਾ ਹੈ ਉਸ ਨੂੰ ਮਨ ਤੋਂ ਕਿਉਂ ਭੁਲਾਈਏ? (ਭਾਵ ਨਹੀਂ ਵਿਸਾਰਨਾ ਚਾਹੀਦਾ)।੨੮।

ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ॥
ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ॥
ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ॥
ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥
ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥
ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ ਤਿਨੀ ਵਿਚੇ ਮਾਇਆ ਪਾਇਆ॥੨੯॥
ਹਰਿ ਆਪਿ ਅਮੁਲਕੁ ਹੈ ਮੁਲਿ ਨ ਪਾਇਆ ਜਾਇ॥
ਮੁਲਿ ਨ ਪਾਇਆ ਜਾਇ ਕਿਸੈ ਵਿਟਹੁ ਰਹੇ ਲੋਕ ਵਿਲਲਾਇ॥
ਐਸਾ ਸਤਿਗੁਰੁ ਜੇ ਮਿਲੈ ਤਿਸ ਨੋ ਸਿਰੁ ਸਉਪੀਐ ਵਿਚਹੁ ਆਪੁ ਜਾਇ॥
ਜਿਸ ਦਾ ਜੀਉ ਤਿਸੁ ਮਿਲਿ ਰਹੈ ਹਰਿ ਵਸੈ ਮਨਿ ਆਇ॥
ਹਰਿ ਆਪਿ ਅਮੁਲਕੁ ਹੈ ਭਾਗ ਤਿਨਾ ਕੇ ਨਾਨਕਾ ਜਿਨ ਹਰਿ ਪਲੈ ਪਾਇ॥੩੦॥
ਹਰਿ ਰਾਸਿ ਮੇਰੀ ਮਨੁ ਵਣਜਾਰਾ॥
ਹਰਿ ਰਾਸਿ ਮੇਰੀ ਮਨੁ ਵਣਜਾਰਾ ਸਤਿਗੁਰ ਤੇ ਰਾਸਿ ਜਾਣੀ॥
ਹਰਿ ਹਰਿ ਨਿਤ ਜਪਿਹੁ ਜੀਅਹੁ ਲਾਹਾ ਖਟਿਹੁ ਦਿਹਾੜੀ॥
ਏਹੁ ਧਨੁ ਤਿਨਾ ਮਿਲਿਆ ਜਿਨ ਹਰਿ ਆਪੇ ਭਾਣਾ॥
ਕਹੈ ਨਾਨਕੁ ਹਰਿ ਰਾਸਿ ਮੇਰੀ ਮਨੁ ਹੋਆ ਵਣਜਾਰਾ॥੩੧॥
ਏ ਰਸਨਾ ਤੂ ਅਨ ਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ॥
ਪਿਆਸ ਨ ਜਾਇ ਹੋਰਤੁ ਕਿਤੈ ਜਿਚਰੁ ਹਰਿ ਰਸੁ ਪਲੈ ਨ ਪਾਇ॥
ਹਰਿ ਰਸੁ ਪਾਇ ਪਲੈ ਪੀਐ ਹਰਿ ਰਸੁ ਬਹੁੜਿ ਨ ਤ੍ਰਿਸਨਾ ਲਾਗੈ ਆਇ॥
ਏਹੁ ਹਰਿ ਰਸੁ ਕਰਮੀ ਪਾਈਐ ਸਤਿਗੁਰੁ ਮਿਲੈ ਜਿਸੁ ਆਇ॥
ਕਹੈ ਨਾਨਕੁ ਹੋਰਿ ਅਨ ਰਸ ਸਭਿ ਵੀਸਰੇ ਜਾ ਹਰਿ ਵਸੈ ਮਨਿ ਆਇ॥੩੨॥

ਬਿੰਦੀ ਸਹਿਤ : ਮਹਿੰ, ਜਾਂ, ਤਾਂ, ਵਿਟਹੁੰ, ਸਉਂਪੀਐ, ਵਿਚਹੁੰ, ਜੀਅਹੁੰ, ਤਿਨ੍ਹਾਂ,

(ਮਾਤਾ ਦੇ) ਪੇਟ ਅੰਦਰ ਜਿਸ ਤਰ੍ਹਾਂ ਦੀ (ਜਠਰ) ਅਗਨੀ ਹੈ, ਉਸੇ ਤਰ੍ਹਾਂ ਦੀ (ਮਾਇਆ ਰੂਪੀ ਅੱਗ) ਬਾਹਰ (ਭਾਵ ਸੰਸਾਰ) ਵਿੱਚ (ਫੈਲ ਰਹੀ ਹੈ)। ਮਾਇਆ ਅਤੇ (ਜਠਰ) ਅੱਗ ਸਭ ਇਕੋ ਜਿਹੀ ਹੈ, ਕਰਤਾ ਪੁਰਖ ਨੇ (ਮਾਨੋ ਇਹ ਇਕ) ਖੇਲ ਬਣਾਇਆ ਹੈ। ਜਦੋਂ ਉਸ (ਕਰਤਾ ਪੁਰਖ) ਨੂੰ ਚੰਗਾ ਲਗਾ ਤਾਂ (ਜੀਵ ਨੇ ਸੰਸਾਰ ਵਿਚ) ਜਨਮ ਲਿਆ ਅਤੇ ਪਰਵਾਰ ਅੰਦਰ (ਜੀਵ ਦਾ ਆਉਣਾ) ਚੰਗਾ ਲੱਗਾ (ਭਾਵ ਖੁਸ਼ੀ ਹੋਈ)। ਜਦੋਂ ਜੀਵ ਦੀ ਕਰਤਾ ਪੁਰਖ ਦੇ ਚਰਨਾਂ ਨਾਲੋਂ) ਲਿਵ ਟੁੱਟੀ (ਤਾਂ ਇਸ ਨੂੰ ਦੁਨਿਆਵੀ ਪਦਾਰਥਾਂ ਦੀ) ਤ੍ਰਿਸ਼ਨਾ ਚਿਮੜੀ ਅਤੇ ਮਾਇਆ ਨੇ (ਜੀਵ ਉਤੇ ਆਪਣਾ) ਹੁਕਮ ਵਰਤਾ ਦਿਤਾ। ਜਿਸ ਨਾਲ (ਲੱਗ ਕੇ) ਕਰਤਾ ਪੁਰਖ ਭੁਲ ਜਾਏ, (ਮਾਇਆ ਦਾ) ਮੋਹ ਪੈਦਾ ਹੋ ਜਾਏ, (ਜੀਵ) ਦੂਜੇ ਭਾਉ (ਝੂਠੇ ਪਿਆਰ ਵਿਚ) ਲਗਾ ਜਾਏ, ਇਹ ਮਾਇਆ (ਦੀ ਪੱਕੀ ਪਛਾਣ) ਹੈ। ਨਾਨਕ ਆਖਦਾ ਹੈ ਕਿ ਗੁਰੂ ਦੀ ਕਿਰਪਾ ਨਾਲ ਜਿਨ੍ਹਾਂ (ਜਗਿਆਸੂਆਂ) ਦੀ ਸੁਰਤੀ (ਹਰੀ ਚਰਨਾਂ ਭਾਵ ਸਿਮਰਨ ਵਿਚ) ਜੁੜ ਗਈ, ਉਨ੍ਹਾਂ ਨੇ ਮਾਇਆ ਵਿੱਚ ਹੀ (ਨਿਰਲੇਪ ਰਹਿ ਕੇ ਪਰਮਾਤਮਾ ਨੂੰ) ਪ੍ਰਾਪਤ ਕਰ ਲਿਆ।੨੯।

ਹਰੀ (ਵਾਹਿਗੁਰੂ) ਆਪ ਮੁੱਲ ਪਾਏ ਜਾਣ ਤੋਂ ਪਰੇ ਹੈ, (ਉਸ ਦਾ ਮੁੱਲ ਕਿਸੇ) ਕੀਮਤ ਦੁਆਰਾ ਵੀ ਕਿਸੇ ਤੋਂ ਨਹੀਂ ਪਾਇਆ ਜਾ ਸਕਦਾ। (ਉਸ ਪ੍ਰਭੂ ਦਾ ਮੁੱਲ) ਕਿਸੇ ਪਾਸੋਂ ਵੀ ਨਹੀਂ ਪਾਇਆ ਜਾ ਸਕਦਾ, (ਅਨੇਕਾਂ) ਲੋਕੀ ਕੁਰਲਾਅ ਕੁਰਲਾਅ ਕੇ ਰਹਿ ਗਏ ਹਨ। (ਹਾਂ) ਇਹੋ ਜਿਹਾ (ਭਾਵ ਗੁਰੂ ਨਾਨਕ ਅੰਗਦ ਸਾਹਿਬ ਵਰਗਾ) ਸਤਿਗੁਰੂ ਜੇ ਮਿਲ ਜਾਵੇ, ਤਾਂ ਉਸ ਨੂੰ (ਆਪਣਾ ਸਿਰ ਭੇਟਾ ਵਜੋਂ) ਸਉਂਪ ਦੇਈਏ (ਮਨ) ਵਿਚੋਂ ਹੰਗਤਾ ਨਿਕਲ ਜਾਵੇ। (ਫਿਰ) ਜਿਸ (ਅਕਾਲ ਪੁਰਖ) ਦਾ (ਬਣਾਇਆ ਹੋਇਆ ਇਹ) ਜੀਵ ਹੈ, ਉਸ ਨੂੰ ਮਿਲ ਪੈਂਦਾ ਹੈ ਅਤੇ ਹਰੀ (ਉਸ ਦੇ) ਮਨ ਵਿੱਚ ਆ ਕੇ ਵੱਸ ਜਾਂਦਾ ਹੈ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਹਰੀ ਆਪ ਮੁੱਲ ਤੋਂ ਪਰੇ ਹੈ। ਉਨ੍ਹਾਂ (ਮਨੁੱਖਾਂ ਦੇ ਵੱਡੇ) ਭਾਗ ਹਨ, ਜਿਨ੍ਹਾਂ ਨੇ (ਉਸ ਬੇਅੰਤ) ਹਰੀ ਨੂੰ ਪ੍ਰਾਪਤ ਕਰ ਲਿਆ ਹੈ।੩੦।

(ਹੇ ਗੁਰਮੁਖੋ!) ਹਰੀ ਦਾ (ਨਾਮ) ਮੇਰੀ ਪੂੰਜੀ ਹੈ, (ਮੇਰਾ) ਮਨ (ਉਸ ਹਰੀ ਦਾ) ਵਪਾਰੀ ਹੈ। ਹਰੀ ਮੇਰੀ ਰਾਸ ਹੈ, ਮਨ ਵਪਾਰੀ ਹੈ, (ਅਤੇ) ਸਤਿਗੁਰੂ ਤੋਂ (ਮੈਨੂੰ ਇਸ ਸੱਚੀ) ਰਾਸ ਦੀ ਸੋਝੀ ਲੱਗੀ ਹੈ। (ਸਤਿਗੁਰੂ ਨੇ ਦੱਸਿਆ ਹੈ ਕਿ) ਹਰੀ ਹਰੀ (ਨਾਮ) ਦਾ ਹਰ ਰੋਜ਼ ਦਿਲੋਂ (ਭਾਵ ਜੁੜ ਕੇ ਨਾਮ) ਜਪਿਆ ਕਰੋ, (ਇਸ ਤਰ੍ਹਾਂ ਜੀਵਨ) ਦਿਹਾੜੀ ਦਾ ਲਾਭ ਖਟਦੇ ਰਹਿਓ। ਇਹ (ਨਾਮ ਰੂਪੀ) ਧਨ ਉਨ੍ਹਾਂ ਨੂੰ ਮਿਲਿਆ ਹੈ ਜਿਨ੍ਹਾਂ ਨੂੰ ਹਰੀ ਆਪ ਹੀ ਚੰਗਾ (ਪਿਆਰਾ) ਲੱਗਾ ਹੈ। ਨਾਨਕ ਆਖਦਾ ਹੈ ਕਿ ਹਰੀ ਮੇਰੀ ਪੂੰਜੀ ਹੈ ਅਤੇ (ਮੇਰਾ) ਮਨ (ਉਸ ਪੂੰਜੀ ਦਾ) ਵਪਾਰੀ ਹੈ।੩੧।

ਹੇ ਰਸਨਾ! ਤੂੰ ਹੋਰ (ਮਾਇਕੀ ਪਦਾਰਥਾਂ ਦੇ) ਰੱਸਾਂ ਵਿਚ ਰਚੀ ਹੋਈ ਹੈਂ (ਇਸ ਲਈ) ਤੇਰੀ (ਬਿਖੇ ਰੱਸਾਂ ਵਾਲੀ) ਤ੍ਰਿਹ ਦੂਰ ਨਹੀਂ ਹੁੰਦੀ। ਹੋਰ ਕਿਸੇ ਤਰੀਕੇ ਨਾਲ ਵੀ (ਤੇਰੀ) (ਬਿਖੇ ਰੱਸਾਂ ਵਾਲੀ) ਤ੍ਰਿਹ ਦੂਰ ਨਹੀਂ ਹੁੰਦੀ। ਹੋਰ ਕਿਸੇ ਤਰੀਕੇ ਨਾਲ ਵੀ (ਤੇਰੀ) ਪਿਆਸ ਨਹੀਂ ਜਾ ਸਕਦੀ ਜਦੋਂ ਤੀਕ (ਤੂੰ) ਹਰੀ ਦਾ (ਨਾਮ) ਰਸ ਪ੍ਰਾਪਤ ਨਹੀਂ ਕਰ ਲੈਂਦੀ। (ਇਹ ਰਸਨਾ ਜੇ) ਹਰੀ ਨਾਮ-ਰਸ ਪ੍ਰਾਪਤ ਕਰ ਲਵੇ, ਹਰੀ ਨਾਮ-ਰਸ (ਗਟਾਕ ਗਟਾਕ ਕਰਕੇ) ਪੀ ਲਵੇ, ਮੁੜ ਕੇ (ਇਸ ਨੂੰ ਕਦੇ ਵੀ ਪਦਾਰਥਕ ਭੋਗਾਂ ਦੀ) ਤ੍ਰਿਸ਼ਨਾ ਨਹੀਂ ਲਗੇਗੀ। ਇਹ ਹਰੀ ਰਸ ਭਾਗਾਂ ਨਾਲ (ਉਸੇ ਜਗਿਆਸੂ ਨੂੰ) ਪ੍ਰਾਪਤ ਹੁੰਦਾ ਹੈ ਜਿਸ ਨੂੰ ਸਤਿਗੁਰੂ ਆ ਕੇ ਮਿਲ ਪੈਂਦਾ ਹੈ। ਨਾਨਕ ਆਖਦਾ ਹੈ (ਜਦੋਂ) ਹਰੀ (ਆਪ) ਮਨ ਵਿਚ ਆ ਕੇ ਵੱਸ ਜਾਵੇ (ਤਾਂ ਸਮਝੋ ਕਿ ਜੀਵ ਨੂੰ) ਹੋਰ ਸਾਰੇ (ਮਾਇਕੀ ਪਦਾਰਥਾਂ ਦੇ) ਰਸ ਵਿਸਰ ਗਏ।੩੨।

ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ॥
ਹਰਿ ਜੋਤਿ ਰਖੀ ਤੁਧੁ ਵਿਚਿ ਤਾ ਤੂ ਜਗ ਮਹਿ ਆਇਆ॥
ਹਰਿ ਆਪੇ ਮਾਤਾ ਆਪੇ ਪਿਤਾ ਜਿਨਿ ਜੀਉ ਉਪਾਇ ਜਗਤੁ ਦਿਖਾਇਆ॥
ਗੁਰ ਪਰਸਾਦੀ ਬੁਝਿਆ ਤਾ ਚਲਤੁ ਹੋਆ ਚਲਤੁ ਨਦਰੀ ਆਇਆ॥
ਕਹੈ ਨਾਨਕੁ ਸ੍ਰਿਸਟਿ ਕਾ ਮੂਲੁ ਰਚਿਆ ਜੋਤਿ ਰਾਖੀ ਤਾ ਤੂ ਜਗ ਮਹਿ ਆਇਆ॥੩੩॥
ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ॥
ਹਰਿ ਮੰਗਲੁ ਗਾਉ ਸਖੀ ਗ੍ਰਿਹੁ ਮੰਦਰੁ ਬਣਿਆ॥
ਹਰਿ ਗਾਉ ਮੰਗਲੁ ਨਿਤ ਸਖੀਏ ਸੋਗੁ ਦੂਖੁ ਨ ਵਿਆਪਏ॥
ਗੁਰ ਚਰਨ ਲਾਗੇ ਦਿਨ ਸਭਾਗੇ ਆਪਣਾ ਪਿਰੁ ਜਾਪਏ॥
ਅਨਹਤ ਬਾਣੀ ਗੁਰ ਸਬਦਿ ਜਾਣੀ ਹਰਿ ਨਾਮੁ ਹਰਿ ਰਸੁ ਭੋਗੋ॥
ਕਹੈ ਨਾਨਕੁ ਪ੍ਰਭੁ ਆਪਿ ਮਿਲਿਆ ਕਰਣ ਕਾਰਣ ਜੋਗੋ॥੩੪॥
ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ ਕਿਆ ਤੁਧੁ ਕਰਮ ਕਮਾਇਆ॥
ਕਿ ਕਰਮ ਕਮਾਇਆ ਤੁਧੁ ਸਰੀਰਾ ਜਾ ਤੂ ਜਗ ਮਹਿ ਆਇਆ॥
ਜਿਨਿ ਹਰਿ ਤੇਰਾ ਰਚਨੁ ਰਚਿਆ ਸੋ ਹਰਿ ਮਨਿ ਨ ਵਸਾਇਆ॥
ਗੁਰ ਪਰਸਾਦੀ ਹਰਿ ਮੰਨਿ ਵਸਿਆ ਪੂਰਬਿ ਲਿਖਿਆ ਪਾਇਆ॥
ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ ਜਿਨਿ ਸਤਿਗੁਰ ਸਿਉ ਚਿਤੁ ਲਾਇਆ॥੩੫॥
ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ ਹਰਿ ਬਿਨੁ ਅਵਰੁ ਨ ਦੇਖਹੁ ਕੋਈ॥
ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ ॥
ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥
ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ ਹਰਿ ਬਿਨੁ ਅਵਰੁ ਨ ਕੋਈ॥
ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ॥੩੬॥

ਬਿੰਦੀ ਸਹਿਤ : ਮਹਿੰ, ਤਾਂ, ਮਹਿੰ, ਸਿਉਂ, ਮਹਿੰ, **ਬਿੰਦੀ ਰਹਿਤ** : ਵੀਸਰੇ, ਵੇਖਾ

ਹੇ ਮੇਰਾ ਸਰੀਰਾ! ਹਰੀ ਨੇ ਤੇਰੇ ਵਿਚ (ਆਪਣੀ) ਜੋਤਿ (ਚੇਤਨ-ਸੱਤਾ) ਰੱਖੀ, ਤਾਂ ਤੂੰ (ਇਸ) ਸੰਸਾਰ ਵਿਚ ਆਇਆ। (ਫਿਰ ਸਮਝ ਲੈ) ਹਰੀ ਨੇ ਜੋਤਿ-ਸੱਤਾ ਤੇਰੇ ਵਿੱਚ ਰੱਖੀ ਤਾਂ ਤੂੰ (ਇਸ) ਜਗਤ ਵਿੱਚ (ਜਨਮ ਧਾਰ ਕੇ) ਆਇਆ। ਹਰੀ ਆਪ ਹੀ ਮਾਤਾ ਹੈ, ਆਪ ਹੀ ਪਿਤਾ ਹੈ, ਜਿਸ ਨੇ ਜੀਵ ਪੈਦਾ ਕਰਕੇ (ਇਹ ਸੰਸਾਰ ਰੂਪ ਤਮਾਸ਼ਾ ਤੈਨੂੰ) ਦਿਖਾਇਆ ਹੈ। ਗੁਰੂ ਦੀ ਕਿਰਪਾ ਨਾਲ (ਜਦ ਮਨੁੱਖ ਨੇ ਜੀਵਾਤਮਾ ਤੇ ਪਰਮਾਤਮਾ ਦੀ ਅਭੇਦਤਾ ਵਾਲਾ ਤੱਤ) ਸਮਝ ਲਿਆ ਤਾਂ ਉਸ ਨੂੰ (ਸਾਰਾ ਸੰਸਾਰ ਅਕਾਲ ਪੁਰਖ ਜੀ ਦਾ ਇਕ) ਕੌਤਕ ਤਮਾਸ਼ਾ ਹੀ ਨਜ਼ਰੀ ਆਇਆ। ਨਾਨਕ ਆਖਦਾ ਹੈ ਕਿ (ਹੇ ਮੇਰੇ ਸਰੀਰ! ਹਰੀ ਨੇ ਆਪ ਹੀ ਸਭ ਵਿੱਚ ਆਪਣੀ) ਚੇਤਨ-ਸੱਤਾ ਰੱਖ ਕੇ ਸ੍ਰਿਸ਼ਟੀ ਦਾ ਮੁੱਢ ਬੱਧਾ, ਤਾਂ ਤੂੰ ਸੰਸਾਰ ਵਿੱਚ ਆਇਆ।੩੩।

(ਗੁਰੂ ਪਿਆਰਿਓ! ਜਦੋਂ ਮੈਂ ਆਪਣੇ) ਪ੍ਰਭੂ ਦਾ ਆਉਣਾ ਸੁਣਿਆ (ਤਾਂ ਮੇਰੇ ਹਿਰਦੇ ਵਿਚ ਬੜਾ) ਉਤਸ਼ਾਹ ਅਤੇ ਉਮਾਹ ਉਠਿਆ (ਭਾਵ ਅਤਿਅੰਤ ਖੁਸ਼ੀ ਹੋਈ)। (ਮੈਂ ਗੁਰਮੁਖ ਸਖੀਆਂ ਸਹੇਲੀਆਂ ਨੂੰ ਆਖਿਆ) ਹੇ ਸਖੀਓ! (ਤੁਸੀਂ) ਮੰਗਲਮਈ ਗੀਤ ਗਾਉ (ਕਿਉਂਕਿ ਮੇਰਾ ਹਿਰਦਾ ਰੂਪ) ਘਰ, ਪ੍ਰਭੂ ਜੋਗਾ ਮੰਦਰ ਬਣ ਗਿਆ ਹੈ। ਹੇ ਸਖੀਓ! ਹਰੀ ਦਾ ਮੰਗਲ (ਜੱਸ-ਰੂਪੀ ਗੀਤ) ਹਰ ਰੋਜ਼ ਗਾਉ (ਜਿਸ ਦੀ ਬਰਕਤ ਨਾਲ) ਚਿੰਤਾ ਅਤੇ ਦੁੱਖ (ਕਦੇ ਵੀ) ਨਹੀਂ ਲਗ ਸਕਦੇ। (ਉਹ ਦਿਨ ਭਾਗਾਂ ਵਾਲੇ ਹਨ (ਜਦੋਂ ਅਸੀਂ) ਗੁਰੂ ਦੇ ਚਰਨੀ ਲੱਗੇ ਅਤੇ ਆਪਣੇ ਪਤੀ (ਪਰਮੇਸ਼ਰ ਦਾ) ਪਤਾ ਲੱਗਾ। ਇਕ ਰਸ ਰਹਿਣ ਵਾਲੀ ਬਾਣੀ, ਗੁਰੂ ਸ਼ਬਦ (ਉਪਦੇਸ਼) ਦੁਆਰਾ ਪਛਾਣੀ ਹੈ (ਜਿਸ ਦੇ ਫਲਸਰੂਪ ਅਸੀਂ) ਹਰੀ ਨਾਮ ਅਤੇ ਹਰੀ ਰੱਸ ਨੂੰ ਭੋਗ (ਭੁੰਚ) ਰਹੇ ਹਾਂ। ਨਾਨਕ ਆਖਦਾ ਹੈ ਕਿ (ਸਾਨੂੰ) ਕਰਨ-ਕਾਰਨ ਸਮਰਥ ਪ੍ਰਭੂ ਆਪ ਮਿਲਿਆ ਹੈ।੩੪।

ਹੇ ਮੇਰੇ ਸਰੀਰਾ! ਇਸ ਜਗਤ ਵਿੱਚ ਆ ਕੇ (ਜਨਮ ਤੋਂ ਲੈ ਕੇ ਹੁਣ ਤਕ) ਤੁੱਧ ਜਿਹੜਾ (ਚੰਗਾ) ਕੰਮ ਕੀਤਾ ਹੈ? (ਹੇ ਮੇਰੇ ਸਰੀਰ!) ਜਦੋਂ ਦਾ ਤੂੰ ਸੰਸਾਰ ਵਿੱਚ ਆਇਆ ਹੈਂ ਤੁੱਧ ਕਿਹੜਾ (ਚੰਗਾ) ਕੰਮ ਕੀਤਾ ਹੈ? ਜਿਸ ਹਰੀ ਨੇ ਤੇਰਾ ਵਜੂਦ ਸਰੂਪ ਬਣਾਇਆ ਹੈ, ਉਸ (ਹਰੀ) ਨੂੰ (ਤੂੰ ਆਪਣੇ) ਮਨ ਵਿੱਚ ਵਸਾਇਆ ਹੀ ਨਹੀਂ। (ਇਹ ਗੱਲ ਵੀ ਸੁਣ ਲੈ ਕਿ) ਗੁਰੂ ਕਿਰਪਾ ਨਾਲ (ਜਿਸ ਦੇ) ਮਨ ਵਿੱਚ ਹਰੀ ਵਸਿਆ ਹੈ (ਉਸ ਨੇ ਧੁਰ ਦਰਗਾਹੋਂ) ਪੂਰਬ ਲਿਖੇ ਅਨੁਸਾਰ ਹੀ (ਹਰੀ ਨੂੰ) ਪ੍ਰਾਪਤ ਕੀਤਾ ਹੈ। ਨਾਨਕ ਆਖਦਾ ਹੈ ਕਿ (ਉਸੇ ਪ੍ਰਾਣੀ ਦਾ) ਇਹ ਸਰੀਰ ਪਰਵਾਣ (ਸਫਲ) ਹੋਇਆ ਹੈ ਜਿਸ ਨੇ ਸਤਿਗੁਰੂ ਨਾਲ ਆਪਣਾ ਚਿੱਤ ਜੋੜਿਆ ਹੈ।੩੫।

ਏ ਮੇਰੇ ਨੈਣੋ! ਹਰੀ ਨੇ ਤੁਹਾਡੇ ਵਿੱਚ (ਆਪਣੀ) ਜੋਤਿ-ਕਲਾ ਰਖੀ ਹੈ, (ਤੁਸੀਂ) ਹਰੀ ਤੋਂ ਬਿਨਾਂ (ਕਿਸੇ) ਹੋਰ ਨੂੰ ਨਾ ਵੇਖੋ। ਹਰੀ ਤੋਂ ਬਿਨਾਂ ਕੋਈ ਹੋਰ ਨਾ ਵੇਖੋ, (ਤੁਹਾਨੂੰ ਬਖ਼ਸ਼ੇ ਹੋਏ ਆਤਮਿਕ) ਨੈਣਾਂ ਦੀ (ਦ੍ਰਿਸ਼ਟੀ) ਨਾਲ (ਕੇਵਲ) ਹਰੀ ਨੂੰ ਹੀ ਵੇਖਣਾ ਚਾਹੀਦਾ ਹੈ। ਇਹ ਸਾਰਾ ਸੰਸਾਰ (ਜੋ) ਤੁਸੀਂ ਵੇਖਦੇ ਹੋ, ਇਹ ਹਰੀ ਦਾ (ਆਪਣਾ ਹੀ) ਰੂਪ ਹੈ, (ਇਸ ਲਈ, ਤੁਹਾਨੂੰ ਸਭ) ਹਰੀ ਦਾ ਰੂਪ ਹੀ ਨਜ਼ਰ ਆਉਣਾ ਚਾਹੀਦਾ ਹੈ। ਗੁਰੂ ਦੀ ਕਿਰਪਾ ਨਾਲ (ਮੈਂ ਗੂਹੜ ਭੇਦ) ਸਮਝ ਲਿਆ, ਜਦੋਂ ਵੇਖਿਆ (ਤਾਂ ਮੈਨੂੰ ਹਰ ਪਾਸੇ) ਇਕੋ ਹਰੀ ਹੀ (ਦਿੱਸਿਆ) ਹਰੀ ਤੋਂ ਬਿਨਾਂ ਹੋਰ (ਦੂਜਾ) ਕੋਈ ਨਹੀਂ ਹੈ। ਨਾਨਕ ਆਖਦਾ ਹੈ ਕਿ ਇਹ ਨੇਤਰ (ਜੋ ਅਗਿਆਨਤਾ ਕਾਰਨ) ਅੰਨ੍ਹੇ ਹੋਏ ਪਏ ਸਨ, ਸਤਿਗੁਰੂ ਦੇ ਮਿਲਣ ਨਾਲ ਬ੍ਰਹਮ-ਗਿਆਨ ਦ੍ਰਿਸ਼ਟੀ ਪ੍ਰਾਪਤ ਹੋ ਗਈ।੩੬।

ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ॥
ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ॥
ਜਿਤੁ ਸੁਣੀ ਮਨੁ ਤਨੁ ਹਰਿਆ ਹੋਆ ਰਸਨਾ ਰਸਿ ਸਮਾਣੀ॥
ਸਚੁ ਅਲਖ ਵਿਡਾਣੀ ਤਾ ਕੀ ਗਤਿ ਕਹੀ ਨ ਜਾਏ॥
ਕਹੈ ਨਾਨਕੁ ਅੰਮ੍ਰਿਤ ਨਾਮੁ ਸੁਣਹੁ ਪਵਿਤ੍ਰ ਹੋਵਹੁ ਸਾਚੈ ਸੁਨਣੈ ਨੋ ਪਠਾਏ॥੩੭॥
ਹਰਿ ਜੀਉ ਗੁਫਾ ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ॥
ਵਜਾਇਆ ਵਾਜਾ ਪਉਣ ਨਉ ਦੁਆਰੇ ਪਰਗਟੁ ਕੀਏ ਦਸਵਾ ਗੁਪਤੁ ਰਖਾਇਆ॥
ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ॥
ਤਹ ਅਨੇਕ ਰੂਪ ਨਾਉ ਨਵ ਨਿਧਿ ਤਿਸ ਦਾ ਅੰਤੁ ਨ ਜਾਈ ਪਾਇਆ॥
ਕਹੈ ਨਾਨਕੁ ਹਰਿ ਪਿਆਰੈ ਜੀਉ ਗੁਫਾ
ਅੰਦਰਿ ਰਖਿ ਕੈ ਵਾਜਾ ਪਵਣੁ ਵਜਾਇਆ॥੩੮॥
ਏਹੁ ਸਾਚਾ ਸੋਹਿਲਾ ਸਾਚੈ ਘਰਿ ਗਾਵਹੁ॥
ਗਾਵਹੁ ਤ ਸੋਹਿਲਾ ਘਰਿ ਸਾਚੈ ਜਿਥੈ ਸਦਾ ਸਚੁ ਧਿਆਵਹੇ॥
ਸਚੋ ਧਿਆਵਹਿ ਜਾ ਤੁਧੁ ਭਾਵਹਿ ਗੁਰਮੁਖਿ ਜਿਨਾ ਬੁਝਾਵਹੇ॥
ਇਹੁ ਸਚੁ ਸਭਨਾ ਕਾ ਖਸਮੁ ਹੈ ਜਿਸੁ ਬਖਸੇ ਸੋ ਜਨੁ ਪਾਵਹੇ॥
ਕਹੈ ਨਾਨਕੁ ਸਚੁ ਸੋਹਿਲਾ ਸਚੈ ਘਰਿ ਗਾਵਹੇ॥੩੯॥
ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ॥
ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ॥
ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥
ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ॥
ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ॥
ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ॥੪੦॥੧॥

ਬਿੰਦੀ ਸਹਿਤ : ਨਉਂ, ਦਸਵਾਂ, ਇਕਨਾਂ, ਦਸਵਾਂ, ਤਹਂ, ਨਾਉਂ, ਧਿਆਵਹੇਂ, ਧਿਆਵਹਿਂ, ਭਾਵਹਿਂ, ਬੁਝਾਵਹੇਂ, ਪਾਵਹੇਂ, ਗਾਵਹੇਂ ਫੁਟਕਲ : 'ਅਨਦੁ' ਦਾ ਉਚਾਰਨ 'ਅਨੰਦੁ' ਨਹੀਂ ਕਰਨਾ।

ਹੇ ਮੇਰੇ ਕੰਨੋ! ਸੱਚੇ (ਸਿਰਜਣਹਾਰ) ਨੇ (ਤੁਹਾਨੂੰ ਸੰਸਾਰ ਵਿਚ) (ਨਾਮ) ਸੁਣਨ ਲਈ ਭੇਜਿਆ ਹੈ। ਸੱਚੇ ਸਿਰਜਣਹਾਰ ਵੱਲੋਂ (ਸਚੀ ਸਿਫਤਿ ਸਾਲਾਹ) ਸੁਣਨ ਲਈ (ਤੁਸੀਂ ਇਸ) ਸਰੀਰ (ਨਾਲ) ਲਾਏ ਗਏ ਹੋ, ਇਸ ਲਈ ਤੁਸੀਂ ਸੱਚੀ ਬਾਣੀ ਨੂੰ ਸੁਣੋ। ਜਿਸ (ਬਾਣੀ) ਦੇ ਸੁਣਨ ਨਾਲ ਮਨ ਤੇ ਸਰੀਰ ਹਰਾ-ਭਰਾ ਹੋਇਆ ਰਹਿੰਦਾ ਹੈ ਅਤੇ ਜੀਭ ਰਸ ਵਿੱਚ ਗੁੱਧੀ ਜਾਂਦੀ ਹੈ (ਉਹ ਬਾਣੀ ਸੁਣੋ)। (ਉਹ) ਸਤਿ ਸਰੂਪ (ਪਰਮਾਤਮਾ) ਲਖਣ ਤੋਂ ਰਹਿਤ ਅਤੇ ਅਸਚਰੰਜ (ਕੌਤਕੀ) ਹੈ, ਉਸ ਦੀ (ਲੀਲਾ) ਗਤੀ ਆਖੀ ਨਹੀਂ ਜਾ ਸਕਦੀ। ਨਾਨਕ ਆਖਦਾ ਹੈ ਕਿ (ਹੇ ਕੰਨੋ! ਤੁਸੀਂ) ਅੰਮ੍ਰਿਤ ਨਾਮ ਸੁਣੋ, ਪਵਿੱਤਰ ਹੋਵੋ, (ਕਿਉਂਕਿ ਸੱਚੇ ਪਰਮਾਤਮਾ) ਨੇ (ਤੁਹਾਨੂੰ ਇਸ ਸੰਸਾਰ ਵਿੱਚ ਨਾਮ) ਸੁਣਨ ਲਈ ਭੇਜਿਆ ਹੈ।੩੭।

ਹਰੀ ਨੇ, (ਸਰੀਰ ਰੂਪੀ) ਗੁਫਾ ਵਿੱਚ (ਜੀਵ-ਆਤਮਾ) ਰੱਖ ਕੇ ਪਵਣ ਰੂਪੀ (ਪ੍ਰਾਣਾਂ ਦਾ) ਵਾਜਾ ਵਜਾਇਆ। ਪਵਣ (ਸੁਆਸਾਂ) ਦਾ ਵਾਜਾ ਵਜਾਇਆ, ਨੌਂ ਦਰਵਾਜੇ (ਦੋ ਅੱਖਾਂ, ਦੋ ਕੰਨ, ਦੋ ਨਾਸਾਂ, ਇਕ ਮੂੰਹ, ਇਕ ਲਿੰਗ ਅਤੇ ਇਕ ਗੁਦਾ) ਪ੍ਰਗਟ ਕੀਤੇ (ਪਰ) ਦਸਮ ਦੁਆਰ ਗੁਪਤ ਰਖਵਾ ਦਿੱਤਾ। ਗੁਰੂ ਦੁਆਰਾ ਭਾਵਨੀ (ਸ਼ਰਧਾ) ਲਾ ਕੇ (ਜਿਨ੍ਹਾਂ ਨੇ) ਸ਼ਬਦ ਕਮਾਈ ਕੀਤੀ (ਉਨ੍ਹਾਂ ਵਿਚੋਂ) ਕਈਆਂ ਨੂੰ ਦਸਮ-ਦੁਆਰ ਵਿਖਾ ਦਿੱਤਾ। ਉਥੇ (ਭਾਵ ਦਸਮ ਦੁਆਰ ਵਿੱਚ) ਅਨੇਕ ਤਰ੍ਹਾਂ ਦੇ ਰੂਪ, ਨੌਂ ਨਿਧੀਆਂ ਦਾ (ਖ਼ਜ਼ਾਨਾ ਭਾਵ ਨਾਮ ਦਾ ਪ੍ਰਕਾਸ਼ ਹੈ ਉਸਦਾ ਕਿਸੇ ਪਾਸੋਂ ਵੀ) ਅੰਤ ਨਹੀਂ ਪਾਇਆ ਜਾ ਸਕਦਾ। ਨਾਨਕ ਆਖਦਾ ਹੈ ਕਿ ਹਰੀ ਪਿਆਰੇ ਨੇ ਜੀਵ-ਆਤਮਾ ਨੂੰ (ਸਰੀਰ ਰੂਪੀ) ਗੁਫਾ ਵਿੱਚ ਰਖ ਕੇ ਪਵਣ ਰੂਪ (ਪ੍ਰਾਣਾਂ) ਦਾ ਵਾਜਾ ਵਜਾਇਆ।੩੮।

(ਹੇ ਭਾਈਓ!) ਇਹ ਸੱਚਾ ਸੋਹਿਲਾ (ਸਿਫਤ ਸਲਾਹ ਮਈ ਗੀਤ) ਸੱਚੇ ਘਰ (ਭਾਵ ਸਤਿਸੰਗਤ ਵਿੱਚ ਬੈਠ ਕੇ ਹਿਰਦੇ ਰੂਪੀ) ਘਰ (ਵਿੱਚ) ਗਾਉ। (ਇਹ) ਸੋਹਿਲਾ (ਉਸ) ਸੱਚੇ ਘਰ ਵਿੱਚ (ਬੈਠ ਕੇ ਗਾਉ) ਜਿਥੇ (ਪ੍ਰਭੂ ਦੇ ਪਿਆਰੇ) ਸਦਾ ਸੱਚ ਰੂਪ (ਪ੍ਰਭੂ) ਨੂੰ ਧਿਆਉਂਦੇ (ਸਿਮਰਦੇ) ਹਨ। (ਹੇ ਪ੍ਰਭੂ! ਤੂੰ) ਜਿਨ੍ਹਾਂ (ਜਗਿਆਸੂਆਂ) ਨੂੰ ਗੁਰਦੁਆਰਾ ਸਮਝਾਉਂਦਾ ਹੈ (ਉਹ ਉਦੋਂ ਤੈਨੂੰ) ਸੱਚ ਰੂਪ ਨੂੰ ਧਿਆਉਂਦੇ ਹਨ, ਜਦੋਂ ਤੈਨੂੰ ਚੰਗੇ ਲਗਦੇ ਹਨ। (ਹੇ ਭਾਈ!) ਇਹ ਸਚੁ ਸਭਨਾ ਦਾ ਮਾਲਕ ਹੈ ਜਿਸ ਨੂੰ (ਪ੍ਰਭੂ) ਬਖ਼ਸ਼ਿਸ਼ ਕਰੇ, ਓਹ ਸੇਵਕ-ਜਨ (ਸਚੇ ਗੁਰੂ ਨੂੰ) ਪਾਉਂਦੇ ਹਨ। ਨਾਨਕ ਆਖਦਾ ਹੈ (ਕਿ ਧੁਰੋਂ ਬਖ਼ਸ਼ੇ ਹੋਏ ਸੇਵਕ ਹੀ) ਸੱਚ ਰੂਪ ਸੋਹਿਲਾ ਸੱਚੇ (ਸਤਿਸੰਗਤ ਰੂਪ ਘਰ) ਵਿੱਚ (ਬੈਠ ਕੇ) ਗਾਉਂਦੇ ਹਨ।੩੯।

ਹੇ ਵੱਡੇ ਭਾਗਾਂ ਵਾਲਿਓ! ਅਨੰਦ (ਬਾਣੀ ਨੂੰ ਪ੍ਰੇਮ ਨਾਲ) ਸੁਣੋ (ਜਿਸ ਜਗਿਆਸੂ ਨੇ ਸੱਚੇ ਦਿਲੋਂ ਇਹ ਬਾਣੀ ਸ੍ਰਵਣ ਕੀਤੀ ਉਸਦੇ) ਸਾਰੇ ਮਨੋਰਥ ਪੂਰੇ ਹੋ ਗਏ। (ਜਿਸ ਅਨੰਦ ਬਾਣੀ ਦੇ ਸ੍ਰੋਤੇ ਨੇ) ਪਾਰਬ੍ਰਹਮ ਪ੍ਰਭੂ ਨੂੰ ਪਾ ਲਿਆ, (ਉਸਦੇ) ਸਾਰੇ ਝੋਰੇ ਕਲੇਸ਼ ਦੂਰ ਹੋ ਗਏ। (ਜਿਸ ਨੇ ਇਹ ਅਨੰਦ ਰੂਪ) ਸੱਚੀ ਬਾਣੀ (ਸੱਚੇ ਹਿਰਦੇ ਨਾਲ) ਸੁਣੀ, (ਉਸਦੇ ਸਭ) ਦੁੱਖ, ਬਿਮਾਰੀਆਂ, ਸੰਤਾਪ ਉਤਰ ਗਏ (ਭਾਵ ਨਾਸ਼ ਹੋ ਗਏ। (ਓਹ ਸਾਰੇ) ਸੰਤ ਸੱਜਣ (ਅਨੰਦ ਪ੍ਰਾਪਤ ਕਰਕੇ) ਪ੍ਰਸੰਨ ਹੋ ਗਏ, (ਜਿਨ੍ਹਾਂ ਨੇ) ਪੂਰੇ ਗੁਰੂ ਪਾਸੋਂ (ਰਹੱਸਮਈ ਅਨੰਦ ਦੀ ਮਹੱਤਤਾ) ਸਮਝ ਲਈ, (ਇਸ ਬਾਣੀ ਨੂੰ) ਸੁਣਨ ਵਾਲੇ ਪਵਿੱਤਰ (ਤੇ) ਕਹਿਣ ਵਾਲੇ (ਵੀ) ਪਵਿੱਤਰ ਹੋ ਗਏ (ਕਿਉਂਕਿ ਸਤਿਗੁਰੂ (ਆਪ ਇਸ ਅਨੰਦ ਬਾਣੀ ਵਿੱਚ) ਨਿਰੰਤਰ ਵੱਸ ਰਹਿਆ ਹੈ। ਨਾਨਕ (ਗੁਰੂ ਜੀ) ਬੇਨਤੀ ਕਰਦੇ ਹਨ (ਕਿ ਜਿਹੜੇ ਜੀਵ ਸਤਿ) ਗੁਰੂ ਦੀ ਚਰਨੀਂ ਲਗ ਗਏ (ਉਨ੍ਹਾਂ ਦੇ ਹਿਰਦੇ ਅੰਦਰ) ਅਨਹਦ (ਅਖੰਡ ਸ਼ਬਦ) ਦੇ ਵਾਜੇ (ਵੱਜ) ਗਏ।੪੦।੧।

ਇਹ ਖੋਜ ਕਿਵੇਂ ਹੋਈ?

ਇਸ ਮਹਾਨ ਇਤਿਹਾਸ ਦੀ ਖੋਜ ਕਿਵੇਂ ਅਰੰਭ ਹੋਈ, ਲੇਖਕ ਦਾ ਜਨਮ ਅਸਥਾਨ ਪਿੰਡ ਅਮਰਗੜ੍ਹ ਕਲੇਰ ਹੈ। ਜਿਸ ਨਗਰ ਨੂੰ ਮਹਾਨ ਪੂਰਨ ਰਿਖੀ ਸੰਤ ਬਾਬਾ ਨੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਹੈ। ਇਹ ਨਗਰ ਸੰਸਾਰ ਪ੍ਰਸਿੱਧ ਹੋਇਆ, ਮਹਾਨ ਪੁਰਸ਼ਾਂ ਦੀ ਚਰਨ ਧੂੜ ਪਰਸ ਕੇ ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲੇ ਕਹਾਇਆ ਪਿਆਰ ਦਿਤਾ।

ਇਹ ਗੱਲ ਲੱਗਭਗ ਸੰਨ 2001-02 ਦੀ ਹੈ, ਮੇਰੇ ਕੋਲ ਜਿਹੜੀ ਗੱਡੀ ਸੀ 'ਕਨਟੈਸਾ' ਉਸ ਦੀ ਨਜ਼ਰ ਲਾਇਟ ਕਮਜ਼ੋਰ ਸੀ ਤੇ ਸ਼ਾਮਾਂ ਢੱਲ ਰਹੀਆਂ ਸਨ ਤੇ ਲੌਡਾ ਵੇਲਾ ਸਮਾਪਤ ਹੁੰਦਾ ਜਾ ਰਿਹਾ ਸੀ। ਮਨ ਵਿਚ ਕਾਹਲੀ ਸੀ ਕਿ ਜਲਦੀ ਜਲਦੀ ਪੂਰਨ ਅੰਧੇਰਾ ਹੋਣ ਤੋਂ ਪਹਿਲਾਂ ਲੁਧਿਆਣੇ ਘਰ ਪਹੁੰਚ ਜਾਵਾਂ।

ਪਰ ਰਸਤੇ ਵਿੱਚ ਜਗਰਾਓਂ ਭਾਈ ਸਾਹਿਬ ਭਾਈ ਗਿਆਨ ਸਿੰਘ ਜੀ ਨੂੰ ਮਿਲਣਾ ਵੀ ਜ਼ਰੂਰੀ ਸੀ ਤਾਂ ਮੈਂ ਉਨ੍ਹਾਂ ਦੇ ਘਰ ਪਹੁੰਚਿਆ। ਤਾਂ ਪਤਾ ਲੱਗਾ ਬੀਬੀ ਸਤਵੰਤ ਕੌਰ ਕੋਲੋਂ ਕਿ ਭਾਈ ਸਾਹਿਬ ਤਾਂ ਨਗਰ ਕੀਰਤਨ ਵਿਚ ਸ਼ਮੂਲੀਅਤ ਕਰ ਰਹੇ ਸਨ।

ਮੈਂ ਕੁਝ ਸਮਾਂ ਇੰਤਜਾਰ ਕਰਕੇ ਜਿਥੇ ਨਗਰ ਕੀਰਤਨ ਸਮਾਪਤ ਹੋਇਆ ਸੀ ਉਥੇ ਪਹੁੰਚ ਗਿਆ ਤਾਂ ਕੀ ਵੇਖਿਆ, ਪੰਜ ਪਿਆਰੇ ਜਿਵੇਂ ਕਿਸੇ ਬਜਰ ਕੁਰੈਹਤ ਕਰਨ ਵਾਲੇ ਨੂੰ ਘੂਰਦੇ ਹਨ, ਉਸੇ ਤਰ੍ਹਾਂ ਪ੍ਰਧਾਨ ਤੇ ਸੈਕਟਰੀ ਨੂੰ ਘੂਰ ਘੂਰ ਕੇ ਵੇਖ ਰਹੇ ਸਨ, ਤੇ ਕਹਿ ਰਹੇ ਸਨ ਬਦਾਮਾਂ ਵਾਲਾ ਦੁੱਧ, ਸੇਵ ਤੇ ਸਮੋਸੇ ਉਹ ਸੰਗਤਾਂ ਨੇ ਦਿਤੇ ਹਨ। ਸੰਗਤਾਂ ਦੀ ਸੇਵਾ ਤੁਸੀ ਆਪਣੇ ਵੱਲੋਂ ਨਾ ਆਖੋ ਤੇ ਦੋ ਡਿਊਟੀ ਦੇ ਹਿਸਾਬ ਨਾਲ ਡੇਢ ਸੌ ਰੁਪਿਆ ਬਣਦਾ ਹੈ ਦੇਵੋ ਤੇ ਅਸੀ ਆਪਣੇ ਘਰ ਨੂੰ ਜਾਈਏ।

ਹੋਇਆ ਕੁੱਝ ਇੰਜ ਕਿ ਇਸ ਤਰੀਕ ਤੇ ਨਗਰ ਕੀਰਤਨ ਹੋਰ ਵੀ ਕਈ ਥਾਵਾਂ ਤੇ ਨਿਕਲਣੇ ਸਨ। ਇਸ ਵਾਸਤੇ ਪ੍ਰਬੰਧਕ ਵੀਰਾਂ ਨੇ ਦੌੜ ਭੱਜ ਤਾਂ ਕੀਤੀ ਪਰ ਪੰਜ ਪਿਆਰੇ ਨਾ ਮਿਲੇ ਤਾਂ

ਆਖਰ ਗੱਲ ਗ੍ਰੰਥੀ ਤੇ ਮੁੱਕਦੀ ਹੈ। ਉਸ ਨੂੰ ਕਿਹਾ ਗਿਆ ਤਾਂ ਗ੍ਰੰਥੀ ਨੇ ਪੰਜ ਅਖੰਡ ਪਾਠੀਆਂ ਨਾਲ ਗੱਲ ਕੀਤੀ ਕਿ ਤੁਹਾਨੂੰ ਦੋ ਘੰਟੇ ਪਾਠ ਦੀ ਡਿਓਟੀ ਦਾ ਅਸੀਂ 75 ਰੁਪਏ ਦਿੰਦੇ ਹਾਂ ਤੁਸੀ ਪੰਜ ਪਿਆਰੇ ਬਣ ਕੇ ਜਲੂਸ ਦੀ ਅਗਵਾਈ ਕਰੋ ਤੁਹਾਨੂੰ ਮੈਂ ਸੌ ਰੁਪਿਆ ਪ੍ਰਬੰਧਕਾਂ ਤੋਂ ਦਿਵਾ ਦੇਵਾਂਗਾ। ਉਨ੍ਹਾਂ ਹਾਂ ਕੀਤੀ ਜਲੂਸ ਘੰਟਾ ਚਲਦਾ ਲੇਟ ਹੋ ਗਿਆ। ਘੰਟਾ ਵਾਪਸ ਆਉਂਦਿਆਂ ਲੇਟ ਹੋ ਗਿਆ। ਦੋ ਘੰਟੇ ਦੀ ਬਜਾਏ ਚਾਰ ਘੰਟੇ ਲੱਗ ਗਏ, ਹੁਣ ਪਾਠੀ ਸਿੰਘ ਆਖਣ ਡੇਢ ਸੌ ਰੁਪਿਆ ਦੇਵੋ ਪ੍ਰਬੰਧਕ ਕਹਿਣ ਸੌ ਰੁਪਿਆ 'ਚ ਗੱਲ ਹੋਈ ਹੈ। ਰਸਤੇ ਵਿਚ ਸੇਵ, ਫੱਲ, ਦੁੱਧ, ਬਦਾਮ ਦਿਤੇ ਹਨ, ਉਹ ਵੀ ਕਿਰਾਏ ਵਿਚ ਜੋੜੋ, ਬਸ ਇਸ ਕਿਰਾਏ ਦੇ ਪੰਜ ਪਿਆਰਿਆਂ ਤੋਂ ਮੇਰੇ ਮਨ ਵਿਚ ਵਿਚਾਰ ਦਾ ਭੁਚਾਲ ਆ ਗਿਆ।

ਅੰਧੇਰ ਸਾਈਂ ਦਾ ਤਿੰਨ ਸੌ ਸਾਲ ਬਾਅਦ 1699-1999 ਵੀ ਪੰਜ ਪਿਆਰੇ ਕਿਰਾਏ ਤੇ ਲੈ ਕੇ ਜਲੂਸ ਕੱਢਿਆ ਹੈ ਸਿੰਘਾਂ ਦੀ ਕੌਮ ਦਾ। ਆਉਣ ਵਾਲੇ ਸਮੇਂ ਵਿਚ ਸਾਡਾ ਕੀ ਹਾਲ ਹੋਵੇਗਾ?

ਥੋੜਾ ਸਮਾਂ ਰੁਕ ਕੇ ਮੈਂ ਲੁਧਿਆਣੇ ਨੂੰ ਚਲਿਆ। ਵਾਰ ਵਾਰ ਉਹੀ ਦ੍ਰਿਸ਼ ਪੰਜ ਪਿਆਰਿਆਂ ਦਾ ਨੇਤਰ ਸਾਹਮਣੇ ਆਈ ਜਾ ਰਹੇ ਸਨ।

ਪਿਆਰੇ ਪਾਠਕ ਵੀਰੋ! ਜਦੋਂ ਅਸੀਂ ਅੱਜ ਆਪਣੀ ਕੌਮ ਵੱਲ ਨਜ਼ਰ ਪਾਉਂਦੇ ਹਾਂ ਤਾਂ ਧਰਮ ਪ੍ਰਚਾਰ ਕਮੇਟੀਆਂ, ਚਾਹੇ ਗੁਰਦਵਾਰਾ ਸਿੰਘ ਸਭਾ ਲਹਿਰ ਹੋਵੇ, ਚਾਹੇ ਕੋਈ ਸੰਪ੍ਰਦਾ ਹੋਵੇ, ਟਕਸਾਲ ਹੋਵੇ, ਚਾਹੇ ਕੋਈ ਸੰਤ ਸਾਧੂਆਂ ਦੇ ਡੇਰੇ ਵਾਲੇ ਹੋਣ ਜਿਸ ਨੂੰ ਪੁੱਛੋ ਕੋਈ ਪੰਜ ਲੱਖ, ਕੋਈ ਸੱਤ ਲੱਖ ਤੇ ਕੋਈ ਦਸ ਲੱਖ ਤੋ ਘੱਟ ਗੱਲ ਨਹੀਂ ਕਰਦਾ। ਜੇ ਸਭ ਦੀ ਗਿਣਤੀ ਜੋੜ ਲਈਏ ਤਾਂ ਅੱਧੀ ਦੁਨੀਆਂ ਅੰਮ੍ਰਿਤਧਾਰੀ ਹੋ ਚੁੱਕੀ ਹੈ। ਪਰ ਸਾਡੀ ਹਾਲਤ ਇਹ ਹੈ ਕਿ ਤਿੰਨ ਸੋ ਤਿੰਨ ਸਾਲ ਬਾਅਦ ਪੰਜ ਪਿਆਰੇ ਕਿਰਾਏ ਤੇ ਲੈ ਕੇ ਕੌਮ ਦਾ ਜਲੂਸ ਕੱਢਦੇ ਹਾਂ।

ਸਾਨੂੰ ਚੰਗੇ ਨਾਮ ਅਭਿਆਸੀ ਰਹਿਤ ਬਹਿਤ ਦੇ ਪੂਰੇ ਪੰਜ ਪਿਆਰੇ ਨਗਰ ਕੀਰਤਨ ਕਰਨ ਵਾਸਤੇ ਨਹੀਂ ਲੱਭਦੇ? ਜਿਹੜੇ ਨਿਸ਼ਕਾਮ ਸੇਵਾ ਨੂੰ ਪਿਆਰ ਨਾਲ ਤੇ ਸਤਿਕਾਰ ਨਾਲ ਨਿਭਾ

ਸਕਣ। ਜਦੋਂ ਤੁਸੀਂ ਕਿਸੇ ਨਗਰ ਕੀਰਤਨ ਦੀ ਅਰੰਭਤਾ ਸਮੇਂ ਜਾਵੋਗੇ ਤਾਂ ਪੁੱਛੋਗੇ ਪੰਜ ਪਿਆਰੇ ਕਿਥੇ ਹਨ ਤਾਂ ਅੱਗੋਂ ਪ੍ਰਬੰਧਕ ਤੁਹਾਨੂੰ ਇਹੀ ਜਵਾਬ ਦੇਣਗੇ - ਰੁਕੋ ਜੀ, ਪੰਜ ਪਿਆਰੇ ਕਪੜੇ ਬਦਲ ਕੇ ਸ਼ਸਤਰ ਸਜਾਉਣ ਗਏ ਹਨ?

ਸੱਠ-ਪੈਂਠ ਸਾਲ ਦੇ ਬਾਬੇ ਨੂੰ ਬੇਨਤੀ ਕੀਤੀ ਕਿ ਬਾਬਾ ਜੀ, ਤੁਸੀ ਪਹਿਲੀ ਵਾਰੀ ਅੰਮ੍ਰਿਤਪਾਨ ਕਰ ਰਹੇ ਹੋ ਬੜਾ ਲੇਟ ਸਮਾਂ ਮਿਲਿਆ ਤਾਂ ਅਗੋਂ ਬਾਬਾ ਜੀ ਦਾ ਜਵਾਬ ਸੀ, ਅੰਮ੍ਰਿਤ ਤਾਂ ਪਹਿਲੇ ਵੀ ਛਕਿਆ ਹੈ। ਮੈਂ ਬੇਨਤੀ ਕੀਤੀ, ਕੋਈ ਕੁਰਿਹਤ ਹੋ ਗਈ ਹੈ, ਕਹਿੰਦਾ ਨਹੀਂ-ਨਹੀਂ ਸੰਤਾਂ ਵੱਲੋਂ ਹੁਕਮ ਹੈ ਕਿ ਸ਼ਰਾਬ ਵਾਰ ਵਾਰ ਪੀਣੀ ਮਾੜੀ ਹੈ, ਅੰਮ੍ਰਿਤ ਵਾਰ ਵਾਰ ਪੀਣਾ ਚੰਗਾ ਹੈ। ਫਿਰ ਵੱਡੀ ਗਿਣਤੀ ਸੁਣ ਕੇ ਆਮ ਲੋਕਾਂ ਨੂੰ ਲੱਗਦਾ ਹੈ ਕਿ ਸੰਤ ਜੀ ਵੱਡੇ ਹਨ ਤੇ ਵੱਡੇ ਸੰਤਾਂ ਕੋਲੋਂ ਅਸੀਂ ਵੀ ਅੰਮ੍ਰਿਤ ਛੱਕ ਲਈਏ ਤੇ ਸਾਨੂੰ ਵੇਖਕੇ ਕਈ ਵੇਖਾ ਵੇਖੀ ਅੰਮ੍ਰਿਤ ਛੱਕ ਲੈਂਦੇ ਹਨ ਇਸ ਕਰਕੇ ਮੈਂ ਸਭ ਥਾਂ ਤੇ ਨਾਮ ਲਿਖਾ ਦਿੰਦਾ ਹਾਂ।

ਜਦੋਂ ਕੌਮਾਂ ਵਿਚ ਐਸੀਆਂ ਗਿਰਾਵਟਾਂ ਆ ਜਾਣ ਤਾਂ ਉਹ ਕੌਮਾਂ ਅਗੇ ਵੱਧਣ ਦੀ ਬਜਾਏ ਪਿਛਾਹਾਂ ਨੂੰ ਆਉਣ ਲੱਗ ਪੈਂਦੀਆਂ ਹਨ। ਇਹ ਸਭ ਕੁਝ ਵੇਖਕੇ ਵਿਚਾਰ ਪ੍ਰਗਟ ਹੋਈ ਸਾਡੇ ਅੰਮ੍ਰਿਤ ਵਿਚ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਅੰਮ੍ਰਿਤ ਵਿਚ ਕੀ ਫਰਕ ਹੈ। ਕੀ ਸਾਡੇ ਗੁਰੂ ਸਾਹਿਬ ਜੀ ਨੇ ਸਾਨੂੰ ਇਸ ਤਰ੍ਹਾਂ ਦਾ ਅੰਮ੍ਰਿਤ ਦਿੱਤਾ ਸੀ ਤੇ ਪੰਜ ਪਿਆਰੇ ਇਸ ਤਰ੍ਹਾਂ ਦੇ ਦਿਤੇ ਸਨ?

ਇਥੋਂ ਮੇਰੀ ਗੁਰੂ ਇਤਿਹਾਸ ਦੀ ਖੋਜ ਆਰੰਭ ਹੋਈ, ਜਿਵੇਂ ਜਿਵੇਂ ਇਤਿਹਾਸ ਨੂੰ ਖੋਜਿਆ ਤਿਵੇਂ ਤਿਵੇਂ ਹੈਰਾਨਗੀ ਦੀ ਹੱਦ ਨਾ ਰਹੀ। ਫਿਰ ਇਸ ਕਿਤਾਬ ਦਾ ਆਗਾਜ ਲਿਖਣਾ ਆਰੰਭ ਹੋਇਆ। ਇਸ ਕਿਤਾਬ ਨੂੰ ਸੰਪੂਰਨ ਰੂਪ ਦੇਣ ਵਿਚ ਦੱਸ ਸਾਲ ਦਾ ਸਮਾਂ ਲੱਗਿਆ ਤੇ ਭਾਰੀ ਮਿਹਨਤ ਦੇ ਨਾਲ ਅੱਜ ਪਾਠਕ ਵੀਰਾਂ ਦੇ ਕਰ ਕਮਲਾਂ ਵਿਚ ਆਈ ਹੈ।

ਔਗੁਣਾ ਭਰਪੂਰ
(ਦਾਸ) ਬੇਅੰਤ ਸਿੰਘ
ਕਲੇਰਾਂ ਵਾਲੇ

ਇਹ ਦਾਤਾਂ

ਬਾਦਸ਼ਾਹ ਅਕਬਰ ਨੂੰ ਦੂਜੇ ਰਾਜੇ ਨਜਰਾਨੇ ਵਿਚ ਕੀਮਤੀ ਹੀਰੇ, ਮੋਤੀ, ਪੰਨਾ, ਮਾਣਿਕ, ਗੋਮੇਦ, ਲਹਸੁਨਿਯਾ, ਮੂਗਾ, ਪੁਖਰਾਜ, ਨੀਲਮ ਆਦਿਕ ਨਵਰੰਤਨ ਭੇਟਾ ਕਰਦੇ ਸਨ।

ਇਕ ਦਿਨ ਅਕਬਰ ਤੋਸ਼ੇਖਾਨੇ ਵਿਚ ਗਿਆ ਪਟਾਰੀਆ ਵਿਚ ਪਏ ਨਵਰੰਤਨਾ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਇਆ ਇਨ੍ਹਾਂ ਦੀ ਚਮਕ ਝੱਲੀ ਨਹੀਂ ਸੀ ਜਾਂਦੀ। ਰਤਨਾਂ ਵਿਚੋਂ ਆਵਾਜ਼ ਆਈ ਜੇ ਸਾਡੀ ਪੂਰਨ ਚਮਕ ਵੇਖਣੀ ਹੈ ਤਾਂ ਗਲ ਵਿਚ ਪਾਕੇ ਵੇਖ, ਜਿਸਦੇ ਗੱਲ ਵਿਚ ਪਾਵੇਂਗਾ ਉਸ ਨੂੰ ਵੀ ਚਮਕਾ ਦੇਵਾਂਗੇ।

ਬਾਦਸ਼ਾਹ ਅਕਬਰ ਨੇ ਹੁਕਮ ਦੇ ਕੇ ਨੌ ਕਾਰੀਗਰ ਬੈਠਾ ਦਿਤੇ ਸਭ ਨੇ ਆਪੋ ਆਪਣੀ ਕਲਾ ਵਿਖਾਈ। ਹਾਰ ਬਣਾ ਕੇ ਬਾਦਸ਼ਾਹ ਅਗੇ ਭੇਂਟਾ ਕੀਤੇ ਸਭ ਤੋਂ ਅਖੀਰ ਵਿਚ ਭਾਈ ਸਰੂਪ ਚੰਦ ਜੀ[1] ਨੇ ਨੌ ਮਹਿਨੇ ਨੌ ਦਿਨ ਨੌ ਘੜੀਆਂ ਤੇ ਨੌ ਪਲ ਵਿਚ ਇਕ ਹਾਰ ਤਿਆਰ ਕੀਤਾ। ਇਹ ਹਾਰ ਸਭ ਤੋਂ ਸੋਹਣਾ ਸਭ ਤੋਂ ਵੱਡਾ ਨੌ ਲੱਖ ਦੀ ਕੀਮਤ ਨਾਲ ਤਿਆਰ ਹੋਇਆ। ਸੰਸਾਰ ਪ੍ਰਸਿੱਧ ਨੌ ਲੱਖਾ ਹਾਰ ਬਣਿਆ। ਹੀਰੇ ਮੋਤੀ ਪੰਨਾ ਸਭ ਕੀਮਤੀ ਸਨ ਪਰ ਅਲੱਗ ਅਲੱਗ ਪਟਾਰੀਆਂ (ਡਬਿਆਂ) ਵਿਚ ਪਏ ਸਨ ਜਦੋਂ ਇਕ ਹਾਰ ਵਿਚ ਜੜ੍ਹ ਦਿਤੇ ਗਏ ਤਾਂ ਨੌ ਲੱਖਾ ਹਾਰ ਬਣ ਗਏ। ਸੰਸਾਰ ਦਾ ਸਭ ਤੋਂ ਵੱਧ ਕੀਮਤੀ ਹਾਰ ਬਣ ਗਿਆ।

ਇਸ ਤਰ੍ਹਾਂ ਨਿਆਰੇ ਪੰਜ ਪਿਆਰਿਆਂ ਦਾ ਇਤਿਹਾਸ ਅਲੱਗ ਅਲੱਗ ਗ੍ਰੰਥਾਂ, ਕਿਤਾਬਾਂ ਵਿਚ ਪਿਆ ਸੀ ਉਸ ਨੂੰ ਚੁੱਕ ਕੇ ਪੰਜ ਨੌ ਲੱਖੇ ਹਾਰ ਤਿਆਰ ਕੀਤੇ ਹਨ।

ਜੋ ਵੀ ਗੁਣੀ ਗਿਆਨੀ, ਕਥਾਵਾਚਕ, ਸਿਆਣੇ ਤੇ ਸੂਝਵਾਨ ਵਿਦਵਾਨ ਪੁਰਸ਼ ਆਪਣੇ ਕੰਠ ਵਿਚ ਪਾਉਣਗੇ ਪੰਜ ਪਿਆਰਿਆਂ

1. ਭਾਈ ਸਰੂਪ ਚੰਦ ਜੀ ਭੰਡਾਰੀ ਨੇ ਸੁਨਿਆਰਾ ਪਰਿਵਾਰ ਵਿਚ ਜਨਮ ਲਿਆ। ਸ੍ਰੀ ਗੁਰੂ ਅਮਰਦਾਸ ਸਾਹਿਬ ਦੇ ਸਿੱਖ ਸਨ ਜਿਨ੍ਹਾਂ ਨੇ ਬਾਦਸ਼ਾਹ ਅਕਬਰ ਦੇ ਰਾਜ ਵਿਚ ਨੌ ਲੱਖਾ ਹਾਰ ਤਿਆਰ ਕੀਤਾ ਸੀ। ਗੁਰੂ ਘਰ ਵਿਚ ਪਹਿਲੀ ਵਾਰ ਅਕਬਰ ਨੂੰ ਲੈ ਕੇ ਸ੍ਰੀ ਗੋਇੰਦਵਾਲ ਵਿਚ ਆਇਆ ਸੀ। ਅਕਬਰ ਨੇ ਪੰਗਤ ਵਿਚ ਬੈਠ ਕੇ ਲੰਗਰ ਛਕਿਆ ਸੀ, ਫਿਰ ਦਰਸ਼ਨ ਕੀਤੇ।

ਦਾ ਜੀਵਨ ਉਹ ਵੀ ਸੰਗਤ ਵਿਚ ਸਤਿਕਾਰੇ ਜਾਣਗੇ।

ਜਿਨ੍ਹਾਂ ਪਟਾਰੀਆਂ (ਕਿਤਾਬਾਂ) ਵਿਚੋਂ ਇਤਿਹਾਸ ਦੇ ਹੀਰੇ-ਮੋਤੀ ਚੁਣ ਚੁਣ ਕੇ ਇਹ ਪੰਜ ਨੌ ਲੱਖੇ ਹਾਰ ਤਿਆਰ ਕੀਤੇ ਹਨ ਉਹ ਮਹਾਨ ਗ੍ਰੰਥ ਤੇ ਇਤਿਹਾਸਕ ਕਿਤਾਬਾਂ ਦੇ ਨਾਮ 'ਤੇ ਲੇਖਕਾਂ ਦੇ ਨਾਮ ਇਸ ਪ੍ਰਕਾਰ ਹਨ:

1. ਭੱਟਵਹੀ ਭਾਦਸੋਂ, ਪੁਰਗਣਾ ਥਨੇਸਰ, ਗੁਰੂ ਦੀਆਂ ਸਾਖੀਆਂ।
2. ਭਾਈ ਰਤਨ ਸਿੰਘ ਭੰਗੂ - ਸ੍ਰੀ ਗੁਰੂ ਪੰਥ ਪ੍ਰਕਾਸ
3. ਭਾਈ ਸੰਤੋਖ ਸਿੰਘ ਕਵੀ ਜੀ - ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ
4. ਗਿਆਨੀ ਗਿਆਨ ਸਿੰਘ ਜੀ - ਸ੍ਰੀ ਗੁਰੂ ਪੰਥ ਪ੍ਰਕਾਸ਼
5. ਗਿਆਨੀ ਸੋਹਣ ਸਿੰਘ ਜੀ - ਗੁਰੂ ਬਿਲਾਸ ਪਾਤਸ਼ਾਹੀ ਛੇਵੀਂ
6. ਭਾਈ ਸੁੱਖਾ ਸਿੰਘ ਜੀ - ਗੁਰੂ ਬਿਲਾਸ
7. ਗਿਆਨੀ ਬਿਸ਼ਨ ਸਿੰਘ ਜੀ - ਪੰਥ ਪ੍ਰਕਾਸ - ਪੰਥ ਸਾਜਨਾ
8. ਗਿਆਨੀ ਪਾਖਰ ਸਿੰਘ ਜੀ - ਮਹਿਮਾ ਪ੍ਰਕਾਸ਼ ਬੰਸਾਵਲੀਨਾਮਾ
9. ਭਾਈ ਕੋਇਰ ਸਿੰਘ ਜੀ - ਗੁਰੂ ਬਿਲਾਸ ਪਾਤਸ਼ਾਹੀ ਦਸਵੀਂ
10. ਭਾਈ ਸਰੂਪ ਦਾਸ ਭੱਲਾ - ਮਹਿਮਾ ਪ੍ਰਕਾਸ
11. ਭਾਈ ਸੈਨਾਪਤਿ ਜੀ - ਸ੍ਰੀ ਗੁਰੂ ਸੋਭਾ ਪ੍ਰਕਾਸ
12. ਭਾਈ ਕੇਸਰ ਸਿੰਘ ਛਿੱਬਰ-ਬੰਸਾਵਲੀ ਨਾਮਾ ਦਸਪਾਤਸ਼ਾਹੀਆਂ
13. ਗਿਆਨੀ ਦੀਵਾਨ ਸਿੰਘ - ਰਹਿਤ ਨਿਰਾਲਮ
14. ਗਿਆਨੀ ਭਜਨ ਸਿੰਘ - ਸਾਡੇ ਸ਼ਹੀਦ
15. ਗਿਆਨੀ ਪੂਰਨ ਸਿੰਘ - ਅੰਮ੍ਰਿਤ ਖੋਜਦੇ
16. ਗਿਆਨੀ ਸੋਹਣ ਸਿੰਘ ਸੀਤਲ - ਇਤਿਹਾਸ ਦਸ ਪਾਤਸ਼ਾਹੀ
17. ਗਿਆਨੀ ਕਰਤਾਰ ਸਿੰਘ M.A. - ਇਤਿਹਾਸ ਦਸ ਪਾਤਸ਼ਾਹੀ
18. ਭਾਈ ਮੰਗਲ ਸਿੰਘ ਜੀ - ਜੀਵਨ ਚਰਿਤ੍ਰ ਬਾਬਾ ਬੁੱਢਾ ਜੀ
19. ਭਾਈ ਠਾਕਰ ਸਿੰਘ ਜੀ - ਗੁਰਦੁਆਰੇ ਦਰਸ਼ਨ
20. ਸੰਤ ਬਾਬਾ ਗੁਰਬਚਨ ਸਿੰਘ ਖਾਲਸਾ ਭਿੰਡਰਾਂਵਾਲੇ - ਰਹਿਤ ਮਰਯਾਦਾ
21. ਪ੍ਰਿੰਸੀਪਲ ਸੋਭਾ ਸਿੰਘ ਜੀ - ਖੰਨਿਅਹ ਤਿਖੀ, ਸਿਰਨਾਇਕ
22. ਪ੍ਰਿੰਸੀਪਲ ਸਤਿਬੀਰ ਸਿੰਘ - ਸਾਡਾ ਇਤਿਹਾਸ ਭਾਗ ਪਹਿਲਾ

23. ਭਾਈ ਕਰਮ ਸਿੰਘ ਫ਼ਿਲਾਸਫ਼ਰ ਸ੍ਰੀ ਅੰਮ੍ਰਿਤਸਰ - 'ਕਰਣੀ ਕਮਾਣੀ'
24. ਭਾਈ ਪਿਆਰਾ ਸਿੰਘ ਪਦਮ - ਰਹਿਤਨਾਮੇ
25. ਭਾਈ ਬੀਰ ਸਿੰਘ ਬਲ - ਸਿੰਘ ਸਾਗਰ
26. ਭਾਈ ਕਾਨ੍ਹ ਸਿੰਘ ਨਾਭਾ - ਮਹਾਨ ਕੋਸ਼
27. ਭਾਈ ਵੀਰ ਸਿੰਘ ਜੀ - ਕਲਗੀਧਰ ਚਮਤਕਾਰ
28. ਪ੍ਰੋਫੈਸਰ ਸਾਹਿਬ ਸਿੰਘ ਜੀ - ਜੀਵਨ ਬ੍ਰਿਤਾਂਤ, ਸ੍ਰੀ ਗੁਰੂ ਗੋਬਿੰਦ ਸਿੰਘ ਜੀ
29. ਡਾ. ਗੰਡਾ ਸਿੰਘ ਸੰਪਾ: - ਮਾਖੁਜ਼ਿ ਤਵਾਰੀਖਿ ਸਿੱਖਾ
30. ਡਾ. ਗੁਰਚਰਨ ਸਿੰਘ ਔਲਖ - ਸ਼੍ਰੋਮਣੀ ਸ਼ਹੀਦ
31. ਡਾ. ਰਾਏਜਸਬੀਰ ਸਿੰਘ - ਪੰਜ ਪਿਆਰੇ, ਇਹ ਕਿਤਾਬ ਖੋਜੀ ਮਨੁੱਖ ਵਾਸਤੇ ਬਹੁਤ ਲਾਹੇਵੰਦ ਹੈ।

ਇਹ ਮਹਾਨ ਗ੍ਰੰਥ ਕਿਤਾਬਾਂ ਵਿਚ ਇਨ੍ਹਾਂ ਪਟਾਰੀਆਂ ਵਿਚ ਹੀਰੇ ਮੋਤੀ ਪੰਨਾ ਮਾਣਿਕ ਲੈ ਕੇ ਬੇਸ਼ੁਮਾਰ ਕੀਮਤੀ ਪੰਜ ਹਾਰ ਤਿਆਰੇ ਕੀਤੇ ਹਨ।

ਨਿਆਰੇ ਪੰਜ ਪਿਆਰੇ ਵਿਚੋਂ:-

ਪਹਿਲੀ ਪਿਆਰੇ ਭਾਈ ਦਇਆ ਸਿੰਘ ਤੇ 'ਦਇਆ ਕਾ ਪੂਤ'
ਦੂਜੀ ਪਿਆਰੇ ਭਾਈ ਧਰਮ ਸਿੰਘ ਤੇ 'ਧਰਮ ਧਾਮ'
ਤੀਜੀ ਪਿਆਰੇ ਭਾਈ ਹਿੰਮਤ ਸਿੰਘ ਤੇ 'ਰਾਜ ਕਰੈਂਗੇ'
ਚੌਥੀ ਪਿਆਰੇ ਭਾਈ ਮੋਹਕਮ ਸਿੰਘ ਤੇ 'ਅਵਰ ਨਾ ਧਿਯਾਊਂ'
ਪੰਜਵੇਂ ਪਿਆਰੇ ਭਾਈ ਸਾਹਿਬ ਸਿੰਘ ਤੇ 'ਸਿਰ ਸਉਪੀਐ'

ਇਹ ਪੰਜ ਨੌ ਲੱਖੇ ਹਾਰ ਜੋ ਵੀ ਵਿਦਵਾਨ, ਗੁਣੀ-ਗਿਆਨੀ , ਕਥਾਵਾਚਕ, ਢਾਡੀ ਪ੍ਰਚਾਰਕ, ਗੁਰੂ ਕੇ ਕੀਰਤਨੀਏ ਪ੍ਰਚਾਰਕ, ਗ੍ਰੰਥੀ ਸਾਹਿਬਾਨ ਅਤੇ ਗੁਰੂ ਘਰ ਨਾਲ ਸੰਬੰਧ ਰੱਖਣ ਵਾਲਾ ਕੋਈ ਵੀ ਆਪਣੇ ਕੰਠ ਵਿਚ ਤੇ ਹਿਰਦੇ ਵਿਚ ਥਾਂ ਦੇਵੇਗਾ ਉਹ ਸਤਿਕਾਰਿਆ ਜਾਵੇਗਾ।

ਲੇਖਕ

ਭਾਈ ਬੇਅੰਤ ਸਿੰਘ, ਕਲੇਰਾਂ ਵਾਲੇ

ਸਹਿਯੋਗੀ ਸੱਜਣ

1. ਸ. ਅਵਤਾਰ ਸਿੰਘ ਮੱਕੜ (ਪ੍ਰਧਾਨ, ਸ਼੍ਰੋ. ਗੁ. ਪ੍ਰ. ਕਮੇਟੀ)
2. ਸ. ਮਹੇਸ਼ਇੰਦਰ ਸਿੰਘ ਗਰੇਵਾਲ (ਮੰਤਰੀ ਸਾਹਿਬ)
3. ਸ. ਪ੍ਰਿਤਪਾਲ ਸਿੰਘ ਗੁਰਦੁਆਰਾ ਦੂਖ ਨਿਵਾਰਨ ਸਾਹਿਬ
4. ਸ. ਗੁਰਮੀਤ ਸਿੰਘ, ਸ. ਜਰਨੈਲ ਸਿੰਘ ਗੁ:ਕਲਗੀਧਰ ਸਾਹਿਬ
5. ਸ. ਗੁਰਚਰਨ ਸਿੰਘ ਸ. ਇਕਬਾਲ ਸਿੰਘ ਗੁ: ਸ਼ਹੀਦਾਂ ਮਾਡਲ ਟਾਊਨ
6. ਸ. ਹਰਭਜਨ ਸਿੰਘ ਸ. ਮਨਪ੍ਰੀਤ ਸਿੰਘ ਗੁ: ਕਿਰਨ ਵਿਹਾਰ
7. ਸ. ਅਮਰਜੀਤ ਸਿੰਘ ਚਾਵਲਾ ਸ. ਪਰਮਜੀਤ ਸਿੰਘ ਖਾਲਸਾ
8. ਸ. ਪਰਮਜੀਤ ਸਿੰਘ ਸਰਨਾ, ਸ. ਗੁਰਬੀਰ ਸਿੰਘ ਸਰਨਾ, ਸ. ਗੁਰਵਿੰਦਰ ਸਿੰਘ ਸਰਨਾ
9. ਸ. ਇੰਦਰਜੀਤ ਸਿੰਘ ਚਾਵਲਾ, ਸ. ਗੁਰਿੰਦਰ ਸਿੰਘ ਸਹਿਗਲ
10. ਸ. ਨਿਰਮਲ ਸਿੰਘ ਜੰਮੂ, ਸ. ਪ੍ਰਿਤਪਾਲ ਸਿੰਘ ਕਲੇਰਾਂ
11. ਸ. ਸੁਖਨਿਧਾਨ ਸਿੰਘ, ਸ: ਹਰਪ੍ਰੀਤ ਸਿੰਘ ਸਾਊਥ ਸੀਟੀ
12. ਸ. ਸਤਨਾਮ ਸਿੰਘ S.S.S.S., ਸ. ਭੁਪਿੰਦਰ ਸਿੰਘ ਬੱਗਾ ਜੀ
13. ਭਾਈ ਰਜਿੰਦਰਪਾਲ ਸਿੰਘ 'ਰਾਜੂ ਵੀਰ ਜੀ'', ਸ. ਕੁਲਦੀਪ ਸਿੰਘ ਹੈਬੋਵਾਲ
14. ਗੁਰਦੁਆਰਾ ਗੁਰ ਨਾਨਕ ਪੁਰਾ, ਸ. ਕੁਲਦੀਪ ਸਿੰਘ 'ਦੀਪਾ'
15. ਸ. ਜਗਦੀਸ਼ ਸਿੰਘ ਕਲਸੀ ਸ. ਭਗਵਾਨ ਸਿੰਘ S.S.S.S.

ਕੈਨੇਡਾ ਨਿਵਾਸੀ

1. ਸ. ਦਿਲਜੀਤ ਸਿੰਘ ਸੇਖੋਂ ਸ. ਜਸਵੀਰ ਸਿੰਘ ਬੋਪਾਰਾਏ ਗੁ: ਮਾਲਟਨ
2. ਸ. ਸਾਧੂ ਸਿੰਘ ਬਰਾੜ, ਪ੍ਰਧਾਨ ਇੰਦਰਜੀਤ ਸਿੰਘ ਗੁ: ਵੈਸਟਨ ਰੋਡ
3. ਗਿਆਨੀ ਅਜੀਤ ਸਿੰਘ ਅਲੰਕਾਰੀ M.S. ਉਬਰਾਏ ਸਾਹਿਬ
4. ਸ. ਦਲਜੀਤ ਸਿੰਘ ਕਾਹਲੋ ਗੁ: ਬਰੈਡ ਫੋਰਡ
5. ਸ. ਗਿਆਨ ਸਿੰਘ ਕੰਗ ਸ. ਸੰਤੋਖ ਸਿੰਘ ਅਜੀਮਲ ਗੁ: ਵੈਸਟਨ ਰੋਡ
6. ਸ. ਤ੍ਰਲੋਚਨ ਸਿੰਘ ਕਲੇਰ ਸ. ਲਖਵੀਰ ਸਿੰਘ
7. ਸ. ਗੁਰਵਿੰਦਰ ਸਿੰਘ ਕੈਨੇਡਾ ਸ. ਜਸਵਿੰਦਰ ਸਿੰਘ ਗਰੇਵਾਲ

ਗੁਰਬਾਣੀ ਪ੍ਰਚਾਰ ਸੇਵਾ ਸੈਂਟਰ ਵੱਲੋਂ ਕੀਰਤਨ ਸਮਾਗਮ ਚਲ ਰਿਹਾ ਸੀ। ਮੈਂ ਪਰਿਵਾਰ ਸਮੇਤ ਉਥੇ ਪਹੁੰਚਿਆ। ਇਕ ਅਲੌਕਿਕ ਕੀਰਤਨ ਸੁਣਨ ਨੂੰ ਮਿਲਿਆ, ਕੀਰਤਨ ਕਰਨ ਦਾ ਢੰਗ ਇਤਨਾ ਪਿਆਰਾ ਸੀ ਸਤਿਸੰਗ ਵਿੱਚ ਬੈਠਾ, ਬੱਚਾ ਬੱਚਾ ਨਾਲ ਮਿਲ ਕੇ ਕੀਰਤਨ ਕਰ ਰਿਹਾ ਸੀ। ਮਿੱਠੀ-ਮਿੱਠੀ ਵਿਆਖਿਆ ਸ਼ਬਦ ਦੇ ਅਰਥ ਵੀ ਦੱਸੇ ਜਾ ਰਹੇ ਸਨ। ਇੰਜ ਪ੍ਰਤੀਤ ਹੋ ਰਿਹਾ ਸੀ ਸੱਚਖੰਡ ਅਰਸ਼ਾਂ ਵਾਲਾ ਫਰਸ਼ਾਂ ਤੇ ਆ ਬਿਰਾਜਿਆ ਹੈ।

ਮੈਂ ਕਿਸੇ ਪਿਆਰੇ ਨੂੰ ਪੁੱਛਿਆ ਇਹ ਕੌਣ ਭਾਈ ਸਾਹਿਬ ਹਨ ਜੋ ਇਤਨਾ ਰਸ-ਭਿੰਨਾ ਕੀਰਤਨ ਕਰ ਰਹੇ ਸਨ। ਗੁਰਮੁਖ ਪਿਆਰੇ ਨੇ ਦਸਣਾ ਕੀਤਾ ਇਹ ਭਾਈ ਬੇਅੰਤ ਸਿੰਘ ਕਲੇਰਾਂ ਵਾਲੇ ਹਨ। ਸਾਡੀ ਪਹਿਲੀ ਪਿਆਰ ਦੀ ਸਾਂਝ ਉਥੇ ਪਈ। ਭਾਈ ਸਾਹਿਬ ਨੂੰ ਮਿਲ ਕੇ ਮਨ ਗਦ ਗਦ ਹੋ ਗਿਆ।

ਪਤਾ ਲੱਗਾ ਜਿਥੇ ਆਪ ਜੀ ਚੰਗੇ ਕੀਰਤਨੀਏ ਤੇ ਕਥਾਵਾਚਕ, ਪ੍ਰਚਾਰਕ ਹਨ ਉਥੇ ਆਪ ਜੀ ਚੰਗੇ ਲੇਖਕ ਵੀ ਹਨ। ਆਪ ਜੀ ਦੀ ਕਲਮ ਤੋਂ ਪਹਿਲੇ "ਸਭ ਦਾ ਸਾਂਝਾ ਗੁਰੂ" ਫਿਰ "ਸ਼ਹੀਦੇ-ਏ-ਸਰਤਾਜ" ਪੁਸਤਕਾਂ ਲਿਖੀਆਂ ਹਨ। ਹੁਣ ਡੇਢ ਸਾਲ ਪਹਿਲੇ ਨਵੀਂ ਪੁਸਤਕ ਰੰਬੀਆਂ ਨਾਲ ਖੋਪਰ ਲਹਿੰਦੇ ਜਾਂ.......? ਸੰਗਤਾਂ ਨੇ ਬਹੁਤ ਪਸੰਦ ਕੀਤੀ ਹੈ।

ਅੱਜ ਪੰਜ ਪਿਆਰਿਆਂ 'ਤੇ ਪੰਜ ਪੁਸਤਕਾਂ ਭਰੀ ਖੋਜ ਕਰਕੇ ਤਿਆਰ ਹਨ। ਪ੍ਰਕਾਸ਼ਕ ਗੁਰਬਾਣੀ ਸੇਵਾ ਸੈਂਟਰ ਹਨ ਆਓ ਸਾਰੀ ਸੰਗਤ ਮਿਲ ਕੇ ਮੈਂਬਰ ਵੀ ਬਣੀਏ ਤੇ ਮਾਇਆ ਦੀ ਸਹਾਇਤਾ ਵੀ ਕਰੀਏ। ਇਹ ਕਿਤਾਬਾਂ ਦਾ ਸੈਟ ਘਰ ਘਰ ਪਹੁੰਚਾਈਏ ਤਾਂ ਜੋ ਅੱਜ ਦੇ ਸਮੇਂ ਵਿੱਚ ਨੌਜਵਾਨ ਪੀੜ੍ਹੀ ਨਸ਼ਿਆਂ ਅਤੇ ਕੁਰਹਿਤਾਂ ਵੱਲ ਦੌੜ ਰਹੀ ਹੈ।

ਉਨ੍ਹਾਂ ਨੂੰ ਸਿੱਖ ਕੌਮ ਦਾ ਮਹਾਨ ਸ਼ਹੀਦੀਆਂ ਭਰਿਆ ਇਤਿਹਾਸ ਪੜਨ ਨੂੰ ਪ੍ਰੇਰਣਾ ਕਰੀਏ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਕੌਮ ਦੀ ਨੁਹਾਰ ਚੰਗੀ ਬਣ ਜਾਵੇ। ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਗੁਰੂ ਕੇ ਖਾਲਸੇ ਬਣ ਜਾਣ। ਵਾਰਤਕ ਜੀਵਨ ਪਿਆਰੇ ਭਾਈ ਸਾਹਿਬ ਸਿੰਘ ਜੀ ਦਾ "ਸਿਰੁ ਸਉਪੀਐ" ਆਪ ਵੀ ਪੜ੍ਹੀਏ ਤੇ ਬੱਚਿਆਂ ਨੂੰ ਪੜ੍ਹਾਈਏ। ਧੰਨਵਾਦ ਹੈ ਭਾਈ ਬੇਅੰਤ ਸਿੰਘ ਜੀ ਦਾ ਜਿਨ੍ਹਾਂ ਐਸੀ ਖੋਜ ਕਰਕੇ ਇਤਿਹਾਸ ਵਿੱਚ ਅਨਮੋਲ ਖਜ਼ਾਨਾ ਭਰਿਆ ਹੈ।



ਮਨਪ੍ਰੀਤ ਸਿੰਘ ਚਾਵਲਾ